**BUYING/SELLING In Michigan**
Homes, Gas Stations, Liquor Stores, Plazas, Hotels
All Types of Loans
Residential & Commercial
RAJ S. SHERGILL *Associate Broker*
**Land Mark Realty**
41637 Ford Road, Suite A, Canton, MI 48187
Cell 734-751-4455, rajsshergill@yahoo.com


**Truck Insurance Specialist**
- Preferred Carriers (A++)
- Bobtail Insurance
- Cargo and Primary Liability
TRI COUNTY INSURANCE
734 655 9090

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
**AMANTEL.COM**
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
*24/7 Customer Service*
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333


USPS - PP 1
Sixteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 51, December 19, 2015 — 20451 N Plum Grove Rd., Palatine, IL 60074 — Ph:847-359-0746, Fax:847-705-9388

## ਅਬੋਹਰ ਕਾਂਡ ਨੇ ਸਦਭਾਵਨਾ ਰੈਲੀਆਂ ਰੋਲੀਆਂ

### ਚੰਨੂ ਬੱਸ ਹਾਦਸੇ ਨਾਲ ਵੀ ਵੱਜੀਆਂ ਸੱਟਾਂ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਅਮਨ-ਕਾਨੂੰਨ ਦੀ ਮਾੜੀ ਹਾਲਤ 'ਤੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਘਿਰ ਗਈ ਹੈ। ਅਬੋਹਰ ਵਿਚ ਅਕਾਲੀ ਆਗੂ ਅਤੇ ਸ਼ਰਾਬ ਕਾਰੋਬਾਰੀ ਸ਼ਿਵ ਲਾਲ ਡੋਡਾ ਦੇ ਫਾਰਮ ਹਾਊਸ ਉਤੇ ਦੋ ਦਲਿਤ ਨੌਜਵਾਨਾਂ ਦੇ ਹੱਥ-ਪੈਰ ਵੱਢਣ ਅਤੇ ਮੁਕਤਸਰ ਵਿਚ ਅਕਾਲੀ ਆਗੂ ਦੀ ਬੱਸ ਥੱਲੇ ਆ ਕੇ ਮਾਰੀ ਗਈ 12 ਸਾਲਾ ਬੱਚੀ ਅਰਸ਼ਦੀਪ ਦੀ ਲਾਸ਼ ਪੁਲਿਸ ਵੱਲੋਂ ਸੜਕ 'ਤੇ ਘੜੀਸਣ ਦੇ ਮਾਮਲੇ ਪਿਛੋਂ ਸੰਸਦ ਦੇ ਅੰਦਰ ਤੇ ਬਾਹਰ 'ਰਾਜ ਨਹੀਂ, ਸੇਵਾ' ਦਾ ਨਾਅਰਾ ਮਾਰਨ ਵਾਲੇ ਅਕਾਲੀ ਦਲ ਨੂੰ ਤਿੱਖੀ ਨੁਕਤਾਚੀਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਲੋਕ ਰੋਹ ਦੀ ਗੂੰਜ ਹੁਣ ਦਿੱਲੀ ਵਿਚ ਸੰਸਦ ਦੇ ਦੋਵਾਂ ਸਦਨਾਂ ਤੱਕ ਵੀ ਜਾ ਪਹੁੰਚੀ ਹੈ ਅਤੇ ਅਕਾਲੀ ਸਰਕਾਰ ਨੂੰ ਬਰਖਾਸਤ ਕਰਨ ਦੀ ਮੰਗ ਉਠ ਗਈ ਹੈ। ਵਿਰੋਧੀ ਧਿਰ ਦੇ ਆਗੂ ਗੁਲਾਮ ਨਬੀ ਆਜ਼ਾਦ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ ਪੰਜਾਬ ਵਿਚ ਜੰਗਲ ਰਾਜ ਹੈ ਤੇ ਮੌਜੂਦਾ ਸਰਕਾਰ ਅਤਿਵਾਦ ਨਾਲੋਂ ਵੀ ਭੈੜੀ ਹੈ। ਉਧਰ, ਅਬੋਹਰ ਵਾਲੇ ਕੇਸ ਵਿਚ ਅਨੁਸੂਚਿਤ ਜਾਤਾਂ ਬਾਰੇ ਕਮਿਸ਼ਨ ਨੇ ਏ.ਡੀ.ਜੀ.ਪੀ. (ਅਪਰਾਧ) ਤੇ ਪ੍ਰਮੁੱਖ ਸਕੱਤਰ (ਗ੍ਰਹਿ) ਨੂੰ ਦਿੱਲੀ ਤਲਬ ਕਰ ਲਿਆ।

ਦੱਸਿਆ ਜਾ ਰਿਹਾ ਹੈ ਕਿ ਅਬੋਹਰ ਵਿਚ ਜਿਸ ਫਾਰਮ ਹਾਊਸ 'ਤੇ ਦੋ ਨੌਜਵਾਨਾਂ ਦੇ ਹੱਥ-ਪੈਰ ਵੱਢੇ ਗਏ, ਉਥੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਅਕਸਰ ਆਉਣ-ਜਾਣ ਰਹਿੰਦਾ ਹੈ। ਇਨ੍ਹਾਂ ਨੌਜਵਾਨਾਂ 'ਤੇ ਤਿੰਨ ਦਸੰਬਰ ਨੂੰ ਬਲਾਤਕਾਰ ਦਾ ਕੇਸ ਦਰਜ ਹੋਇਆ ਸੀ। ਘਟਨਾ ਤੋਂ ਬਾਅਦ ਇਕ ਨੌਜਵਾਨ ਭੀਮ ਟਾਂਕ ਦੀ ਮੌਤ ਹੋ ਗਈ ਅਤੇ ਦੂਜਾ ਗੁਰਜੰਟ ਸਿੰਘ ਜੰਟਾ ਅਜੇ ਵੀ

*(ਬਾਕੀ ਸਫਾ 6 'ਤੇ)*




### ਬਿਆਨ ਦੇ ਕੇ ਕਸੂਤੇ ਫਸੇ ਬਾਦਲ

**ਤਰਨਤਾਰਨ:** ਅਬੋਹਰ ਕਾਂਡ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਬਿਆਨ 'ਤੇ ਵੀ ਵਿਵਾਦ ਖੜ੍ਹਾ ਹੋ ਗਿਆ ਹੈ। ਬਾਦਲ ਦਾ ਕਹਿਣਾ ਹੈ ਕਿ ਅਜਿਹੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ, ਪਰ ਪੰਜਾਬ ਵਿਚ ਹੋਰਾਂ ਸੂਬਿਆਂ ਤੋਂ ਘੱਟ ਹਨ। ਅਬੋਹਰ ਮਾਮਲੇ 'ਤੇ ਪਹਿਲਾਂ ਹੀ ਪੰਜਾਬ ਤੋਂ ਲੈ ਕੇ ਦਿੱਲੀ ਤੱਕ ਹੰਗਾਮਾ ਹੋ ਰਿਹਾ ਸੀ ਤੇ ਹੁਣ ਸੀ.ਐਮ. ਦੇ ਇਸ ਬਿਆਨ ਤੋਂ ਬਾਅਦ ਸਿਆਸਤ ਹੋਰ ਗਰਮਾ ਗਈ ਹੈ। ਹਾਲਾਂਕਿ ਬਾਦਲ ਨੇ ਸ਼ਿਵ ਲਾਲ ਡੋਡਾ ਦਾ ਅਕਾਲੀ ਦਲ ਨਾਲ ਕੋਈ ਵੀ ਰਿਸ਼ਤਾ ਹੋਣ ਤੋਂ ਵੀ ਸਾਫ ਇਨਕਾਰ ਕੀਤਾ ਹੈ।

## ਰੈਲੀ ਯੁੱਧ ਨਾਲ ਮਘੀ ਪੰਜਾਬ ਦੀ ਸਿਆਸਤ

**ਬਠਿੰਡਾ:** ਪੰਜਾਬ ਵਿਚ ਰੈਲੀ ਯੁੱਧ ਨੇ ਸੂਬੇ ਦਾ ਸਿਆਸੀ ਪਿੜ ਮਘਾ ਦਿੱਤਾ ਹੈ। ਸਿਆਸੀ ਧਿਰਾਂ ਰੈਲੀਆਂ ਰਾਹੀਂ ਆਪੋ-ਆਪਣੀ ਤਾਕਤ ਤੇ ਹੋਂਦ ਦਾ ਮੁਜ਼ਾਹਰਾ ਕਰਨ ਵਿਚ ਜੁਟ ਗਈਆਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਬਾਦਲਾਂ ਦੇ ਹਲਕੇ ਬਠਿੰਡੇ ਵਿਚ ਆਪਣੇ ਤਾਜਪੋਸ਼ੀ ਸਮਾਗਮ ਵਿਚ ਨਵੀਂ ਸਿਆਸੀ ਪਾਰੀ ਦੀ ਸ਼ੁਰੂਆਤ ਪੰਥਕ ਰੰਗ ਵਿਚ 'ਪੰਜਾਬ ਏਜੰਡਾ' ਪੇਸ਼ ਕਰ ਕੇ ਕੀਤੀ।

ਦੂਜੇ ਪਾਸੇ, ਇਸੇ ਦਿਨ ਅਕਾਲੀਆਂ ਵੱਲੋਂ ਕੈਪਟਨ ਦੇ ਜੱਦੀ ਹਲਕੇ ਪਟਿਆਲਾ ਵਿਚ ਕੀਤੀ ਸਦਭਾਵਨਾ ਰੈਲੀ ਵਿਚ ਸਿਆਸੀ ਟਕਰਾਅ ਤੋਂ ਪਰਹੇਜ਼ ਦਾ ਸੱਦਾ ਦਿੰਦਿਆਂ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਹੈਟ੍ਰਿਕ ਲਾਉਣ ਦਾ ਦਾਅਵਾ ਕੀਤਾ। ਬਠਿੰਡਾ-ਗੋਨਿਆਣਾ ਰੋਡ ਉਤੇ ਪਰਲਜ਼ ਕਲੋਨੀ ਦੀ ਜਗ੍ਹਾ ਵਿਚ ਪੰਜਾਬ ਕਾਂਗਰਸ ਦੀ ਬਦਲਾਅ ਰੈਲੀ ਵਿਚ ਰਿਕਾਰਡ ਲੋਕਾਂ ਨੇ ਪੁੱਜ ਕੇ ਸ਼੍ਰੋਮਣੀ ਅਕਾਲੀ ਦਲ ਦੀ ਸਦਭਾਵਨਾ ਰੈਲੀ ਨੂੰ ਮਾਤ ਦੇ ਦਿੱਤੀ। ਤਾਜਪੋਸ਼ੀ ਮਗਰੋਂ ਕੈਪਟਨ ਨੇ ਗੁਟਕੇ 'ਤੇ ਹੱਥ ਰੱਖ ਕੇ ਸਹੁੰ ਚੁੱਕੀ ਕਿ ਉਹ ਤਾਨਾਸ਼ਾਹੀ ਰਾਜ ਦਾ ਖਾਤਮਾ ਕਰ ਕੇ ਪੰਜਾਬ ਵਿਚ ਲੋਕ ਪੱਖੀ ਏਜੰਡਾ ਲੈ ਕੇ ਆਉਣਗੇ। ਉਨ੍ਹਾਂ ਵਾਅਦਾ ਕੀਤਾ ਕਿ ਕਾਂਗਰਸੀ ਰਾਜ ਆਉਣ 'ਤੇ ਚਾਰ ਹਫਤਿਆਂ ਵਿਚ ਨਸ਼ਾ ਤੇ ਛੇ ਮਹੀਨਿਆਂ ਵਿਚ ਭ੍ਰਿਸ਼ਟਾਚਾਰ ਨੂੰ ਸਮਾਪਤ ਕਰ ਦੇਣਗੇ।


ਕਾਂਗਰਸ ਸਰਕਾਰ ਬਣਨ ਉਤੇ ਸੂਬੇ ਵਿਚ ਪੰਜਾਬੀ ਚੈਨਲ ਚਲਾਉਣ ਦੀ ਖੁੱਲ੍ਹ ਹੋਵੇਗੀ। ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕੈਪਟਨ ਨੂੰ ਵੱਡਾ ਭਰਾ ਦੱਸਦੇ ਹੋਏ ਆਖਿਆ ਕਿ ਉਹ ਪੰਜਾਬ ਵਿਚੋਂ ਬਾਦਲ ਰਾਜ ਦੇ ਖਾਤਮੇ ਲਈ ਸੌ ਪ੍ਰਧਾਨਗੀਆਂ ਕੁਰਬਾਨ ਕਰਨ ਨੂੰ ਤਿਆਰ ਹਨ।

ਯਾਦ ਰਹੇ, 23 ਨਵੰਬਰ ਨੂੰ ਸ਼੍ਰੋਮਣੀ ਅਕਾਲੀ ਦਲ-ਭਾਜਪਾ ਨੇ ਆਪਣੀ ਪਹਿਲੀ ਸਦਭਾਵਨਾ ਰੈਲੀ ਕਰ ਕੇ ਕੈਪਟਨ ਅਮਰਿੰਦਰ ਸਿੰਘ ਨੂੰ ਬਠਿੰਡੇ ਵਿਚ ਇਸੇ ਥਾਂ ਰੈਲੀ ਕਰਨ ਦੀ ਚੁਣੌਤੀ ਦਿੱਤੀ ਸੀ। ਕੈਪਟਨ ਵੱਲੋਂ ਚੁਣੌਤੀ ਮਨਜ਼ੂਰ ਕਰਨ ਪਿੱਛੋਂ ਅਕਾਲੀ ਦਲ ਨੇ ਇਸੇ ਦਿਨ ਕੈਪਟਨ ਦੇ ਜੱਦੀ ਹਲਕੇ ਪਟਿਆਲਾ ਵਿਚ ਰੈਲੀ ਰੱਖ ਲਈ ਸੀ। ਅਕਾਲੀ ਦਲ ਨੇ ਬਠਿੰਡਾ

*(ਬਾਕੀ ਸਫਾ 6 'ਤੇ)*

### ਕੈਪਟਨ ਦੀ ਅੱਖ ਪੇਂਡੂ ਵੋਟ ਬੈਂਕ 'ਤੇ

**ਬਠਿੰਡਾ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਹੁਣ ਪੰਜਾਬ ਦੇ ਪਿੰਡਾਂ ਵਿਚ ਦਰਬਾਰ ਲਾਉਣਗੇ। ਬਠਿੰਡਾ ਰੈਲੀ ਮਗਰੋਂ ਹੁਣ ਉਨ੍ਹਾਂ ਨੇ ਪੰਜਾਬ ਦੇ ਪਿੰਡ-ਪਿੰਡ ਤੱਕ ਪਹੁੰਚ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ। ਕੈਪਟਨ ਸਿੱਧੇ ਤੌਰ 'ਤੇ ਲੋਕਾਂ ਨਾਲ ਗੱਲਬਾਤ ਕਰਨਗੇ ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਜਾਣਨਗੇ। ਬਠਿੰਡਾ ਰੈਲੀ ਵਿਚ ਵੱਡੀ ਗਿਣਤੀ ਪੁੱਜੇ ਕਿਸਾਨ ਭਾਈਚਾਰੇ ਨੇ ਕੈਪਟਨ ਨਾਲ ਨੇੜਤਾ ਦਿਖਾਈ। ਕੈਪਟਨ ਨੇ ਕਿਸਾਨੀ ਏਜੰਡਾ ਸਪਸ਼ਟ ਕੀਤਾ ਕਿ ਉਹ ਮੁਫਤ ਬਿਜਲੀ ਦੀ ਸਹੂਲਤ ਵਾਪਸ ਨਹੀਂ ਲੈਣਗੇ ਤੇ ਕਿਸਾਨਾਂ ਦੀਆਂ ਜ਼ਮੀਨਾਂ ਕੁਰਕ ਨਹੀਂ ਹੋਣ ਦਿੱਤੀਆਂ ਜਾਣਗੀਆਂ।

**Dhade & Associates, PC** Immigration Lawyers
*WE FIGHT FOR YOUR RIGHTS!*
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ
**Ph:248-254-3441**
Fax:(248) 254-3443 www.eagle.pro, Email: info@eagle.pro
Herman Singh Dhade
Immigration Lawyer
7071 Orchard Lake Rd, Suite 320, W. Bloomfield, MI 48322


**WorldWide Travel, Inc.**
Detroit $1070* Delhi
Chicago $760* Delhi
24 ਘੰਟੇ ਐਮਰਜੰਸੀ ਟਿਕਟਾਂ
Detroit (734) 838 9998
www.fly2world.com
Chicago (312) 224 8800
Fares shown above are valid for departure between Jan. 10, 2016 and Mar. 10, 2016. Fares are subject to availbility and may change without notice. Call for more details

# ਦਿੱਲੀ ਸਕੱਤਰੇਤ 'ਤੇ ਸੀ.ਬੀ.ਆਈ. ਛਾਪਿਆਂ ਨੇ ਸਿਆਸੀ ਤਕਰਾਰ ਵਧਾਇਆ

**ਨਵੀਂ ਦਿੱਲੀ:** ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਪ੍ਰਮੁੱਖ ਸਕੱਤਰ ਰਾਜਿੰਦਰ ਕੁਮਾਰ ਦੇ ਦਫ਼ਤਰ 'ਤੇ ਛਾਪਾ ਮਾਰਿਆ ਅਤੇ ਪੁੱਛ-ਪੜਤਾਲ ਲਈ ਉਨ੍ਹਾਂ ਨੂੰ ਆਪਣੇ ਨਾਲ ਜਾਂਚ ਬਿਊਰੋ ਦੇ ਦਫਤਰ ਲੈ ਗਈ। ਪੁੱਛ-ਪੜਤਾਲ ਤੋਂ ਬਾਅਦ ਮੰਗਲਵਾਰੀਂ ਦੇਰ ਰਾਤ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਇਸ ਨਾਲ ਆਮ ਆਦਮੀ ਪਾਰਟੀ (ਆਪ) ਅਤੇ ਮੋਦੀ ਸਰਕਾਰ ਵਿਚਾਲੇ ਨਵੀਂ ਲੜਾਈ ਸ਼ੁਰੂ ਹੋ ਗਈ ਹੈ।

ਸੀ.ਬੀ.ਆਈ. ਦੇ ਛਾਪੇ ਇਸ ਛਾਪੇ ਬਾਰੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਉਨ੍ਹਾਂ ਦੇ ਦਫ਼ਤਰ 'ਤੇ ਛਾਪਾ ਮਾਰਿਆ ਗਿਆ ਹੈ, ਜਦ ਕਿ ਸੀ.ਬੀ.ਆਈ. ਅਤੇ ਰਾਜ ਸਭਾ ਵਿਚ ਵਿੱਤ ਮੰਤਰੀ ਅਰੁਣ ਜੇਤਲੀ ਨੇ ਦਾਅਵਾ ਕੀਤਾ ਹੈ ਕਿ ਛਾਪੇ ਸ੍ਰੀ ਕੇਜਰੀਵਾਲ ਦੇ ਦਫ਼ਤਰ ਵਿਚ ਨਹੀਂ ਮਾਰੇ ਗਏ। ਸ੍ਰੀ ਕੇਜਰੀਵਾਲ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਆਪਣੇ ਦਫ਼ਤਰ ਵਿਚ ਮਾਰੇ ਗਏ ਸੀ.ਬੀ.ਆਈ. ਛਾਪਿਆਂ ਤੋਂ ਹੈਰਾਨ ਹਨ। ਇਸ ਦੌਰਾਨ ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸਿੱਧਾ ਵੰਗਾਰਦਿਆਂ ਕਿਹਾ ਹੈ ਕਿ ਜਦੋਂ ਮੋਦੀ ਸਿਆਸੀ ਪਿੜ ਵਿਚ 'ਆਪ' ਤੋਂ ਬੁਰੀ ਤਰ੍ਹਾਂ ਹਾਰ ਗਏ ਤਾਂ ਹੁਣ ਅਜਿਹੀਆਂ ਹੋਛੀਆਂ ਹਰਕਤਾਂ 'ਤੇ ਉਤਰ ਆਏ ਹਨ। ਉਨ੍ਹਾਂ ਸ੍ਰੀ ਮੋਦੀ ਨੂੰ ਮਨੋਰੋਗੀ ਅਤੇ ਡਰਪੋਕ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਛਾਪੇ ਸ੍ਰੀ ਅਰੁਣ ਜੇਤਲੀ ਨਾਲ ਸਬੰਧਤ ਫਾਈਲ ਖੁਰਦ-ਬੁਰਦ ਕਰਨ ਲਈ ਮਾਰੇ ਗਏ ਜਿਨ੍ਹਾਂ ਖਿਲਾਫ ਦਿੱਲੀ ਕ੍ਰਿਕਟ ਐਸੋਸੀਏਸ਼ਨ ਦੇ ਸਿਲਸਿਲੇ ਵਿਚ ਜਾਂਚ ਕੀਤੀ ਜਾ ਰਹੀ ਹੈ। ਯਾਦ ਰਹੇ ਕਿ ਸ੍ਰੀ ਜੇਤਲੀ ਇਸ ਐਸੋਸੀਏਸ਼ਨ ਦੇ ਪ੍ਰਧਾਨ ਰਹੇ ਹਨ।


ਇਸ ਦੌਰਾਨ ਸੀ.ਬੀ.ਆਈ. ਦੇ ਤਰਜਮਾਨ ਨੇ ਕਿਹਾ ਹੈ ਕਿ ਛਾਪਾ ਸਿਰਫ਼ ਪ੍ਰਮੁੱਖ ਸਕੱਤਰ ਰਜਿੰਦਰ ਕੁਮਾਰ ਦੇ ਦਫ਼ਤਰ 'ਤੇ ਮਾਰਿਆ ਗਿਆ ਹੈ। ਸ੍ਰੀ ਰਜਿੰਦਰ ਕੁਮਾਰ ਨਾਲ ਸਬੰਧਤ ਦਿੱਲੀ ਅਤੇ ਉਤਰ ਪ੍ਰਦੇਸ਼ ਦੀਆਂ 14 ਥਾਂਵਾਂ 'ਤੇ ਕਾਰਵਾਈ ਕੀਤੀ ਗਈ ਹੈ। ਜਾਂਚ ਏਜੰਸੀ ਨੇ ਇਨ੍ਹਾਂ ਥਾਂਵਾਂ ਤੋਂ 2.4 ਲੱਖ ਰੁਪਏ ਨਕਦ ਸਣੇ 16 ਲੱਖ ਰੁਪਏ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਏਜੰਸੀ ਨੇ ਕਿਹਾ ਹੈ ਕਿ ਪ੍ਰਿੰਸੀਪਲ ਸਕੱਤਰ ਅਤੇ ਹੋਰ ਅਫਸਰਾਂ ਜਿਨ੍ਹਾਂ ਨੇ ਕੁਝ ਸਾਲਾਂ ਤੋਂ ਅਹੁਦੇ ਦੀ ਦੁਰਵਰਤੋਂ ਕੀਤੀ ਹੈ, ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਇਨ੍ਹਾਂ ਨੇ ਆਪਣੀਆਂ ਚਹੇਤੀਆਂ ਕੰਪਨੀਆਂ ਨੂੰ 9.5 ਕਰੋੜ ਰੁਪਏ ਦੇ ਠੇਕੇ ਦਿੱਤੇ ਸਨ।

ਦੂਜੇ ਪਾਸੇ ਭਾਜਪਾ ਨੇ ਕਿਹਾ ਹੈ ਕਿ ਸ੍ਰੀ ਕੇਜਰੀਵਾਲ ਨੇ ਸ੍ਰੀ ਮੋਦੀ ਦੀ ਸ਼ਾਨ ਵਿਚ ਜੋ ਕੁਝ ਕਿਹਾ ਹੈ, ਉਸ ਲਈ ਮੁਆਫੀ ਮੰਗਣ। ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਦਾਅਵਾ ਕੀਤਾ ਕਿ ਸ੍ਰੀ ਕੇਜਰੀਵਾਲ ਦੇ ਦਫ਼ਤਰ ਵੱਲ ਏਜੰਸੀ ਨੇ ਦੇਖਿਆ ਤੱਕ ਨਹੀਂ। ਰਾਜ ਸਭਾ ਵਿਚ ਸ੍ਰੀ ਜੇਤਲੀ ਨੇ ਕਿਹਾ ਕਿ ਸੀ.ਬੀ.ਆਈ. ਨੇ ਸ੍ਰੀ ਕੇਜਰੀਵਾਲ ਦੇ ਦਫ਼ਤਰ 'ਤੇ ਛਾਪੇ ਨਹੀਂ ਮਾਰੇ ਤੇ ਇਹ ਕਾਰਵਾਈ ਦਿੱਲੀ ਸਰਕਾਰ ਦੇ ਕਥਿਤ ਭ੍ਰਿਸ਼ਟ ਅਧਿਕਾਰੀ ਖ਼ਿਲਾਫ਼ ਹੈ।

# ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਅਗਲੇ ਸਾਲ ਵੋਟਾਂ 13 ਮਾਰਚ ਨੂੰ

**ਫਰੀਮਾਂਟ:** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀ ਚੋਣ 13 ਮਾਰਚ 2016 ਨੂੰ ਹੋਵੇਗੀ। ਚੋਣਾਂ ਲਈ ਅਮਲ ਸ਼ੁਰੂ ਹੋ ਗਿਆ ਹੈ। ਸੁਪਰੀਮ ਕੌਂਸਲ ਦੇ ਮੈਂਬਰ ਸ. ਹਰਜੀਤ ਸਿੰਘ ਨੇ ਦੱਸਿਆ ਕਿ ਨਵੀਆਂ ਵੋਟਾਂ ਬਣਾਉਣ ਲਈ ਰਜਿਸਟੇਸ਼ਨ 27 ਦਸੰਬਰ ਦਿਨ ਐਤਵਾਰ ਤੱਕ ਜਾਰੀ ਰਹੇਗੀ। ਵੋਟ ਰਜਿਸਟੇਸ਼ਨ ਲਈ ਅਰਜ਼ੀਆਂ ਗੁਰਦੁਆਰਾ ਸਾਹਿਬ ਵਿਖੇ ਹਰ ਐਤਵਾਰ ਨੂੰ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ ਲਈਆਂ ਜਾਣਗੀਆਂ। ਅਰਜ਼ੀਆਂ ਲਈ ਸਬੰਧਤ ਫਾਰਮ ਗੁਰਦੁਆਰਾ ਸਾਹਿਬ ਦੀ ਲਾਈਬ੍ਰੇਰੀ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਵੋਟ ਬਣਾਉਣ ਲਈ ਆਪਣੀ ਅਰਜ਼ੀ ਨਾਲ ਆਪਣਾ ਸ਼ਨਾਖ਼ਤੀ ਪੱਤਰ, ਰਿਹਾਇਸ਼ ਅਤੇ ਅਮਰੀਕਾ ਵਿਚ ਕਾਨੂੰਨੀ ਸਟੇਟਸ ਦੇ ਸਬੂਤ ਲੈ ਕੇ ਆਉਣਾ ਜਰੂਰੀ ਹੈ।

ਸ. ਹਰਜੀਤ ਸਿੰਘ ਨੇ ਦੱਸਿਆ ਕਿ ਸੁਪਰੀਮ ਕੌਂਸਲ ਦੀ ਚੋਣ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਆਖਰੀ ਮਿਤੀ 31 ਜਨਵਰੀ 2016 ਹੈ। ਨਾਮਜ਼ਦਗੀ 6 ਫਰਵਰੀ ਸ਼ਨਿੱਚਰਵਾਰ ਤੱਕ ਵਾਪਸ ਲਈ ਜਾ ਸਕਦੀ ਹੈ। ਨਵੀਂ ਵੋਟਰ ਲਿਸਟ 7 ਫਰਵਰੀ ਐਤਵਾਰ ਨੂੰ ਨਸ਼ਰ ਕਰ ਦਿੱਤੀ ਜਾਵੇਗੀ ਅਤੇ ਵੋਟਾਂ 13 ਮਾਰਚ 2016 ਦਿਨ ਐਤਵਾਰ ਨੂੰ ਪੈਣਗੀਆਂ। ਜ਼ਿਕਰਯੋਗ ਹੈ ਕਿ ਗੁਰਦੁਆਰਾ ਫਰੀਮਾਂਟ ਸਿੱਖ ਸਿਆਸਤ ਪੱਖੋਂ ਕੈਲੀਫੋਰਨੀਆ ਦਾ ਸਭ ਤੋਂ ਅਹਿਮ ਗੁਰਦੁਆਰਾ ਹੈ ਅਤੇ ਪਿਛਲੇ ਸਮੇਂ ਇਥੇ ਚੋਣਾਂ ਬੜੇ ਭਖਵੇਂ ਮਾਹੌਲ ਵਿਚ ਹੁੰਦੀਆਂ ਰਹੀਆਂ ਹਨ।



# ਮੋਦੀ ਦਾ ਪਾਕਿਸਤਾਨ ਦੌਰਾ ਅਗਲੇ ਸਾਲ

**ਨਵੀਂ ਦਿੱਲੀ (ਬਿਊਰੋ):** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਆਪਣੀ ਪਾਕਿਸਤਾਨ ਯਾਤਰਾ ਬਾਰੇ ਰਾਜ ਸਭਾ 'ਚ ਬਿਆਨ ਦਿੱਤਾ ਹੈ ਕਿ ਅਗਲੇ ਸਾਲ ਦੇ ਸ਼ੁਰੂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪਾਕਿਸਤਾਨ ਦੀ ਯਾਤਰਾ 'ਤੇ ਜਾਣਗੇ। ਉਹ ਉਥੇ ਹੋਣ ਵਾਲੇ ਸਾਰਕ ਸੰਮੇਲਨ 'ਚ ਹਿੱਸਾ ਲੈਣਗੇ।

ਦੋਹਾਂ ਦੇਸ਼ਾਂ ਵਿਚਾਲੇ ਸ਼ਾਂਤੀ, ਸੁਰੱਖਿਆ, ਜੰਮੂ-ਕਸ਼ਮੀਰ ਸਮੇਤ ਤਮਾਮ ਮੁੱਦਿਆਂ 'ਤੇ ਗੱਲਬਾਤ ਹੋਏਗੀ। ਸੁਸ਼ਮਾ ਸਵਰਾਜ ਦੇ ਬਿਆਨ ਵੇਲੇ ਕਾਂਗਰਸ ਦੇ ਮੈਂਬਰ ਅਬੋਹਰ ਕਾਂਡ ਖ਼ਿਲਾਫ ਨਾਅਰੇਬਾਜ਼ੀ ਕਰ ਰਹੇ ਸਨ। ਸ੍ਰੀਮਤੀ ਸੁਸ਼ਮਾ ਨੇ ਐਲਾਨ ਕੀਤਾ ਕਿ ਦੋਹਾਂ ਦੇਸ਼ਾਂ ਵਿਚਾਲੇ ਦੁਵੱਲੀ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋਵੇਗਾ।

ਪਾਕਿਸਤਾਨ ਨੇ ਮੁੰਬਈ ਹਮਲਿਆਂ ਦੀ ਸੁਣਵਾਈ 'ਚ ਤੇਜ਼ੀ ਲਿਆਉਣ ਦਾ ਭਰੋਸਾ ਦਿਵਾਇਆ ਹੈ। ਇਸ ਵਾਰ ਦੋਹਾਂ ਦੇਸ਼ਾਂ ਦੀ ਵਾਰਤਾ ਵਿਚ ਕਸ਼ਮੀਰ ਮੁੱਦਾ ਨਹੀਂ ਰੱਖਿਆ ਗਿਆ। ਇਸ ਤੋਂ ਪਹਿਲਾਂ ਕਸ਼ਮੀਰ ਮੁੱਦੇ ਕਾਰ ਕੇ ਕੌਮੀ ਸੁਰੱਖਿਆ ਸਲਾਹਕਾਰ ਪੱਧਰੀ ਗੱਲਬਾਤ ਨਹੀਂ ਸੀ ਹੋ ਸਕੀ।

# ਕਰਜ਼ੇ ਨਾਲ ਚੱਲ ਰਹੀ ਹੈ ਪੰਜਾਬ ਦੀ ਗੱਡੀ

**ਬਠਿੰਡਾ:** ਪੰਜਾਬ ਵਿਚ ਵਿਕਾਸ ਦੀ ਗੱਡੀ ਕਰਜ਼ੇ ਨਾਲ ਚੱਲ ਰਹੀ ਹੈ। ਕਾਫ਼ੀ ਵਿਕਾਸ ਪ੍ਰਾਜੈਕਟ ਸਰਕਾਰੀ ਜ਼ਮੀਨਾਂ ਵੇਚ ਕੇ ਚਲਾਏ ਜਾ ਰਹੇ ਹਨ।

ਪ੍ਰਾਪਤ ਵੇਰਵਿਆਂ ਅਨੁਸਾਰ ਪੁੱਡਾ ਨੇ ਲੰਘੇ ਸਾਢੇ ਤਿੰਨ ਵਰ੍ਹਿਆਂ ਵਿਚ ਦੋ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸਰਕਾਰੀ ਜਾਇਦਾਦਾਂ ਗਿਰਵੀ ਕਰ ਕੇ ਚੁੱਕਿਆ ਹੈ। ਇਸ ਤੋਂ ਬਿਨਾਂ 325 ਕਰੋੜ ਦਾ ਕਰਜ਼ਾ ਨਵੀਆਂ ਜੇਲਖ਼ਾਂ ਵਾਸਤੇ ਚੁੱਕਿਆ ਗਿਆ ਹੈ। ਇਸ ਕਰਜ਼ੇ ਵਿਚੋਂ ਕਰੀਬ 1800 ਕਰੋੜ ਦਾ ਕਰਜ਼ਾ ਹਾਲੇ ਪੁੱਡਾ ਸਿਰ ਖੜ੍ਹਾ ਹੈ। ਗਮਾਡਾ ਮੁਹਾਲੀ ਨੂੰ ਕਰਜ਼ੇ ਨੇ ਨਚੋੜ ਦਿੱਤਾ ਹੈ। ਗਮਾਡਾ ਤੋਂ ਪ੍ਰਾਪਤ ਸੂਚਨਾ ਅਨੁਸਾਰ 31 ਮਾਰਚ 2015 ਤੱਕ ਅਦਾਰੇ ਸਿਰ 2303 ਕਰੋੜ ਰੁਪਏ ਦਾ ਕਰਜ਼ਾ ਚੜ੍ਹ ਚੁੱਕਿਆ ਸੀ, ਜਿਸ ਵਿਚੋਂ 517 ਕਰੋੜ ਰੁਪਏ ਓਵਰਡਰਾਫਟ ਦੇ ਹਨ। ਗਮਾਡਾ ਨੇ ਕਰੀਬ 7 ਵੱਖ-ਵੱਖ ਬੈਂਕਾਂ ਤੋਂ ਜ਼ਮੀਨਾਂ ਗਿਰਵੀ ਕਰ ਕੇ ਕਰਜ਼ਾ ਚੁੱਕਿਆ ਹੈ।

ਬਠਿੰਡਾ ਵਿਚ ਲੋਕ ਨਿਰਮਾਣ ਵਿਭਾਗ ਅਤੇ ਸਿੰਜਾਈ ਮਹਿਕਮੇ ਦੀ ਕਾਫ਼ੀ ਜਾਇਦਾਦ ਨਿਲਾਮ ਕੀਤੀ ਜਾ ਚੁੱਕੀ ਹੈ। ਪੁਰਾਣੇ ਹਸਪਤਾਲ ਵਾਲੀ ਜਗ੍ਹਾ ਕਰੀਬ 185 ਕਰੋੜ ਦੀ ਵੇਚ ਗਈ ਜਿਸ 'ਤੇ ਹੁਣ ਸ਼ਾਪਿੰਗ ਮਾਲ ਬਣ ਰਿਹਾ ਹੈ। ਪੰਜਾਬ ਮੰਡੀ ਬੋਰਡ ਵੱਲੋਂ ਹੁਣ ਤੱਕ 510 ਕਰੋੜ ਰੁਪਏ ਦੇ ਪਲਾਟ ਅਤੇ ਸਾਈਟ ਚੁੱਕ ਵੇਚੇ ਜਾ ਚੁੱਕੇ ਹਨ। ਕਰੀਬ ਇਕ ਵਰ੍ਹਾ ਪਹਿਲਾਂ ਮੰਡੀ ਬੋਰਡ ਨੇ 44 ਸੰਪਤੀਆਂ ਹੋਰ ਵੇਚਣ ਦਾ ਫੈਸਲਾ ਕੀਤਾ ਹੈ। ਨਗਰ ਨਿਗਮ ਤੇ ਨਗਰ ਕੌਂਸਲਾਂ ਸਿਰ ਕਰਜ਼ੇ ਚੜ੍ਹ ਗਏ ਹਨ। ਨਗਰ ਨਿਗਮ ਬਠਿੰਡਾ ਹੁਣ ਤੱਕ 114 ਕਰੋੜ ਦੀ ਸੰਪਤੀ ਵੇਚ ਚੁੱਕਾ ਹੈ, ਜਦੋਂ ਕਿ ਜਲਾਲਾਬਾਦ ਕੌਂਸਲ ਨੇ 2 ਕਰੋੜ ਦੀ ਸੰਪਤੀ ਵੇਚੀ ਹੈ।

ਇਸ ਬਾਰੇ ਪੰਜਾਬ ਦੇ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਉਨ੍ਹਾਂ ਪੁਰਾਣੀਆਂ ਸ਼ਨਾਖਤ ਕੀਤੀਆਂ ਸੰਪਤੀਆਂ ਰੇਟ ਘੱਟ ਮਿਲਣ ਕਰ ਕੇ ਵੇਚਣ ਦੀ ਥਾਂ ਕਰਜ਼ਾ ਲਿਆ ਹੈ। ਇਸ ਵਿਚੋਂ 30 ਫੀਸਦੀ ਕਰਜ਼ਾ ਵਾਪਸ ਕੀਤਾ ਜਾ ਚੁੱਕਾ ਹੈ। ਨਾਲੇ ਆਪਣੀ ਸੀਮਾ ਤੋਂ ਜ਼ਿਆਦਾ ਕਿਧਰੋਂ ਕਰਜ਼ਾ ਵੀ ਨਹੀਂ ਚੁੱਕਿਆ ਗਿਆ। ਜਾਇਦਾਦਾਂ ਵੇਚੀਆਂ ਨਹੀਂ ਗਈਆਂ, ਸਗੋਂ ਜੇਲ੍ਹਾਂ, ਆਸ਼ਰਮ ਅਤੇ ਹਸਪਤਾਲ ਬਣਾਏ ਗਏ ਹਨ।

# ਯੂਨਾਈਟਡ ਸਿੱਖਸ ਵਲੋਂ ਚੇਨਈ ਹੜ੍ਹ ਪੀੜਤਾਂ ਦੀ ਮਦਦ

**ਚੇਨਈ:** ਸਿੱਖ ਜਥੇਬੰਦੀ ਯੂਨਾਈਟਡ ਸਿੱਖਸ ਵੱਲੋਂ ਚੇਨਈ ਦੇ ਹੜ੍ਹ ਪੀੜਤਾਂ ਲਈ ਉਚੇਚਾ ਪ੍ਰੋਗਰਾਮ 'ਚੇਨਈ ਰਿਲੀਫ਼ ਐਫਰਟ' ਚਲਾਇਆ ਗਿਆ ਹੈ।

ਯਾਦ ਰਹੇ, ਜਬਰਦਸਤ ਬਰਸਾਤਾਂ ਕਾਰਨ ਇਸ ਸ਼ਹਿਰ ਵਿਚ 600 ਤੋਂ ਵੱਧ ਜਾਨਾਂ ਚਲੀਆਂ ਗਈਆਂ ਹਨ ਅਤੇ ਤਕਰੀਬਨ 18 ਲੱਖ ਲੋਕ ਉਜੜ ਗਏ ਹਨ।

ਯੂਨਾਈਟਡ ਸਿੱਖਸ ਦੇ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਕੁਦਰਤੀ ਆਫ਼ਤ ਦੀ ਮਾਰ ਹੇਠ ਆਏ ਇਨ੍ਹਾਂ ਲੋਕਾਂ ਦੀ ਸਹਾਇਤਾ ਲਈ ਲੰਗਰ ਲਗਾਏ ਗਏ ਹਨ। ਪੰਦਰਾਂ ਹਜ਼ਾਰ ਤੋਂ ਵੀ ਵੱਧ ਲੋਕਾਂ ਲਈ ਲੰਗਰ ਦੀ ਸੇਵਾ ਰੋਜ਼ਾਨਾ ਤਿੰਨ ਵਾਰ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਲੋਕਾਂ ਨੂੰ ਦੁੱਧ, ਪਾਣੀ ਅਤੇ ਹੋਰ ਰਾਹਤ ਸਮੱਗਰੀ ਮੁਹੱਈਆ ਕਰਵਾਈ ਜਾ ਰਹੀ ਹੈ। ਨਾਲ ਹੀ 800 ਦੇ ਕਰੀਬ ਮਰੀਜ਼ਾਂ ਨੂੰ ਵੱਖ-ਵੱਖ ਮੈਡੀਕਲ ਕੈਂਪਾਂ ਵਿਚ ਸਹਾਇਤਾ ਦਿੱਤੀ ਜਾ ਰਹੀ ਹੈ।

ਸ. ਗੁਰਵਿੰਦਰ ਸਿੰਘ ਨੇ ਇਕ ਬਿਆਨ ਵਿਚ ਦਸਿਆ ਕਿ ਇਹ ਸਮੁੱਚਾ ਕਾਰਜ ਅਰੁਣਜੀਤ ਕੌਰ ਅਤੇ ਹਰਸਰਨ ਸਿੰਘ ਦੀ ਅਗਵਾਈ ਵਿਚ ਕੀਤਾ ਜਾ ਰਿਹਾ ਹੈ। ਇਹ ਸਾਰਾ ਕੁਝ ਦਾਨੀ ਸੱਜਣਾਂ ਵੱਲੋਂ ਵੱਡੇ ਪੱਧਰ 'ਤੇ ਕੀਤੀ ਮਦਦ ਨਾਲ ਹੀ ਸੰਭਵ ਹੋ ਸਕਿਆ ਹੈ। ਉਨ੍ਹਾਂ ਇਸ ਕਾਰਜ ਲਈ ਸਭ ਨੂੰ ਮਦਦ ਦੇਣ ਦੀ ਅਪੀਲ ਕੀਤੀ ਹੈ।


**Pertinderjit Kaur Hora of Schneider Law Group**

Opening Immigration Offices in Indianapolis, INDIANA.

GRAND OPENING OF OUR NEW OFFICES IN INDIANAPOLIS (INDIANA)

We handle all Immigration Matters:
- Motion To Change Venue
- Stay of Removal
- Immigration Hearings
- Special Immigrant Juvenile Status (SIJS)
- Family Immigration
- VAWA and I-751 Waivers
- Work Card


Pertinderjit Kaur

Call Now to Schedule an Appointment for December 11 to December 13, 2015.

Ph: 317-863-2757 or 888-824-7227

Mobile: 917-728-0049

Fax: 718-504-7174, Email:phlaw@phlaw.legal

Address:
INDIANA: 4150 Lafayette Rd., Suite I, Indianapolis, IN 46254
NEW YORK: 118-01 Atlantic Ave., Richmond Hill, NY 11418



**Prestige Insurance Agency**

5820 N Canton Center Rd, Suite#115, Canton, MI 48187

We do Property and Casualty Insurance, Both Commercial and personal lines.

ਪ੍ਰਾਪਰਟੀ ਦੀ ਇੰਸ਼ੋਰੈਂਸ ਹੋਵੇ
ਜਾਂ ਫਿਰ ਗੱਡੀਆਂ ਦੀ,
ਕਮਰਸ਼ੀਅਲ ਅਤੇ ਪਰਸਨਲ
ਬਿਹਤਰੀਨ ਸੇਵਾ ਲਈ ਮੌਕਾ ਦਿਓ



ਸੰਪਰਕ ਕਰੋ: ਦਵਿੰਦਰ ਸਿੰਘ ਗਰੇਵਾਲ

ਫੋਨ: 734-560-2886

ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਗੋਬਿੰਦ ਮਾਰਗ ਸੁਸਾਇਟੀ (ਮਿਸ਼ੀਗਨ)

48055 East Michigan Ave., Canton, MI 48188 Ph: 734-322-0211

## ਦਸ਼ਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਹੁੰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਜਦਾ ਕਰਨ ਲਈ

# ਸ਼ਹੀਦੀ ਜੋੜ ਮੇਲਾ



ਪ੍ਰੋਗਰਾਮ ਦਾ ਵੇਰਵਾ

**17 ਦਸੰਬਰ 2015, ਵੀਰਵਾਰ** ਅਰੰਭ ਸ੍ਰੀ ਅਖੰਡ ਪਾਠ: ਸਵੇਰੇ 6 ਵਜੇ

**19 ਦਸੰਬਰ 2015, ਸਨਿਚਰਵਾਰ** ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

*ਉਪਰੰਤ ਗੁਰਬਾਣੀ ਕੀਰਤਨ ਅਤੇ ਢਾਡੀ ਵਾਰਾਂ ਕੀਰਤਨੀ ਜਥੇ ਅਤੇ ਢਾਡੀ ਜਥੇ ਸ਼ਾਮ 5 ਵਜੇ ਤੱਕ ਸੰਗਤਾਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਨਗੇ*

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 734-637-4217 ਜਾਂ 734-732-7997

## ਵਲੋਂ: ਸਮੂਹ ਸਾਧ ਸੰਗਤ

# ਫਰਜ਼ੀ ਪੁਲਿਸ ਮੁਕਾਬਲਿਆਂ ਦੇ ਮਾਮਲੇ 'ਤੇ ਕਸੂਤੇ ਘਿਰੇ ਬਾਦਲ

**ਚੰਡੀਗੜ੍ਹ:** ਬਰਖ਼ਾਸਤ ਪੁਲਿਸ ਅਧਿਕਾਰੀ ਗੁਰਮੀਤ ਸਿੰਘ ਪਿੰਕੀ ਵੱਲੋਂ ਕੀਤੇ ਖੁਲਾਸਿਆਂ ਨੇ ਬਾਦਲ ਸਰਕਾਰ ਨੂੰ ਇਕ ਵਾਰ ਫਿਰ ਕਸੂਤਾ ਫਸਾ ਦਿੱਤਾ ਹੈ। ਪਿੰਕੀ ਨੇ ਉਨ੍ਹਾਂ ਫਰਜ਼ੀ ਮੁਕਾਬਲਿਆਂ ਦਾ ਖੁਲਾਸਾ ਕੀਤਾ ਹੈ ਜਿਨ੍ਹਾਂ ਵਿਚ ਉਹ ਖੁਦ ਵੀ ਸ਼ਾਮਲ ਸੀ। ਇਨ੍ਹਾਂ ਖੁਲਾਸਿਆਂ ਮਗਰੋਂ ਮਨੁੱਖੀ ਹੱਕਾਂ ਬਾਰੇ ਜਥੇਬੰਦੀਆਂ ਸਰਗਰਮ ਹੋ ਗਈਆਂ ਹਨ। ਚਰਚਾ ਹੈ ਕਿ ਛੇਤੀ ਹੀ ਇਹ ਮਾਮਲਾ ਅਦਾਲਤ ਵਿਚ ਜਾ ਰਿਹਾ ਹੈ ਜਿਸ ਕਰਕੇ ਬਾਦਲ ਸਰਕਾਰ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਉਂਝ, ਹਾਲ ਦੀ ਘੜੀ ਬਾਦਲ ਸਰਕਾਰ ਇਹ ਕਹਿ ਕੇ ਪੱਲਾ ਛੁਡਵਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਸ ਵੇਲੇ ਪੰਜਾਬ ਤੇ ਕੇਂਦਰ ਵਿਚ ਕਾਂਗਰਸ ਸਰਕਾਰਾਂ ਸਨ।

ਇਸ ਲਈ ਕਾਂਗਰਸ ਹੀ ਇਸ ਸਭ ਕਾਸੇ ਦੀ ਜ਼ਿੰਮੇਵਾਰੀ ਹੈ। ਉਧਰ, ਸਿੱਖ ਜਥੇਬੰਦੀਆਂ ਤੇ ਮਨੁੱਖੀ ਅਧਿਕਾਰਾਂ ਬਾਰੇ ਕਾਰਕੁਨ ਅਕਾਲੀ ਦਲ ਦੀਆਂ ਇਨ੍ਹਾਂ ਦਲੀਲਾਂ ਨੂੰ ਰੱਦ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਅਫਸਰਾਂ 'ਤੇ ਉਂਗਲ ਉੱਠੀ ਹੈ, ਉਨ੍ਹਾਂ ਨੂੰ ਬਾਦਲ ਸਰਕਾਰ ਨੇ ਹੀ ਉਚੇ ਅਹੁਦਿਆਂ 'ਤੇ ਬਿਰਾਜਮਾਨ ਕਰਕੇ ਸਨਮਾਨਿਆ ਹੈ। ਇਸ ਲਈ ਬਾਦਲ ਸਰਕਾਰ ਵੀ ਕਾਂਗਰਸ ਸਰਕਾਰ ਜਿੰਨੀ ਹੀ ਜ਼ਿੰਮੇਵਾਰ ਹੈ।



ਕਾਬਲੇਗੌਰ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ 1997 ਵਿਚ ਅਕਾਲੀ ਦਲ ਦੀ ਸਰਕਾਰ ਬਣਨ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਕਾਂਗਰਸ ਰਾਜ ਵੇਲੇ ਹੋਏ ਫਰਜ਼ੀ ਮੁਕਾਬਲਿਆਂ ਦੀ ਜਾਂਚ ਕਰਵਾਈ ਜਾਏਗੀ। ਉਸ ਤੋਂ ਬਾਅਦ ਬਾਦਲ ਤੀਜੀ ਵਾਰ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਹਨ ਪਰ ਅਜੇ ਤੱਕ ਸੱਚ ਸਾਹਮਣੇ ਲਿਆਉਣ ਲਈ ਕੁਝ ਨਹੀਂ ਕੀਤਾ। ਸੂਤਰਾਂ ਅਨੁਸਾਰ ਇਨ੍ਹਾਂ ਖੁਲਾਸਿਆਂ ਕਰਕੇ ਅਕਾਲੀ ਦਲ ਦੀਆਂ ਸਫ਼ਾਂ ਵਿਚ ਇਕ ਵਾਰ ਫਿਰ ਬੇਚੈਨੀ ਵਧ ਗਈ ਹੈ। ਮੁੱਖ ਮੰਤਰੀ ਬਾਦਲ ਇਸ ਮਾਮਲੇ ਨੂੰ ਬੜੀ ਬਾਰੀਕੀ ਨਾਲ ਵਾਚ ਰਹੇ ਹਨ। ਸਰਕਾਰ ਇਹ ਵੀ ਵਿਚਾਰ ਕਰ ਰਹੀ ਹੈ ਕਿ ਮਾਮਲਾ ਅਦਾਲਤ ਵਿਚ ਜਾਣ ਤੋਂ ਪਹਿਲਾਂ ਜਾਂਚ ਲਈ ਕਮਿਸ਼ਨ ਦਾ ਐਲਾਨ ਕਰਕੇ ਸਭ ਕੁਝ ਠੀਕ ਕਰ ਲਿਆ ਜਾਏ।

ਕਾਬਲੇਗੌਰ ਹੈ ਕਿ ਪੰਜਾਬ ਪੁਲਿਸ ਦੇ ਬਰਖ਼ਾਸਤ ਇੰਸਪੈਕਟਰ ਪਿੰਕੀ ਨੇ ਪੰਜਾਬ ਦੇ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਸਮੇਤ ਹੋਰ ਕਈ ਅਧਿਕਾਰੀਆਂ ਖਿਲਾਫ ਝੂਠੇ ਪੁਲਿਸ ਮੁਕਾਬਲੇ ਬਣਾਉਣ ਸਮੇਤ ਹੋਰ ਕਈ ਤਰ੍ਹਾਂ ਦੇ ਗੰਭੀਰ ਦੋਸ਼ ਲਾਏ ਹਨ। ਮਨੁੱਖੀ ਅਧਿਕਾਰ ਸੰਸਥਾਵਾਂ ਨੇ ਦਾਅਵਾ ਕੀਤਾ ਹੈ ਪੰਜਾਬ ਪੁਲਿਸ ਵੱਲੋਂ ਕੀਤੀਆਂ ਗਈਆਂ ਵਧੀਕੀਆਂ ਵਿਰੁੱਧ ਵਿੱਢੇ ਸੰਘਰਸ਼ ਨੂੰ ਹੁਣ ਪਿੰਕੀ ਵੱਲੋਂ ਕੀਤੇ ਇੰਕਸ਼ਾਫ ਨੇ ਸਹੀ ਸਾਬਤ ਕਰ ਦਿੱਤਾ ਹੈ। ਹੁਣ ਇਹ ਗੱਲ ਸਾਬਤ ਹੋ ਗਈ ਹੈ ਕਿ ਪੰਜਾਬ ਪੁਲਿਸ ਨੇ ਮਾੜੇ ਦੌਰ ਦੌਰਾਨ ਝੂਠੇ ਮੁਕਾਬਲਿਆਂ ਵਿਚ ਸਿੱਖ ਨੌਜਵਾਨਾਂ ਦਾ ਖ਼ੂਨ ਵਹਾਇਆ ਸੀ। ਪੁਲਿਸ ਨੇ ਝੂਠੇ ਮੁਕਾਬਲਿਆਂ ਵਿਚ ਮਾਰੇ ਗਏ ਸਿੱਖਾਂ ਦੀਆਂ ਲਾਸ਼ਾਂ ਤੱਕ ਵੀ ਵਾਰਸਾਂ ਹਵਾਲੇ ਨਹੀਂ ਕੀਤੀਆਂ ਸਨ।

## ਯੂ.ਐਨ.ਓ. ਵਿਚ ਭੇਜੀ ਜਾਵੇਗੀ ਰਿਪੋਰਟ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਦਲ ਖ਼ਾਲਸਾ ਨੇ ਕਿਹਾ ਹੈ ਕਿ ਕਾਲੇ ਦੌਰ ਸਮੇਂ ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ ਕੀਤੇ ਖੁਲਾਸਿਆਂ ਦੀ ਰਿਪੋਰਟ ਸੰਯੁਕਤ ਰਾਸ਼ਟਰ ਅਤੇ ਯੂਰਪੀਅਨ ਪਾਰਲੀਮੈਂਟ ਵਿਚ ਭੇਜੀ ਜਾਵੇਗੀ। ਦਲ ਖ਼ਾਲਸਾ ਦੇ ਮੁਖੀ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਗੁਰਮੀਤ ਪਿੰਕੀ ਵੱਲੋਂ ਪੰਜਾਬ ਪੁਲਿਸ ਅਤੇ ਸਰਕਾਰ ਸਬੰਧੀ ਕੀਤੇ ਗਏ ਕਈ ਖੁਲਾਸਿਆਂ ਤੋਂ ਬਾਅਦ ਬਹੁਤ ਸਾਰੇ ਅਜਿਹੇ ਤੱਥ ਸਾਹਮਣੇ ਆਏ ਹਨ ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਉਸ ਵੇਲੇ ਦੇ ਪੁਲਿਸ ਮੁਖੀ ਸਮੇਤ ਕਈ ਹੋਰ ਅਧਿਕਾਰੀਆਂ ਨੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਸੀ ਪਰ ਉਸ ਦੇ ਬਾਵਜੂਦ ਵੀ ਉਨ੍ਹਾਂ ਨੂੰ ਉੱਚੇ ਅਹੁਦਿਆਂ ਤੇ ਬਿਠਾਇਆ ਗਿਆ ਹੈ।

## ਪਿੰਕੀ ਵੱਲੋਂ ਸੁਮੇਧ ਸੈਣੀ ਖਿਲਾਫ ਸ਼ਿਕਾਇਤ

**ਚੰਡੀਗੜ੍ਹ:** ਗੁਰਮੀਤ ਸਿੰਘ ਪਿੰਕੀ ਨੇ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਸੁਮੇਧ ਸਿੰਘ ਸੈਣੀ ਤੇ ਹੋਰਾਂ ਵਿਰੁੱਧ ਚੰਡੀਗੜ੍ਹ ਪੁਲਿਸ ਨੂੰ ਸ਼ਿਕਾਇਤ ਦੇ ਕੇ ਉਨ੍ਹਾਂ ਉਤੇ 50 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਲਾਏ ਹਨ। ਪਿੰਕੀ ਨੇ ਸੈਕਟਰ 26 ਥਾਣੇ ਦੇ ਐਸ.ਐਚ.ਓ. ਨੂੰ ਦਿੱਤੀ ਸ਼ਿਕਾਇਤ ਦੀਆਂ ਕਾਪੀਆਂ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਪੰਜਾਬ ਦੇ ਪ੍ਰਮੁੱਖ ਸਕੱਤਰ ਗ੍ਰਹਿ ਤੇ ਹੋਰਾਂ ਨੂੰ ਭੇਜ ਕੇ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਸ਼ਿਕਾਇਤ ਵਿਚ ਸ੍ਰੀ ਸੈਣੀ ਦੇ ਪੀ.ਐਸ.ਓ. ਓਮਾ ਸ਼ੰਕਰ ਤੇ ਅਮਨਦੀਪ ਕੁਮਾਰ ਉਰਫ ਸਕੌਡਾ ਦੇ ਨਾਂ ਵੀ ਸ਼ਾਮਲ ਹਨ।

## ਸਿੱਖਾਂ 'ਤੇ ਚੁਟਕਲਿਆਂ ਖਿਲਾਫ ਮੁਹਿੰਮ

**ਨਵੀਂ ਦਿੱਲੀ:** ਦਿੱਲੀ ਦੇ ਸਿੱਖ ਭਾਈਚਾਰੇ ਵੱਲੋਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਚੁਟਕਲਿਆਂ 'ਤੇ ਪਾਬੰਦੀ ਦੀ ਮੰਗ ਕਰਨ ਵਾਲੀ ਆਨ ਲਾਈਨ ਪਟੀਸ਼ਨ ਨੂੰ ਜ਼ਬਰਦਸਤ ਹੁੰਗਾਰਾ ਮਿਲ ਰਿਹਾ ਹੈ। ਇਸ ਮੁਹਿੰਮ 'ਤੇ ਹੁਣ ਤੱਕ 72 ਹਜ਼ਾਰ ਲੋਕਾਂ ਨੇ ਦਸਤਖ਼ਤ ਕਰ ਦਿੱਤੇ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਦੱਸਿਆ ਕਿ ਪਟੀਸ਼ਨ 'ਤੇ ਹੁਣ ਤੱਕ 45000 ਆਫ ਲਾਈਨ ਤੇ 27000 ਆਨ ਲਾਈਨ ਦਸਤਖ਼ਤ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ 31 ਦਸੰਬਰ ਤੱਕ ਇਸ ਪਟੀਸ਼ਨ 'ਤੇ ਤਕਰੀਬਨ ਇਕ ਲੱਖ ਲੋਕਾਂ ਵੱਲੋਂ ਦਸਤਖ਼ਤ ਕੀਤੇ ਜਾਣ ਦੀ ਉਮੀਦ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਰਕਾਬਗੰਜ ਗੁਰਦੁਆਰਾ ਸਾਹਿਬ ਵਿਚ 28 ਨਵੰਬਰ ਨੂੰ ਇਸ ਪਟੀਸ਼ਨ 'ਤੇ ਦਸਤਖ਼ਤ ਕੀਤੇ। ਕਾਮੇਡੀਅਨ ਗੁਰਪ੍ਰੀਤ ਘੁੱਗੀ, ਸੁਨੀਲ ਪਾਲ, ਅਦਾਕਾਰ



ਮਨਮੀਤ ਸਿੰਘ, ਓ.ਪੀ. ਰਾਠੌਰ, ਚਰਚ ਆਫ ਨਾਰਥ ਇੰਡੀਆ ਸਮੇਤ ਕਈ ਉੱਘੀਆਂ ਹਸਤੀਆਂ ਹੁਣ ਤੱਕ ਇਸ ਪਟੀਸ਼ਨ 'ਤੇ ਦਸਤਖ਼ਤ ਕਰ ਚੁੱਕੀਆਂ ਹਨ। ਦਿੱਲੀ ਕਮੇਟੀ ਵੱਲੋਂ ਇਸ ਸਾਲ ਤਿੰਨ ਨਵੰਬਰ ਨੂੰ ਸਿੱਖਾਂ ਦਾ ਮਜ਼ਾਕ ਉਡਾਉਣ ਵਾਲੀਆਂ 5000 ਚੁਟਕਲਿਆਂ ਵਾਲੀਆਂ ਵੈੱਬਸਾਈਟਾਂ 'ਤੇ ਪਾਬੰਦੀ ਲਗਾਉਣ ਲਈ ਸ਼ੁਰੂ ਕੀਤੀ ਆਨ ਲਾਈਨ ਪਟੀਸ਼ਨ ਨੂੰ ਸਮਾਜ ਦੇ ਸਭ ਭਾਈਚਾਰਿਆਂ ਦਾ ਦੁਨੀਆਂ ਭਰ ਤੋਂ ਜ਼ਬਰਦਸਤ ਸਮਰਥਨ ਮਿਲ ਰਿਹਾ ਹੈ।

## ਸੁਖਬੀਰ ਦੇ ਸੁਪਨਮਈ ਪ੍ਰਾਜੈਕਟ ਨੂੰ ਹਰੀ ਝੰਡੀ

**ਚੰਡੀਗੜ੍ਹ:** ਪੰਜਾਬ ਸਰਕਾਰ ਛੇਤੀ ਹੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸੁਪਨਮਈ ਪ੍ਰੋਜੈਕਟ ਨੂੰ ਹਕੀਕਤ ਰੂਪ ਦੇਣ ਜਾ ਰਹੀ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਜਲ ਤੇ ਥਲ ਦੋਵਾਂ ਉਤੇ ਚੱਲਣ ਵਾਲੇ ਵਾਹਨਾਂ ਨੂੰ ਹਰੀਕੇ ਛੰਭ ਵਿਖੇ ਸ਼ੁਰੂ ਕੀਤਾ ਜਾ ਰਿਹਾ ਹੈ। ਹਰੀਕੇ ਉਤਰੀ ਭਾਰਤ ਦੀ ਸਭ ਤੋਂ ਵੱਡੀ ਛੰਭ ਹੈ ਜਿਥੇ ਕਿ ਬਿਆਸ ਤੇ ਸਤਲੁਜ ਦਰਿਆ ਇਕੱਠੇ ਹੁੰਦੇ ਹਨ। ਇਸ ਥਾਂ ਦੀ ਖੂਬਸੂਰਤੀ ਨੂੰ ਦੇਖਦਿਆਂ ਇਥੇ ਸੜਕ ਤੇ ਝੀਲ ਵਿਚ ਚੱਲਣ ਵਾਲੀਆਂ ਬੱਸਾਂ ਸ਼ੁਰੂ ਕੀਤੀਆਂ ਜਾਣਗੀਆਂ ਤਾਂ ਜੋ ਸੈਲਾਨੀ ਇਥੋਂ ਦੇ ਖ਼ੂਬਸੂਰਤ ਨਜ਼ਾਰਿਆਂ ਦਾ ਆਨੰਦ ਮਾਣ ਸਕਣ। ਜਲ ਤੇ ਥਲ ਦੋਵਾਂ ਥਾਵਾਂ 'ਤੇ ਚੱਲਣ ਵਾਲੀ ਬੱਸ ਖਰੀਦਣ ਦਾ ਟੈਂਡਰ ਪੰਜਾਬ ਹੈਰੀਟੇਜ਼ ਟੂਰਿਜ਼ਮ ਪਰਮੋਸ਼ਨ ਬੋਰਡ ਵੱਲੋਂ ਜਾਰੀ ਕੀਤਾ ਹੈ। ਵਿਭਾਗ ਵੱਲੋਂ ਅਜਿਹੇ ਵਾਹਨ ਤਿਆਰ ਕਰਨ ਵਾਲੀਆਂ ਫਰਮਾਂ ਨੂੰ ਜਲ ਬੱਸਾਂ ਦੀਆਂ ਵਿਸ਼ੇਸ਼ਤਾਵਾਂ ਬਾਰੇ ਪੇਸ਼ਕਾਰੀਆਂ ਦੇਣ ਦਾ ਸੱਦਾ ਦਿੱਤਾ ਹੈ

## ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਪੰਜਾਬ ਸਰਕਾਰ ਨੂੰ ਹਰਜਾਨਾ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੁਲਿਸ ਹਿਰਾਸਤ ਵਿਚ 77 ਸਾਲਾ ਵਿਅਕਤੀ ਦੀ ਗੈਰ ਕੁਦਰਤੀ ਤਰੀਕੇ ਨਾਲ ਹੋਈ ਮੌਤ ਲਈ ਪੰਜਾਬ ਸਰਕਾਰ ਸਿਰ ਦੋ ਲੱਖ ਰੁਪਏ ਹਰਜਾਨਾ ਪਾਇਆ ਹੈ। ਹਰਿਆਣਾ ਦੇ ਯੁਮਨਾ ਨਗਰ ਦੇ ਵਾਸੀ ਮਦਨ ਲਾਲ ਭਸੀਨ ਦੀ ਜ਼ਹਿਰੀਲੀ ਚੀਜ਼ ਨਿਗਲਣ ਨਾਲ ਚਾਰ ਸਾਲ ਪਹਿਲਾਂ ਮੌਤ ਹੋ ਗਈ ਸੀ। ਕਮਿਸ਼ਨ ਨੇ ਹਰਜਾਨੇ ਦੀ ਰਕਮ ਦੋਸ਼ੀ ਜੇਲ੍ਹ ਅਧਿਕਾਰੀਆਂ ਤੋਂ ਉਗਰਾਹ ਕੇ ਮ੍ਰਿਤਕ ਦੇ ਪਰਿਵਾਰ ਨੂੰ ਮੁਆਵਜ਼ੇ ਦੇ ਰੂਪ ਵਿਚ ਦੇਣ ਲਈ ਕਿਹਾ ਹੈ।

ਕਮਿਸ਼ਨ ਨੇ ਜੇਲ੍ਹ ਵਿਚ ਜ਼ਹਿਰੀਲੀ ਚੀਜ਼ ਦੀ ਸਮਗਲਿੰਗ ਸਬੰਧੀ ਵੀ ਸਬੰਧਤ ਅਧਿਕਾਰੀਆਂ ਨੂੰ ਝਾੜ ਪਾਈ ਹੈ। ਬਜ਼ੁਰਗ ਕੈਦੀ ਲੁਧਿਆਣਾ ਦੀ ਕੇਂਦਰੀ ਜੇਲ੍ਹ ਵਿਚ ਬੰਦ ਸੀ। 12 ਦਸੰਬਰ 2011 ਨੂੰ ਉਸ ਦੀ ਤਬੀਅਤ ਅਚਾਨਕ ਵਿਗੜ ਗਈ ਤੇ ਉਸ ਨੂੰ ਸਿਵਲ ਹਸਪਤਾਲ ਲੁਧਿਆਣਾ ਭੇਜ ਦਿੱਤਾ ਗਿਆ ਸੀ।

## ਕਲਾਕਾਰ ਹੇਮਾ ਉਪਾਧਿਆ ਦੀ ਨਾਲੇ ਵਿਚੋਂ ਲਾਸ਼ ਮਿਲੀ

**ਮੁੰਬਈ:** ਕਲਾਕਾਰ ਹੇਮਾ ਉਪਾਧਿਆ ਤੇ ਉਨ੍ਹਾਂ ਦੇ ਵਕੀਲ ਹਰਸ਼ ਭੰਬਾਨੀ ਦੀ ਲਾਸ਼ ਬਰਾਮਦ ਹੋਈ ਹੈ। ਦੋਹਾਂ ਦੀਆਂ ਲਾਸ਼ਾਂ ਕਾਂਦੀਵਲੀ ਦੇ ਇਕ ਨਾਲੇ ਵਿਚ ਮਿਲੀਆਂ ਹਨ।

ਜ਼ਿਕਰਯੋਗ ਹੈ ਕਿ ਹੇਮਾ ਨੇ ਸਾਲ 2013 ਵਿਚ ਆਪਣੇ ਪਤੀ ਤੇ ਮੰਨੇ-ਪ੍ਰਮੰਨੇ ਕਲਾਕਾਰ ਚਿੰਤਨ ਉਪਾਧਿਆ ਖਿਲਾਫ ਸ਼ੋਸ਼ਣ ਸ਼ਿਕਾਇਤ ਕੀਤੀ ਸੀ। ਉਨ੍ਹਾਂ ਦਾ ਇਲਜ਼ਾਮ ਸੀ ਕਿ ਚਿੰਤਨ ਕਮਰੇ ਦੀਆਂ ਦੀਵਾਰਾਂ 'ਤੇ ਅਸ਼ਲੀਲ ਸਕੈੱਚ ਬਣਾਉਂਦੇ ਸਨ।ਇਸੇ ਮਾਮਲੇ ਵਿਚ ਭੰਬਾਨੀ ਉਨ੍ਹਾਂ ਦਾ ਕੇਸ ਲੜ ਰਹੇ ਸਨ।

## ਚਰਨਜੀਤ ਚੰਨੀ ਬਣੇ ਕਾਂਗਰਸ ਵਿਧਾਇਕ ਦਲ ਦੇ ਨੇਤਾ

**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਨੇ ਪੰਜਾਬ ਵਿਧਾਨ ਸਭਾ ਦੀਆਂ ਅਗਲੀਆਂ ਚੋਣਾਂ ਤੇ ਜਾਤ-ਪਾਤ ਦੇ ਸਮੀਕਰਨਾਂ ਨੂੰ ਧਿਆਨ ਵਿਚ ਰੱਖ ਕੇ ਚਰਨਜੀਤ ਸਿੰਘ ਚੰਨੀ ਨੂੰ ਕਾਂਗਰਸ ਵਿਧਾਇਕ ਦਲ ਦਾ ਨੇਤਾ ਬਣਾ ਦਿੱਤਾ ਹੈ। ਲੁਧਿਆਣਾ ਪੱਛਮੀ ਤੋਂ ਵਿਧਾਇਕ ਭਾਰਤ ਭੂਸ਼ਣ ਆਸ਼ੂ ਨੂੰ ਵਿਧਾਇਕ ਦਲ ਦਾ ਉਪ ਆਗੂ ਤੇ ਸੁਲਤਾਨਪੁਰ ਲੋਧੀ ਤੋਂ ਵਿਧਾਇਕ ਨਵਤੇਜ ਸਿੰਘ ਚੀਮਾ ਨੂੰ ਚੀਫ ਵ੍ਹਿਪ ਬਣਾਇਆ ਗਿਆ ਹੈ।

ਹਿੰਦੂ ਭਾਈਚਾਰੇ ਦੇ ਵੋਟਾਂ ਨੂੰ ਦੇਖਦਿਆਂ ਸ੍ਰੀ ਆਸ਼ੂ ਨੂੰ ਉਪ ਆਗੂ ਬਣਾਇਆ ਗਿਆ ਹੈ ਜਦਕਿ ਦੁਆਬਾ ਇਲਾਕੇ ਨੂੰ ਪ੍ਰਤੀਨਿਧਤਾ ਦੇਣ ਦੇ ਮਕਸਦ ਨਾਲ ਸ੍ਰੀ ਚੀਮਾ ਨੂੰ ਵਿਧਾਇਕ ਦਲ ਦਾ ਚੀਫ ਵ੍ਹਿਪ ਥਾਪਿਆ ਗਿਆ ਹੈ। ਤਿੰਨੇ ਆਗੂਆਂ ਦਾ ਸਿਆਸਤ ਵਿਚ ਬਹੁਤ ਲੰਬਾ-ਚੌੜਾ ਤਜਰਬਾ ਨਹੀਂ ਹੈ, ਪਰ ਕਾਂਗਰਸ ਪਾਰਟੀ ਨੇ ਸੂਬੇ ਵਿਚ ਨਵੀਂ ਲੀਡਰਸ਼ਿਪ ਨੂੰ ਹੁਲਾਰਾ ਦੇਣ ਲਈ ਉਨ੍ਹਾਂ ਨੂੰ ਜ਼ਿੰਮੇਵਾਰੀ ਸੌਂਪੀ ਹੈ।

ਜ਼ਿਕਰਯੋਗ ਹੈ ਕਿ ਕਾਂਗਰਸ ਹਾਈਕਮਾਨ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪੁਨਰਗਠਨ ਕਰਨ ਤੋਂ ਪਹਿਲਾਂ ਪ੍ਰਦੇਸ਼ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਵਿਧਾਇਕ ਦਲ ਦੇ ਨੇਤਾ ਸੁਨੀਲ ਜਾਖੜ ਕੋਲੋਂ ਅਸਤੀਫੇ ਲੈ ਲਏ ਸਨ। ਸ੍ਰੀ ਬਾਜਵਾ ਦੀ ਥਾਂ 'ਤੇ ਕੈਪਟਨ ਅਮਰਿੰਦਰ ਸਿੰਘ ਨੂੰ ਪ੍ਰਧਾਨ ਬਣਾ ਦਿੱਤਾ ਗਿਆ ਸੀ ਜਦਕਿ ਵਿਧਾਇਕ ਦਲ ਦੇ ਨੇਤਾ ਦੇ ਅਹੁਦੇ ਲਈ ਹਾਈਕਮਾਨ ਨੂੰ ਸਾਰੇ ਅਧਿਕਾਰ ਸੌਂਪੇ ਗਏ ਸਨ। ਵਿਧਾਇਕ ਦਲ ਦਾ ਨੇਤਾ ਬਣਨ



ਦੀ ਦੌੜ ਵਿਚ ਅਨੁਸੂਚਿਤ ਜਾਤੀ ਦੇ ਤਿੰਨ ਵਿਧਾਇਕਾਂ ਤੋਂ ਇਲਾਵਾ ਕੁਝ ਹੋਰ ਵੀ ਆਗੂ ਸ਼ਾਮਲ ਸਨ, ਪਰ ਕਾਂਗਰਸ ਹਾਈਕਮਾਨ ਨੇ ਜਾਤ-ਪਾਤ ਦੇ ਸਮੀਕਰਨਾਂ ਤਹਿਤ ਅਨੁਸੂਚਿਤ ਜਾਤੀਆਂ ਨੂੰ ਪਹਿਲ ਦਿੱਤੀ। ਪਿਛਲੇ ਸਮੇਂ ਵਿਚ ਸ੍ਰੀ ਚੰਨੀ ਨੇ ਕਾਂਗਰਸ ਹਾਈਕਮਾਨ ਤੇ ਖਾਸ ਕਰ ਕੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਤੱਕ ਪਹੁੰਚ ਬਣਾ ਲਈ ਸੀ। ਉਹ ਵਿਧਾਇਕ ਤਰਲੋਚਨ ਸਿੰਘ ਸੂੰਦ ਨੂੰ ਪਛਾੜਨ ਵਿਚ ਸਫਲ ਰਹੇ।

ਉਂਜ ਤਾਂ ਉਨ੍ਹਾਂ ਨੂੰ ਕਾਂਗਰਸ ਵਿਚ ਸ਼ਾਮਲ ਹੋਇਆਂ ਪੌਣੇ ਪੰਜ ਸਾਲ ਦਾ ਸਮਾਂ ਹੀ ਹੋਇਆ ਹੈ। ਕੈਪਟਨ ਅਮਰਿੰਦਰ ਸਿੰਘ ਦੇ ਹਮਾਇਤੀ ਸੁਨੀਲ ਕੁਮਾਰ ਜਾਖੜ ਨੂੰ ਮੁੜ ਵਿਧਾਇਕ ਦਲ ਦਾ ਨੇਤਾ ਬਣਾਉਣ ਦੇ ਹੱਕ ਵਿਚ ਸਨ।

## 'ਆਪ' ਆਗੂਆਂ ਵੱਲੋਂ ਬਾਦਲ ਸਰਕਾਰ ਨੂੰ ਅਲਟੀਮੇਟਮ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਬਾਦਲ ਸਰਕਾਰ ਨੂੰ ਪਾਰਟੀ ਵਾਲੰਟੀਅਰਾਂ ਵਿਰੁੱਧ ਵਿੱਢੇ ਜਬਰ ਨੂੰ ਰੋਕਣ ਲਈ ਇਕ ਹਫਤੇ ਦਾ ਅਲਟੀਮੇਟਮ ਦਿੱਤਾ ਹੈ। 'ਆਪ' ਨੇ ਦੋਸ਼ ਲਾਇਆ ਹੈ ਕਿ ਅਕਾਲੀ ਦਲ ਤੇ ਕਾਂਗਰਸ ਹੁਣ ਸਾਂਝੇ ਤੌਰ 'ਤੇ 'ਆਪ' ਦੇ ਵਾਲੰਟੀਅਰਾਂ ਵਿਰੁੱਧ ਬਦਲਾ ਲਊ ਕਰਵਾਈ 'ਤੇ ਉਤਰ ਆਏ ਹਨ ਤੇ ਪੰਜਾਬ ਵਿਚ ਮਾਹੌਲ ਤਣਾਅ ਭਰਿਆ ਬਣ ਰਿਹਾ ਹੈ।

'ਆਪ' ਦੇ ਕਨਵੀਨਰ ਛੋਟੇਪੁਰ ਨੇ ਦੋਸ਼ ਲਾਇਆ ਕਿ ਪੰਜਾਬ ਪੁਲਿਸ 'ਆਪ' ਦੇ ਵਾਲੰਟੀਅਰਾਂ ਉਪਰ ਫੀਸ ਪਾ ਕੇ ਜਿਥੇ ਝੂਠੇ ਕੇਸ ਦਰਜ ਕਰ ਰਹੀ ਹੈ, ਉਥੇ ਅਕਾਲੀ ਦਲ ਤੇ ਕਾਂਗਰਸ ਦੇ ਆਗੂ ਵਾਲੰਟੀਅਰਾਂ ਨੂੰ ਪਾਰਟੀ ਛੱਡਣ ਦੀਆਂ ਧਮਕੀਆਂ ਦੇ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਫਿਲੌਰ ਵਿਖੇ 'ਆਪ' ਦੇ ਦੋ ਆਗੂਆਂ ਪਵਿੱਤਰ ਸਿੰਘ ਤੇ ਰਾਜਿੰਦਰ ਕੁਮਾਰ ਵਿਰੁੱਧ ਝੂਠਾ ਕੇਸ ਦਰਜ ਕੀਤਾ ਗਿਆ ਹੈ। ਬਾਦਲਾਂ ਤੇ ਕੈਪਟਨ ਨੂੰ ਰੈਲੀਆਂ ਦੀ ਨੌਟੰਕੀ ਕਰਨ ਦਾ ਕੋਈ ਲਾਭ ਹੋਣ ਵਾਲਾ ਨਹੀਂ ਹੈ।

ਦੋਵਾਂ ਪਾਰਟੀਆਂ ਦੇ ਕਈ ਆਗੂ ਉਨ੍ਹਾਂ ਦੇ ਸੰਪਰਕ ਵਿਚ ਹਨ ਅਤੇ ਆਪ ਵਿਚ ਆਉਣਾ ਚਾਹੁੰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਆਗੂ ਟਿਕਟ ਮਿਲਣ ਦੀ ਸ਼ਰਤ 'ਤੇ ਪਾਰਟੀ ਵਿਚ ਆਉਣਾ ਚਾਹੁੰਦੇ ਹਨ, ਜਿਸ ਕਾਰਨ ਫਿਲਹਾਲ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਦਾ ਫੈਸਲਾ ਨਹੀਂ ਲਿਆ ਜਾ ਸਕਿਆ। ਸ੍ਰੀ ਛੋਟੇਪੁਰ ਨੇ ਸਪੱਸ਼ਟ ਕੀਤਾ ਕਿ ਖਡੂਰ ਸਾਹਿਬ ਵਿਧਾਨ ਸਭਾ ਹਲਕੇ ਤੋਂ ਜ਼ਿਮਨੀ ਚੋਣ ਦੇ ਉਮੀਦਵਾਰ ਬਣੇ ਸੁਮੇਲ ਸਿੰਘ ਸਿੱਧੂ ਦਾ ਹੁਣ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ ਅਤੇ ਨਾ ਹੀ ਉਹ ਇਸ ਉਮੀਦਵਾਰ ਦੀ ਹਮਾਇਤ ਹੀ ਕਰ ਰਹੇ ਹਨ।

### ਪਾਰਟੀ ਵਰਕਰਾਂ ਨਾਲ ਧੱਕੇਸ਼ਾਹੀ ਦਾ ਦੋਸ਼



## ਫੂਲਕਾ ਨੇ ਕੈਪਟਨ ਖਿਲਾਫ ਕੱਢੀ ਸਾਈਕਲ ਰੈਲੀ

**ਅੰਮ੍ਰਿਤਸਰ:** 1984 ਦੇ ਸਿੱਖ ਕਤਲੇਆਮ ਵਿਚ ਜਗਦੀਸ਼ ਟਾਈਟਲਰ ਦੀ ਕੋਈ ਭੂਮਿਕਾ ਨਾ ਹੋਣ ਦੇ ਦਿੱਤੇ ਬਿਆਨ ਕਰਕੇ ਆਮ ਆਦਮੀ ਪਾਰਟੀ ਦੇ ਨੇਤਾ ਤੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕਾਂਗਰਸ ਦੇ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਖਿਲਾਫ ਸਾਈਕਲ ਰੈਲੀ ਕੱਢੀ ਹੈ। ਇਹ ਰੈਲੀ ਤਰਨਤਾਰਨ ਤੋਂ ਸ਼ੁਰੂ ਹੋਈ ਤੇ ਜਲ੍ਹਿਆਂਵਾਲਾ ਬਾਗ ਵਿਖੇ ਪਹੁੰਚ ਕੇ ਸਮਾਪਤ ਹੋਈ। ਰੈਲੀ ਵਿਚ ਵੱਡੀ ਗਿਣਤੀ ਪਾਰਟੀ ਵਰਕਰ ਵੀ ਸ਼ਾਮਲ ਹੋਏ। ਰੈਲੀ ਦੀ ਸਮਾਪਤੀ ਮੌਕੇ ਫੂਲਕਾ ਨੇ ਕਿਹਾ ਕਿ ਕੈਪਟਨ ਟਾਈਟਲਰ ਨੂੰ ਕਲੀਨ ਚਿੱਟ ਦੇ ਕੇ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਗਦੀਸ਼ ਟਾਈਟਲਰ ਦੇ ਕਤਲੇਆਮ ਵਿਚ ਸ਼ਾਮਲ ਹੋਣ ਦੇ ਕਈ ਸਬੂਤ ਹੋਣ ਦੇ ਬਾਵਜੂਦ ਕੈਪਟਨ ਵੱਲੋਂ ਉਸ ਨੂੰ ਬੇਕਸੂਰ ਦੱਸਣਾ ਬਿਲਕੁਲ ਗਲਤ ਹੈ। ਕੈਪਟਨ ਆਪਣੇ ਇਸ ਬਿਆਨ ਲਈ ਸਮੁੱਚੀ ਕੌਮ ਕੋਲੋਂ ਮੁਆਫੀ ਮੰਗਣ।

# ਅਮਰੀਕੀ ਫੌਜ ਤੋਂ ਪੱਗ ਦੀ ਜੰਗ ਜਿੱਤਿਆ ਕੈਪਟਨ ਸਿਮਰਤਪਾਲ



**ਨਿਊ ਯਾਰਕ:** ਅਮਰੀਕੀ ਫੌਜ ਨੇ ਇਕ ਸਿੱਖ ਫੌਜੀ ਨੂੰ ਧਾਰਮਿਕ ਛੋਟ ਦਿੰਦਿਆਂ ਦਾੜ੍ਹੀ ਵਧਾਉਣ ਤੇ ਪੱਗ ਸਜਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਕੈਪਟਨ ਸਿਮਰਤਪਾਲ ਸਿੰਘ (27) ਨਾਮੀਂ ਇਹ ਸਿੱਖ ਜਵਾਨ ਇਨ੍ਹੀਂ ਦਿਨੀਂ ਅਫ਼ਗਾਨਿਸਤਾਨ ਵਿਚ ਤਾਇਨਾਤ ਹੈ। ਕੈਪਟਨ ਸਿਮਰਤਪਾਲ ਸਿੰਘ ਨੂੰ ਤਕਰੀਬਨ 10 ਸਾਲ ਪਹਿਲਾਂ ਫੌਜ ਵਿਚ ਆਪਣੀ ਡਿਊਟੀ ਦੇ ਪਹਿਲੇ ਹੀ ਦਿਨ ਕੇਸ ਕਟਾਉਣੇ ਪਏ ਸਨ, ਕਿਉਂਕਿ ਫੌਜ ਦੇ ਨਿਯਮਾਂ ਮੁਤਾਬਕ ਉਨ੍ਹਾਂ ਨੂੰ ਕੇਸ ਰੱਖਣ ਦੀ ਇਜਾਜ਼ਤ ਨਹੀਂ ਸੀ, ਪਰ ਪਿਛਲੇ ਹਫਤੇ ਫੌਜ ਨੇ ਉਸ ਨੂੰ ਇਹ ਇਜਾਜ਼ਤ ਦੇ ਦਿੱਤੀ।

ਉਨ੍ਹਾਂ ਨੂੰ ਇਸ ਬਾਰੇ ਬਰੌਜ ਸਟਾਰ ਦਿੱਤਾ ਗਿਆ ਹੈ, ਜੋ ਇਕ ਧਾਰਮਿਕ ਛੋਟ ਹੈ। ਇਸ ਤਹਿਤ ਉਹ ਦਾੜ੍ਹੀ ਵਧਾ ਤੇ ਪੱਗ ਸਜਾ ਸਕਦੇ ਹਨ। ਇਸ ਪਿੱਛੋਂ ਕੈਪਟਨ ਸਿਮਰਤਪਾਲ ਨੇ ਅਫ਼ਗਾਨਿਸਤਾਨ ਵਿਚ ਇਕ ਫੌਜੀ ਅਪਰੇਸ਼ਨ ਦੌਰਾਨ ਜੰਗੀ ਇੰਜੀਨੀਅਰਾਂ ਦੀ ਇਕ ਪਲਟਣ ਦੀ ਅਗਵਾਈ ਕੀਤੀ, ਜਿਸ ਨੇ ਸੜਕਾਂ ਦੇ ਕਿਨਾਰਿਆਂ ਤੋਂ ਬੰਬਾਂ ਨੂੰ ਨਕਾਰਾ ਕੀਤਾ। ਉਨ੍ਹਾਂ ਅਖਬਾਰ ਨੂੰ ਦੱਸਿਆ, 'ਇਹ ਬਹੁਤ ਸੁਖਦ ਅਹਿਸਾਸ ਹੈ। ਇਸ ਤੋਂ ਪਹਿਲਾਂ ਮੈਂ ਦੋਹਰੀ ਜ਼ਿੰਦਗੀ ਜੀਅ ਰਿਹਾ ਸਾਂ, ਜਿਸ ਦੌਰਾਨ ਮੈਂ ਸਿਰਫ ਘਰ ਵਿਚ ਹੀ ਪੱਗ ਬੰਨ੍ਹ ਸਕਦਾ ਸਾਂ, ਪਰ ਹੁਣ ਸਭ ਠੀਕ ਹੋ ਗਿਆ ਹੈ। ਉਂਜ ਹਾਲੇ ਇਹ ਰਾਹਤ ਆਰਜ਼ੀ ਹੈ ਤੇ ਇਕ ਮਹੀਨੇ ਲਈ ਮਿਲੀ ਹੈ।

ਕੈਪਟਨ ਸਿਮਰਤਪਾਲ ਦਾ ਕਹਿਣਾ ਹੈ ਕਿ ਜੇ ਉਨ੍ਹਾਂ ਨੂੰ ਪੱਕੀ ਛੋਟ ਨਾ ਮਿਲੀ ਤਾਂ ਉਹ ਫ਼ੌਜ ਖਿਲਾਫ ਮੁਕੱਦਮਾ ਕਰਨ ਲਈ ਮਜਬੂਰ ਹੋਣਗੇ।

# ਆਈ.ਐਸ. ਦਾ ਦਾਅਵਾ: ਰੋਮ ਵਿਚ ਹੋਵੇਗੀ ਆਖਰੀ ਜੰਗ

**ਬੇਰੂਤ:** ਦਹਿਸ਼ਤਗਰਦ ਸੰਗਠਨ ਆਈ.ਐਸ. ਨੇ ਇਕ ਨਵਾਂ ਵੀਡੀਓ ਜਾਰੀ ਕੀਤਾ ਹੈ। ਵੀਡੀਓ ਵਿਚ ਰੋਮ ਦੇ ਖਿਲਾਫ ਆਪਣੀ ਅੰਤਿਮ ਲੜਾਈ ਦਾ ਵਿਜ਼ਨ ਪੇਸ਼ ਕੀਤਾ ਗਿਆ ਹੈ। ਵੀਡੀਓ ਵਿਚ ਦਹਿਸ਼ਤਗਰਦ ਰੋਮ ਉਤੇ ਕਬਜ਼ਾ ਕਰਨ ਤੋਂ ਬਾਅਦ ਇਸਾਈ ਮਹਿਲਾਵਾਂ ਨੂੰ ਆਪਣਾ ਗੁਲਾਮ ਬਣਾਉਣ ਦੀ ਧਮਕੀ ਦੇ ਰਹੇ ਹਨ। 'ਮੀਟਿੰਗ ਯੂ ਐਟ ਦਾਬਕ' ਟਾਈਟਲ ਹੇਠ ਬਣੀ ਇਹ ਵੀਡੀਓ 31 ਸੈਕੰਡ ਦੀ ਹੈ। ਵੀਡੀਓ ਵਿਚ ਆਈ.ਐਸ. ਦੇ ਟੈਂਕ ਰੋਮ ਦੇ ਕੋਲੋਜੀਅਮ ਵੱਲ ਵਧਦੇ ਦਿਖਾਈ ਦੇ ਰਹੇ ਹਨ। ਇਸ ਤੋਂ ਇਲਾਵਾ ਵੀਡੀਓ ਵਿਚ ਦਹਿਸ਼ਤਗਰਦਾਂ ਨੇ ਵੈਟੀਕਨ ਸਿਟੀ ਦੀਆਂ ਕਈ ਹੋਰ ਇਤਿਹਾਸਕ ਇਮਾਰਤਾਂ ਨੂੰ ਵੀ ਦਿਖਾਇਆ ਗਿਆ ਹੈ। ਆਈ.ਐਸ. ਦੇ ਦਹਿਸ਼ਤਗਰਦ ਵੀਡੀਓ ਵਿਚ ਬਖਤਰਬੰਦ ਗੱਡੀਆਂ 'ਤੇ ਏ.ਕੇ. -47 ਨਾਲ ਦਿਖਾਈ ਦੇ ਰਹੇ ਹਨ। ਵੀਡੀਓ 'ਚ ਦਾਅਵਾ ਕੀਤਾ ਹੈ ਕਿ ਰੋਮ 'ਤੇ ਕਬਜ਼ਾ ਕਰਨ ਪਿਛੋਂ ਇਥੋਂ ਦੀਆਂ ਮਹਿਲਾਵਾਂ ਨੂੰ ਗੁਲਾਮ ਬਣਾ ਕੇ ਰੱਖਿਆ ਜਾਵੇਗਾ।

# ਧਰਮਿੰਦਰ ਨੇ ਲੁਧਿਆਣੇ ਵਾਲੀ ਜ਼ਮੀਨ ਵੇਚੀ

**ਲੁਧਿਆਣਾ:** ਸਥਾਨਕ ਹੰਬੜਾਂ ਰੋਡ ਸਥਿਤ ਸਬ ਰਜਿਸਟਰਾਰ ਦਫਤਰ ਵਿਚ ਬਾਲੀਵੁਡ ਸਟਾਰ ਧਰਮਿੰਦਰ ਆਪਣੀ ਜ਼ਮੀਨ ਦੀ ਰਜਿਸਟਰੀ ਕਰਵਾਉਣ ਲਈ ਪਹੁੰਚੇ। ਧਰਮਿੰਦਰ ਦੀ ਹੈਬੋਵਾਲ ਵਿਚ 2500 ਵਰਗ ਗਜ ਦੇ ਕਰੀਬ ਜ਼ਮੀਨ ਸੀ, ਜੋ ਉਨ੍ਹਾਂ ਨੇ ਰਵਿੰਦਰ ਸੂਦ ਨੂੰ ਵੇਚੀ ਹੈ। ਧਰਮਿੰਦਰ ਵੱਲੋਂ ਸਬ ਰਜਿਸਟਰਾਰ ਕੰਵਰ ਨਰਿੰਦਰ ਸਿੰਘ ਨਾਲ ਦਸਤਾਵੇਜ ਰਜਿਸਟਰਡ ਕਰਨ ਸਬੰਧੀ ਫੋਟੋ ਵੀ ਖਿਚਵਾਈ ਤੇ ਉਨ੍ਹਾਂ ਨੇ ਦਸਤਾਵੇਜ ਉਤੇ ਦਸਤਖਤ ਰੀਡਰ ਗੋਪਾਲ ਕ੍ਰਿਸ਼ਨ ਵੱਲੋਂ ਕਰਵਾਏ ਗਏ। 45 ਮਿੰਟ ਦੇ ਕਰੀਬ ਸਮਾਂ ਉਹ ਦਫਤਰ ਵਿਚ ਰਹੇ ਅਤੇ ਬਾਅਦ ਵਿਚ ਉਥੋਂ ਚਲੇ ਗਏ। ਇਸ ਮੌਕੇ ਪ੍ਰਸੰਸਕਾਂ ਦੀ ਭਾਰੀ ਭੀੜ ਹੋਣ ਕਾਰਨ ਦਫਤਰ ਦਾ ਕੰਮਕਾਜ ਕੁਝ ਸਮੇਂ ਲਈ ਪ੍ਰਭਾਵਿਤ ਵੀ ਹੋਇਆ।

# ਲਾਪਰਵਾਹੀ ਨਾਲ ਟਰੱਕ ਚਲਾਉਣ ਵਾਲੇ ਪੰਜਾਬੀ ਨੂੰ ਜੇਲ੍ਹ

**ਸੈਨ ਹੋਜ਼ੇ:** ਅਮਰੀਕਾ ਦੇ ਸ਼ਹਿਰ ਸੈਨ ਹੋਜ਼ੇ ਵਿਚ ਇਕ ਪੰਜਾਬੀ ਡਰਾਈਵਰ ਨੂੰ ਅਦਾਲਤ ਨੇ ਲਾਪਰਵਾਹੀ ਨਾਲ ਟਰੱਕ ਚਲਾਉਣ ਦੇ ਦੋਸ਼ ਵਿਚ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ।

ਪੰਜਾਬੀ ਡਰਾਈਵਰ ਰਵਿੰਦਰਪਾਲ ਸਿੰਘ ਦੇ ਟਰੱਕ ਦੀ ਲਪੇਟ ਵਿਚ ਆ ਕੇ ਇਕ ਵਿਅਕਤੀ ਦੀ ਮੌਤ ਹੋ ਗਈ ਸੀ। ਟਰੱਕ ਦੀ ਰਫਤਾਰ ਤੇਜ਼ ਹੋਣ ਕਾਰਨ ਰਵਿੰਦਰਪਾਲ ਸਿੰਘ ਇਸ ਉਤੇ ਕਾਬੂ ਨਹੀਂ ਪਾ ਸਕਿਆ ਸੀ। ਸੈਨ ਹੋਜ਼ੇ ਦੇ ਹਾਈਵੇ ਉਤੇ 10 ਜੁਲਾਈ 2014 ਦੀ ਇਹ ਘਟਨਾ ਹੈ। ਹਾਦਸੇ ਦੇ ਪੀੜਤਾਂ ਨੇ ਰਵਿੰਦਰਪਾਲ ਸਿੰਘ ਨੂੰ ਕਮਿਊਨਿਟੀ ਸੇਵਾ ਕਰਨ ਦੀ ਅਪੀਲ ਵੀ ਅਦਾਲਤ ਨੂੰ ਕੀਤੀ ਸੀ। ਅਦਾਲਤ ਨੇ ਇਸ ਨੂੰ ਪ੍ਰਵਾਨ ਕਰਦਿਆਂ ਰਵਿੰਦਰਪਾਲ ਸਿੰਘ ਨੂੰ 400 ਘੰਟੇ ਦੀ ਕਮਿਊਨਿਟੀ ਸੇਵਾ ਦੀ ਸਜ਼ਾ ਵੀ ਸੁਣਾਈ ਹੈ।

# ਸ਼ਿਕਾਗੋ ਦਾ ਸਿੱਖ ਭਾਈਚਾਰਾ ਕ੍ਰਿਸਮਸ 'ਤੇ ਬੇਘਰਿਆਂ ਨੂੰ ਭੋਜਨ ਪਰੋਸੇਗਾ

**ਸ਼ਿਕਾਗੋ (ਬਿਊਰੋ):** ਅਮਰੀਕਨ ਸਿੱਖ ਕਮਿਊਨਿਟੀ, ਸ਼ਿਕਾਗੋ (ਏ ਐਸ ਸੀ) ਕ੍ਰਿਸਮਸ ਮੌਕੇ ਸ਼ੁਕਰਵਾਰ 25 ਦਸੰਬਰ ਨੂੰ ਸਾਲਵੇਸ਼ਨ ਆਰਮੀ ਦੇ ਹੋਮਲੈਸ ਸ਼ੈਲਟਰ ਵਿਚ ਰਹਿੰਦੇ ਲੋੜਵੰਦਾਂ ਨੂੰ ਵਾਲੰਟੀਅਰਾਂ ਵਜੋਂ ਭੋਜਨ ਪਰੋਸੇਗਾ। ਜ਼ਿਕਰਯੋਗ ਹੈ ਕਿ ਇਸ ਸੰਸਥਾ ਨੇ 1993 ਵਿਚ ਹਰ ਮਹੀਨੇ ਹੋਮਲੈਸ ਸ਼ੈਲਟਰ ਵਿਚ ਭੋਜਨ ਦੇਣਾ ਸ਼ੁਰੂ ਕੀਤਾ ਸੀ ਪ੍ਰੰਤੂ 2008 ਵਿਚ ਹੋਮਲੈਸ ਸ਼ੈਲਟਰ ਦਾ ਸਥਾਨ ਬਦਲ ਦਿੱਤੇ ਜਾਣ ਕਰਕੇ ਇਹ ਉਪਰਾਲਾ ਜਾਰੀ ਨਹੀਂ ਰੱਖਿਆ ਜਾ ਸਕਿਆ। ਇਨ੍ਹਾਂ ਸਾਲਾਂ ਦੌਰਾਨ ਅਮਰੀਕਨ ਸਿੱਖ ਕਮਿਊਨਿਟੀ ਦਾ ਸਾਲਵੇਸ਼ਨ ਆਰਮੀ ਦੇ ਨੁਮਾਇੰਦਿਆਂ ਨਾਲ ਕੰਮ ਕਰਨ ਦਾ ਤਜਰਬਾ ਬਹੁਤ ਹੀ ਸੁਖਾਵਾਂ ਰਿਹਾ। ਇਹ ਪ੍ਰਤੀਨਿਧ ਸਾਲ ਵਿਚ ਦੋ ਵਾਰ ਗੁਰਦੁਆਰਾ ਪੈਲਾਟਾਈਨ ਆਉਂਦੇ ਸਨ।

ਹੁਣ ਨਵੀਂ ਥਾਂ ਸਾਲਵੇਸ਼ਨ ਆਰਮੀ ਦੇ ਸ਼ੈਲਟਰ (825 ਨਾਰਥ ਕ੍ਰਿਸਟੀਨਾ ਐਵਨਿਊ, ਸ਼ਿਕਾਗੋ, ਫੋਨ: 312-667-2200) ਉਤੇ ਅਮਰੀਕਨ ਸਿੱਖਾਂ ਵਲੋਂ ਥੈਂਕਸਗਿਵਿੰਗ ਵਾਲੇ ਦਿਨ ਖਾਣਾ ਮੁਹੱਈਆ ਕੀਤਾ ਗਿਆ ਸੀ। ਪ੍ਰਬੰਧਕਾਂ ਅਨੁਸਾਰ ਉਨ੍ਹਾਂ ਨੂੰ ਇਸ ਖਾਤਰ 15 ਤੋਂ 20 ਵਾਲੰਟੀਅਰਾਂ ਦੀ ਲੋੜ ਹੋਵੇਗੀ। ਸਿੱਖ ਭਾਈਚਾਰੇ ਵਲੋਂ ਸਾਲਵੇਸ਼ਨ ਆਰਮੀ ਨੂੰ 1201 ਡਾਲਰ ਦਾਨ ਵਜੋਂ ਦਿਤੇ ਗਏ।

ਹੋਰ ਜਾਣਕਾਰੀ ਲਈ ਹਰਦਿਆਲ ਸਿੰਘ ਦਿਓਲ ਫੋਨ 847-729-2491, ਇਕਬਾਲ ਸਿੰਘ ਚੋਪੜਾ ਫੋਨ 224-338-8070, ਏ ਡੀ ਸਿੰਘ ਚਾਵਲਾ ਫੋਨ 630-400-8850, ਅਜਮੇਰ ਕੌਰ ਗਾਖਲ ਫੋਨ 847-705-1440, ਜੈਰਾਮ ਸਿੰਘ ਕਾਹਲੋਂ ਫੋਨ 224-456-8096, ਜਸਵੀਰ ਕੌਰ ਫੋਨ 224-545-0542 ਅਤੇ ਸਰਵਣ ਸਿੰਘ ਫੋਨ 224-628-5522 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਦਲੀਪ ਕੁਮਾਰ ਨੂੰ ਪਦਮ ਵਿਭੂਸ਼ਨ

**ਮੁੰਬਈ:** ਆਪਣੇ ਸਮੇਂ ਦੇ ਪ੍ਰਸਿੱਧ ਅਦਾਕਾਰ ਦਲੀਪ ਕੁਮਾਰ ਨੂੰ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਪਦਮ ਵਿਭੂਸ਼ਣ ਪੁਰਸਕਾਰ ਨਾਲ ਸਨਮਾਨਤ ਕੀਤਾ। ਸ੍ਰੀ ਰਾਜਨਾਥ ਸਿੰਘ ਅਦਾਕਾਰ ਦੀ ਬਾਂਦਰਾ ਸਥਿਤ ਰਿਹਾਇਸ਼ 'ਤੇ ਗਏ ਤੇ ਉਨ੍ਹਾਂ ਨੂੰ ਇਕ ਤਮਗਾ, ਇਕ ਸਰਟੀਫਿਕੇਟ ਤੇ ਇਕ ਸ਼ਾਲ ਭੇਟ ਕੀਤਾ। ਇਸ ਮੌਕੇ ਉਨ੍ਹਾਂ ਦੀ ਪਤਨੀ ਸਾਇਰਾ ਬਾਨੋ ਵੀ ਹਾਜ਼ਰ ਸਨ। ਸਰਕਾਰ ਨੇ ਦਲੀਪ ਕੁਮਾਰ ਨੂੰ ਅਮਿਤਾਭ ਬਚਨ ਤੇ ਕੁਝ ਹੋਰ ਸ਼ਖ਼ਸੀਅਤਾਂ ਸਮੇਤ ਗਣਤੰਤਰ ਦਿਵਸ ਮੌਕੇ 25 ਜਨਵਰੀ, 2015 ਨੂੰ ਪਦਮ ਵਿਭੂਸ਼ਨ ਪੁਰਸਕਾਰ ਨਾਲ ਸਨਮਾਨਤ ਕਰਨ ਦਾ ਐਲਾਨ ਕੀਤਾ ਸੀ, ਪਰ ਸਿਹਤ ਖਰਾਬ ਹੋਣ ਕਾਰਨ ਉਹ ਅਪਰੈਲ ਵਿਚ ਰਾਸ਼ਟਰਪਤੀ ਭਵਨ ਵਿਚ ਹੋਏ ਵਿਸ਼ੇਸ਼ ਪੁਰਸਕਾਰ ਵੰਡ ਸਮਾਗਮ ਵਿਚ ਹਾਜ਼ਰ ਨਹੀਂ ਸੀ ਹੋ ਸਕੇ ਸਨ।




IFTA

- IFTA Fuel & Mileage Reporting (100% Accurate)
- Form 2290 (Heavy Vehicle Use Tax Return)
- Temporary/Permanent Fuel & Trip Permits
- IRP, FMCSA Authority, UCR
- New Business *(Corporation, LLC, Partnership, etc.)*
- IRS Individual & Business Tax *(IRS Registered Agent)*

*IFTA filing starting at $20*

Contact: Nanak Tax Expeditors Greenwood (IN)

**@ Ph: 317-215-5758**

**Desi Bazar**

916 E. Main Street #118, Greenwood, IN, 46143

**Tel: 317-888-2040, Fax: 317-887-6116**

We specialize in all kind of Indian Groceries and Sweets

• FRESH VEGETABLES EVERY THURSDAY

• FRESH GOAT MEAT

*10% off on all Gurudwara supplies and Religious programs!!*

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! !

ਇੰਡੀਅਨਐਪੋਲਿਸ ਵਿਚ ਤੁਹਾਡਾ ਆਪਣਾ

**ਟਰੱਕ ਡਰਾਈਵਿੰਗ ਸਕੂਲ**

ਵਧੀਆ ਟਰੇਨਿੰਗ, ਟੈਸਟ ਲਈ ਪੂਰੀ ਤਿਆਰੀ



**Truck Driving School**

Lic. # 0027

**A-One Truck Driving School**

2302 South West Street, Indianapolis, IN 46225

Gurinder Nagra, Ben Singh Bashal, Gurnam Dhaliwal

**Ph: 317-653-6666**

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜੀ.ਐਮ. ਸਰ੍ਹੋਂ ਖਿਲਾਫ 'ਸਰ੍ਹੋਂ ਸੱਤਿਆਗ੍ਰਹਿ' ਦਾ ਐਲਾਨ

**ਜਲੰਧਰ:** ਦੁਆਬਾ ਖੇਤਰ ਦੇ ਖੇਤੀਬਾੜੀ ਤੇ ਸਮਾਜਿਕ ਸਿਹਤ ਨਾਲ ਜੁੜੀਆਂ ਵੱਖ-ਵੱਖ ਸੰਸਥਾਵਾਂ ਨੇ ਅਨੁਵੰਸ਼ਿਕ ਰੂਪ ਨਾਲ ਸੋਧੀ (ਜੀ.ਐਮ.) ਸਰ੍ਹੋਂ ਦੀ ਵਪਾਰਕ ਖੇਤੀ ਖਿਲਾਫ ਆਵਾਜ਼ ਉਠਾਈ ਹੈ। ਇਸ ਸੰਘਰਸ਼ ਨੂੰ 'ਸਰ੍ਹੋਂ ਸੱਤਿਆਗ੍ਰਹਿ' ਦਾ ਨਾਮ ਦਿੱਤਾ ਗਿਆ। ਜੀ.ਐਮ. ਸਰ੍ਹੋਂ ਦੇ ਫੀਲਡ ਟਰਾਇਲ ਮੁੱਕਣ ਤੋਂ ਬਾਅਦ ਇਹ ਫਸਲ ਵਪਾਰਕ ਖੇਤੀ ਲਈ ਤਿਆਰ ਹੈ, ਪਰ ਦੇਸ਼ ਭਰ ਵਿਚ ਇਸ ਦੀ ਵਿਰੋਧਤਾ ਹੋ ਰਹੀ ਹੈ।




ਪੰਜਾਬ ਕਿਉਂਕਿ ਸਰ੍ਹੋਂ ਉਗਾਉਣ ਵਾਲੇ ਪ੍ਰਮੁੱਖ ਸੂਬਿਆਂ ਵਿਚ ਆਉਂਦਾ ਹੈ ਜਿਸ ਕਰਕੇ ਇਥੋਂ ਦੇ ਕਿਸਾਨ ਵਾਤਾਵਰਨ ਪ੍ਰੇਮੀਆਂ ਵਿਚ ਵੀ ਜੀ.ਐਮ. ਖੇਤੀ ਨੂੰ ਲੈ ਕੇ ਚਿੰਤਾ ਪੈਦਾ ਹੋ ਗਈ ਹੈ। ਜਲੰਧਰ ਵਿਚ ਮਹਿਤਪੁਰ ਪਿੰਡ ਦੇ ਜੈਵਿਕ ਖੇਤੀ ਕਰਨ ਵਾਲੇ ਗੁਰਤੇਜ ਸਿੰਘ ਨੇ ਦੱਸਿਆ ਕਿ ਜੀ.ਐਮ. ਸਰ੍ਹੋਂ ਭਾਵੇਂ ਸਿਹਤ ਤੇ ਵਾਤਾਵਰਨ ਨੂੰ ਪ੍ਰਭਾਵਿਤ ਨਾ ਕਰੇ ਪਰ ਇਸ ਦਾ ਬੀਜ ਖਰੀਦਣ ਲਈ ਸਾਨੂੰ ਵੱਡੀਆਂ ਕੰਪਨੀਆਂ ਦੀ ਲੁੱਟ ਦਾ ਸ਼ਿਕਾਰ ਹੋਣਾ ਪਵੇਗਾ। ਕਿਉਂਕਿ ਇਸ ਸਰ੍ਹੋਂ ਦਾ ਬੀਜ ਆਏ ਸੀਜ਼ਨ ਕਿਸਾਨਾਂ ਨੂੰ ਖਰੀਦਣਾ ਪਵੇਗਾ। ਉਹ 10 ਸਾਲ ਤੋਂ ਜੈਵਿਕ ਖੇਤੀ ਕਰ ਰਿਹਾ ਹੈ। ਪੰਜਾਬ ਵਿਚ ਪਹਿਲਾਂ ਹੀ ਸਰ੍ਹੋਂ ਦਾ ਚੰਗਾ ਉਤਪਾਦਨ ਹੈ ਤੇ ਹੁਣ ਸੋਧੀ ਸਰ੍ਹੋਂ ਦੇ ਨਾਂ 'ਤੇ ਕਿਸਾਨਾਂ ਦੀ ਲੁੱਟ ਕਰਨ ਦੀ ਰਣਨੀਤੀ ਬਣਾਈ ਜਾ ਰਹੀ ਹੈ।

ਉਨ੍ਹਾਂ ਖਦਸ਼ਾ ਪ੍ਰਗਟਾਇਆ ਹੈ ਕਿ ਜੀ.ਐਮ. ਸਰ੍ਹੋਂ ਦੀ ਖੇਤੀ ਨਾਲ ਕਿਸਾਨਾਂ, ਵਪਾਰੀਆਂ ਅਤੇ ਖਪਤਕਾਰਾਂ ਉਤੇ ਗੰਭੀਰ ਪ੍ਰਭਾਵ ਪੈਣਗੇ। ਨੈਸ਼ਨਲ ਫਾਰਮਰਜ਼ ਐਸੋਸੀਏਸ਼ਨ ਪੰਜਾਬ, ਖੇਤੀ ਵਿਰਾਸਤ ਮਿਸ਼ਨ ਤੇ ਸੋਸ਼ਲਿਸਟ ਪਾਰਟੀ ਨੇ ਸਾਂਝੇ ਤੌਰ ਉਤੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਜੀ.ਐਮ. ਸਰ੍ਹੋਂ ਦੀ ਖੇਤੀ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਹੈ ਕਿ ਜੀ.ਐਮ. ਸਰ੍ਹੋਂ ਦੀ ਖੇਤੀ ਨਾਲ ਕਿਸਾਨਾਂ, ਵਪਾਰੀਆਂ ਅਤੇ ਖਪਤਕਾਰਾਂ ਉਤੇ ਗੰਭੀਰ ਪ੍ਰਭਾਵ ਪੈਣਗੇ।

ਉਪਰੋਕਤ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਬਠਿੰਡਾ ਵਿਚ ਕੀਤੇ ਫੀਲਡ ਟਰਾਇਲਾਂ ਵਿਚ ਨਿਯਮਾਂ ਦੀ ਉਲੰਘਣਾ ਕੀਤੀ ਗਈ ਸੀ ਜਿਸ ਦੀ ਬਕਾਇਦਾ ਤੌਰ 'ਤੇ ਸਰਕਾਰ ਨੂੰ ਸ਼ਿਕਾਇਤ ਵੀ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਘੱਟ ਤੋਂ ਘੱਟ ਪੰਜਾਬ ਸਰਕਾਰ ਨੂੰ ਜੀ.ਐਮ. ਸਰ੍ਹੋਂ ਨੂੰ ਮਨਜ਼ੂਰੀ ਦੇਣ ਦੀ ਗਲਤੀ ਨਹੀਂ ਕਰਨੀ ਚਾਹੀਦੀ। ਪੰਜਾਬ ਵਿਚ ਰਸਾਇਣਕ ਜ਼ਹਿਰਾਂ ਦੇ ਬੇਤਹਾਸ਼ਾ ਇਸਤੇਮਾਲ ਨਾਲ ਪਹਿਲਾਂ ਹੀ ਵਾਤਾਵਰਨ ਤੇ ਮਨੁੱਖ ਪ੍ਰਭਾਵਿਤ ਹਨ। ਪ੍ਰਸਤਾਵਿਤ ਜੀ.ਐਮ. ਸਰ੍ਹੋਂ ਉਤੇ ਛਿੜਕੇ ਜਾਣ ਵਾਲੇ ਨਦੀਨਨਾਸ਼ਕ ਜ਼ਹਿਰ ਕਾਰਨ ਹਾਲਤ ਹੋਰ ਖਰਾਬ ਹੋ ਜਾਵੇਗੀ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਕਿਸੇ ਵੀ ਜੀ.ਐਮ. ਫਸਲ ਦੇ ਟਰਾਇਲ ਕਰਨ ਦੀ ਇਜਾਜ਼ਤ ਨਾ ਦੇਵੇ। ਸਰਕਾਰ ਬਕਾਇਦਾ ਐਲਾਨ ਕਰੇ ਕਿ ਸੂਬੇ ਵਿਚ ਜੀ.ਐਮ. ਸਰ੍ਹੋਂ ਦੀ ਕਾਸ਼ਤ ਨਹੀਂ ਕੀਤੀ ਜਾਵੇਗੀ।

## ਖੇਤੀ ਵਿਰਾਸਤ ਮਿਸ਼ਨ ਵੱਲੋਂ ਸੰਘਰਸ਼ ਦਾ ਸੱਦਾ

**ਬਠਿੰਡਾ:** ਜੀ.ਐਮ. ਸਰ੍ਹੋਂ ਦਾ ਵਿਰੋਧ ਕਰਦੇ ਹੋਏ ਖੇਤੀ ਵਿਰਾਸਤ ਮਿਸ਼ਨ ਦੇ ਮੈਂਬਰ ਤੇ ਕਿਸਾਨਾਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਖੇਤੀ ਵਿਰਾਸਤ ਮਿਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਉਮੇਂਦਰ ਦੱਤ ਨੇ ਕਿਹਾ ਕਿ ਜੀ.ਐਮ. ਤਕਨੀਕ ਜਿਥੇ ਸਾਡਾ ਵਾਤਾਵਰਣ ਜ਼ਹਿਰੀਲਾ ਕਰ ਰਹੀ ਹੈ, ਉਥੇ ਹੀ ਇਸ ਨੇ ਸਾਡੇ ਭੋਜਨ ਦੇ ਸੁਰੱਖਿਆ ਕਵਚ ਵਿਚ ਵੀ ਮੋਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਜਬਰਦਸਤੀ ਲਿਆਂਦੀ ਜਾ ਰਹੀ ਜੀ.ਐਮ. ਸਰ੍ਹੋਂ ਨਾਲ ਸਾਡੇ ਸਾਗ ਨੂੰ ਜ਼ਹਿਰੀਲਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਪਣੀ ਖੁਰਾਕ ਸੁਰੱਖਿਆ ਨੂੰ ਜੀ.ਐਮ. ਫਸਲਾਂ ਦੀ ਆੜ ਹੇਠ ਖੇਤੀ ਸਾਮਰਾਜਵਾਦ ਦੇ ਹਮਲੇ ਤੋਂ ਬਚਾਉਣ ਲਈ ਜੀ.ਐਮ. ਸਰ੍ਹੋਂ ਖਿਲਾਫ ਵਿੱਢੇ ਸੰਘਰਸ਼ ਵਿਚ ਵੱਧ ਤੋਂ ਵੱਧ ਹਿੱਸਾ ਪਾਉਣ ਦੀ ਲੋੜ ਹੈ।

# ਅਬੋਹਰ ਕਾਂਡ ਨੇ ਸਦਭਾਵਨਾ ਰੈਲੀਆਂ ਰੋਲੀਆਂ

*(ਸਫਾ ਇਕ ਦੀ ਬਾਕੀ)*

ਗੰਭੀਰ ਹਾਲਤ ਵਿਚ ਹੈ। ਇਹ ਨੌਜਵਾਨ ਸ਼ਰਾਬ ਕਾਰੋਬਾਰੀ ਸ਼ਿਵ ਲਾਲ ਡੋਡਾ ਨਾਲ ਜੁੜੇ ਹੋਏ ਸਨ ਤੇ ਇਨ੍ਹਾਂ ਦੀ ਇਕ ਹੋਰ ਕਾਰੋਬਾਰੀ ਗਰੁੱਪ ਨਾਲ ਰੰਜਿਸ਼ ਸੀ ਜਿਸ ਤੋਂ ਬਾਅਦ ਹੀ ਇਨ੍ਹਾਂ ਉਤੇ ਇਕ ਔਰਤ ਨੇ ਬਲਾਤਕਾਰ ਦਾ ਕੇਸ ਦਰਜ ਕਰਵਾਇਆ ਸੀ।

ਇਸ ਘਟਨਾ ਤੋਂ ਇਕ ਦਿਨ ਪਹਿਲਾਂ ਹੀ ਪੁਲਿਸ ਨੇ ਪਿੰਡ ਚੰਨੂ ਵਿਚ ਅਕਾਲੀ ਨੇਤਾ ਡਿੰਪੀ ਢਿੱਲੋਂ ਦੀ ਬੱਸ ਥੱਲੇ ਆ ਕੇ ਮਰੀ 12 ਸਾਲਾ ਲੜਕੀ ਅਰਸ਼ਦੀਪ ਦੀ ਲਾਸ਼ ਧਰਨਾ ਦੇ ਰਹੇ ਲੋਕਾਂ ਤੋਂ ਖੋਹ ਕੇ ਦੋ-ਤਿੰਨ ਸੌ ਮੀਟਰ ਦੂਰ ਤੱਕ ਸੜਕ ਉਤੇ ਘੜੀਸੀ। ਪੁਲਿਸ ਦੇ ਤਕਰੀਬਨ 500 ਜਵਾਨਾਂ ਨੇ ਕਾਰਵਾਈ ਦੌਰਾਨ ਦਰਜਨਾਂ ਹਵਾਈ ਫਾਇਰ ਕਰਨ ਦੇ ਨਾਲ-ਨਾਲ ਅੰਨ੍ਹੇਵਾਹ ਲਾਠੀਚਾਰਜ ਕੀਤਾ।

ਹਾਕਮ ਧਿਰ ਨਾਲ ਸਬੰਧਤ ਟਰਾਂਸਪੋਰਟ ਕੰਪਨੀਆਂ ਦੀਆਂ ਬੱਸਾਂ ਅਜਿਹੇ ਕਾਰੇ ਨਿੱਤ ਕਰਦੀਆਂ ਹਨ। ਇਸੇ ਸਾਲ ਅਪਰੈਲ ਵਿਚ ਮੋਗਾ ਵਿਚ ਅਰਸ਼ਦੀਪ ਕੌਰ ਨਾਂ ਦੀ ਲੜਕੀ ਨੂੰ ਬਾਦਲ ਪਰਿਵਾਰ ਦੀ ਮਾਲਕੀ ਵਾਲੀ ਔਰਬਿਟ ਬੱਸ ਵਿਚੋਂ ਥੱਲੇ ਸੁੱਟ ਕੇ ਮਾਰ ਦਿੱਤਾ ਗਿਆ ਸੀ। ਹਾਕਮ ਧਿਰ ਨੂੰ ਉਦੋਂ ਵੀ ਕਾਫੀ ਲੋਕ ਰੋਹ ਦਾ ਸਾਹਮਣਾ ਕਰਨਾ ਪਿਆ ਸੀ। ਪੰਜਾਬ ਵਿਚ 2007 ਤੋਂ ਸੱਤਾ ਸੰਭਾਲਣ ਤੋਂ ਬਾਅਦ ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਨੇ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕੀਤੀ ਹੈ। ਬਾਦਲ ਪਰਿਵਾਰ ਦੀ ਸਿੱਧੇ ਤੇ ਅਸਿੱਧੇ ਤੌਰ ਉਤੇ ਹਿੱਸਾ-ਪੱਤੀ ਵਾਲੀਆਂ ਚਾਰ ਟਰਾਂਸਪੋਰਟ ਕੰਪਨੀਆਂ ਹਨ। ਇਨ੍ਹਾਂ ਕੰਪਨੀਆਂ ਦੇ ਪਰਮਿਟਾਂ ਦੀ ਗਿਣਤੀ 230 ਤੋਂ ਵਧੇਰੇ ਹੈ।

ਪੰਜਾਬੀ ਸੂਬਾ ਬਣਨ ਤੋਂ ਬਾਅਦ ਪੰਜਾਬ ਦੇ ਲੋਕਾਂ ਨੇ ਅਕਾਲੀ ਦਲ ਨੂੰ ਹੁਣ ਤੱਕ ਨੌਂ ਵਾਰ ਸੱਤਾ ਸੌਂਪੀ ਹੈ। ਨਾ ਸਿਰਫ ਪ੍ਰਕਾਸ਼ ਸਿੰਘ ਬਾਦਲ ਨੂੰ ਪੰਜਾਬੀਆਂ ਨੇ ਪੰਜਵੀਂ ਵਾਰ ਸੂਬੇ ਦੇ ਮੁੱਖ ਮੰਤਰੀ ਦੇ ਅਹੁਦੇ ਉਤੇ ਬਿਠਾਇਆ, ਬਲਕਿ ਉਨ੍ਹਾਂ ਦੇ ਬੇਟੇ, ਨੂੰਹ ਤੇ ਕਈ ਹੋਰ ਰਿਸ਼ਤੇਦਾਰਾਂ ਨੂੰ ਵੀ ਸੱਤਾ ਸੁੱਖ ਸੌਂਪਿਆ ਹੈ। ਪਿਛਲੇ ਤਕਰੀਬਨ ਨੌਂ ਸਾਲਾਂ ਵਿਚ ਵਿਸ਼ੇਸ਼ ਕਰ ਕੇ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੀ ਅਗਵਾਈ ਸੰਭਾਲਣ ਬਾਅਦ ਪਾਰਟੀ ਦਾ ਨਾ ਸਿਰਫ ਧਾਰਮਿਕ ਤੇ ਰਵਾਇਤੀ ਸਰੂਪ ਲੋਪ ਹੋਣਾ ਸ਼ੁਰੂ ਹੋ ਗਿਆ ਹੈ, ਬਲਕਿ ਇਸ ਦੀ ਕਾਰਜਸ਼ੈਲੀ ਵਿਚੋਂ ਲੋਕ ਹਿੱਤ ਵੀ ਮਨਫੀ ਹੁੰਦੇ ਜਾ ਰਹੇ ਹਨ।

ਸੁਖਬੀਰ ਸਿੰਘ ਬਾਦਲ ਪੰਜਾਬ ਦੀ ਸੱਤਾ 'ਤੇ 25 ਸਾਲ ਰਾਜ ਕਰਨ ਦਾ ਦਾਅਵਾ ਕਰ ਰਹੇ ਹਨ, ਪਰ ਅਕਾਲੀ ਦਲ ਖਿਲਾਫ ਪੈਦਾ ਹੋਏ ਲੋਕ ਰੋਹ ਪਿੱਛੋਂ ਇਹ ਸੁਪਨਾ ਹਵਾ ਹੁੰਦਾ ਨਜ਼ਰ ਆ ਰਿਹਾ ਹੈ। ਪੰਜਾਬ ਵਿਚ ਅਮਨ-ਕਾਨੂੰਨ ਦੀ ਮਾੜੀ ਸਥਿਤੀ ਸਰਕਾਰ ਲਈ ਲਗਾਤਾਰ ਨਾਮੋਸ਼ੀ ਬਣੀ ਹੋਈ ਹੈ। ਇਸ ਤੋਂ ਪਹਿਲਾਂ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਗੁੱਸਾ ਵੀ ਅਕਾਲੀ ਦਲ ਉਤੇ ਨਿਕਲਿਆ ਸੀ ਜਿਸ ਨੂੰ ਠੰਢਾ ਕਰਨ ਲਈ ਬਾਦਲਾਂ ਵੱਲੋਂ ਸਦਭਾਵਨਾ ਰੈਲੀਆਂ ਦੀ ਮੁਹਿੰਮ ਛੇੜਨੀ ਪਈ ਸੀ।

# ਕਾਂਗਰਸ ਲਈ ਸਭ ਤੋਂ ਵੱਡੀ ਚੁਣੌਤੀ 'ਆਪ'

**ਚੰਡੀਗੜ੍ਹ:** ਪੰਜਾਬ ਵਿਚ ਕਾਂਗਰਸ ਲਈ ਸਭ ਤੋਂ ਵੱਡੀ ਚੁਣੌਤੀ ਆਮ ਆਦਮੀ ਪਾਰਟੀ (ਆਪ) ਬਣਦੀ ਜਾ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਟੱਕਰ ਭਾਵੇਂ ਅਕਾਲੀ ਦਲ ਤੇ ਕਾਂਗਰਸ ਵਿਚਾਲੇ ਰਹੇਗੀ, ਪਰ ਫੈਸਲਾਕੁਨ ਰੋਲ 'ਆਪ' ਹੀ ਨਿਭਾਏਗੀ। ਇਸ ਲਈ ਕਾਂਗਰਸ ਆਪਣੀ ਰਣਨੀਤੀ 'ਆਪ' ਦੀ ਸਰਗਰਮੀ ਨੂੰ ਧਿਆਨ ਵਿਚ ਰੱਖ ਕੇ ਹੀ ਤੈਅ ਕਰ ਰਹੀ ਹੈ।

ਦਰਅਸਲ, ਲੋਕ ਸਭਾ ਚੋਣਾਂ ਵਿਚ 'ਆਪ' ਨੇ ਚਾਰ ਸੀਟਾਂ ਜਿੱਤ ਕੇ ਸਭ ਨੂੰ ਹੈਰਾਨ ਕੀਤਾ ਸੀ। ਉਸ ਵੇਲੇ ਬਹੁਤੇ ਸਿਆਸਤਦਾਨ 'ਆਪ' ਨੂੰ ਪਾਣੀ ਦਾ ਬੁਲਬਲਾ ਕਹਿ ਰਹੇ ਸਨ ਪਰ ਕੈਪਟਨ ਅਮਰਿੰਦਰ ਸਿੰਘ ਨੇ ਉਸ ਵੇਲੇ ਵੀ ਮੰਨਿਆ ਸੀ ਕਿ 'ਆਪ' ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰੇਗੀ। ਹੁਣ ਕਾਂਗਰਸ ਦੀ ਕਮਾਨ ਸੰਭਾਲਣ ਮਗਰੋਂ ਕੈਪਟਨ ਬੇਸ਼ੱਕ ਕਹਿ ਰਹੇ ਹਨ ਕਿ 'ਆਪ' ਦਾ ਅਸਰ ਖਤਮ ਹੋ ਗਿਆ ਹੈ ਪਰ ਉਨ੍ਹਾਂ ਨੂੰ ਡਰ ਵੀ 'ਆਪ' ਤੋਂ ਹੀ ਲੱਗ ਰਿਹਾ ਹੈ। ਦੂਜੇ ਪਾਸੇ ਅਕਾਲੀ ਦਲ 'ਆਪ' ਦੀ ਚੜ੍ਹਤ ਨਾਲ ਖੁਸ਼ ਹੈ। ਅਕਾਲੀ ਦਲ ਦੀ ਰਣਨੀਤੀ ਹੈ ਕਿ ਸੱਤਾ ਵਿਰੋਧੀ ਵੋਟ ਵੰਡੀ ਜਾਵੇ। ਇਸ ਨਾਲ ਸੱਤਾ ਵਿਰੋਧੀ ਹਵਾ ਦਾ ਕਿਸੇ ਇਕ ਧਿਰ ਨੂੰ ਫਾਇਦਾ ਨਾ ਮਿਲੇ। ਇਹ ਗਿਣਤੀ-ਮਿਣਤੀ ਅਕਾਲੀ-ਭਾਜਪਾ ਦੇ ਹੱਕ ਵਿਚ ਜਾ ਸਕਦੀ ਹੈ। ਸਾਲ 2012 ਵਿਚ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਪੀ.ਪੀ.ਪੀ. ਨੇ ਅਜਿਹਾ ਹੀ ਕੀਤਾ ਸੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਕਾਂਗਰਸ ਇਕਜੁੱਟ ਹੋ ਕੇ ਚੋਣ ਲੜਦੀ ਹੈ ਤੇ ਕੋਈ ਵੱਡੀ ਗਲਤੀ ਨਹੀਂ ਕਰਦੀ ਤਾਂ ਇਸ ਦਾ ਹੱਥ ਉਪਰ ਰਹਿ ਸਕਦਾ ਹੈ।

# ਰੈਲੀ ਯੁੱਧ ਨਾਲ ਮਘੀ ਪੰਜਾਬ ਦੀ ਸਿਆਸਤ

*(ਸਫਾ ਇਕ ਦੀ ਬਾਕੀ)*

ਵਿਚ ਕਾਂਗਰਸੀਆਂ ਦੀ ਰੈਲੀ ਅਸਫਲ ਕਰਨ ਲਈ ਟਿੱਲ ਲਾ ਦਿੱਤਾ ਸੀ ਤੇ ਕਾਂਗਰਸ ਨੂੰ ਰੈਲੀ ਲਈ ਬੱਸਾਂ ਹਰਿਆਣਾ ਤੇ ਰਾਜਸਥਾਨ ਤੋਂ ਮੰਗਵਾਉਣੀਆਂ ਪਈਆਂ ਸਨ। ਪੰਜਾਬ ਸਰਕਾਰ ਨੇ ਰੈਲੀ ਤੋਂ ਤਿੰਨ ਦਿਨ ਪਹਿਲਾਂ ਨੋਟੀਫਿਕੇਸ਼ਨ ਜਾਰੀ ਕਰ ਕੇ ਮਿੰਨੀ ਬੱਸਾਂ ਦਾ ਸਾਲਾਨਾ ਯਾਤਰੀ ਟੈਕਸ 50 ਹਜ਼ਾਰ ਤੋਂ ਘਟਾ ਕੇ 30 ਹਜ਼ਾਰ ਕਰ ਦਿੱਤਾ ਸੀ ਤੇ ਵੱਡੀਆਂ ਬੱਸਾਂ 'ਤੇ ਯਾਤਰੀ ਟੈਕਸ ਵਿਚ 10 ਪ੍ਰਤੀਸ਼ਤ ਕਟੌਤੀ ਕਰ ਦਿੱਤੀ।




ਪਹਿਲੇ ਦੌਰ ਵਿਚ ਪੰਜਾਬ ਕਾਂਗਰਸ ਦੇ ਨਵੇਂ ਥਾਪੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਚਕਾਰ ਚੱਲੇ ਚੁਣੌਤੀਆਂ ਦੇ ਤੀਰਾਂ ਦੌਰਾਨ ਬਠਿੰਡਾ ਅਤੇ ਪਟਿਆਲਾ ਦੀਆਂ ਰੈਲੀਆਂ ਸਾਹਮਣੇ ਆਈਆਂ ਸਨ। ਇਸੇ ਦੌਰਾਨ ਆਮ ਆਦਮੀ ਪਾਰਟੀ (ਆਪ) ਨੇ ਵੀ ਰੈਲੀਆਂ ਵਾਲੇ ਦਿਨ ਹੀ ਪੰਜਾਬ ਭਰ ਵਿਚ ਰੋਸ ਵਿਖਾਵੇ ਸਿਆਸੀ ਪਿੜ ਵਿਚ ਆਪਣਾ ਝੰਡਾ ਗੱਡ ਦਿੱਤਾ ਹੈ। ਲੋਕਾਂ ਨੇ ਇਨ੍ਹਾਂ ਰੋਸ ਵਿਕਾਖਿਆਂ ਨੂੰ ਵੀ ਹੁੰਗਾਰਾ ਭਰਿਆ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਦੁਨੀਆਂ ਨੂੰ ਖਾਤਮੇ ਵੱਲ ਖਿੱਚ ਰਹੀ ਹੈ ਆਲਮੀ ਤਪਸ਼

**ਪੈਰਿਸ:** ਦੁਨੀਆਂ ਦੇ ਪੌਣ-ਪਾਣੀ ਵਿਚ ਆਲਮੀ ਤਪਸ਼ ਕਾਰਨ ਆ ਰਹੀਆਂ ਤਬਦੀਲੀਆਂ ਇਸ ਸਮੇਂ ਸਮੁੱਚੀ ਮਨੁੱਖਤਾ ਲਈ ਸਭ ਤੋਂ ਵੱਡੀ ਚੁਣੌਤੀ ਬਣੀਆਂ ਹੋਈਆਂ ਹਨ। ਸਾਲ 2015 ਨੂੰ ਧਰਤੀ ਦਾ ਸਭ ਤੋਂ ਗਰਮ ਵਰ੍ਹਾ ਮੰਨਿਆ ਜਾ ਰਿਹਾ ਹੈ। ਧਰਤੀ ਦਾ ਤਾਪਮਾਨ ਰਿਕਾਰਡ ਕਰਨ ਦਾ ਅਮਲ 1850 ਵਿਚ ਸ਼ੁਰੂ ਹੋਇਆ ਸੀ ਤੇ ਉਸ ਦੇ ਰਿਕਾਰਡ ਮੁਤਾਬਕ 2014 ਸਭ ਤੋਂ ਗਰਮ ਵਰ੍ਹਾ ਸੀ। 2015 ਦਾ ਹੁਣ ਤੱਕ ਦਾ ਔਸਤ ਤਾਪਮਾਨ 2014 ਤੋਂ ਵੀ ਵੱਧ ਹੈ। ਵਿਗਿਆਨੀ ਇਸ ਸੋਚ ਨਾਲ ਇਕਮਤ ਹਨ ਕਿ ਧਰਤੀ ਦੇ ਤਾਪਮਾਨ ਵਿਚ ਦੋ ਡਿਗਰੀ ਸੈਂਟੀਗਰੇਡ ਦਾ ਵਾਧਾ ਸਾਡੇ ਜੀਵਨ ਵਿਚ ਤਬਾਹਕੁੰਨ ਤੇ ਕਦੇ ਵੀ ਨਾ ਬਦਲੀਆਂ ਜਾ ਸਕਣ ਵਾਲੀਆਂ ਤਬਦੀਲੀਆਂ ਲਿਆ ਸਕਦਾ ਹੈ।

ਇਕ ਡਿਗਰੀ ਸੈਂਟੀਗਰੇਡ ਦਾ ਵਾਧਾ ਪਹਿਲਾਂ ਹੀ ਹੋ ਚੁੱਕਾ ਹੈ। ਅਜਿਹੀ ਆਲਮੀ ਤਪਸ਼ ਦੇ ਸਿੱਟੇ ਵਜੋਂ ਧਰੁਵਾਂ ਤੇ ਉਚੇ ਪਰਬਤਾਂ ਉਪਰਲੀ ਬਰਫ ਪਹਿਲਾਂ ਹੀ ਪਿਘਲਣੀ ਸ਼ੁਰੂ ਹੋ ਗਈ ਹੈ ਜਿਸ ਕਾਰਨ ਸਮੁੰਦਰ ਵਿਚ ਪਾਣੀ ਦੀ ਸਤਾ ਉਚੀ ਹੋ ਰਹੀ ਹੈ ਤੇ ਹੜ੍ਹਾਂ ਦਾ ਖਤਰਾ ਵਧਦਾ ਜਾ ਰਿਹਾ ਹੈ। ਹੜ੍ਹ ਫਸਲਾਂ ਤੇ ਭੂਮੀ ਦੀ ਤਬਾਹੀ ਦਾ ਕਾਰਨ ਬਣਦੇ ਹਨ ਅਤੇ ਇਹ ਤਬਾਹੀ ਖੁਰਾਕੀ ਸੰਕਟ ਵਧਾਉਂਦੀ ਹੈ।

ਆਲਮੀ ਤਪਸ਼ ਕੁਝ ਖੇਤਰਾਂ ਵਿਚ ਪਾਣੀ ਦੀ ਕਮੀ ਵਿਚ ਵੀ ਵਾਧਾ ਕਰ ਸਕਦੀ ਹੈ ਤੇ ਮਾਰੂਥਲੀਕਰਨ ਵਧਾ ਸਕਦੀ ਹੈ। ਇਹ ਅਮਲ ਖੁਰਾਕੀ ਸੰਕਟ ਨੂੰ ਹੋਰ ਵੀ ਗੰਭੀਰ ਬਣਾਉਣ ਦਾ ਸਬੱਬ ਬਣਦਾ ਹੈ ਅਤੇ ਸੈਨੀਟੇਸ਼ਨ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਂਦਾ ਹੈ। ਗਲੋਬਲ ਹਿਊਮੈਨਟੇਰੀਅਨ ਫੋਰਮ (ਜੀ.ਐਚ.ਐਫ.) ਵੱਲੋਂ ਲਾਏ ਅਨੁਮਾਨਾਂ ਅਨੁਸਾਰ ਸਾਲ 2030 ਤੱਕ ਗਰਮੀ ਵਿਚ ਭਾਰੀ ਵਾਧੇ, ਹੜ੍ਹਾਂ, ਤੁਫਾਨਾਂ ਤੇ ਜੰਗਲਾਂ ਦੀਆਂ ਅੱਗਾਂ ਕਾਰਨ ਹੋਣ ਵਾਲੀਆਂ ਸਾਲਾਨਾ ਮੌਤਾਂ ਪੰਜ ਲੱਖ ਦੇ ਨੇੜੇ ਪਹੁੰਚ ਜਾਣਗੀਆਂ। ਮੌਸਮੀ ਤਬਦੀਲੀਆਂ ਕਾਰਨ ਵਧਣ ਵਾਲੀ ਗੁਰਬਤ ਤੇ ਹਿਜਰਤ ਕਾਰਨ ਮੌਤਾਂ ਦੀ ਗਿਣਤੀ ਵੱਖਰੀ ਹੋਵੇਗੀ। ਮੌਸਮੀ ਹਾਲਾਤ ਤੋਂ ਅੱਕੇ ਲੋਕਾਂ ਦਾ ਇਕ ਨਵਾਂ ਵਰਗ ਹੋਂਦ ਵਿਚ ਆ ਜਾਵੇਗਾ ਜਿਸ ਨੂੰ ਅਸੀਂ 'ਵਾਤਾਵਰਨਕ ਸ਼ਰਨਾਰਥੀ' ਕਹਾਂਗੇ।

## ਪੌਣ-ਪਾਣੀ ਬਚਾਉਣ ਲਈ 198 ਮੁਲਕਾਂ ਵੱਲੋਂ ਏਕਾ



**ਲੀ ਬੁਰਜੇ:** ਦੁਨੀਆਂ ਦੀ ਆਬੋ ਹਵਾ ਨੂੰ ਬਚਾਉਣ ਦੇ ਉਪਰਾਲੇ ਤਹਿਤ 198 ਮੁਲਕਾਂ ਨੇ ਇਤਿਹਾਸਕ ਸਮਝੌਤੇ ਨੂੰ ਮਨਜ਼ੂਰ ਕਰ ਲਿਆ। ਉਨ੍ਹਾਂ ਆਲਮੀ ਤਪਸ਼ ਨੂੰ ਦੋ ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਣ ਵਾਸਤੇ ਸਹਿਮਤੀ ਦੇ ਦਿੱਤੀ।

ਵਾਤਾਵਰਨ ਤਬਦੀਲੀ ਕਾਨਫਰੰਸ ਦੌਰਾਨ ਇਹ ਵੀ ਫੈਸਲਾ ਲਿਆ ਗਿਆ ਕਿ ਪ੍ਰਦੂਸ਼ਣ ਦੀ ਸਮੱਸਿਆ ਨਾਲ ਜੂਝ ਰਹੇ ਵਿਕਾਸਸ਼ੀਲ ਮੁਲਕਾਂ ਨੂੰ ਸਾਲ 2020 ਤੋਂ ਹਰੇਕ ਸਾਲ 100 ਅਰਬ ਡਾਲਰ (ਤਕਰੀਬਨ 6 ਲੱਖ 70 ਹਜ਼ਾਰ ਕਰੋੜ ਰੁਪਏ) ਦੀ ਸਹਾਇਤਾ ਦਿੱਤੀ ਜਾਏਗੀ। ਇਨ੍ਹਾਂ ਮੁਲਕਾਂ ਨੇ ਇਸ ਸਮਝੌਤੇ ਨੂੰ ਸਵੀਕਾਰ ਕਰ ਕੇ ਗਰੀਨ ਹਾਊਸ ਗੈਸ ਨਿਕਾਸੀ ਘਟਾਉਣ ਬਾਰੇ ਸਹਿਮਤੀ ਬਣਾ ਕੇ ਇਤਿਹਾਸ ਸਿਰਜ ਦਿੱਤਾ। ਵਿਕਾਸਸ਼ੀਲ ਦੇਸ਼ਾਂ ਦੇ ਬੁਲਾਰੇ ਗੁਰਦਿਆਲ ਸਿੰਘ ਨੇ ਕਿਹਾ ਕਿ ਭਾਰਤ, ਚੀਨ ਅਤੇ ਸਾਊਦੀ ਅਰਬ ਆਲਮੀ ਤਪਸ਼ ਉਤੇ ਰੋਕ ਲਾਉਣ ਲਈ ਹੋਏ ਸਮਝੌਤੇ ਤੋਂ ਖੁਸ਼ ਹਨ। ਇਸ ਤੋਂ ਪਹਿਲਾਂ ਅਮੀਰ ਮੁਲਕਾਂ ਵੱਲੋਂ ਤਾਪਮਾਨ ਦੋ ਡਿਗਰੀ ਤੋਂ ਘੱਟ ਜਾਂ ਡੇਢ ਡਿਗਰੀ ਸੈਲਸੀਅਸ ਤੱਕ ਰੱਖਣ ਦੇ ਟੀਚੇ ਨੂੰ ਭਾਰਤ ਤੇ ਚੀਨ ਸਮੇਤ ਹੋਰ ਵਿਕਾਸਸ਼ੀਲ ਮੁਲਕਾਂ ਵੱਲੋਂ ਸਵੀਕਾਰਨ ਤੋਂ ਇਨਕਾਰ ਕੀਤਾ ਜਾ ਰਿਹਾ ਸੀ ਕਿਉਂਕਿ ਇਹ ਮੁਲਕ ਪਾਰਾ ਦੋ ਡਿਗਰੀ ਸੈਲਸੀਅਸ ਤੱਕ ਰੱਖਣ ਦੇ ਹੱਕ ਵਿਚ ਹਨ।

ਇਸ ਨਾਲ ਉਨ੍ਹਾਂ ਨੂੰ ਕੋਇਲੇ ਵਰਗੇ ਬਾਲਣ ਦੀ ਵਰਤੋਂ ਲੰਬੇ ਸਮੇਂ ਤੱਕ ਕਰਨ ਦੀ ਪ੍ਰਵਾਨਗੀ ਮਿਲ ਜਾਏਗੀ। ਸਹਿਮਤੀ ਬਣਨ ਤੋਂ ਪਹਿਲਾਂ ਫਰਾਂਸ ਦੇ ਵਿਦੇਸ਼ ਮੰਤਰੀ ਲੌਰਨ ਫੈਬੀਅਸ ਨੇ 195 ਮੁਲਕਾਂ ਦੇ ਨੁਮਾਇੰਦਿਆਂ ਦੀਆਂ ਤਾੜੀਆਂ ਦੇ ਹੱਲਾਸ਼ੇਰੀ ਦਰਮਿਆਨ ਇਤਿਹਾਸਕ ਸਮਝੌਤੇ ਦੇ ਖਰੜੇ ਨੂੰ ਪੇਸ਼ ਕੀਤਾ। ਇਸ ਦੌਰਾਨ ਰਾਸ਼ਟਰਪਤੀ ਫਰਾਂਸਵਾ ਔਲਾਂਦ ਨੇ ਅਪੀਲ ਕੀਤੀ ਕਿ ਸਮਝੌਤੇ ਨੂੰ ਪ੍ਰਵਾਨਗੀ ਦਿੱਤੀ ਜਾਵੇ। ਇਸ ਮੌਕੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਵੀ ਹਾਜ਼ਰ ਸਨ। ਤਕਰੀਬਨ 13 ਦਿਨਾਂ ਦੀ ਲੰਬੀ ਜੱਦੋਜਹਿਦ ਬਾਅਦ ਫੈਬੀਅਸ ਨੇ ਖਰੜੇ ਨੂੰ ਚੁਕਵਾਂ, ਟਿਕਾਊ ਤੇ ਕਾਨੂੰਨਨ ਜਾਇਜ਼ ਕਰਾਰ ਦਿੱਤਾ।

## ਵਿਧਾਇਕ ਜਰਨੈਲ ਸਿੰਘ ਨੇ ਕੀਤੀ ਨਵੀਂ ਪਹਿਲ



**ਨਵੀਂ ਦਿੱਲੀ:** ਦਿੱਲੀ ਵਿਚ ਪ੍ਰਦੂਸ਼ਣ ਰੋਕਣ ਦੀ ਕਵਾਇਦ ਵਿਚ ਜੁਟੀ ਆਮ ਆਦਮੀ ਪਾਰਟੀ ਦੇ ਹਲਕਾ ਤਿਲਕ ਨਗਰ ਤੋਂ ਵਿਧਾਇਕ ਜਰਨੈਲ ਸਿੰਘ ਨੇ ਨਵੀਂ ਪਹਿਲ ਕੀਤੀ ਹੈ। ਜਰਨੈਲ ਸਿੰਘ ਨੇ ਐਲਾਨ ਕੀਤਾ ਕਿ ਘਰ ਤੋਂ ਦਫਤਰ ਤੱਕ ਦੇ ਸਫਰ ਵਿਚ ਪ੍ਰਦੂਸ਼ਣ ਫੈਲਾਉਣ ਵਾਲੇ ਵਾਹਨ ਦੀ ਵਰਤੋਂ ਨਹੀਂ ਕਰਨਗੇ ਬਲਕਿ ਇਹ ਦੂਰੀ ਸਾਈਕਲ ਰਾਹੀਂ ਤੈਅ ਕੀਤੀ ਜਾਵੇਗੀ। ਜਰਨੈਲ ਸਿੰਘ ਨੇ ਆਪਣੇ ਹਲਕੇ ਦੇ ਕੰਮਾਂ ਲਈ ਵੱਖ-ਵੱਖ ਥਾਵਾਂ 'ਤੇ ਜਾਣ ਵਾਸਤੇ ਸਾਈਕਲ ਦੀ ਵਰਤੋਂ ਕੀਤੀ।

# ਸੰਘਰਸ਼ ਕਰ ਰਹੇ ਲੋਕਾਂ 'ਤੇ ਰਹੇਗੀ ਪੰਜਾਬ ਪੁਲਿਸ ਦੀ ਅੱਖ

**ਬਠਿੰਡਾ:** ਪੰਜਾਬ ਪੁਲਿਸ ਨੇ ਹੁਣ ਲੋਕ ਸੰਘਰਸ਼ਾਂ ਨੂੰ ਦਬਾਉਣ ਲਈ ਨਵਾਂ ਪੈਂਤੜਾ ਅਪਣਾਇਆ ਹੈ। ਪੁਲਿਸ ਨੇ ਅਜਿਹੇ ਸੰਘਰਸ਼ੀ ਲੋਕਾਂ ਦੀ ਸ਼ਨਾਖਤ ਸ਼ੁਰੂ ਕਰ ਦਿੱਤੀ ਹੈ ਜੋ ਪਿਛਲੇ ਸਮੇਂ ਦੌਰਾਨ ਜਨਤਕ ਅੰਦੋਲਨਾਂ ਵਿਚ ਕੁੱਦੇ ਹਨ। ਸ਼ਨਾਖਤ ਮੁਹਿੰਮ ਮਗਰੋਂ ਪੁਲਿਸ ਇਨ੍ਹਾਂ ਆਗੂਆਂ 'ਤੇ ਲਗਾਤਾਰ ਨਜ਼ਰ ਰੱਖੇਗੀ। ਪੰਜਾਬ ਦੇ ਹਰ ਥਾਣੇ ਵਿਚ ਨਵੇਂ ਰਜਿਸਟਰ ਲਾਉਣ ਦੀ ਹਦਾਇਤ ਕੀਤੀ ਗਈ ਹੈ, ਜਿਸ ਵਿਚ ਹਰ ਸੰਘਰਸ਼ੀ ਨੇਤਾ ਦਾ ਨਾਮ, ਪਤਾ ਤੇ ਤਸਵੀਰ ਹੋਵੇਗੀ।

ਏ.ਡੀ.ਜੀ.ਪੀ. (ਲਾਅ ਐਂਡ ਆਰਡਰ) ਤਰਫੋਂ ਐਸ.ਐਸ.ਪੀਜ਼. ਨੂੰ ਪੱਤਰ ਜਾਰੀ ਕੀਤਾ ਗਿਆ ਹੈ, ਜਿਸ ਦੇ ਆਧਾਰ 'ਤੇ ਐਸ.ਐਸ.ਪੀ. ਬਠਿੰਡਾ ਨੇ ਦੋ ਦਸੰਬਰ 2015 ਨੂੰ ਸਾਰੇ ਥਾਣਿਆਂ ਨੂੰ ਪੱਤਰ ਜਾਰੀ ਕਰ ਦਿੱਤਾ ਹੈ। ਪੱਤਰ ਅਨੁਸਾਰ ਮੁੱਖ ਥਾਣਾ ਅਫਸਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਉਨ੍ਹਾਂ ਲੋਕਾਂ ਦੀ ਸ਼ਨਾਖਤ ਕਰਨ ਜਿਨ੍ਹਾਂ ਨੇ ਹੁਣ ਤੱਕ ਸਮਾਜਿਕ ਅਮਨ ਸ਼ਾਂਤੀ ਭੰਗ ਕਰਨ ਵਾਸਤੇ ਕਿਸੇ ਰੋਸ ਮੁਜ਼ਾਹਰੇ ਵਿਚ ਲੋਕਾਂ ਨੂੰ ਭੜਕਾਉਣ ਲਈ ਹਿੱਸਾ ਲਿਆ ਹੋਵੇ। ਹਰ ਥਾਣਾ ਅਫਸਰ ਨੂੰ ਅਜਿਹੇ ਲੋਕਾਂ ਦੀ ਸੂਚੀ ਬਣਾਉਣ ਦੀ ਹਦਾਇਤ ਕੀਤੀ ਗਈ ਹੈ।

ਐਸ.ਐਸ.ਪੀਜ਼. ਨੇ ਹਦਾਇਤਾਂ ਕੀਤੀਆਂ ਹਨ ਕਿ ਅਜਿਹੇ ਵਿਅਕਤੀਆਂ ਦੀ ਹਰ ਸ਼ੱਕੀ ਮੂਵਮੈਂਟ 'ਤੇ ਨਜ਼ਰ ਰੱਖੀ ਜਾਵੇ। ਨਾਲ ਹੀ ਹਰ ਥਾਣੇ ਵਿਚ ਇਕ ਵੱਖਰਾ ਰਜਿਸਟਰ ਲਾਉਣ ਦੀ ਹਦਾਇਤ ਹੈ, ਜਿਸ 'ਤੇ ਇਨ੍ਹਾਂ ਲੋਕਾਂ ਦੇ ਪਤੇ ਲਿਖਣ ਤੇ ਤਸਵੀਰਾਂ ਚਿਪਕਾਉਣ ਲਈ ਆਖਿਆ ਗਿਆ ਹੈ। ਸੂਤਰਾਂ ਅਨੁਸਾਰ ਪੁਲਿਸ ਥਾਣੇਦਾਰਾਂ ਨੇ ਪਿੰਡ-ਪਿੰਡ ਤੋਂ ਕਿਸਾਨ, ਮਜ਼ਦੂਰ, ਬੇਰੁਜ਼ਗਾਰ ਤੇ ਹੋਰਨਾਂ ਮੁਲਾਜ਼ਮ ਧਿਰਾਂ ਦੇ ਮੁੱਖ ਆਗੂਆਂ ਦੀਆਂ ਸੂਚੀਆਂ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

ਬਾਦਲਾਂ ਦਾ ਹਲਕਾ ਬਠਿੰਡਾ ਤਾਂ ਕਾਫੀ ਅਰਸੇ ਤੋਂ ਸੰਘਰਸ਼ਾਂ ਦੀ ਰਾਜਧਾਨੀ ਬਣਿਆ ਹੋਇਆ ਹੈ ਜਿਥੇ ਲੰਘੇ ਅੱਠ ਵਰ੍ਹਿਆਂ ਵਿਚ 5250 ਸੰਘਰਸ਼ੀ ਲੋਕਾਂ ਖਿਲਾਫ ਪੁਲਿਸ ਕੇਸ ਦਰਜ ਕੀਤੇ ਗਏ ਹਨ। ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਨਰਮੇ ਦੇ ਖਰਾਬੇ ਦੇ ਮਾਮਲੇ 'ਤੇ ਲਗਾਤਾਰ ਸੰਘਰਸ਼ ਲੜਿਆ ਜਾ ਰਿਹਾ ਹੈ। ਪੰਥਕ ਧਿਰਾਂ ਨੇ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਗਰੋਂ ਅੰਦੋਲਨ ਵਿੱਢੇ ਹੋਏ ਹਨ। ਬੇਰੁਜ਼ਗਾਰ ਧਿਰਾਂ ਵੀ ਸਰਕਾਰ ਲਈ ਚੁਣੌਤੀ ਹਨ। ਪੰਜਾਬ ਪੁਲਿਸ ਨੇ ਤਾਂ ਪਿਛਲੇ ਦਿਨਾਂ ਵਿਚ ਬਠਿੰਡਾ, ਮਾਨਸਾ ਤੇ ਫਰੀਦਕੋਟ ਦੀ ਪੁਲਿਸ ਦੇ ਵਿਸ਼ੇਸ਼ ਦਸਤੇ ਵੀ ਤਿਆਰ ਕੀਤੇ ਹਨ ਜਿਨ੍ਹਾਂ ਨੂੰ ਸੰਘਰਸ਼ੀ ਲੋਕਾਂ ਨੂੰ ਨੱਪਣ ਦੀ ਵਿਸ਼ੇਸ਼ ਸਿਖਲਾਈ ਵੀ ਦਿੱਤੀ ਗਈ ਹੈ।

## ਕਾਲੇ ਕਾਨੂੰਨਾਂ ਵਿਰੁਧ ਮੁਜ਼ਾਹਰੇ

**ਚੰਡੀਗੜ੍ਹ:** ਪੰਜਾਬ ਵਿਚ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ 50 ਤੋਂ ਵੱਧ ਜਨਤਕ ਜਥੇਬੰਦੀਆਂ''ਤੇ ਆਧਾਰਿਤ ਕਾਲਾ ਕਾਨੂੰਨ ਵਿਰੋਧੀ ਸਾਂਝੇ ਮੋਰਚੇ ਦੇ ਸੱਦੇ 'ਤੇ 80 ਤੋਂ ਵੱਧ ਤਹਿਸੀਲ ਕੇਂਦਰਾਂ 'ਤੇ ਮੁਜ਼ਾਹਰੇ ਕਰਨ ਉਪਰੰਤ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਗਏ। ਜਥੇਬੰਦੀਆਂ ਨੇ ਸੰਵਿਧਾਨ ਦੀ ਧਾਰਾ 19 ਦੀ ਉਲੰਘਣਾ ਕਰਨ ਵਾਲੇ, ਸੰਘਰਸ਼ਸ਼ੀਲ ਲੋਕਾਂ ਦੇ ਜਮਹੂਰੀ ਹੱਕ 'ਤੇ ਛਾਪਾ ਮਾਰਨ ਵਾਲੇ 'ਸਰਕਾਰੀ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਬਿੱਲ-2014' ਨੂੰ ਕਾਲਾ ਕਾਨੂੰਨ ਗਰਦਾਨਦਿਆਂ ਇਸ ਨੂੰ ਰੱਦ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ। ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਐਮਰਜੈਂਸੀ ਵਿਰੁੱਧ ਮੋਰਚਾ ਲਾਉਣ ਦੀ ਦਾਅਵੇਦਾਰ ਅਕਾਲੀ ਪਾਰਟੀ ਨੇ ਐਮਰਜੈਂਸੀ ਤੋਂ ਵੀ ਭੈੜਾ ਕਾਲਾ ਕਾਨੂੰਨ ਬਣਾਇਆ ਹੈ। ਜੇਕਰ ਇਹ ਲਾਗੂ ਹੋ ਜਾਂਦਾ ਹੈ ਤਾਂ ਜਥੇਬੰਦੀਆਂ ਆਪਣਾ ਵਰਤਮਾਨ ਸਰੂਪ ਕਾਇਮ ਨਹੀਂ ਰੱਖ ਸਕਣਗੀਆਂ।







**UMA TRAVELS**

2535 W. Devon Ave., Chicago, IL 60659

For Lowest Fares & Reliable Service
Call For Special Sale Fares

**Call: 773-338-5603**

## Matrimonial

*ਕੰਨਿਆ ਦੀ ਲੋੜ ਹੈ*

Looking for Sikh girl for a US born clean shaven, handsome Sikh boy, 38 years 6', MBA, running his own business. Please Contact, Ph: 513-546-7246 50-

Suitable match for handsome Nai boy, 27 years, 5'-9'', BBA (convent), Industrialist, family now in USA, marriage possible in USA/Canada. Contact: 646-318-1589 49-

**ਤੁਹਾਡਾ ਆਪਣਾ ਸਟੋਰ**
**ਦੇਸੀ ਬਾਜ਼ਾਰ**

**Desi Bazar**
**Indian Groceries and Sweets**
*(Intersection of hwy 37 and 146 street)*

- ਤਾਜ਼ਾ ਸਬਜ਼ੀਆਂ ਹਰ ਵੀਰਵਾਰ
- ਵਧੀਆ ਸਰਵਿਸ, ਫਰੈਸ਼ ਸਨੈਕਸ, ਮਿਠਾਈਆਂ ਅਤੇ ਗਰੌਸਰੀ 'ਤੇ ਵਾਜਬ ਰੇਟ ਲਈ ਮਸ਼ਹੂਰ
- ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ
- ਅਸੀਂ ਪਾਰਟੀਆਂ ਵਾਸਤੇ ਆਰਡਰ ਵੀ ਲੈਂਦੇ ਹਾਂ

Open 7 days a week 10am to 9pm

10% discount on groceries for religious programs!!

*Kitchen is open now!*

**Ph: 317-214-7401**

14350 Mundy Drive, suite #200, Noblesville, IN 46060

**ਗੁਰਮਤਿ ਅਧਿਆਪਕ ਤੇ ਲਾਂਗਰੀ ਦੀ ਲੋੜ ਹੈ**

ਇੰਡੀਅਨਐਪੋਲਿਸ ਵਿਚ ਇਕ ਗੁਰਦੁਆਰਾ ਸਾਹਿਬ ਲਈ ਵੀਕਐਂਡ 'ਤੇ ਦੋ ਘੰਟਿਆਂ ਲਈ ਬੱਚਿਆਂ ਨੂੰ ਗੁਰਮੁਖੀ ਅਤੇ ਗੁਰਮਤਿ ਦਾ ਗਿਆਨ ਦੇਣ ਲਈ ਇਕ ਅਧਿਆਪਕ ਦੀ ਲੋੜ ਹੈ। ਗੁਰਮੁਖੀ ਪੜ੍ਹਾਉਣ ਦਾ ਅਨੁਭਵ ਅਤੇ ਅੰਗ੍ਰੇਜ਼ੀ ਬੋਲਣੀ ਆਉਂਦੀ ਹੋਣੀ ਜ਼ਰੂਰੀ ਹੈ।

**ਪਾਰਟ ਟਾਈਮ ਲਾਂਗਰੀ**

*ਗੁਰੂਘਰ ਵਿਚ ਲੰਗਰ ਤਿਆਰ ਕਰਨ ਲਈ ਅਨੁਭਵੀ ਲਾਂਗਰੀ ਦੀ ਲੋੜ ਹੈ।*

ਵਾਜਬ ਸੇਵਾ ਫਲ

ਅਰਜ਼ੀਆਂ ਈਮੇਲ: baljit_oberoi@yahoo.com 'ਤੇ ਭੇਜੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ: ਫੋਨ 317-446-9243

# ਭਾਰਤੀ ਨਿਆਂ ਪ੍ਰਣਾਲੀ ਨਾਲੋਂ ਡਾਢਾ ਨਿਕਲਿਆ 'ਦਬੰਗ'



**ਮੁੰਬਈ:** ਫੁਟਪਾਥ ਉਤੇ ਸੁੱਤੇ ਪਏ ਲੋਕਾਂ 'ਤੇ ਕਾਰ ਚੜ੍ਹਾਉਣ ਦੇ 13 ਸਾਲ ਪੁਰਾਣੇ ਕੇਸ ਵਿਚੋਂ ਬਾਲੀਵੁੱਡ ਅਦਾਕਾਰ ਸਲਮਾਨ ਖਾਨ ਨੂੰ ਬੰਬੇ ਹਾਈਕੋਰਟ ਨੇ ਬਰੀ ਕਰ ਦਿੱਤਾ ਹੈ। ਇਸ ਹਾਦਸੇ ਵਿਚ ਇਕ ਵਿਅਕਤੀ ਮਾਰਿਆ ਗਿਆ ਸੀ ਅਤੇ ਚਾਰ ਜ਼ਖ਼ਮੀ ਹੋਏ ਸਨ। ਹਾਈਕੋਰਟ ਨੇ ਹੇਠਲੀ ਅਦਾਲਤ ਦੇ ਪੰਜ ਸਾਲਾਂ ਦੀ ਸਜ਼ਾ ਦੇ ਫੈਸਲੇ ਨੂੰ ਪਲਟਦਿਆਂ ਸਲਮਾਨ ਖਾਨ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ।

ਸਲਮਾਨ ਖਾਨ ਦੇ ਬਰੀ ਹੋਣ ਨਾਲ ਭਾਰਤ ਦੀ ਨਿਆਂ ਪ੍ਰਣਾਲੀ ਉਤੇ ਸਵਾਲ ਖੜ੍ਹੇ ਹੋ ਗਏ ਹਨ। ਪੈਸੇ ਦੀ ਤਾਕਤ ਤੇ ਕਾਨੂੰਨੀ ਦਾਅ-ਪੇਚ ਅੱਗੇ ਨਿਆਂ ਪ੍ਰਣਾਲੀ ਬੌਣੀ ਸਾਬਤ ਹੋਈ ਹੈ। ਇਸ ਮਾਮਲੇ 'ਤੇ 13 ਸਾਲ ਤੱਕ ਕਾਨੂੰਨ ਕਾਰਵਾਈ ਚੱਲੀ, ਪਰ ਫੁਟਪਾਥ ਉਤੇ ਸੁੱਤੇ ਲੋਕਾਂ 'ਤੇ ਗੱਡੀ ਕਿਸ ਨੇ ਚਾੜ੍ਹੀ ਇਸ ਦਾ ਪਤਾ ਨਾ ਚੱਲ ਸਕਿਆ।

ਹੈਰਾਨਗੀ ਦੀ ਗੱਲ ਇਹ ਹੈ ਸਲਮਾਨ ਨੂੰ ਜਿਨ੍ਹਾਂ ਸਬੂਤਾਂ ਦੇ ਆਧਾਰ 'ਤੇ ਹੇਠਲੀ ਅਦਾਲਤ ਨੇ ਪੰਜ ਸਾਲ ਦੀ ਸਜ਼ਾ ਸੁਣਾਈ ਸੀ, ਉਨ੍ਹਾਂ ਸਬੂਤਾਂ ਨੂੰ ਅੱਗੇ ਰੱਖ ਕੇ ਉਸ ਨੂੰ ਬਰੀ ਕਰ ਦਿੱਤਾ ਗਿਆ। ਹਾਈਕੋਰਟ ਦੇ ਜਸਟਿਸ ਏ.ਆਰ. ਜੋਸ਼ੀ ਨੇ ਫੈਸਲੇ ਵਿਚ ਕਿਹਾ ਕਿ ਇਸਤਗਾਸਾ ਪੱਖ ਇਹ ਸਾਬਤ ਕਰਨ ਵਿਚ ਨਾਕਾਮ ਰਿਹਾ ਕਿ ਸਲਮਾਨ ਉਹ ਟੋਯੋਟਾ ਲੈਂਡ ਕਰੂਜ਼ਰ ਗੱਡੀ ਚਲਾ ਰਿਹਾ ਸੀ ਜਿਸ ਨੂੰ ਪੇਸ਼ ਆਏ ਹਾਦਸੇ ਵਿਚ ਫੁਟਪਾਥ ਉੱਤੇ ਸੁੱਤਾ ਬੰਦਾ ਮਾਰਿਆ ਗਿਆ ਤੇ ਚਾਰ ਹੋਰ ਜਖ਼ਮੀ ਹੋ ਗਏ। ਇਸੇ ਤਰ੍ਹਾਂ ਇਸਤਗਾਸਾ ਪੱਖ ਇਹ ਵੀ ਸਾਬਤ ਕਰਨ ਵਿਚ ਅਸਫਲ ਰਿਹਾ ਕਿ ਗੱਡੀ ਦਾ ਟਾਇਰ ਹਾਦਸੇ ਕਾਰਨ ਫਟਿਆ ਜਾਂ ਟਾਇਰ ਫਟਣ ਕਾਰਨ ਹਾਦਸਾ ਵਾਪਰਿਆ। ਜਸਟਿਸ ਜੋਸ਼ੀ ਨੇ ਸਲਮਾਨ ਦੇ ਬਾਡੀ ਗਾਰਡ ਰਵਿੰਦਰ ਪਾਟਿਲ ਦੀ ਗਵਾਹੀ ਨੂੰ ਵੀ ਇਸ ਆਧਾਰ 'ਤੇ ਰੱਦ ਕਰ ਦਿੱਤਾ ਕਿ ਉਸ ਦੀ ਮੌਤ ਹੋ ਜਾਣ ਤੇ ਜਿਰ੍ਹਾ ਨਾ ਹੋ ਸਕਣ ਕਾਰਨ ਉਸ ਦੇ ਬਿਆਨਾਂ ਨੂੰ ਪ੍ਰਮਾਣਿਤ ਨਹੀਂ ਮੰਨਿਆ ਜਾ ਸਕਦਾ।

ਪਾਟਿਲ ਨੇ ਮੈਜਿਸਟਰੇਟ ਸਾਹਮਣੇ ਬਿਆਨ ਕਲਮਬੰਦ ਕਰਵਾਇਆ ਸੀ ਕਿ ਹਾਦਸੇ ਵਾਲੀ ਰਾਤ ਸਲਮਾਨ ਸ਼ਰਾਬ ਦੇ ਨਸ਼ੇ ਵਿਚ ਧੁੱਤ ਹੋਣ ਦੇ ਬਾਵਜੂਦ ਗੱਡੀ ਚਲਾ ਰਿਹਾ ਸੀ ਤੇ ਹਾਦਸਾ ਉਸ ਦੀ ਨਸ਼ਾਖ਼ੋਰੀ ਦਾ ਨਤੀਜਾ ਸੀ। ਹਾਈਕੋਰਟ ਨੇ ਸੈਸ਼ਨ ਅਦਾਲਤ ਵੱਲੋਂ ਲੰਬੇ ਮੁਕੱਦਮੇ ਬਾਅਦ ਕੱਢੇ ਗਏ ਸਿੱਟਿਆਂ ਵਿਚੋਂ ਇਕ ਨੂੰ ਵੀ ਦਰੁਸਤ ਨਹੀਂ ਮੰਨਿਆ ਤੇ ਜਿਨ੍ਹਾਂ ਕਾਨੂੰਨੀ ਨੁਕਤਿਆਂ ਦੇ ਆਧਾਰ 'ਤੇ ਸਲਮਾਨ ਨੂੰ ਪੰਜ ਸਾਲ ਦੀ ਬਾਮੁਸ਼ੱਕਤ ਕੈਦ ਦੀ ਸਜ਼ਾ ਸੁਣਾਈ ਸੀ, ਉਨ੍ਹਾਂ ਸਾਰੇ ਨੁਕਤਿਆਂ ਨੂੰ ਰੱਦ ਕਰ ਦਿੱਤਾ। ਇਸ ਸਾਲ ਮਈ ਮਹੀਨੇ ਸੈਸ਼ਨ ਜੱਜ ਡੀ.ਡਬਲਿਊ ਦੇਸ਼ਪਾਂਡੇ ਨੇ ਸਲਮਾਨ ਖਾਨ ਨੂੰ ਗੈਰ-ਇਰਾਦਤਨ ਕਤਲ ਸਮੇਤ ਅੱਠ ਅਪਰਾਧਾਂ ਦਾ ਦੋਸ਼ੀ ਕਰਾਰ ਦਿੱਤਾ ਸੀ। ਉਦੋਂ ਇਸ ਤੱਥ ਦੀ ਭਰਵੀਂ ਸ਼ਲਾਘਾ ਹੋਈ ਸੀ ਕਿ ਸੈਸ਼ਨ ਅਦਾਲਤ ਨੇ ਦਲੇਰਾਨਾ ਫੈਸਲਾ ਲਿਆ ਤੇ ਦੇਸ਼ ਦਾ ਕਾਨੂੰਨ ਅਮੀਰ-ਗਰੀਬ ਲਈ ਬਰਾਬਰ ਹੋਣ ਦਾ ਸੁਨੇਹਾ ਦਿੱਤਾ ਹੈ।

ਹੁਣ ਇਹ ਫੈਸਲਾ ਉਲਟਣਾ ਤੇ ਫੈਸਲੇ ਵਿਚਲੀਆਂ ਖਾਮੀਆਂ ਦਾ ਕਸੂਰ ਮੁਦਈ ਪੱਖ ਦੀ ਨਾਅਹਿਲੀਅਤ ਉੱਤੇ ਮੜ੍ਹਿਆ ਜਾਣਾ ਇਹ ਦਰਸਾਉਂਦਾ ਹੈ ਕਿ ਧਨ ਸ਼ਕਤੀ ਖਿਲਾਫ ਨਿਆਇਕ ਲੜਾਈ ਲੜਨੀ ਕਿੰਨੀ ਔਖੀ ਹੈ। ਪਹਿਲਾਂ ਸੈਸ਼ਨ ਅਦਾਲਤ ਵਿਚ ਚੱਲੇ ਮੁਕੱਦਮੇ ਦੌਰਾਨ ਪੁਲਿਸ ਤਹਿਕੀਕਾਤ ਦੀਆਂ ਖਾਮੀਆਂ ਤੇ ਕੋਤਾਹੀਆਂ ਦੇ ਪ੍ਰਸੰਗ ਵਿਚ ਇਹ ਤੱਥ ਸਾਹਮਣੇ ਆਇਆ ਕਿ ਸਰਕਾਰੀ ਧਿਰ ਨੇ ਮੁਕੱਦਮੇ ਨੂੰ ਸੰਜੀਦਗੀ ਨਾਲ ਨਹੀਂ ਲਿਆ ਤੇ ਇਸ ਵਿਚ ਅਜਿਹੀਆਂ ਚੋਰ-ਮੋਰੀਆਂ ਛੱਡ ਦਿੱਤੀਆਂ ਜਿਨ੍ਹਾਂ ਤੋਂ ਮੁਲਜ਼ਮਾਂ ਨੂੰ ਫਾਇਦਾ ਹੋ ਸਕੇ। ਹਾਈਕੋਰਟ ਵਿਚ ਫਿਰ ਸਰਕਾਰੀ ਧਿਰ ਨੇ ਅਜਿਹਾ ਹੀ ਕੀਤਾ। ਜਿਥੇ ਸਲਮਾਨ ਦੀ ਤਰਫੋਂ ਦੇਸ਼ ਦੇ ਨਾਮਵਰ ਵਕੀਲ ਪੇਸ਼ ਹੋਏ, ਉਥੇ ਸਰਕਾਰੀ ਧਿਰ ਜੂਨੀਅਰ ਵਕੀਲਾਂ ਉਤੇ ਹੀ ਨਿਰਭਰ ਰਹੀ। ਇਸ ਤੋਂ ਮੁਕੱਦਮੇ ਪ੍ਰਤੀ ਸਰਕਾਰੀ 'ਸੰਜੀਦਗੀ' ਸਹਿਜੇ ਹੀ ਜ਼ਾਹਿਰ ਹੋ ਜਾਂਦੀ ਹੈ।

### *13 ਸਾਲਾਂ ਵਿਚ ਵੀ ਨਾ ਲੱਭਿਆ ਦੋਸ਼ੀ?*

**ਮੁੰਬਈ:** ਸਲਮਾਨ ਖਾਨ ਨੂੰ ਹਿੱਟ ਐਂਡ ਰਨ ਮਾਮਲੇ ਵਿਚੋਂ ਭਰੀ ਕਰਨ ਪਿੱਛੋਂ ਸੋਸ਼ਲ ਮੀਡੀਆ 'ਤੇ ਇਕ ਸਵਾਲ ਚਰਚਾ ਵਿਚ ਹੈ ਕਿ 13 ਸਾਲ ਦੀ ਕਾਨੂੰਨੀ ਲੜਾਈ ਪਿੱਛੋਂ ਵੀ ਕਿਉਂ ਪਤਾ ਨਹੀਂ ਲੱਗ ਸਕਿਆ ਕਿ ਸਲਮਾਨ ਦੀ ਕਾਰ ਕੌਣ ਚਲਾ ਰਿਹਾ ਸੀ। ਸੈਸ਼ਨ ਕੋਰਟ ਵਿਚ ਸੁਣਵਾਈ ਦੌਰਾਨ ਇਕ ਡਰਾਇਵਰ ਨੂੰ ਪੇਸ਼ ਕੀਤਾ ਗਿਆ ਸੀ, ਜਿਸ ਨੇ ਹਾਦਸੇ ਸਮੇਂ ਕਾਰ ਚਲਾਉਣ ਦੀ ਗੱਲ ਮੰਨੀ ਸੀ। ਉਦੋਂ ਇਹ ਚਰਚਾ ਛਿੜੀ ਸੀ ਸਲਮਾਨ ਨੇ ਪੈਸੇ ਨਾਲ ਇਨਸਾਫ ਖਰੀਦਣ ਦੀ ਕੋਸ਼ਿਸ਼ ਕੀਤੀ ਹੈ, ਕਿਉਂਕਿ ਇਸ ਡਰਾਇਵਰ ਨੇ 13 ਸਾਲ ਬਾਅਦ ਅਦਾਲਤ ਵਿਚ ਆ ਕੇ ਕਿਹਾ ਸੀ ਕਿ ਉਹ ਕਾਰ ਚਲਾ ਰਿਹਾ ਸੀ। ਦੂਜੇ ਪਾਸੇ 13 ਸਾਲ ਦੇ ਇੰਤਜ਼ਾਰ ਮਗਰੋਂ ਵੀ ਪੀੜਤਾਂ ਨੂੰ ਨਾ ਤਾਂ ਅਦਾਲਤ ਤੋਂ ਰਾਹਤ ਮਿਲੀ ਤੇ ਨਾ ਹੀ ਕੋਈ ਮੁਆਵਜ਼ਾ ਮਿਲਿਆ ਹੈ। ਹਾਦਸੇ ਵਿਚ ਮਾਰੇ ਗਏ ਮਜ਼ਦੂਰ ਦੇ ਪੁੱਤਰ ਨੇ ਹਾਈਕੋਰਟ ਦੇ ਫੈਸਲੇ ਤੋਂ ਬਾਅਦ ਝੁਰਦਿਆਂ ਇਹੀ ਆਖਿਆ ਹੈ ਕਿ 13 ਸਾਲ ਬਾਅਦ ਵੀ ਸਾਨੂੰ ਪਤਾ ਨਹੀਂ ਲੱਗ ਸਕਿਆ ਕਿ ਸਾਡੇ ਪਿਉ ਨੂੰ ਕਿਸ ਨੇ ਮਾਰਿਆ ਸੀ।

# ਸਾਊਦੀ ਅਰਬ ਚੋਣਾਂ ਵਿਚ ਬੀਬੀਆਂ ਨੇ ਇਤਿਹਾਸ ਸਿਰਜਿਆ

**ਰਿਆਧ:** ਸਾਊਦੀ ਅਰਬ ਨਗਰ ਪ੍ਰੀਸ਼ਦ ਚੋਣਾਂ ਵਿਚ ਪਹਿਲੀ ਵਾਰ ਚੋਣਾਂ ਲੜ ਰਹੀਆਂ ਔਰਤਾਂ ਨੇ ਜਿੱਤ ਦਾ ਪਰਚਮ ਲਹਿਰਾ ਕੇ ਮਰਦਾਂ ਨੂੰ ਚੁਣੌਤੀ ਦੇ ਦਿੱਤੀ ਹੈ। ਇਨ੍ਹਾਂ ਔਰਤਾਂ ਨੇ ਵੱਖ-ਵੱਖ ਨਗਰ ਪ੍ਰੀਸ਼ਦਾਂ ਵਿਚ ਆਪਣੀ ਮਕਬੂਲੀਅਤ ਦਰਸਾ ਦਿੱਤੀ। ਸਲਮਾ ਬਿੰਤ ਹਿਜ਼ਬ ਅਲ-ਓਤੇਬੀ ਨੇ ਪਵਿੱਤਰ ਸ਼ਹਿਰ ਮੱਕਾ ਦੀ ਮਦਰੱਕਾ ਪ੍ਰੀਸ਼ਦ ਵਿਚ ਮੱਲ੍ਹ ਮਾਰੀ ਹੈ।



ਚੋਣ ਕਮਿਸ਼ਨ ਦੇ ਮੁਖੀ ਉਸਾਮਾ ਅਲ-ਬਾਰ ਨੇ ਦੱਸਿਆ ਕਿ ਉਸ ਨੇ ਸੱਤ ਮਰਦਾਂ ਤੇ ਦੋ ਔਰਤਾਂ ਨੂੰ ਧੂੜ ਚਟਾਈ। ਇਸ ਤੋਂ ਇਲਾਵਾ ਜੇਦਾਹ ਵਿਚ ਲਾਮਾ ਅਲ-ਸੁਲੇਮਾਨ, ਅਲ-ਜਾਅਫ਼ ਖਿੱਤੇ ਵਿਚ ਹਿਨੁਫ ਅਲ-ਹਾਜ਼ਮੀ, ਤਾਬੁਕ ਵਿਚ ਮੋਨਾ ਅਲ-ਅਮੇਰੀ ਤੇ ਫਦੀਲਾ ਅਲ-ਅਤਾਵੀ ਨੇ ਜਿੱਤ ਹਾਸਲ ਕੀਤੀ ਹੈ। ਇਹ ਆਖਰੀ ਮੁਲਕ ਸੀ ਜਿਥੇ ਸਿਰਫ ਮਰਦਾਂ ਨੂੰ ਵੋਟਾਂ ਪਾਉਣ ਦਾ ਹੱਕ ਸੀ। ਵੋਟਾਂ ਦੌਰਾਨ ਮਰਦਾਂ ਤੇ ਔਰਤਾਂ ਦੇ ਵੱਖੋ ਵੱਖਰੇ ਪੋਲਿੰਗ ਸਟੇਸ਼ਨ ਬਣਾਏ ਗਏ ਸਨ। ਕੁੱਲ 6440 ਉਮੀਦਵਾਰਾਂ ਵਿਚੋਂ 900 ਔਰਤਾਂ ਮੈਦਾਨ ਵਿਚ ਸਨ। ਚੋਣ ਪ੍ਰਚਾਰ ਦੌਰਾਨ ਔਰਤਾਂ ਨੂੰ ਕਿਸੇ ਮਰਦ ਵੋਟਰ ਨਾਲ ਸਿੱਧਿਆਂ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਕਈ ਮਹਿਲਾ ਉਮੀਦਵਾਰਾਂ ਨੇ ਸੋਸ਼ਲ ਮੀਡੀਆ ਰਾਹੀਂ ਪ੍ਰਚਾਰ ਕੀਤਾ ਪਰ ਕਈਆਂ ਨੂੰ ਪ੍ਰਚਾਰ ਕਰਨ ਦੇ ਅਯੋਗ ਠਹਿਰਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਔਰਤਾਂ ਨੂੰ ਸੁਲਤਾਨ ਅਬਦੁੱਲਾ ਨੇ ਚਾਰ ਸਾਲ ਪਹਿਲਾਂ ਐਲਾਨ ਕੀਤਾ ਸੀ ਕਿ ਉਹ 2015 ਤੋਂ ਵੋਟਿੰਗ ਅਮਲ ਵਿਚ ਹਿੱਸਾ ਲੈ ਸਕਣਗੀਆਂ।

# ਜਪਾਨ ਲਾਏਗਾ ਮੋਦੀ ਦੀ ਬੁਲੇਟ ਟਰੇਨ ਨੂੰ ਧੱਕਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਉਨ੍ਹਾਂ ਦੇ ਜਪਾਨੀ ਹਮਰੁਤਬਾ ਸ਼ਿੰਜ਼ੋ ਐਬੇ ਵਿਚਾਲੇ ਬੁਲੇਟ ਟਰੇਨ ਡੀਲ ਫਾਈਨਲ ਹੋ ਗਈ ਹੈ। ਭਾਰਤ ਵਿਚ ਪਹਿਲੀ ਬੁਲੇਟ ਟਰੇਨ ਮੁੰਬਈ ਤੋਂ ਅਹਿਮਦਾਬਾਦ ਵਿਚਾਲੇ ਦੌੜੇਗੀ। 503 ਕਿਲੋਮੀਟਰ ਲੰਬੇ ਮੁੰਬਈ-ਅਹਿਮਦਾਬਾਦ ਰੂਟ 'ਤੇ 300 ਕਿਲੋਮੀਟਰ ਦੀ ਰਫਤਾਰ ਨਾਲ ਬੁਲੇਟ ਟਰੇਨ ਦੌੜਾਉਣ ਦੀ ਯੋਜਨਾ ਹੈ। ਜਾਪਾਨ ਨੇ ਬੁਲੇਟ ਟਰੇਨ ਪ੍ਰੋਜੈਕਟ ਲਈ ਤਕਰੀਬਨ 90 ਹਜ਼ਾਰ ਕਰੋੜ ਰੁਪਏ ਦੀ ਫੰਡਿੰਗ ਦੀ ਪੇਸ਼ਕਸ਼ ਕੀਤੀ ਹੈ।

ਜਾਪਾਨ ਦੀ ਏਜੰਸੀ ਜੀਕਾ ਮੁਤਾਬਕ ਮੁੰਬਈ-ਅਹਿਮਦਾਬਾਦ ਵਿਚਾਲੇ ਬੁਲੇਟ ਟਰੇਨ ਚਲਾਉਣ ਲਈ 98 ਹਜ਼ਾਰ ਕਰੋੜ ਰੁਪਏ ਦੀ ਜ਼ਰੂਰਤ ਹੈ। ਜਾਪਾਨ ਸਿਰਫ ਕਰਜ਼ ਨਹੀਂ ਦੇਵੇਗਾ ਬਲਕਿ ਕਰਜ਼ ਨਾਲ ਰਿਆਇਤਾਂ ਵੀ ਮਿਲਣਗੀਆਂ। ਮੁੰਬਈ-ਅਹਿਮਦਾਬਾਦ ਰੂਟ 'ਤੇ ਬੁਲੇਟ ਟਰੇਨ ਸਾਲ 2024 ਵਿਚ ਸ਼ੁਰੂ ਕਰਨ ਦਾ ਟੀਚਾ ਹੈ। ਬੁਲੇਟ ਟਰੇਨ ਚਲਾਉਣ ਉਤੇ ਮੁੰਬਈ ਤੇ ਅਹਿਮਦਾਬਾਦ ਵਿਚਾਲੇ ਸੱਤ ਘੰਟਿਆਂ ਦੀ ਦੂਰੀ ਮਹਿਜ਼ ਦੋ ਘੰਟਿਆਂ ਵਿਚ ਪੂਰੀ ਕੀਤੀ ਜਾ ਸਕੇਗੀ।

'ਮੇਕ ਇਨ ਇੰਡੀਆ' ਪਹਿਲਕਦਮੀ ਲਈ ਜਪਾਨ ਨੇ ਤਕਰੀਬਨ 12 ਅਰਬ ਡਾਲਰਾਂ ਦਾ ਫੰਡ ਕਾਇਮ ਕੀਤਾ ਹੈ, ਜਿਸ ਤਹਿਤ ਜਪਾਨੀ ਕੰਪਨੀਆਂ ਨੂੰ ਭਾਰਤ ਵਿਚ ਉਤਪਾਦਨ ਲਈ ਮਦਦ ਦਿੱਤੀ ਜਾਵੇਗੀ। ਪ੍ਰਧਾਨ ਮੰਤਰੀਆਂ ਦੀ ਗੱਲਬਾਤ ਮਗਰੋਂ ਦੋਵਾਂ ਦੇਸ਼ਾਂ ਨੇ ਕਈ ਕਾਨੂੰਨੀ ਤੇ ਤਕਨੀਕੀ ਮੁੱਦਿਆਂ ਦੇ ਹੱਲ ਤੋਂ ਬਾਅਦ ਗੈਰ ਫੌਜੀ ਪਰਮਾਣੂ ਸਹਿਯੋਗ ਸਮਝੌਤੇ 'ਤੇ ਸਹੀ ਪਾਈ।

ਇਹ ਪਹਿਲਾਂ ਮੌਕਾ ਹੈ ਜਦੋਂ ਜਪਾਨ ਨੇ 'ਪਰਮਾਣੂ ਹਥਿਆਰ ਅਪਸਾਰ ਸੰਧੀ' ਤੋਂ ਬਾਹਰਲੇ ਕਿਸੇ ਮੁਲਕ ਨਾਲ ਅਜਿਹਾ ਸਮਝੌਤਾ ਨੇਪਰੇ ਚਾੜ੍ਹਿਆ ਹੈ। ਬੁਲੇਟ ਟਰੇਨ ਪ੍ਰੋਜੈਕਟ ਦਾ ਜ਼ਿਕਰ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਮੁੰਬਈ-ਅਹਿਮਦਾਬਾਦ ਵਿਚਾਲੇ ਤੇਜ਼ ਰਫਤਾਰ ਰੇਲ ਚਲਾਉਣ ਦਾ ਫੈਸਲਾ ਕਿਸੇ ਇਤਿਹਾਸਕ ਘਟਨਾ ਤੋਂ ਘੱਟ ਨਹੀਂ ਹੈ। ਦੋਵਾਂ ਆਗੂਆਂ ਨੇ 'ਭਾਰਤ ਤੇ ਜਪਾਨ ਵਿਜ਼ਨ 2025' ਦੇ ਨਾਂ ਉਤੇ ਸਾਂਝਾ ਬਿਆਨ ਵੀ ਜਾਰੀ ਕੀਤਾ। ਸ੍ਰੀ ਮੋਦੀ ਨੇ ਪਹਿਲੀ ਮਾਰਚ 2016 ਤੋਂ ਜਪਾਨੀ ਨਾਗਰਿਕਾਂ ਨੂੰ 'ਪਹੁੰਚਣ ਉਤੇ ਵੀਜ਼ਾ' ਦੇਣ ਦੀ ਸਹੂਲਤ ਦਾ ਐਲਾਨ ਕੀਤਾ।



### ਪ੍ਰਣਬ ਮੁਖਰਜੀ ਵੱਲੋਂ ਜਪਾਨੀ ਨਿਵੇਸ਼ਕਾਰਾਂ ਨੂੰ ਸੱਦਾ

**ਨਵੀਂ ਦਿੱਲੀ:** ਬੁਨਿਆਦੀ ਸਹੂਲਤਾਂ ਦੇ ਵਿਕਾਸ ਵਿਚ ਜਾਪਾਨ ਨੂੰ ਭਾਰਤ ਦਾ ਵੱਡਾ ਭਾਈਵਾਲ ਦੱਸਦਿਆਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਨਿੱਜੀ ਖੇਤਰ ਦੇ ਜਾਪਾਨੀ ਨਿਵੇਸ਼ਕਾਰਾਂ ਨੂੰ ਸੱਦਾ ਦਿੱਤਾ ਕਿ ਦੇਸ਼ ਦੀ ਮੌਜੂਦਾ ਵਿਕਾਸ ਦਰ ਦੇ ਮੱਦੇਨਜਰ ਉਹ ਇਥੇ ਪ੍ਰਾਪਤ ਮੌਕਿਆਂ ਦਾ ਲਾਹਾ ਲੈਣ। ਰਾਸ਼ਟਰਪਤੀ ਭਵਨ ਵਿਖੇ ਜਾਪਾਨੀ ਪ੍ਰਧਾਨ ਮੰਤਰੀ ਸ਼ਿੰਜ਼ੋ ਅਬੇ ਦਾ ਸਵਾਗਤ ਕਰਦਿਆਂ ਮੁਖਰਜੀ ਨੇ ਕਿਹਾ ਕਿ ਭਾਰਤ ਤੇ ਜਾਪਾਨ ਵਿਚ ਸਮੇਂ-ਸਮੇਂ ਬਣੀਆਂ ਸਰਕਾਰਾਂ ਦੀਆਂ ਨਿਰੰਤਰ ਕੋਸ਼ਿਸ਼ਾਂ ਸਦਕਾ ਦੋਵਾਂ ਦੇਸ਼ਾਂ ਵਿਚਾਲੇ ਦੁਪਾਸੜ ਸਬੰਧ ਮਜ਼ਬੂਤ ਹੋਏ ਹਨ।

# ਹਿੰਦ-ਪਾਕਿ ਜੰਗਾਂ ਦਾ ਨਾਇਕ ਬ੍ਰਿਗੇਡੀਅਰ ਸੰਤ ਸਿੰਘ ਜਹਾਨੋਂ ਰੁਖਸਤ

**ਚੰਡੀਗੜ੍ਹ:** ਸਿੱਖ ਲਾਈਟ ਇਨਫੈਂਟਰੀ ਦੇ ਜਾਂਬਾਜ਼ ਜਵਾਨ ਰਹੇ ਬ੍ਰਿਗੇਡੀਅਰ (ਸੇਵਾਮੁਕਤ) ਸੰਤ ਸਿੰਘ (94) ਦਾ ਚੰਡੀਗੜ੍ਹ ਵਿਚ ਦੇਹਾਂਤ ਹੋ ਗਿਆ। 1965 ਵਿਚ ਜੰਮੂ-ਕਸ਼ਮੀਰ ਦੀ ਓ.ਪੀ. ਹਿੱਲ ਉਤੇ ਪਾਕਿਸਤਾਨੀ ਫੌਜਾਂ ਨੂੰ ਕੱਢਣ ਵਿਚ ਉਨ੍ਹਾਂ ਅਹਿਮ ਭੂਮਿਕਾ ਨਿਭਾਈ ਸੀ। ਉਹ 1971 ਦੀ ਬੰਗਲਾਦੇਸ਼ ਜੰਗ ਦੌਰਾਨ ਵੀ ਨਾਇਕ ਰਹੇ। ਦੋ ਵਾਰ ਮਹਾਵੀਰ ਚੱਕਰ ਨਾਲ ਸਨਮਾਨਤ ਬ੍ਰਿਗੇਡੀਅਰ ਸੰਤ ਸਿੰਘ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਕੋਟਕਪੂਰਾ ਨੇੜਲੇ ਪਿੰਡ ਪੰਜਗਰਾਈਂ ਦੇ ਜੰਮਪਲ ਬ੍ਰਿਗੇਡੀਅਰ ਸੰਤ ਸਿੰਘ ਸੇਵਾਮੁਕਤੀ ਤੋਂ ਬਾਅਦ ਚੰਡੀਗੜ੍ਹ ਵਿਚ ਵਸ ਗਏ ਸਨ।



ਉਨ੍ਹਾਂ ਦੀ ਧੀ ਸਤਿੰਦਰ ਕੌਰ ਵੀ ਬ੍ਰਿਗੇਡੀਅਰ ਨੂੰ ਵਿਆਹੀ ਹੋਈ ਹੈ। ਉਹ ਭਾਰਤੀ ਫੌਜ ਵਿਚ ਬਤੌਰ ਸਿਪਾਹੀ ਭਰਤੀ ਹੋਏ ਸਨ ਤੇ 1973 ਵਿਚ ਬ੍ਰਿਗੇਡੀਅਰ ਰਿਟਾਇਰ ਹੋਏ ਸਨ। ਉਹ 2002 ਤੋਂ 2006 ਤੱਕ ਨਗਰ ਨਿਗਮ ਵਿਚ ਕੌਂਸਲਰ ਵੀ ਰਹੇ ਤੇ ਟਿਊਬਵੈਲ ਬੋਰਿੰਗ ਵਿਚ ਘਪਲੇ ਦਾ ਮਾਮਲਾ ਉਠਾਇਆ ਸੀ। 1971 ਵਿਚ ਪਾਕਿਸਤਾਨ ਵਿਚ ਬ੍ਰਿਗੇਡੀਅਰ ਸੰਤ ਸਿੰਘ ਨੇ ਅਪਰੇਸ਼ਨ ਕੈਕਟਸ ਲਿਲੀ ਦੀ ਡਟ ਕੇ ਅਗਵਾਈ ਕੀਤੀ ਤੇ ਦੂਜੀ ਵਾਰ ਮਹਾਵੀਰ ਚੱਕਰ ਹਾਸਲ ਕੀਤਾ। ਈਸਟਰਨ ਫਰੰਟ ਦੇ ਇਕ ਸੈਕਟਰ ਦੀ ਕਮਾਨ ਸੰਭਾਲਦੇ ਹੋਏ ਉਨ੍ਹਾਂ ਨੇ ਅੱਠ ਦਿਨਾਂ ਵਿਚ ਮੇਮਨਸਿੰਘ ਤੇ ਮਾਧੋਪੁਰ ਨੂੰ ਸੁਰੱਖਿਅਤ ਕਰ ਲਿਆ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਰੈਗੂਲਰ ਬਟਾਲੀਅਨ 38 ਮੀਲ ਤੱਕ ਪੈਦਲ ਚੱਲੀ ਤੇ ਅਚਾਨਕ ਹਮਲਾ ਕਰਕੇ ਪਾਕਿਸਤਾਨ ਫੌਜ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਤੇ ਢਾਕਾ ਤੱਕ ਮਾਰਚ ਕਰਕੇ ਦੁਸ਼ਮਣ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ।

### ਚਾਰ ਜੰਗਾਂ ਦਾ ਨਾਇਕ

**ਚੰਡੀਗੜ੍ਹ:** ਸੰਤ ਸਿੰਘ ਨੇ ਦੂਜੇ ਵਿਸ਼ਵ ਯੁੱਧ, 1947-48 ਇੰਡੋ-ਪਾਕਿ ਵਾਰ, 1962 ਵਿਚ ਭਾਰਤ ਚੀਨ ਜੰਗ ਵਿਚ ਵੀ ਹਿੱਸਾ ਲਿਆ। ਇਕ ਇੰਟਰਵਿਊ ਵਿਚ ਸੰਤ ਸਿੰਘ ਨੇ ਕਿਹਾ ਸੀ ਕਿ ਉਨ੍ਹਾਂ ਦੀ ਤੀਜੇ ਮਹਾਵੀਰ ਚੱਕਰ ਤੇ ਪਰਮਵੀਰ ਚੱਕਰ ਲਈ ਵੀ ਸਿਫਾਰਸ਼ ਕੀਤੀ ਗਈ ਸੀ। ਹਾਲਾਂਕਿ ਉਨ੍ਹਾਂ ਨੂੰ ਇਹ ਸਨਮਾਨ ਮਿਲ ਨਹੀਂ ਸਕਿਆ। 1971 ਵਿਚ ਈਸਟ ਪਾਕਿਸਤਾਨ (ਹੁਣ ਬੰਗਲਾਦੇਸ਼) ਦੇ ਮੁਕਤੀ ਮੋਰਚੇ ਦੇ ਅਫਸਰਾਂ ਨੂੰ ਟ੍ਰੇਨਿੰਗ ਦੇਣ ਵਾਲੇ ਭਾਰਤੀ ਅਫਸਰਾਂ ਵਿਚ ਸੰਤ ਸਿੰਘ ਵੀ ਸ਼ਾਮਲ ਸਨ। ਇਹ ਦਲ ਇਕ ਗੁਰੀਲਾ ਫੋਰਸ ਦੀ ਤਰ੍ਹਾਂ ਸੀ ਤੇ ਜੰਗ ਵਿਚ ਪਾਕਿਸਤਾਨ ਦੀ ਹਾਰ ਦੀ ਵਜ੍ਹਾ ਬਣਿਆ।

# ਭਾਰਤੀ ਪਾੜ੍ਹਿਆਂ ਨੂੰ ਬਰਤਾਨੀਆ ਵਿਚ ਕੰਮ ਕਰਨ ਦੀ ਮਿਲੀ ਖੁੱਲ੍ਹ

**ਨਵੀਂ ਦਿੱਲੀ:** ਬਰਤਾਨੀਆ ਨੇ ਭਾਰਤੀ ਵਿਦਿਆਰਥੀਆਂ ਨੂੰ ਪੜ੍ਹਨ ਤੇ ਉਥੇ ਕੰਮ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ। ਇਸ ਦਾ ਖੁਲਾਸਾ ਕਰਦਿਆਂ ਬਰਤਾਨੀਆ ਦੇ ਸਾਇੰਸ ਤੇ ਯੂਨੀਵਰਸਿਟੀਜ਼ ਮੰਤਰੀ ਜੋ ਜੌਹਨਸਨ ਨੇ ਕਿਹਾ ਕਿ ਯੂਰਪ ਭਾਵੇਂ ਪਰਵਾਸੀਆਂ ਦੇ ਮਸਲੇ ਨਾਲ ਜੂਝ ਰਿਹਾ ਹੈ, ਪਰ ਭਾਰਤੀ ਵਿਦਿਆਰਥੀਆਂ ਲਈ ਦਰ ਖੁੱਲ੍ਹੇ ਹਨ।

'ਯੂਕੇ-ਇੰਡੀਆ ਸਿੱਖਿਆ, ਖੋਜ ਤੇ ਕਾਢ ਵਰ੍ਹਾ 2016' ਦਾ ਐਲਾਨ ਕਰਨ ਲਈ ਭਾਰਤ ਪੁੱਜੇ ਸ੍ਰੀ ਜੌਹਨਸਨ ਨੇ ਖਾਸ ਇੰਟਰਵਿਊ ਵਿਚ ਕਿਹਾ ਕਿ ਬ੍ਰਿਟਿਸ਼ ਯੂਨੀਵਰਸਿਟੀਆਂ ਦੇ ਨੁਮਾਇੰਦੇ ਉਨ੍ਹਾਂ ਨਾਲ ਭਾਰਤ ਆਏ ਹਨ ਤਾਂ ਜੋ ਉਹ ਦੱਸ ਸਕਣ ਕਿ ਉਥੇ ਪੜ੍ਹਨਾ ਫਾਇਦੇਮੰਦ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਚੇਰੀ ਸਿੱਖਿਆ ਲਈ ਬਰਤਾਨੀਆ ਨਾਲੋਂ ਕੋਈ ਹੋਰ ਮੁਲਕ ਵਧੀਆ ਨਹੀਂ ਹੈ। ਇਕ ਸਵਾਲ ਦੇ ਜਵਾਬ ਵਿਚ ਜੌਹਨਸਨ ਨੇ ਕਿਹਾ ਕਿ ਪੜ੍ਹਾਈ ਖਤਮ ਕਰਨ ਤੋਂ ਬਾਅਦ ਭਾਰਤੀ ਵਿਦਿਆਰਥੀ ਉਥੇ ਕੰਮ ਲਈ ਰੁਕੇ ਰਹਿ ਸਕਦੇ ਹਨ। ਨਵੀਂ ਪ੍ਰਣਾਲੀ ਤਹਿਤ ਇਸ ਦੀ ਇਜਾਜ਼ਤ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਭਾਰਤੀ ਵਿਦਿਆਰਥੀਆਂ ਦਾ ਬਰਤਾਨੀਆ ਵਿਚ ਨਿੱਘਾ ਸਵਾਗਤ ਹੋਏਗਾ। ਭਾਰਤ ਤੇ ਯੂਕੇ ਵਿਚਕਾਰ ਸਾਇੰਸ ਵਿਚ ਸਹਿਯੋਗ ਪਿਛਲੇ ਛੇ ਸਾਲਾਂ ਦੌਰਾਨ ਵਧਿਆ ਹੈ। ਉਨ੍ਹਾਂ ਕਿਹਾ ਕਿ ਖੋਜ ਕਾਰਜਾਂ ਲਈ 10 ਲੱਖ ਪੌਂਡ ਤੋਂ ਸਹਿਯੋਗ ਵਧ ਕੇ 20 ਕਰੋੜ ਪੌਂਡ ਤੱਕ ਪਹੁੰਚ ਗਿਆ ਹੈ।

# ਇਨਸਾਫ ਦਾ ਪੈਮਾਨਾ ਵਡੇ ਲੋਕਾਂ ਲਈ ਹੋਰ, ਗਰੀਬਾਂ ਲਈ ਹੋਰ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

'ਸਲਮਾਨ ਖਾਨ ਕਹਿੰਦੇ ਹਨ' ਕਿ ਬੜੀ ਦੇਰੀ ਨਾਲ ਨਿਆਂ ਮਿਲਣ ਪਿੱਛੋਂ ਭਾਵੁਕ ਹੋ ਗਿਆ ਹਾਂ ਤੇ ਉਸ ਹਾਦਸੇ ਦੇ 'ਮ੍ਰਿਤਕ ਦਾ ਭਰਾ ਕਹਿੰਦਾ ਹੈ' ਕਿ ਉਨ੍ਹਾਂ ਨੂੰ ਨਿਆਂ ਨਹੀਂ ਮਿਲਿਆ। ਜੁਰਮ ਕਰਨ ਵਾਲੇ ਦਾ ਨਾਂ ਲੈਣ ਸਮੇਂ ਜਿਸ ਦੇਸ਼ ਵਿਚ ਉਸ ਨੂੰ ਸਤਿਕਾਰ ਨਾਲ 'ਕਹਿੰਦੇ ਹਨ' ਆਖਿਆ ਜਾਵੇ ਤੇ ਪੀੜਤ ਧਿਰ ਲਈ 'ਕਹਿੰਦਾ ਹੈ' ਵਰਤਿਆ ਜਾ ਰਿਹਾ ਹੈ, ਓਥੇ ਇਨਸਾਫ ਦੇ ਨਾਂ ਉਤੇ ਜੋ ਕੁਝ ਹੋਇਆ ਹੈ, ਸਭ ਠੀਕ ਹੀ ਠੀਕ ਹੈ।

ਅਸੀਂ ਭਾਰਤੀ ਨਿਆਂ ਪ੍ਰਬੰਧ ਬਾਰੇ ਕਦੇ ਏਨੀਆਂ ਤਿੱਖੀਆਂ ਟਿੱਪਣੀਆਂ ਨਹੀਂ ਸੁਣੀਆਂ, ਜਿੰਨੀਆਂ ਕੁ ਇਸ ਵਾਰ ਸੁਣਨ ਨੂੰ ਮਿਲੀਆਂ ਹਨ, ਪਰ ਸਾਰੀਆਂ ਟਿੱਪਣੀਆਂ ਦੇ ਨਾਲ ਇਹ ਵੀ ਕਿਹਾ ਜਾਂਦਾ ਹੈ ਕਿ 'ਸਾਡਾ ਨਿਆਂ ਪਾਲਿਕਾ ਵਿਚ ਪੂਰਾ ਵਿਸ਼ਵਾਸ ਹੈ'। ਵਿਸ਼ਵਾਸ ਹੋਣਾ ਵੀ ਚਾਹੀਦਾ ਹੈ। ਟਿੱਪਣੀਆਂ ਅਦਾਲਤ ਵਿਚ ਚੱਲੇ ਕਿਸੇ ਕੇਸ ਦੀ ਪ੍ਰਕਿਰਿਆ ਦੇ ਬਾਰੇ ਹੋ ਸਕਦੀਆਂ ਹਨ, ਕਦੇ-ਕਦਾਈਂ ਕਿਸੇ ਜੱਜ ਦੇ ਵਿਹਾਰ ਬਾਰੇ ਵੀ, ਪਰ ਨਿਆਂ ਪਾਲਿਕਾ ਬਾਰੇ ਟਿੱਪਣੀਆਂ ਤੋਂ ਗੁਰੇਜ਼ ਕੀਤਾ ਹੀ ਠੀਕ ਸਮਝਿਆ ਜਾਂਦਾ ਹੈ। ਫਿਰ ਵੀ ਕਈ ਗੱਲਾਂ ਇਸ ਕੇਸ ਵਿਚ ਲੋਕਾਂ ਨੂੰ ਚੁਭੀਆਂ ਹਨ। ਇਹ ਗੱਲ ਵੀ ਹੈਰਾਨੀ ਵਾਲੀ ਹੈ ਕਿ ਜਿਹੜਾ ਕੇਸ ਹੇਠਲੀ ਅਦਾਲਤ ਵਿਚ ਬੜਾ ਠੋਸ ਮੰਨ ਲਿਆ ਗਿਆ, ਉਸ ਵਿਚ ਸਲਮਾਨ ਨੂੰ ਸਜ਼ਾ ਮਿਲਣ ਤੋਂ ਬਾਅਦ ਦੋ ਘੰਟੇ ਵੀ ਜੇਲ੍ਹ ਵਿਚ ਨਾ ਗੁਜ਼ਾਰਨੇ ਪਏ ਤੇ ਸ਼ਾਮ ਪੈਣ ਤੋਂ ਪਹਿਲਾਂ ਜ਼ਮਾਨਤ ਕਰਵਾ ਕੇ ਉਹ ਆਪਣੇ ਬੰਗਲੇ ਵਿਚ ਪਹੁੰਚ ਗਿਆ ਸੀ। ਪੈਸਾ ਪੱਲੇ ਚਾਹੀਦਾ ਹੈ, ਚੰਗੇ ਵਕੀਲ ਏਨਾ ਕੰਮ ਕਰ ਦੇਂਦੇ ਹਨ। ਫਿਰ ਜਦੋਂ ਕੇਸ ਸਿਰੇ ਉਤੇ ਸੀ, ਇਹ ਖਬਰਾਂ ਮਿਲਣ ਲੱਗ ਪਈਆਂ ਕਿ ਸਲਮਾਨ ਖਾਨ ਛੁੱਟ ਸਕਦਾ ਹੈ, ਕਿਉਂਕਿ ਸਬੰਧਤ ਜੱਜ ਸਾਹਿਬ ਨੇ ਅੱਜ ਆਹ ਟਿੱਪਣੀ ਕੀਤੀ ਅਤੇ ਅੱਜ ਆਹ ਕਰ ਦਿੱਤੀ ਹੈ। ਅੱਗੇ ਕਦੇ ਏਦਾਂ ਨਹੀਂ ਹੋਇਆ। ਕੇਸ ਦੇ ਫੈਸਲੇ ਤੋਂ ਪਹਿਲਾਂ ਮੀਡੀਆ ਇਹ ਕਿਵੇਂ ਸੋਚ ਬੈਠਾ ਕਿ ਅੱਜ ਸਲਮਾਨ ਖਾਨ ਨੇ ਛੁੱਟ ਜਾਣਾ ਹੈ, ਇਸ ਬਾਰੇ ਕਿਸੇ ਜਾਂਚ ਦੀ ਲੋੜ ਨਹੀਂ, ਮਾਮਲਾ ਨਿਆਂ ਪਾਲਿਕਾ ਦਾ ਹੈ ਤੇ ਫੈਸਲੇ ਨੂੰ ਪ੍ਰਵਾਨ ਕਰਨਾ ਹੀ ਠੀਕ ਹੈ।

ਉਰਦੂ ਵਿਚ ਇੱਕ ਲਫਜ਼ 'ਸਾਹਿਬੇ-ਹੈਸੀਅਤ' ਹੁੰਦਾ ਹੈ, ਜਿਸ ਦਾ ਮਤਲਬ ਹੈ ਕਿ ਇਸ ਆਦਮੀ ਦੀ ਹਸਤੀ ਇਸ ਨੂੰ ਖਾਸ ਦਰਜਾ ਦੇਣ ਵਾਲੀ ਹੈ। ਕਦੀ ਗਰੀਬ ਲੋਕਾਂ ਲਈ 'ਸਾਹਿਬੇ-ਗੁਰਬਤ' ਲਫਜ਼ ਵਰਤਣ ਦੀ ਲੋੜ ਨਹੀਂ ਮਹਿਸੂਸ ਕੀਤੀ ਗਈ, ਉਹ ਇਸ ਦੁਨੀਆਂ ਉਤੇ ਜ਼ਿੰਦਗੀ ਨੂੰ ਮਾਨਣ ਲਈ ਨਹੀਂ, ਹੰਢਾਉਣ ਲਈ ਵੀ ਨਹੀਂ, ਸਿਰਫ ਭੁਗਤਣ ਨੂੰ ਆਉਂਦੇ ਹਨ ਤੇ ਜਿਨ੍ਹਾਂ ਨੇ ਜ਼ਿੰਦਗੀ ਭੁਗਤਣੀ ਹੈ, ਉਨ੍ਹਾਂ ਦਾ ਸਾਹਿਬਪੁਣਾ ਨਹੀਂ ਹੁੰਦਾ। ਸਲਮਾਨ ਦੇ ਨਾਲ ਉਹ ਫਿਲਮ ਨਗਰੀ ਖੜੀ ਹੈ, ਜਿਹੜੀ ਫਿਲਮਾਂ ਵਿਚ ਗਰੀਬਾਂ ਨੂੰ ਇਨਸਾਫ ਦੇਣ ਅਤੇ ਅਦਾਲਤਾਂ ਵਿਚ ਗਰੀਬ ਨਾਲ ਇਨਸਾਫ ਦੇ ਨਾਂ ਉਤੇ ਹੋਣ ਵਾਲੇ ਮਜ਼ਾਕ ਨੂੰ ਪੇਸ਼ ਕਰਦੀ ਹੈ। ਗੁਜਰਾਤ ਦੇ ਇੱਕ ਸਮੇਂ ਦੇ ਮੁੱਖ ਮੰਤਰੀ ਤੇ ਅੱਜ ਦੇ ਭਾਰਤ ਦੇ ਪ੍ਰਧਾਨ ਮੰਤਰੀ ਨੇ ਸਲਮਾਨ ਖਾਨ ਨੂੰ ਆਪਣੇ ਰਾਜ ਵਿਚ ਉਚੇਚਾ ਸੱਦ ਕੇ ਉਸ ਨਾਲ ਪਤੰਗ ਉਡਾਈ ਅਤੇ ਬਸੰਤ ਮਨਾਈ ਸੀ। ਜਿਹੜੇ ਲੋਕ ਸਲਮਾਨ ਦੀ ਗੱਡੀ ਹੇਠ ਆ ਗਏ, ਉਹ ਤਾਂ ਆਪ ਕੱਟੀ ਪਤੰਗ ਵਰਗੇ ਸਨ। ਹਸਤੀ ਵਾਲੇ ਹੁੰਦੇ ਤਾਂ ਭਾਰਤ ਦੀ ਪੈਸੇ-ਧੇਲੇ ਦੀ ਰਾਜਧਾਨੀ ਮੁੰਬਈ ਵਿਚ ਉਨ੍ਹਾਂ ਨੂੰ ਕੋਈ ਸਿਰ ਲੁਕਾਉਣ ਜੋਗੀ ਛੱਤ ਵੀ



ਲੱਭ ਸਕਦੀ ਸੀ, ਫੁੱਟਪਾਥ 'ਤੇ ਸੌਂ ਕੇ ਸਲਮਾਨ ਦੀ ਕਾਰ ਹੇਠ ਆਉਣ ਦੀ ਲੋੜ ਨਹੀਂ ਸੀ ਪੈਣੀ।

ਆਮ ਲੋਕਾਂ ਨੂੰ ਇਨਸਾਫ ਤੋਂ ਇਨਕਾਰ ਪਹਿਲੀ ਵਾਰੀ ਨਹੀਂ ਹੋਇਆ, ਹੁੰਦਾ ਹੀ ਰਹਿੰਦਾ ਹੈ। ਸਲਮਾਨ ਖਾਨ ਸਾਹਿਬੇ-ਹੈਸੀਅਤ ਹੈ ਤੇ ਸਾਹਿਬੇ-ਹੈਸੀਅਤ ਲੋਕਾਂ ਦਾ ਛੁੱਟ ਜਾਣਾ ਵੀ ਕੋਈ ਅਲੋਕਾਰੀ ਗੱਲ ਨਹੀਂ।

ਸਾਡੇ ਕੋਲ ਇੱਕ ਕੇਸ ਬੀਬੀ ਜੈਲਲਿਤਾ ਦਾ ਹੈ। ਉਹ ਤਾਮਿਲ ਨਾਡੂ ਦੇ ਲੋਕਾਂ ਦੀ ਲੀਡਰ ਹੈ ਤੇ ਪੰਜਵੀਂ ਵਾਰੀ ਮੁੱਖ ਮੰਤਰੀ ਦੀ ਗੱਦੀ ਉਤੇ ਬੈਠੀ ਰਾਜ ਮਾਣ ਰਹੀ ਹੈ। ਪਹਿਲੀ ਵਾਰ ਉਹ ਪੰਜ ਸਾਲਾਂ ਦਾ ਰਾਜ ਮਾਣ ਕੇ ਪਾਸੇ ਹੋਈ ਤਾਂ ਉਸ ਦੇ ਭ੍ਰਿਸ਼ਟਾਚਾਰ ਦੇ ਕਿੱਸੇ ਗਿਣਨੇ ਔਖੇ ਹੋ ਗਏ। ਬਹੁਤ ਸਾਰੇ ਕੇਸਾਂ ਵਿਚ ਫਸ ਕੇ ਵੀ ਉਸ ਨੇ ਪ੍ਰਵਾਹ ਨਹੀਂ ਸੀ ਕੀਤੀ। ਫਿਰ ਅਦਾਲਤ ਨੇ ਉਸ ਨੂੰ ਕੈਦ ਦੀ ਸਜ਼ਾ ਦੇ ਦਿੱਤੀ। ਜ਼ਮਾਨਤ ਲੈ ਕੇ ਬੀਬੀ ਨੇ ਉਪਰਲੀ ਅਦਾਲਤ ਵਿਚ ਅਪੀਲ ਕੀਤੀ ਤੇ ਅਗਲੀ ਚੋਣ ਵਿਚ ਕਾਗਜ਼ ਦਾਖਲ ਕਰਨ ਵਾਸਤੇ ਚਲੀ ਗਈ। ਰਿਟਰਨਿੰਗ ਅਫਸਰ ਨੇ ਕਿਹਾ ਕਿ ਸਜ਼ਾ ਭੁਗਤ ਚੁਕੇ ਕਿਸੇ ਵੀ ਵਿਅਕਤੀ ਨੂੰ ਸੰਵਿਧਾਨ ਮੁਤਾਬਕ ਚੋਣ ਲੜਨ ਦਾ ਅਧਿਕਾਰ ਨਹੀਂ, ਇਸ ਲਈ ਉਸ ਵੇਲੇ ਬੀਬੀ ਦੇ ਨਾਮਜ਼ਦਗੀ ਕਾਗਜ਼ ਰੱਦ ਹੋ ਗਏ। ਉਸ ਨੇ ਚੋਣ ਨਹੀਂ ਸੀ ਲੜੀ, ਆਪਣੇ ਉਮੀਦਵਾਰਾਂ ਦੀ ਅਗਵਾਈ ਕੀਤੀ ਅਤੇ ਪਾਰਟੀ ਦੇ ਜਿੱਤਦੇ ਸਾਰ ਉਸ ਦੇ ਵਿਧਾਇਕਾਂ ਨੇ ਬੀਬੀ ਨੂੰ ਆਪਣੀ ਆਗੂ ਚੁਣ ਕੇ ਮੁੱਖ ਮੰਤਰੀ ਵਜੋਂ ਪੇਸ਼ ਕਰ ਦਿੱਤਾ ਸੀ। ਰਾਜ ਦੀ ਗਵਰਨਰ ਬੀਬੀ ਫਾਤਿਮਾ ਸੁਪਰੀਮ ਕੋਰਟ ਦੀ ਜੱਜ ਰਹਿ ਚੁੱਕੀ ਹੋਣ ਕਾਰਨ ਸੰਵਿਧਾਨ ਬਾਰੇ ਜਾਣਦੀ ਸੀ। ਇਸ ਦੇ ਬਾਵਜੂਦ ਉਸ ਨੇ ਜੈਲਲਿਤਾ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁਕਾ ਦਿੱਤੀ।

ਇਸ ਫੈਸਲੇ ਨੂੰ ਸੰਵਿਧਾਨ ਦੀ ਉਲੰਘਣਾ ਵਜੋਂ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਹੋ ਗਈ। ਸੁਣਵਾਈ ਪਿੱਛੋਂ ਸੁਪਰੀਮ ਕੋਰਟ ਨੇ ਕਿਹਾ ਕਿ ਜਿਸ ਨੂੰ ਸੰਵਿਧਾਨ ਦੇ ਮੁਤਾਬਕ ਚੋਣ ਲੜਨ ਦਾ ਵੀ ਅਧਿਕਾਰ ਨਹੀਂ, ਮੁੱਖ ਮੰਤਰੀ ਦੇ ਅਹੁਦੇ ਦੀ ਹੱਕਦਾਰ ਵੀ ਉਹ ਨਹੀਂ ਹੋ ਸਕਦੀ। ਇਸ ਲਈ ਇਹ ਸਹੁੰ ਚੁਕਾਉਣਾ ਗਲਤ ਸੀ। ਸਾਬਕਾ ਜੱਜ ਗਵਰਨਰ ਬੀਬੀ ਫਾਤਿਮਾ ਅਸਤੀਫਾ ਦੇ ਗਈ। ਬੀਬੀ ਜੈਲਲਿਤਾ ਨੂੰ ਅਸਤੀਫਾ ਦੇਣਾ ਪਿਆ ਤਾਂ ਉਸ ਨੇ ਆਪਣੀ ਥਾਂ ਪਨੀਰਸੇਲਵਮ ਨੂੰ ਮੁੱਖ ਮੰਤਰੀ ਬਣਵਾ ਦਿੱਤਾ। ਕੁਝ ਦੇਰ ਪਿੱਛੋਂ ਉਹ ਉਪਰਲੀ ਅਦਾਲਤ ਤੋਂ ਬਰੀ ਹੋ ਕੇ ਆਈ ਅਤੇ ਇੱਕ ਵਾਰ ਫਿਰ ਮੁੱਖ ਮੰਤਰੀ ਬਣ ਗਈ। ਹੁਣ ਕੋਈ ਇਤਰਾਜ਼ ਹੀ ਨਹੀਂ ਸੀ ਕਰ ਸਕਦਾ।

ਕਹਾਣੀ ਏਥੇ ਖਤਮ ਨਹੀਂ ਹੋ ਗਈ। ਬੀਬੀ ਜੈਲਲਿਤਾ ਉਤੇ ਇੱਕ ਵਾਰੀ ਫਿਰ ਭ੍ਰਿਸ਼ਟਾਚਾਰ ਦਾ ਕੇਸ ਬਣਿਆ ਤੇ ਉਸ ਦੀ ਨਿਰਪੱਖ ਸੁਣਵਾਈ ਕਰਨ ਲਈ ਉਸ ਰਾਜ ਵਿਚੋਂ ਕੱਢ ਕੇ ਨਾਲ ਦੇ ਕਰਨਾਟਕਾ ਰਾਜ ਦੀ ਅਦਾਲਤ ਕੋਲ ਭੇਜ ਦਿੱਤਾ ਗਿਆ। ਬੀਬੀ ਓਦੋਂ ਤੱਕ ਮੁੜ ਕੇ ਮੁੱਖ ਮੰਤਰੀ ਬਣ ਚੁੱਕੀ ਸੀ। ਇਸ ਕੇਸ ਵਿਚ ਉਹ ਫੈਸਲਾ ਸੁਣਨ ਲਈ ਮੁੱਖ ਮੰਤਰੀ ਹੁੰਦਿਆਂ ਪੇਸ਼ ਹੋਈ ਅਤੇ ਉਸ ਨੂੰ ਕੈਦ ਦਾ ਹੁਕਮ ਹੋ ਗਿਆ। ਇੱਕ ਵਾਰੀ ਫਿਰ ਉਹੋ ਕਹਾਣੀ ਦੁਹਰਾਈ ਗਈ, ਓਸੇ ਪਨੀਰਸੇਲਵਮ ਨੂੰ ਉਸ ਦੀ ਥਾਂ ਮੁੱਖ ਮੰਤਰੀ ਬਣਾਇਆ ਗਿਆ। ਪਨੀਰਸੇਲਵਮ ਨੇ ਜਦੋਂ ਸਹੁੰ ਚੁੱਕਣੀ ਸੀ ਤਾਂ ਨਾਲੋ-ਨਾਲ ਏਨਾ ਜ਼ੋਰ ਦੀ ਰੋਈ ਜਾਂਦਾ ਸੀ ਕਿ ਉਸ ਦੀ ਸਹੁੰ ਚੁੱਕੀ ਵੀ ਪੂਰੀ ਸੁਣਨੀ ਔਖੀ ਲੱਗਦੀ ਸੀ। ਆਪਣੀ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਨਿਭਾਉਣ ਲਈ ਉਹ ਇੱਕ ਦਿਨ ਵੀ ਮੁੱਖ ਮੰਤਰੀ ਦੇ ਦਫਤਰ ਵਿਚ ਨਹੀਂ ਸੀ ਬੈਠਾ ਅਤੇ ਮੰਤਰੀ ਵਜੋਂ ਪਹਿਲੇ ਮਿਲੇ ਹੋਏ ਕਮਰੇ ਵਿਚ ਬੈਠਦਾ ਰਿਹਾ। ਜਦੋਂ ਇੱਕ ਵਾਰ ਫਿਰ ਉਪਰਲੀ ਅਦਾਲਤ ਵਿਚੋਂ ਬੀਬੀ ਜੈਲਲਿਤਾ ਬਰੀ ਹੋ ਗਈ, ਉਹ ਵਾਪਸ ਆਈ ਤੇ ਮੁੱਖ ਮੰਤਰੀ ਬਣ ਗਈ। ਕਮਾਲ ਦੀ ਗੱਲ ਹੋਰ ਹੈ। ਜਿਹੜੇ ਨਰਿੰਦਰ ਮੋਦੀ ਨੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦਾ ਐਲਾਨ ਕੀਤਾ ਸੀ, ਭ੍ਰਿਸ਼ਟਾਚਾਰ ਦੇ ਕੇਸ ਤੋਂ ਬਰੀ ਹੋਈ ਜੈਲਲਿਤਾ ਨੂੰ ਸਭ ਤੋਂ ਪਹਿਲਾ ਵਧਾਈ ਦਾ ਫੋਨ ਓਸੇ ਦਾ ਆਇਆ ਤੇ ਉਸ ਨੇ ਇਹ ਕਿਹਾ ਕਿ ਅੱਜ ਇਨਸਾਫ ਦੀ ਜਿੱਤ ਹੋਈ ਹੈ। ਓਦੋਂ ਪ੍ਰਧਾਨ ਮੰਤਰੀ ਦੀ ਵਧਾਈ ਵਿਚੋਂ ਆਪਣੇ ਅਰਥਾਂ ਦੇ ਅਨਰਥ ਹੁੰਦੇ ਵੇਖ ਕੇ ਇਨਸਾਫ ਵੀ ਰੋਂਦਾ ਹੋਵੇਗਾ।

ਹੁਣ ਇੱਕ ਤੀਸਰਾ ਕੇਸ ਵੇਖ ਲਈਏ। ਭਾਰਤ ਦੇ ਮੱਧ ਪ੍ਰਦੇਸ਼ ਵਿਚ ਇੱਕ ਵਾਰੀ ਇੱਕ ਗੈਸ ਪਲਾਂਟ ਲੀਕ ਹੋ ਗਿਆ ਤੇ ਪੰਝੀ ਹਜ਼ਾਰ ਦੇ ਕਰੀਬ ਲੋਕ ਮਾਰੇ ਗਏ ਸਨ। ਸਾਰੀ ਜਾਂਚ ਅਮਰੀਕਾ ਬੈਠੇ ਕੰਪਨੀ ਦੇ ਚੇਅਰਮੈਨ ਦੁਆਲੇ ਘੁੰਮਦੀ ਰਹੀ, ਪਰ ਜਿਹੜਾ ਵਾਈਸ ਚੇਅਰਮੈਨ ਇਸ ਦੇਸ਼ ਵਿਚ ਉਸ ਕੰਪਨੀ ਨੂੰ ਚਲਾਉਂਦਾ ਤੇ ਸਾਰੇ ਗੁਨਾਹ ਵਾਸਤੇ ਜ਼ਿੰਮੇਵਾਰ ਸੀ, ਉਸ ਵੱਲ ਕਿਸੇ ਧਿਰ ਨੇ ਅੱਖ ਕੈਰੀ ਕਰਨ ਦੀ ਲੋੜ ਨਹੀਂ ਸੀ ਸਮਝੀ। ਕਾਂਗਰਸੀ ਸਰਕਾਰਾਂ ਨੇ ਉਸ ਨੂੰ ਬਚਣ ਦਾ ਰਾਹ ਦਿੱਤਾ ਤੇ ਜਦੋਂ ਵਾਜਪਾਈ ਸਰਕਾਰ ਆਈ ਤਾਂ ਪਦਮ ਸ੍ਰੀ ਦਾ ਸਨਮਾਨ ਦੇ ਕੇ ਸਤਿਕਾਰਿਆ ਗਿਆ ਸੀ। ਰਾਜਸੀ ਮੈਦਾਨ ਤੋਂ ਪਰੇ ਨਿਆਂ ਪਾਲਿਕਾ ਵਿਚ ਹੋਰ ਕਮਾਲ ਹੋ ਗਈ। ਸੁਪਰੀਮ ਕੋਰਟ ਵਿਚ ਇਸ ਦੀ ਸੁਣਵਾਈ ਕਰਨ ਵਾਲੇ ਜੱਜ ਸਾਹਿਬ ਨੇ ਇਹ ਵਿਚਾਰ ਸਾਹਮਣੇ ਰੱਖ ਦਿੱਤਾ ਕਿ ਇਸ ਵਿਚ ਸਿਰਫ ਏਨੀ ਜ਼ਿੰਮੇਵਾਰੀ ਬਣਦੀ ਹੈ, ਜਿੰਨੀ ਸੜਕ ਕੰਢੇ ਖੜੇ ਲੋਕਾਂ ਉਤੇ ਕਿਸੇ ਲਾਪਰਵਾਹ ਡਰਾਈਵਰ ਵੱਲੋਂ ਟਰੱਕ ਚਾੜ੍ਹ ਦੇਣ ਦੀ ਬਣ ਸਕਦੀ ਹੈ। ਇਸ ਨਾਲ ਇਸ ਕੇਸ ਵਿਚ ਇਨਸਾਫ ਦੀ ਆਸ ਵੀ ਜਾਂਦੀ ਰਹੀ। ਜਦੋਂ ਉਹ ਜੱਜ ਨਿਆਂ ਦੀ ਕੁਰਸੀ ਤੋਂ ਉਠਿਆ ਤਾਂ ਉਸ ਬਦਨਾਮ ਹੋ ਚੁੱਕੀ ਗੈਸ ਕੰਪਨੀ ਵੱਲੋਂ ਬਣਾਏ ਚੈਰੀਟੇਬਲ ਟਰੱਸਟ ਦੇ ਹਸਪਤਾਲ ਦਾ ਮੁਖੀ ਜਾ ਬਣਿਆ, ਪਰ ਟਰੱਸਟ ਹੀ ਚੈਰੀਟੇਬਲ ਸੀ, ਮੁਖੀ ਬਣੇ ਸਾਬਕਾ ਜੱਜ ਲਈ ਮੌਜਾਂ ਵਾਲੇ ਭੱਤੇ ਸਨ। ਬਹੁਤ ਜ਼ਿਆਦਾ ਰੌਲਾ ਪੈਣ ਮਗਰੋਂ ਉਸ ਨੂੰ ਉਹ ਚੇਅਰਮੈਨੀ ਛੱਡਣੀ ਪਈ। ਪੰਝੀ ਹਜ਼ਾਰ ਲੋਕਾਂ ਦੀ ਮੌਤ ਨੂੰ ਇੱਕ ਲਾਪਰਵਾਹ ਡਰਾਈਵਰ ਦੇ ਹਾਦਸੇ ਨਾਲ ਤੋਲ ਦੇਣ ਦੇ ਪਿੱਛੇ ਵੀ ਇਹੋ ਸੋਚ ਹੋਵੇਗੀ ਕਿ ਕੇਸ ਵਿਚ ਫਸੇ ਹੋਏ ਲੋਕ ਸਾਹਿਬੇ-ਹੈਸੀਅਤ ਹਨ ਤੇ ਮਰਨ ਵਾਲਿਆਂ ਦੀ ਕੋਈ ਜ਼ਿੰਦਗੀ ਥੋੜ੍ਹੀ ਸੀ, ਉਹ ਤਾਂ ਮਨੁੱਖੀ ਜੂਨ ਹੰਢਾਉਣ ਵੀ ਨਹੀਂ, ਭੁਗਤਣ ਵਾਸਤੇ ਪੈਦਾ ਹੋਏ ਹੋਣਗੇ।

ਇਨਸਾਫ ਦੀ ਦੇਵੀ ਦੇ ਅੱਖਾਂ ਉਤੇ ਪੱਟੀ ਬੱਝੀ ਹੈ, ਉਹ ਆਪ ਨਹੀਂ ਵੇਖ ਸਕਦੀ। ਰਿਆਸਤੀ ਰਾਜ ਦੌਰਾਨ ਪਟਿਆਲੇ ਵਿਚ ਇੱਕ ਜੱਜ ਹੁੰਦਾ ਸੀ। ਉਹ ਅੰਗਰੇਜ਼ੀ ਨਹੀਂ ਸੀ ਜਾਣਦਾ। ਇੱਕ ਵਾਰ ਉਸ ਰਾਜ ਦੇ ਇੱਕ ਜ਼ੋਰਾਵਰ ਨੇ ਇੱਕ ਗਰੀਬ ਦਾ ਕਤਲ ਕਰ ਦਿੱਤਾ। ਜਦੋਂ ਕੇਸ ਬਣਿਆ ਤਾਂ ਪਹੁੰਚ ਵਾਲੇ ਬੰਦੇ ਨੇ ਦਿੱਲੀ ਤੋਂ ਵੱਡਾ ਵਕੀਲ ਲਿਆ ਕੇ ਪੈਰਵੀ ਕਰਾਈ। ਵਕੀਲ ਅੰਗਰੇਜ਼ੀ ਵਿਚ ਤਿੰਨ ਦਿਨ ਕਈ ਕੁਝ ਬੋਲੀ ਗਿਆ। ਜਦੋਂ ਸਾਰੀ ਗੱਲ ਕਹਿ ਚੁੱਕਾ ਤਾਂ ਜੱਜ ਨੇ ਕਿਹਾ: 'ਦੇਖ ਭਾਈ ਸੱਜਣਾ, ਤੂੰ ਹੋਰ ਵੀ ਬੋਲਣਾ ਹੈ ਤਾਂ ਬੋਲ ਲੈ, ਅੰਗਰੇਜ਼ੀ ਦੀ ਸਾਰੀ ਦਲੀਲਬਾਜ਼ੀ ਮੈਨੂੰ ਸਮਝ ਨਹੀਂ ਪਈ, ਪਰ ਉਸ ਪਿੰਡ ਵਿਚ ਜਾ ਕੇ ਮੈਂ ਪਤਾ ਕਰ ਆਇਆ ਹਾਂ ਕਿ ਕਤਲ ਤੇਰੇ ਬੰਦੇ ਨੇ ਕੀਤਾ ਹੈ ਤੇ ਇਸ ਨੂੰ ਛੱਡਣਾ ਮੈਂ ਹੈ ਨਹੀਂ।' ਇਹ ਕਹਾਣੀ ਹਾਈ ਕੋਰਟ ਵਿਚ ਪ੍ਰਸਿੱਧ ਵਕੀਲ ਤੇ ਲੇਖਕ ਗੁਰਨਾਮ ਸਿੰਘ ਤੀਰ ਨੇ ਸਾਨੂੰ ਸੁਣਾਈ ਸੀ। ਜੇ ਇਹ ਕਹਾਣੀ ਹੁਣ ਵੀ ਕਦੇ ਵਾਪਰ ਸਕਦੀ ਤਾਂ ਸ਼ਾਇਦ ਜ਼ਿਆਦਾ ਚੰਗਾ ਹੋਣਾ ਸੀ।

---

<u>*ਅਰਦਾਸ 'ਚ ਤਬਦੀਲੀ*</u>

## ਯੂ.ਏ.ਈ. ਗੁਰਦੁਆਰੇ ਦੇ ਪ੍ਰਧਾਨ ਨੇ ਮੰਗੀ ਮੁਆਫੀ

**ਅੰਮ੍ਰਿਤਸਰ:** ਯੂ.ਏ.ਈ. ਦੇ ਸ਼ਹਿਰ ਅਵੀਰ ਸਥਿਤ ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਆਪਣੇ ਪੱਧਰ ਉਤੇ ਅਰਦਾਸ ਵਿਚ ਕੀਤੇ ਗਏ ਬਦਲਾਅ ਬਾਰੇ ਗੁਰਦੁਆਰੇ ਦੇ ਪ੍ਰਧਾਨ ਸੁਰਜੀਤ ਸਿੰਘ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਇਕ ਪੱਤਰ ਭੇਜ ਕੇ ਮੁਆਫੀ ਮੰਗ ਲਈ ਹੈ। ਇਹ ਮਾਮਲਾ ਇਥੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਿਆ ਗਿਆ। ਇਸ ਬਾਰੇ ਕੋਈ ਵੀ ਫੈਸਲਾ ਸਿੰਘ ਸਾਹਿਬਾਨ ਦੀ ਭਵਿੱਖ ਵਿਚ ਹੋਣ ਵਾਲੀ ਇਕੱਤਰਤਾ ਵਿਚ ਕੀਤਾ ਜਾਵੇਗਾ।

ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸਿੱਖ ਕੌਮ ਵਿਚ ਪੈਦਾ ਹੋਏ ਰੋਹ ਤੋਂ ਬਾਅਦ ਲੰਬੇ ਅਰਸੇ ਬਾਅਦ ਕੀਤੀ ਗਈ ਹੈ। ਅਵੀਰ ਦੇ ਗੁਰਦੁਆਰੇ ਦੇ ਪ੍ਰਧਾਨ ਸੁਰਜੀਤ ਸਿੰਘ ਮਠਾਰੂ ਨੇ ਭੇਜੇ ਪੱਤਰ ਵਿਚ ਮੁਆਫੀ ਮੰਗਦਿਆਂ ਕਿਹਾ ਕਿ ਜਦੋਂ ਅਰਦਾਸ ਵਿਚ ਬਦਲਾਅ ਕੀਤਾ ਗਿਆ, ਤਾਂ ਉਸ ਵੇਲੇ ਉਹ ਦੇਸ਼ ਤੋਂ ਬਾਹਰ ਸਨ, ਪਰ ਜਦੋਂ ਉਹ ਵਾਪਸ ਪਰਤਿਆ ਤੇ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਤੁਰੰਤ ਪਹਿਲਾਂ ਵਾਲੀ ਅਰਦਾਸ ਲਾਗੂ ਕਰਵਾ ਦਿੱਤੀ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਇਹ ਸਮੁੱਚਾ ਮਾਮਲਾ ਸਿੱਖ ਵਿਦਵਾਨਾਂ ਨਾਲ ਵਿਚਾਰਿਆ ਹੈ ਤੇ ਇਸ ਸਬੰਧੀ ਅਗਲਾ ਫੈਸਲਾ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਕੀਤਾ ਜਾਵੇਗਾ।

**SUPER TRAVEL**
847-676-9090, 773-465-5566
*E-mail: supertravel2003@live.com*
**Lowest Fares With Excellent Service**
*United Airlines*
*British Airways*



*Etihad, Air India, KLM, Lufthansa, Delta, Qatar Airlines.*
For Emergency Call anytime at 847-673-3825
*EARLY BIRD SALE!!!!*
Domestic fares available

**Baby Sitter Needed**
**Need a responsible, mature lady to look after a newborn baby and manage the household all seven days a week for a young working couple in Cleveland, Ohio**
**Please call, Ph: 516-752-0444 or 516-317-0146**
ਕਲੀਵਲੈਂਡ, ਓਹਾਇਓ ਰਹਿੰਦੇ ਇਕ ਨੌਜਵਾਨ ਜੋੜੇ ਨੂੰ ਇਕ ਨਵਜਨਮੇ ਬੱਚੇ ਦੀ ਹਫਤੇ ਦੇ ਸੱਤੇ ਦਿਨ ਸੰਭਾਲ ਅਤੇ ਘਰੇਲੂ ਕੰਮ-ਕਾਰ ਕਰਨ ਲਈ ਇਕ ਵਡੇਰੀ ਉਮਰ ਦੀ ਜ਼ਿੰਮੇਵਾਰ ਬੀਬੀ ਦੀ ਲੋੜ ਹੈ।
ਸੰਪਰਕ ਕਰੋ, ਫੋਨ: 516-752-0444
ਜਾਂ 516-317-0146
47-50

**INDIAN BAZAAR**
334 S. Emerson Ave., GREENWOOD, IN 46143
ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਤੇ ਮਿਠਾਈਆਂ ਲਈ ਮਸ਼ਹੂਰ
- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ
*ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।*
*ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ*




**Ph: 317-534-5151, 916-524-0045**

ਪੰਜਾਬ ਟਾਈਮਜ਼

*ਸਨਿਚਰਵਾਰ, 19 ਦਸੰਬਰ 2015*

## ਪੰਜਾਬ ਦੇ ਨੈਣ-ਨਕਸ਼

ਸ਼੍ਰੋਮਣੀ ਅਕਾਲੀ ਦਲ ਦੀਆਂ ਸਦਭਾਵਨਾ ਰੈਲੀਆਂ ਮੁੱਕ ਗਈਆਂ ਹਨ, ਪਰ ਇਸ ਦੇ ਲੀਡਰਾਂ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਜਿਉਂ ਦੀਆਂ ਤਿਉਂ ਕਾਇਮ ਹਨ। ਅਜੇ ਪਹਿਲੇ ਝਟਕਿਆਂ ਤੋਂ ਸੱਤਾਧਾਰੀ ਅਕਾਲੀ ਦਲ ਸੰਭਲਿਆ ਨਹੀਂ ਸੀ ਕਿ ਗੁਰਮੀਤ ਸਿੰਘ ਪਿੰਕੀ ਨੇ ਝੂਠੇ ਪੁਲਿਸ ਮੁਕਾਬਲਿਆਂ ਦੀ ਤਫਸੀਲ ਦੱਸ ਕੇ, ਕੱਲ੍ਹ ਤੱਕ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਦੇ ਖਾਸਮਖਾਸ ਰਹੇ ਪੁਲਿਸ ਅਫਸਰ ਸੁਮੇਧ ਸੈਣੀ ਨੂੰ ਕਟਹਿਰੇ ਵਿਚ ਖੜ੍ਹ ਕਰ ਦਿੱਤਾ ਹੈ। ਇਹ ਉਹੀ ਪੁਲਿਸ ਅਫਸਰ ਹੈ ਜਿਸ ਦੇ ਪੰਜਾਬ ਪੁਲਿਸ ਦਾ ਮੁਖੀ ਬਣਦਿਆਂ ਹੀ ਉਸ ਨੂੰ ਹਟਾਉਣ ਦੀ ਮੰਗ ਮਨੁੱਖੀ ਅਧਿਕਾਰਾਂ ਲਈ ਜੂਝ ਰਹੀਆਂ ਜਥੇਬੰਦੀਆਂ ਅਤੇ ਸੰਸਥਾਵਾਂ ਨੇ ਕੀਤੀ ਸੀ, ਪਰ ਚੜ੍ਹਤ ਦੇ ਦਿਨਾਂ ਵਿਚ ਬਾਦਲਾਂ ਨੇ ਕਿਸੇ ਦੀ ਵੀ ਨਾ ਸੁਣੀ। ਫਿਰ ਜਦੋਂ ਬਾਦਲ, ਸਿਰਸਾ ਡੇਰੇ ਨੂੰ ਮੁਆਫੀ ਅਤੇ ਪਾਵਨ ਬੀੜਾਂ ਦੀ ਬੇਅਦਬੀ ਵਾਲੇ ਮਾਮਲਿਆਂ ਵਿਚ ਬੁਰੀ ਤਰ੍ਹਾਂ ਘਿਰ ਗਏ ਤਾਂ ਕਿਤੇ ਜਾ ਕੇ ਇਸ ਅਫਸਰ ਨੂੰ ਲਾਂਭੇ ਕੀਤਾ ਗਿਆ। ਅਸਲ ਵਿਚ ਜਿਸ ਤਰ੍ਹਾਂ ਗੁਰਮੀਤ ਸਿੰਘ ਪਿੰਕੀ ਨੂੰ ਖਾੜਕੂਆਂ ਨੂੰ ਫੜਾਉਣ ਤੇ ਮਰਵਾਉਣ ਦਾ ਇਨਾਮ ਦੇ ਕੇ ਪੁਲਿਸ ਇੰਸਪੈਕਟਰ ਦੇ ਅਹੁਦੇ ਨਾਲ ਨਿਵਾਜਿਆ ਗਿਆ ਸੀ, ਐਨ ਉਸੇ ਤਰ੍ਹਾਂ ਸੁਮੇਧ ਸੈਣੀ ਨੂੰ ਸੀਨੀਅਰ ਅਫਸਰਾਂ ਦੀ ਅਣਦੇਖੀ ਕਰ ਕੇ ਪੰਜਾਬ ਪੁਲਿਸ ਦੇ ਮੁਖੀ ਦਾ ਅਹੁਦਾ ਬਖਸ਼ਿਆ ਗਿਆ ਸੀ। ਨਿਵਾਜੇ ਜਾਣ ਦੀ ਇਹ ਲੜੀ ਕਦੀ ਟੁੱਟੀ ਨਹੀਂ। ਇਸੇ ਲੜੀ ਵਿਚ ਹੁਣ ਦੋ ਹੋਰ ਨਾਂ ਸਾਹਮਣੇ ਆ ਗਏ ਹਨ। ਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਤੇ ਦੂਜਾ ਹੈ ਸ਼ਿਵ ਲਾਲ ਡੋਡਾ। ਦੋਵੇਂ ਅਕਾਲੀ ਦਲ ਦੇ ਪ੍ਰਧਾਨ ਦੇ ਨੇੜਲਿਆਂ ਵਿਚ ਗਿਣੇ ਜਾਂਦੇ ਹਨ। ਔਰਬਿਟ ਬੱਸ ਕਾਂਡ ਤੋਂ ਬਾਅਦ ਜਦੋਂ ਬਾਦਲਾਂ ਖਿਲਾਫ ਰੋਹ ਦੇ ਭਾਂਬੜ ਉਠੇ ਸਨ ਅਤੇ ਬਾਦਲਾਂ ਦੀਆਂ ਬੱਸਾਂ ਸੜਕਾਂ ਤੋਂ ਲਾਹ ਦਿੱਤੀਆਂ ਗਈਆਂ ਸਨ ਤਾਂ ਉਦੋਂ ਸਭ ਤੋਂ ਵੱਧ ਇਮਦਾਦ ਡਿੰਪੀ ਢਿੱਲੋਂ ਨੇ ਹੀ ਕੀਤੀ ਸੀ। ਉਸ ਦੀ ਬੱਸ ਕੰਪਨੀ ਨਿਊ ਦੀਪ ਬੱਸ ਸਰਵਿਸ ਦੇ ਕਾਰਿੰਦਿਆਂ ਨੇ ਅੰਦੋਲਨ ਦੀ ਅਗਵਾਈ ਕਰ ਰਹੇ ਵਿਦਿਆਰਥੀ ਆਗੂਆਂ ਉਤੇ ਵਧੀਕੀਆਂ ਦੀ ਵਾਛੜ ਕੀਤੀ ਸੀ। ਹੁਣ ਇਸੇ ਬੱਸ ਕੰਪਨੀ ਦੀ ਬੱਸ ਨੇ ਇਕ ਨੰਨ੍ਹੀ ਬੱਚੀ ਦੀ ਜਾਨ ਲੈ ਲਈ ਅਤੇ ਜਦੋਂ ਲੋਕਾਂ ਨੇ ਇਨਸਾਫ ਖਾਤਰ ਧਰਨਾ ਲਾਇਆ ਤਾਂ ਪੁਲਿਸ ਕੁੜੀ ਦੀ ਲਾਸ਼ ਧੂਹ ਕੇ ਲੈ ਗਈ। ਇਸੇ ਤਰ੍ਹਾਂ ਦਾ ਮਾਮਲਾ ਸ਼ਿਵ ਲਾਲ ਡੋਡਾ ਦਾ ਹੈ, ਜਿਸ ਦਾ ਸ਼ਰਾਬ ਦਾ ਕਾਰੋਬਾਰ ਹੈ। ਇਹ ਬੰਦਾ ਪੈਸੇ ਅਤੇ ਪਾਵਰ ਦੇ ਜ਼ੋਰ ਅਕਾਲੀ ਦਲ ਦਾ ਆਗੂ ਬਣਿਆ। ਇਸ ਨੇ 2012 ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਬੋਹਰ ਹਲਕੇ ਤੋਂ ਭਾਜਪਾ ਕੋਲੋਂ ਟਿਕਟ ਮੰਗੀ ਸੀ, ਪਰ ਇਨਕਾਰ ਹੋ ਜਾਣ 'ਤੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ, ਪਰ ਸੁਨੀਲ ਜਾਖੜ ਹੱਥੋਂ ਹਾਰ ਗਿਆ। ਉਦੋਂ ਇਸ ਹਲਕੇ ਵਿਚ ਭਾਜਪਾ ਅਤੇ ਅਕਾਲੀ ਦਲ ਦੇ ਸਾਂਝੇ ਉਮੀਦਵਾਰ ਦੀ ਤਾਂ ਜ਼ਮਾਨਤ ਵੀ ਜ਼ਬਤ ਹੋ ਗਈ ਸੀ। ਇਸ ਤੋਂ ਛੇਤੀ ਹੀ ਬਾਅਦ ਡੋਡਾ ਨੂੰ ਅਕਾਲੀ ਦਲ ਦੇ ਹਲਕਾ ਇੰਚਾਰਜ ਦਾ ਅਹੁਦਾ ਮਿਲ ਗਿਆ ਅਤੇ ਉਸ ਦੀ ਗਿਣਤੀ ਸੁਖਬੀਰ ਦੇ ਨੇੜਲਿਆਂ ਵਿਚ ਹੋਣ ਲੱਗ ਪਈ।

ਇਨ੍ਹਾਂ ਘਟਨਾਵਾਂ ਤੋਂ ਅੱਜ ਦੇ ਪੰਜਾਬ ਦੇ ਸਿਆਸੀ, ਸਮਾਜਕ, ਆਰਥਿਕ ਤੇ ਧਾਰਮਿਕ ਪੱਖ ਉਜਾਗਰ ਹੁੰਦੇ ਹਨ ਅਤੇ ਇਹ ਸੂਹ ਵੀ ਲਗਦੀ ਹੈ ਕਿ 21ਵੀਂ ਸਦੀ ਦੇ ਦੂਜੇ ਦਹਾਕੇ ਵਿਚੋਂ ਲੰਘ ਰਿਹਾ ਪੰਜਾਬ ਕਿਸ ਪਾਸੇ ਜਾ ਰਿਹਾ ਹੈ। ਬਾਦਲਾਂ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਵਿਚ ਸਰਕਾਰ ਚਲਾਉਂਦਿਆਂ ਦਸ ਸਾਲ ਹੋ ਚੱਲੇ ਹਨ। ਇਸ ਸਮੇਂ ਦੌਰਾਨ ਕੋਈ ਦਿਨ-ਮਹੀਨਾ-ਸਾਲ ਅਜਿਹਾ ਨਹੀਂ ਲੰਘਿਆ ਹੋਣਾ ਜਦੋਂ ਸੱਤਾ ਧਿਰ ਦੀਆਂ ਤੱਦੀਆਂ ਜੱਗ-ਜ਼ਾਹਿਰ ਨਾ ਹੋਈਆਂ ਹੋਣ। ਹੋਰ ਤਾਂ ਹੋਰ ਫੈਡਰਲ ਢਾਂਚੇ ਅਤੇ ਸੂਬਿਆਂ ਨੂੰ ਵੱਧ ਅਧਿਕਾਰਾਂ ਦਾ ਮੁੱਦਾ ਉਠਾਉਣ ਦੇ ਦਾਅਵੇ ਕਰਨ ਵਾਲੇ ਬਾਦਲ, ਹਰਿਆਣਾ ਦੇ ਸਿੱਖਾਂ ਨੂੰ ਗੁਰਦੁਆਰਿਆਂ ਦਾ ਪ੍ਰਬੰਧ ਸੌਂਪਣ ਤੋਂ ਵੀ ਇਨਕਾਰੀ ਹੋ ਗਏ। ਸਿਹਤ, ਸਿੱਖਿਆ ਅਤੇ ਹੋਰ ਬੁਨਿਆਦੀ ਮਸਲਿਆਂ ਦੇ ਮਾਮਲੇ ਵਿਚ ਜੋ ਨਿਘਾਰ ਆਇਆ ਹੈ, ਉਸ ਦਾ ਕੋਈ ਹਿਸਾਬ ਹੀ ਨਹੀਂ ਹੈ। ਅਸਲ ਵਿਚ ਲੋਕ ਜੇ ਵਾਰ-ਵਾਰ ਸੜਕਾਂ 'ਤੇ ਉਤਰ ਰਹੇ ਹਨ ਤਾਂ ਇਸ ਦਾ ਇਕ ਹੀ ਕਾਰਨ ਹੈ ਕਿ ਸੱਤਾਧਾਰੀਆਂ ਨੇ ਜਿਹੜਾ ਪ੍ਰਬੰਧ ਉਨ੍ਹਾਂ ਨੂੰ ਦਿੱਤਾ ਹੈ, ਉਸ ਤੋਂ ਉਹ ਅਸੰਤੁਸ਼ਟ ਹਨ। ਲੋਕਾਂ ਦਾ ਇਹੀ ਰੋਹ ਅਤੇ ਰੋਸ ਵਾਰ ਵਾਰ ਵੱਖ ਵੱਖ ਮਸਲਿਆਂ ਵੇਲੇ ਸਾਹਮਣੇ ਆ ਰਿਹਾ ਹੈ। ਇਸ ਦਾ ਪ੍ਰਗਟ ਰੂਪ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਹੀ ਸਾਹਮਣੇ ਆ ਗਿਆ ਸੀ। ਉਸ ਵੇਲੇ ਸੱਤਾਧਾਰੀਆਂ ਕੋਲ ਇਕ ਮੌਕਾ ਵੀ ਸੀ, ਪਰ ਵੋਟ ਸਿਆਸਤ ਦੇ ਗਿੱਝੇ ਹੋਏ ਸਿਆਸਤਦਾਨ ਅਕਸਰ ਇਹੀ ਸੋਚਦੇ ਹਨ ਕਿ ਚੋਣਾਂ ਮੌਕੇ ਲੋਕਾਂ ਨੂੰ ਭੁਚਲਾ ਕੇ ਵੋਟਾਂ ਬਟੋਰੀਆਂ ਜਾ ਸਕਦੀਆਂ ਹਨ। ਪਿਛਲੇ ਸਮਿਆਂ ਦੌਰਾਨ ਅਜਿਹਾ ਹੁੰਦਾ ਵੀ ਰਿਹਾ ਹੈ, ਪਰ ਹੁਣ ਪੰਜਾਬ ਉਹ ਦੌਰ ਪਾਰ ਕਰ ਆਇਆ ਹੈ ਅਤੇ ਇਸ ਦਾ ਪਹਿਲਾ ਸੁਨੇਹਾ ਬਾਦਲਾਂ ਨੂੰ ਮਿਲਿਆ ਹੈ। ਉਂਜ, ਹੁਣ ਮਸਲਾ ਤਾਂ ਇਹ ਹੈ ਕਿ ਇਨ੍ਹਾਂ ਸੱਤਾਧਾਰੀਆਂ ਦੀ ਥਾਂ ਲਵੇਗਾ ਕੌਣ! ਪੰਜਾਬ ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਭਾਵੇਂ ਬਠਿੰਡਾ ਵਾਲੀ ਇਕੋ ਹੀ ਰੈਲੀ ਨਾਲ ਸੱਤਾਧਾਰੀਆਂ ਦੀਆਂ 'ਸਦਭਾਵਨਾ ਰੈਲੀਆਂ' ਦਾ ਤਕੜਾ ਤੋੜ ਪੇਸ਼ ਕਰ ਦਿੱਤਾ ਹੈ, ਪਰ ਉਨ੍ਹਾਂ ਦੇ ਆਲੇ-ਦੁਆਲੇ ਉਹੀ ਚਿਹਰੇ ਇਕ ਵਾਰ ਫਿਰ ਦਿਸਣੇ ਸ਼ੁਰੂ ਹੋ ਗਏ ਹਨ ਜਿਨ੍ਹਾਂ ਨੇ ਪਹਿਲਾਂ ਕੈਪਟਨ ਦੀਆਂ ਬੇੜੀਆਂ ਵਿਚ ਵੱਟੇ ਪਾਏ ਸਨ। ਆਮ ਆਦਮੀ ਪਾਰਟੀ (ਆਪ) ਤੋਂ ਆਸ ਲਾਈ ਬੈਠੇ ਲੋਕ ਇਸ ਪਾਰਟੀ ਅਤੇ ਇਸ ਦੇ ਆਗੂਆਂ ਦੀ ਆਪੋ-ਧਾਪੀ ਬਾਰੇ ਸੋਚਣ ਲਈ ਮਜਬੂਰ ਹੋ ਗਏ ਹਨ। ਗਰਮਖਿਆਲ ਧਿਰਾਂ ਇਕ ਵਾਰ ਫਿਰ ਵੱਡਾ ਮੌਕਾ ਮਿਲਣ ਦੇ ਬਾਵਜੂਦ ਸਿਆਸੀ ਪਿੜ ਵਿਚ ਠੁੱਕ ਬੰਨ੍ਹਣ ਵਿਚ ਨਾਕਾਮ ਰਹੀਆਂ ਹਨ। ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਰੜਕਣੋਂ ਹੀ ਹਟ ਗਈ ਹੈ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸਦਾ ਆਪਣੀ ਹੀ ਸਿਆਸਤ ਰਹੀ ਹੈ ਅਤੇ ਵੱਖ-ਵੱਖ ਖੱਬੀਆਂ ਧਿਰਾਂ ਦੀ ਸਿਆਸਤ ਨੂੰ ਚਿਰਾਂ ਦਾ ਸਲ੍ਹਾਬਾ ਚੜ੍ਹਿਆ ਹੋਇਆ ਹੈ। ਜ਼ਾਹਿਰ ਹੈ ਕਿ ਪੰਜਾਬ ਫਿਲਹਾਲ ਟੁਣਕਵੀਂ ਅਗਵਾਈ ਨੂੰ ਉਡੀਕ ਰਿਹਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *'ਕੈਟ' ਦੀਆਂ ਨਸ਼ਤਰਾਂ*

ਸੁਣੀ ਨਹੀਂ ਅਪੀਲ-ਦਲੀਲ ਕੋਈ, ਵਾਂਗ ਜਮਾਂ ਦੇ ਮੁੰਡਿਆਂ ਨੂੰ ਕੁੱਟਦੇ ਰਹੇ।
ਪਤਾ ਹੁੰਦਿਆਂ ਬੇ-ਪਛਾਣ ਕਹਿ ਕੇ, ਨਹਿਰਾਂ ਅਤੇ ਦਰਿਆਵਾਂ ਵਿਚ ਸੁੱਟਦੇ ਰਹੇ।
ਫੜ-ਫੜ ਮਾਰਦੇ ਰਹੇ ਬੇਦੋਸ਼ਿਆਂ ਨੂੰ, ਧੀਆਂ-ਭੈਣਾਂ ਦੀਆਂ ਇੱਜ਼ਤਾਂ ਲੁੱਟਦੇ ਰਹੇ।
'ਸਜ਼ਾ ਦਿਆਂਗੇ' ਆਖ ਕੇ ਆਏ 'ਨੀਲੇ', ਉਹ ਵੀ ਜ਼ਖਮਾਂ 'ਤੇ ਲੂਣ ਹੀ ਭੁੱਕਦੇ ਰਹੇ।
ਹਰ ਦੌਰ ਵਿਚ ਸਿੱਖਾਂ ਦਾ ਖੂਨ ਪੀ ਕੇ, ਹਾਲੇ ਤੱਕ ਵੀ ਜੋਕਾਂ ਨਾ ਰੱਜੀਆਂ ਨੇ।
ਸੁਣ ਕੇ ਦਾਸਤਾਂ ਜ਼ੁਲਮ ਦੀ 'ਕੈਟ' ਮੂੰਹੋਂ, ਰਿਸਦੇ ਜ਼ਖਮਾਂ ਵਿਚ ਨਸ਼ਤਰਾਂ ਵੱਜੀਆਂ ਨੇ।

# ਪਿੰਕੀ, ਕਤਲੋਗਾਰਤ ਅਤੇ ਸੜਕ ਹਾਦਸਿਆਂ ਦੀ ਸਿਆਸਤ

ਪੰਜਾਬ ਵਿਚ ਸੜਕ ਹਾਦਸਿਆਂ ਦੀਆਂ ਖ਼ਬਰਾਂ ਰੋਜ਼ ਅਖਬਾਰਾਂ ਦੇ ਪਹਿਲੇ ਪੰਨੇ ਉਤੇ ਛਪਦੀਆਂ ਹਨ। ਇਨ੍ਹਾਂ ਹਾਦਸਿਆਂ ਦੇ ਸੇਕ ਤੋਂ ਸ਼ਾਇਦ ਹੀ ਕੋਈ ਪੰਜਾਬੀ ਘਰ ਬਚਿਆ ਹੋਵੇ। ਪੰਜਾਬੀਆਂ ਨੇ ਆਪਣੇ ਸਕੇ-ਸਨੇਹੀਆਂ ਅਤੇ ਦੋਸਤਾਂ-ਮਿੱਤਰਾਂ ਦੀਆਂ ਬੇਵਕਤ ਮੌਤਾਂ ਅਤੇ ਜ਼ਖ਼ਮੀਆਂ ਦੀ ਮਾਰ ਹੇਠ ਰਹਿੰਦੀ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਹੋਈ ਜਵਾਨੀ ਦਾ ਭਾਰ ਆਪਣੇ ਮੋਢਿਆਂ ਉਤੇ ਢੋਇਆ ਹੈ। ਸੜਕ ਹਾਦਸਿਆਂ ਬਾਬਤ ਹੋਈ ਚਰਚਾ ਨਾਲ ਇਹ ਸਾਬਤ ਹੋ ਚੁੱਕਿਆ ਹੈ ਕਿ ਪੰਜਾਬ ਦੀ ਸੜਕਾਂ ਉਤੇ ਹਾਦਸੇ ਨਹੀਂ ਵਾਪਰਦੇ, ਸਗੋਂ ਕਤਲ ਹੁੰਦੇ ਹਨ। ਜੇ ਸੂਬਾ ਸਰਕਾਰ ਸੜਕ ਹਾਦਸਿਆਂ ਨੂੰ ਠੱਲ੍ਹਣ ਵਿਚ ਨਾਕਾਮ ਰਹੀ ਹੈ, ਜਾਂ ਜੇ ਇਸ ਦੇ ਉਪਰਾਲੇ ਅਕਾਰਥ ਸਾਬਤ ਹੋਏ ਹਨ ਤਾਂ ਇਹ ਜਾਨਾਂ ਨਾਕਸ ਸਰਕਾਰੀ ਤੰਤਰ ਦੀ ਭੇਟ ਚੜ੍ਹੀਆਂ ਹਨ। ਮੌਜੂਦਾ ਦੌਰ ਵਿਚ ਸਮਾਜ ਸ਼ਾਸਤਰ ਸਾਬਤ ਕਰਦਾ ਹੈ ਕਿ ਸਰਕਾਰੀ ਅਣਗਹਿਲੀ ਜਾਂ ਬਦਇੰਤਜ਼ਾਮੀ ਨਾਲ ਹੋਏ ਜਾਨੀ-ਮਾਲੀ ਨੁਕਸਾਨ ਦਾ ਫ਼ੌਰੀ ਕਾਰਨ ਕੁਝ ਵੀ ਹੋਵੇ, ਪਰ ਇਸ ਦੀ ਸਿਆਸਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਦੋਂ ਇਹ ਦਲੀਲ ਹੜ੍ਹਾਂ,



**ਦਲਜੀਤ ਅਮੀ**
**ਫੋਨ: +91-97811-21873**

ਤੂਫਾਨਾਂ ਅਤੇ ਭੂਚਾਲਾਂ ਵਰਗੇ ਕੁਦਰਤੀ ਰੁਝਾਨਾਂ ਬਾਬਤ ਪੇਸ਼ ਕੀਤੇ ਜਾਣ ਦਾ ਵਿਗਿਆਨ ਪੱਖ ਸਾਹਮਣੇ ਹੈ ਤਾਂ ਸੜਕ ਹਾਦਸਿਆਂ ਨੂੰ ਬਾਹਰ ਕਿਵੇਂ ਰੱਖਿਆ ਜਾ ਸਕਦਾ ਹੈ?

ਕੁਦਰਤੀ ਰੁਝਾਨਾਂ ਦੇ ਨਤੀਜੇ ਵਜੋਂ ਹੋਏ ਜਾਨੀ-ਮਾਲੀ ਨੁਕਸਾਨ ਬਾਬਤ ਪੜਚੋਲ ਵਿਚ ਇਹ ਤੱਥ ਅਹਿਮ ਰਹਿੰਦੇ ਹਨ ਕਿ ਪੇਸ਼ਬੰਦੀਆਂ ਕਿਸ ਤਰ੍ਹਾਂ ਦੀਆਂ ਸਨ; ਅਗਾਊਂ ਜਾਣਕਾਰੀ ਨਸ਼ਰ ਕਰਨ ਦਾ ਕੀ ਇੰਤਜ਼ਾਮ ਸੀ; ਰਾਹਤ ਕਾਰਜਾਂ ਲਈ ਲੋੜੀਂਦੇ ਬੰਦੋਬਸਤ ਕਿੰਨੇ ਪੁਖ਼ਤਾ ਸਨ। ਇਸੇ ਤਰ੍ਹਾਂ ਜੇ ਸੜਕ ਹਾਦਸੇ ਲਗਾਤਾਰ ਹੋ ਰਹੇ ਹਨ ਤਾਂ ਉਨ੍ਹਾਂ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਨਾ ਹੀ ਤਾਂ ਸਰਕਾਰ ਅਤੇ ਇੰਤਜ਼ਾਮੀਆ ਦਾ ਕੰਮ ਹੈ। ਜੇ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਅਤੇ ਲੋੜੀਂਦੀਆਂ ਪਹਿਲਕਦਮੀਆਂ ਕਰਨ ਵਿਚ ਸਰਕਾਰ ਅਤੇ ਇੰਤਜ਼ਾਮੀਆਂ ਨਾਕਾਮਯਾਬ ਰਹਿੰਦਾ ਹੈ ਤਾਂ ਕਸੂਰਵਾਰ ਦੀ ਨਿਸ਼ਾਨਦੇਹੀ ਤਾਂ ਸਾਫ਼ ਹੈ। ਹੁਣ ਸੁਆਲ ਤਾਂ ਸਿਰਫ਼ ਜੁਆਬਦੇਹੀ ਅਤੇ ਜੁਆਬਤਲਬੀ ਦਾ ਹੈ।

ਚੰਨੂ ਪਿੰਡ ਵਿਚ ਅੱਠਵੀਂ ਜਮਾਤ ਦੀ ਵਿਦਿਆਰਥਣ ਸੜਕ ਹੇਠ ਆ ਕੇ ਮਾਰੀ ਗਈ ਹੈ। ਸੜਕ ਉਤੇ ਹਾਦਸਿਆਂ ਵਿਚ ਜਾਨੀ-ਮਾਲੀ ਨੁਕਸਾਨ ਹੋ ਸਕਦਾ ਹੈ ਅਤੇ ਹੋ ਰਿਹਾ ਹੈ। ਇਸ ਹਾਦਸੇ ਨਾਲ ਜੁੜੇ ਕੁਝ ਤੱਥ ਅਹਿਮ ਹੈ। ਇਹ ਬੱਸ ਦੇ ਮਾਲਕ ਦਾ ਨਾਮ ਹਰਦੀਪ ਸਿੰਘ ਡਿੰਪੀ ਢਿੱਲੋਂ ਹੈ ਜੋ ਸ਼੍ਰੋਮਣੀ ਅਕਾਲੀ ਦਲ ਦਾ ਆਗੂ ਹੋਣ ਦੇ ਨਾਲ-ਨਾਲ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕਰੀਬੀਆਂ ਵਿਚ ਮੰਨਿਆ ਜਾਂਦਾ ਹੈ। ਉਹ ਗਿੱਦੜਬਾਹਾ ਦੇ ਹਲਕਾ ਇੰਚਾਰਜ ਹੋਣ ਦੇ ਨਾਲ-ਨਾਲ ਸ੍ਰੀ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਹਨ। ਨਿਊ ਦੀਪ ਕੰਪਨੀ ਉਨ੍ਹਾਂ ਦੀਆਂ ਬੱਸਾਂ ਦਾ ਕਾਰੋਬਾਰ ਹੈ। ਮੋਗੇ ਵਿਚ ਔਰਬਿਟ ਬੱਸ ਵਿਚ ਹੋਏ ਕਤਲ ਤੋਂ ਬਾਅਦ ਨਿਊ ਦੀਪ ਕੰਪਨੀ ਦੀਆਂ ਬੱਸਾਂ ਦੇ ਕਰਿੰਦੇ ਹੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਵਿਦਿਆਰਥੀਆਂ ਨਾਲ ਟਕਰਾਅ ਵਿਚ ਆਏ ਸਨ। ਉਸੇ ਦੌਰਾਨ ਪੰਜ ਮਈ ਨੂੰ 29 ਵਿਦਿਆਰਥੀਆਂ ਉਤੇ ਇਰਾਦਾ ਕਤਲ ਦੇ ਪਰਚੇ ਦਰਜ ਹੋਏ ਸਨ। ਜਦੋਂ ਸਮੂਹ ਸਿਆਸੀ ਪਾਰਟੀਆਂ ਸੜਕਾਂ ਉਤੇ ਮੁਜ਼ਾਹਰੇ ਕਰ ਰਹੀਆਂ ਸਨ ਤਾਂ ਜੁਆਬੀ ਬਿਆਨ ਹਰਦੀਪ ਢਿੱਲੋਂ ਦੇ ਰਹੇ ਸਨ। ਉਨ੍ਹਾਂ ਬਿਆਨਾਂ ਵਿਚ ਨਿਖੇੜਾ ਕਰਨਾ ਔਖਾ ਸੀ ਕਿ ਇਹ ਬਿਆਨ ਸਰਕਾਰੀ ਹਨ ਜਾਂ ਕਾਰੋਬਾਰੀ। ਇਹ ਡਿਪਟੀ ਮੁੱਖ ਮੰਤਰੀ ਦੀ ਨੇੜਤਾ ਵਿਚੋਂ ਉਪਜੇ ਹਨ ਜਾਂ ਔਰਬਿਟ ਬੱਸ ਦੇ ਮਾਲਕ ਸੁਖਬੀਰ ਸਿੰਘ ਬਾਦਲ ਦੀ ਨੇੜਤਾ ਵਿਚੋਂ ਉਪਜੇ ਸਨ। ਹਰਦੀਪ ਢਿੱਲੋਂ ਦੀ ਵੈੱਬਸਾਈਟ ਤੋਂ ਸੁਖਬੀਰ ਸਿੰਘ ਬਾਦਲ ਨਾਲ ਉਨ੍ਹਾਂ ਦੀ ਨੇੜਤਾ ਦਾ ਅੰਦਾਜ਼ਾ ਹੁੰਦਾ ਹੈ। ਉਸੇ ਦੌਰਾਨ ਮੁਕਤਸਰ ਜ਼ਿਲ੍ਹੇ ਵਿਚ ਦੋ ਨਾਬਾਲਗ਼ ਕੁੜੀਆਂ ਨਾਲ ਛੇੜਛਾੜ ਦਾ ਮਾਮਲਾ ਪੁਲਿਸ ਨੇ ਦਰਜ ਕੀਤਾ ਸੀ। ਇਸ ਪਰਚੇ ਖ਼ਿਲਾਫ਼ 'ਪੰਜਾਬ ਮੋਟਰ ਯੂਨੀਅਨ' ਨੇ 15 ਮਈ ਨੂੰ ਹੜਤਾਲ ਕੀਤੀ ਸੀ ਜਿਸ ਦੀ ਸਰਕਾਰੀ ਸਰਪ੍ਰਸਤੀ ਦੀ ਖ਼ਬਰਾਂ ਅਖ਼ਬਾਰਾਂ ਵਿਚ ਛਪੀਆਂ ਸਨ। ਪ੍ਰਾਈਵੇਟ ਬੱਸਾਂ ਦੀ ਇਸ ਹੜਤਾਲ ਬਾਬਤ ਹਰਦੀਪ ਢਿੱਲੋਂ ਦਾ ਇਹ ਬਿਆਨ ਛਪਿਆ ਸੀ, "ਬੱਸਾਂ ਦੇ ਡਰਾਈਵਰਾਂ ਅਤੇ ਕੰਡਕਟਰਾਂ ਖ਼ਿਲਾਫ਼ ਛੇੜਛਾੜ ਜਾਂ ਬਦਸਲੂਕੀ ਦਾ ਪਰਚਾ ਦਰਜ ਤੋਂ ਪਹਿਲਾਂ ਜਾਂਚ ਹੋਣੀ ਚਾਹੀਦੀ ਹੈ। ਇਹ ਭਰੋਸਾ ਅਸੀਂ ਸਰਕਾਰ ਤੋਂ ਚਾਹੁੰਦੇ ਹਾਂ।"

ਚੰਨੂ ਵਿਚ ਸੜਕ ਹੇਠ ਆ ਕੇ ਮਾਰੀ ਗਈ ਕੁੜੀ ਦੀ ਲਾਸ਼ ਨੂੰ ਕਬਜ਼ੇ ਵਿਚ ਲੈਣ ਪੁਲਿਸ ਨੇ ਕਾਰਵਾਈ ਕੀਤੀ। ਅਖ਼ਬਾਰਾਂ ਵਿਚ ਛਪੇ ਮੌਕੇ ਦੇ ਗਵਾਹਾਂ ਮੁਤਾਬਕ ਪੁਲਿਸ ਨੇ ਆਪ ਬਿਜਲੀ ਬੰਦ ਕਰਵਾ ਕੇ ਹਮਲਾ ਕੀਤਾ ਅਤੇ ਅੰਨ੍ਹੇਵਾਹ ਗੋਲੀ ਚਲਾਈ। ਗੋਲੀਆਂ ਦੇ ਖਾਲੀ ਖੋਖਿਆਂ ਦੀ ਤਸਵੀਰਾਂ ਅਖ਼ਬਾਰਾਂ ਅਤੇ ਇੰਟਰਨੈੱਟ ਉਤੇ ਛਪੀਆਂ ਹਨ। ਇਸ ਤੋਂ ਬਾਅਦ ਪੁਲਿਸ ਨੇ ਲਾਸ਼ ਨੂੰ ਕੁੜੀ ਤੋਂ ਦਾਦੇ ਤੋਂ ਖੋਹਿਆ ਅਤੇ ਇਸ ਨੂੰ ਦੋ ਸੌ ਮੀਟਰ ਤੱਕ ਧੂਹ ਕੇ ਲੈ ਗਏ। ਇਸ ਤਰ੍ਹਾਂ ਧੂਹ ਨੇ ਲਿਜਾਣ ਨਾਲ ਸੜਕ ਉਤੇ ਪਏ ਖ਼ੂਨ ਦੇ ਦਾਗ਼ ਦੀਆਂ ਖ਼ਬਰਾਂ ਅਖ਼ਬਾਰਾਂ ਨੇ ਛਾਪੀਆਂ ਹਨ। ਖ਼ਬਰਾਂ ਇਹ ਵੀ ਛਪੀਆਂ ਹਨ ਕਿ ਕੁੜੀ ਦੇ ਪਰਿਵਾਰ ਨਾਲ ਬੱਸ ਵਾਲਿਆਂ ਦਾ ਦਸ ਲੱਖ ਰੁਪਏ ਵਿਚ ਸਮਝੌਤਾ ਹੋਇਆ ਹੈ। ਇਸ ਵੇਲੇ ਮੁਕਤਸਰ ਦਾ ਵਾਧੂ ਕਾਰਜ-ਭਾਰ ਵੇਖ ਰਹੇ ਬਠਿੰਡੇ ਦੇ ਡਿਪਟੀ ਕਮਿਸ਼ਨਰ ਬਸੰਤ ਗਰਗ ਨੇ ਬਿਆਨ ਦਿੱਤਾ ਹੈ ਕਿ ਵਿੱਤੀ ਮੁਆਵਜ਼ੇ ਲਈ ਮਾਮਲਾ ਸਰਕਾਰ ਨੂੰ ਭੇਜ ਦਿੱਤਾ ਗਿਆ ਹੈ ਜੋ ਢੁਕਵੀਂ ਨੀਤੀ ਤਹਿਤ ਕਾਰਵਾਈ ਕਰੇਗੀ।

ਇਨ੍ਹਾਂ ਸਾਰੇ ਤੱਥਾਂ ਵਿਚੋਂ ਇੱਕ ਤਰਤੀਬ ਉਭਰਦੀ ਹੈ। ਹਲਕਾ ਇੰਚਾਰਜ ਦੀ ਬੱਸ ਨਾਲ ਜੁੜੇ ਮਾਮਲੇ ਵਿਚ ਪੁਲਿਸ ਰਾਤ ਨੂੰ ਗ਼ੈਰ-ਕਾਨੂੰਨੀ ਕਾਰਵਾਈ ਕਰਦੀ ਹੈ ਅਤੇ ਡਿਪਟੀ ਕਮਿਸ਼ਨਰ ਮੁਆਵਜ਼ੇ ਬਾਬਤ ਬਿਆਨ ਦਿੰਦਾ ਹੈ। ਮਕਤੂਲਾ ਦੇ ਪਰਿਵਾਰ ਨਾਲ ਪ੍ਰਾਈਵੇਟ ਬੱਸ ਵਾਲਿਆਂ ਦਾ ਸਮਝੌਤਾ ਚਰਚਾ ਵਿਚ ਆਉਂਦਾ ਹੈ। ਇਸ ਸਮੁੱਚੇ ਮਾਮਲੇ ਵਿਚ ਸਰਕਾਰ, ਹੁਕਮਰਾਨ ਸਿਆਸੀ ਪਾਰਟੀ, ਬੱਸ ਮਾਲਕ, ਪ੍ਰਸ਼ਾਸਨ ਅਤੇ ਪੁਲਿਸ ਇੱਕ ਧਿਰ ਬਣ ਕੇ ਉਭਰਦੇ ਹਨ। ਹਲਕਾ ਇੰਚਾਰਜ ਦੀ ਸਰਕਾਰੀ ਅਤੇ ਪ੍ਰਸ਼ਾਸਨ ਦੇ ਕੰਮਾਂ ਵਿਚ ਦਖ਼ਲਅੰਦਾਜ਼ੀ ਜੱਗ-ਜ਼ਾਹਿਰ ਹੈ। ਇਹ ਗ਼ੈਰ-ਕਾਨੂੰਨੀ ਦਖ਼ਲਅੰਦਾਜ਼ੀ ਹੈ ਜੋ ਸਰਕਾਰੀ ਸਰਪ੍ਰਸਤੀ ਵਿਚ ਹੁੰਦੀ ਹੈ। ਪੁਲਿਸ ਪ੍ਰਸ਼ਾਸਨ ਇਸ ਦਖ਼ਲਅੰਦਾਜ਼ੀ ਨੂੰ ਪ੍ਰਵਾਨ ਕਰਦਾ ਹੈ ਅਤੇ ਇਸ ਨੂੰ ਆਵਾਮ ਉਤੇ ਲਾਗੂ ਕਰਦਾ ਹੈ। ਨਤੀਜੇ ਵਜੋਂ ਪੁਲਿਸ ਅਤੇ ਸਿਆਸੀ ਆਗੂਆਂ ਦੀ ਯੂਥ ਬ੍ਰਿਗੇਡ ਜਾਂ ਕਾਰੋਬਾਰੀਆਂ ਦੇ ਲੱਠਮਾਰਾਂ ਵਿਚ ਵਰਦੀ ਤੋਂ ਬਿਨਾਂ ਕੋਈ ਹੋਰ ਨਿਖੇੜਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

ਇਸ ਰੁਝਾਨ ਦੀ ਇਤਿਹਾਸਕ ਕੜੀ ਦੀ ਗਵਾਹੀ ਪਿਛਲੇ ਦਿਨਾਂ ਵਿਚ ਗੁਰਮੀਤ ਸਿੰਘ ਪਿੰਕੀ ਨੇ ਦਿੱਤੀ ਹੈ। ਪਿੰਕੀ ਦੀ ਗਵਾਹੀ ਸਾਫ਼ ਦਰਸਾਉਂਦੀ ਹੈ ਕਿ ਨਿਜ਼ਾਮ ਦੀ ਸਰਪ੍ਰਸਤੀ ਵਿਚ ਕਿਸ ਤਰ੍ਹਾਂ ਪੁਲਿਸ ਅਫ਼ਸਰ ਆਪਣੇ ਬੇਵਰਦੀ ਅਤੇ ਬਾਵਰਦੀ ਗਰੋਹ ਪਾਲਦੇ ਹਨ। ਪੁਲਿਸ ਦੇ ਮੁਖ਼ਬਰਾਂ ਅਤੇ ਆਰਜ਼ੀ ਮੁਲਾਜ਼ਮਾਂ ਤੋਂ ਲੈ ਕੇ ਕੱਚੀਆਂ ਤਰੱਕੀਆਂ ਅਤੇ ਲੁੱਟਾਂ-ਖੋਹਾਂ ਦੇ ਮਾਮਲੇ ਆਪਸ ਵਿਚ ਜੁੜੇ ਨਜ਼ਰ ਆਉਂਦੇ ਹਨ। ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਦਾ ਮੰਨਣਾ ਹੈ ਕਿ ਪੁਲਿਸ ਅੰਦਰ ਸਰਕਾਰੀ ਦਖ਼ਲਅੰਦਾਜ਼ੀ ਥਾਣੇਦਾਰਾਂ ਤੋਂ ਲੈ ਕੇ ਪੁਲਿਸ ਦੇ ਮੁਖੀ ਤੱਕ ਦੇ ਅਹੁਦੇ ਅਤੇ ਤਰੱਕੀਆਂ ਦਾ ਫ਼ੈਸਲਾ ਕਰਦੀ ਹੈ। ਇਸੇ ਕੜੀ ਵਿਚ ਹਲਕਾ ਇੰਚਾਰਜ ਆਉਂਦਾ ਹੈ। ਇਹ ਅਹੁਦਾ ਹੁਕਮਰਾਨ ਧਿਰ ਦੇ ਵਿਧਾਇਕਾਂ, ਹਾਰੇ ਹੋਏ ਉਮੀਦਵਾਰਾਂ ਅਤੇ ਸਿਆਸੀ ਵਫ਼ਾਦਾਰਾਂ ਨੂੰ ਦਿੱਤਾ ਜਾਂਦਾ ਹੈ। ਚੰਡੀਗੜ੍ਹ ਦੇ ਸਕੱਤਰੇਤ ਵਿਚ ਮੰਤਰੀਆਂ ਨੂੰ ਮਿਲਣ ਲਈ ਇਨ੍ਹਾਂ ਦੀ ਪਰਚੀ ਦਰਵਾਜ਼ਾ ਖੁਲ੍ਹਵਾਉਣ ਦਾ ਕੰਮ ਕਰਦੀ ਹੈ। ਇਸ ਤੋਂ ਪਹਿਲਾਂ ਥਾਣਿਆਂ ਦੀ ਹੱਦਬੰਦੀ ਨੂੰ ਵਿਧਾਨ ਸਭਾ ਹਲਕਿਆਂ ਦੀਆਂ ਹੱਦਾਂ ਮੁਤਾਬਕ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਯੋਜਨਾ ਬੋਰਡ ਦੀ ਚੇਅਰਮੈਨੀ ਇਸੇ ਕੜੀ ਦਾ ਹਿੱਸਾ ਹੈ। ਪੰਚਾਇਤਾਂ, ਬਲਾਕ ਸਮਿਤੀਆਂ, ਜ਼ਿਲ੍ਹਾ ਸਮਿਤੀਆਂ, ਮਿਉਂਸਪਲ ਕਮੇਟੀਆਂ, ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੇ ਹੁੰਦਿਆਂ ਇਹ ਹੁਕਮਰਾਨ ਧਿਰ ਦੇ ਨੁਮਾਇੰਦੇ ਸਿਆਸੀ ਦਖ਼ਲਅੰਦਾਜ਼ੀ ਅਤੇ ਸਰਕਾਰੀ ਖ਼ਜ਼ਾਨੇ ਵਿਚੋਂ ਤਨਖ਼ਾਹਾਂ ਲੈਣ ਤੋਂ ਬਿਨਾਂ ਕੀ ਕਰਦੇ ਹਨ? ਜੋ ਕੰਮ ਹਲਕਾ ਇੰਚਾਰਜ ਸਰਕਾਰੀ ਖ਼ਜ਼ਾਨੇ ਵਿਚੋਂ ਤਨਖ਼ਾਹ ਲਏ ਤੋਂ ਬਿਨਾਂ ਕਰਦਾ ਹੈ, ਉਹੀ ਕੰਮ ਜ਼ਿਲ੍ਹਾ ਯੋਜਨਾ ਬੋਰਡ ਦਾ ਚੇਅਰਮੈਨ ਸਰਕਾਰੀ ਤਨਖ਼ਾਹ ਅਤੇ ਅਮਲੇ-ਫ਼ੈਲੇ ਦੇ ਨਾਲ-ਨਾਲ ਦਫ਼ਤਰ ਦੀ (ਦੁਰ)ਵਰਤੋਂ ਨਾਲ ਕਰਦੇ ਹਨ।

ਇਨ੍ਹਾਂ ਹਾਲਾਤ ਵਿਚ ਸੜਕ ਹਾਦਸਿਆਂ ਦੀਆਂ ਕੜੀਆਂ ਸਿਆਸਤ ਅਤੇ ਸਮਾਜ ਵਿਚ ਬੇਮੁਹਾਰ ਕੀਤੇ ਗਏ ਆਪ-ਹੁਦਰੇਪਣ ਨਾਲ ਜੁੜਦੀਆਂ ਹਨ। ਇਹ ਸੜਕ ਹਾਦਸੇ ਸਿਆਸੀ ਕਤਲ ਹਨ। ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਸ਼ਰਾਬੀਆਂ ਅਤੇ ਭੀੜ ਨਾਲ ਜੁੜੇ ਸੜਕ ਹਾਦਸੇ ਸਿਆਸਤ ਨਾਲ ਕਿਵੇਂ ਜੁੜਦੇ ਹਨ? ਦਰਅਸਲ ਦੋਵੇਂ ਤਰ੍ਹਾਂ ਦੇ ਹਾਦਸਿਆਂ ਲਈ ਸਰਕਾਰ ਜ਼ਿੰਮੇਵਾਰ ਹੈ। ਇੱਕ ਪਾਸੇ ਸਰਕਾਰੀ ਸਰਪ੍ਰਸਤੀ ਹੇਠੀ ਫੈਲੀ ਬੁਰਛਾਗਰਦੀ ਹੈ ਅਤੇ ਦੂਜੇ ਪਾਸੇ ਕਾਨੂੰਨ ਲਾਗੂ ਕਰਨ ਵਿਚ ਸਰਕਾਰ ਦੀ ਨਾਕਾਮੀ ਹੈ। ਆਖ਼ਰ ਹਲਕਾ ਇੰਚਾਰਜਾਂ ਨੂੰ ਖੁੱਲ੍ਹਾਂ ਦੇ ਕੇ ਸਰਕਾਰ ਬਾਕੀ ਆਵਾਮ ਉਤੇ ਕਾਨੂੰਨ ਲਾਗੂ ਕਰਨ ਦਾ ਨੈਤਿਕ ਬਲ ਅਤੇ ਇੱਛਾ ਖੋ ਦਿੰਦੀ ਹੈ।

ਹੁਣ ਇਸ ਮਾਮਲੇ ਦੀਆਂ ਵਿਉਂਤ ਵਜੋਂ ਪਰਤਾਂ ਖੋਲ੍ਹਣੀਆਂ ਜ਼ਰੂਰੀ ਹਨ। ਜੋ ਵਿਉਂਤ ਗੁਰਮੀਤ ਸਿੰਘ ਪਿੰਕੀ ਦੇ ਹਵਾਲੇ ਨਾਲ ਉਘੜ ਕੇ ਸਾਹਮਣੇ ਆਉਂਦੀ ਹੈ, ਉਸ ਦਾ ਦੂਜਾ ਪੱਖ ਹਲਕਾ ਇੰਚਾਰਜਾਂ ਦੇ ਅਹੁਦਿਆਂ ਵਿਚ ਨਜ਼ਰ ਆਉਂਦਾ ਹੈ। ਪਿੰਕੀ ਵਰਗਿਆਂ ਨੇ ਮੁਖ਼ਬਰੀਆਂ ਕੀਤੀਆਂ, ਕਤਲਾਂ ਦੇ ਭਾਈਵਾਲ ਬਣੇ, ਕਾਤਲ ਬਣੇ ਅਤੇ ਕੁਝ ਮੁੜ ਕੇ ਉਸੇ ਆਦਮਖ਼ੋਰੇ ਨਿਜ਼ਾਮ ਦੀਆਂ ਲਾਸ਼ਾਂ ਵਿਚ ਹਿੰਦਸਾ ਬਣ ਗਏ। ਕੁਝ ਦੀਆਂ ਵਫ਼ਾਦਾਰੀਆਂ ਨਾਲ ਉਨ੍ਹਾਂ ਨੂੰ ਬੇਵਰਦੀ ਤੋਂ ਬਾਵਰਦੀ ਹੋਣ ਦਾ 'ਮਾਣ' ਮਿਲ ਗਿਆ। ਇਸ ਤੋਂ ਬਾਅਦ ਕੱਚੀਆਂ ਅਤੇ ਪੱਕੀਆਂ ਤਰੱਕੀਆਂ ਮਿਲੀਆਂ। ਕੁਝ ਅਦਾਲਤੀ ਮਾਮਲਿਆਂ ਵਿਚ ਉਲਝੇ ਅਤੇ ਕੁਝ ਮੌਕੇ ਦਾ ਲਾਹਾ ਲੈ ਕੇ ਗੁੰਮਨਾਮ ਖ਼ੁਸ਼ਹਾਲੀ ਦਾ 'ਆਨੰਦ' ਮਾਣ ਰਹੇ ਹਨ। ਇਹ ਪੁਲਿਸ ਨਿਜ਼ਾਮ ਦੀ ਕਾਰਗੁਜ਼ਾਰੀ ਹੈ ਜਿਸ ਦਾ ਸਿਖ਼ਰ ਕੇ.ਪੀ.ਐਸ. ਗਿੱਲ ਜਾਂ ਸੁਮੇਧ ਸਿੰਘ ਸੈਣੀ ਨੂੰ ਮੰਨਿਆ ਜਾਂਦਾ ਹੈ। ਜੇ ਪੁਲਿਸ ਦੀ ਇਸੇ ਵਿਉਂਤ ਨੂੰ ਕਾਰਜ ਪਾਲਿਕਾ, ਵਿਧਾਨ ਪਾਲਿਕਾ, ਮੀਡੀਆ, ਸਿਆਸੀ ਪਾਰਟੀਆਂ ਜਾਂ ਸਮਾਜਕ-ਧਾਰਮਿਕ ਜਥੇਬੰਦੀਆਂ ਉਤੇ ਲਾਗੂ ਕਰ ਕੇ ਵੇਖਿਆ ਜਾਵੇ ਤਾਂ ਕੀ ਨਜ਼ਰ ਆਉਂਦਾ ਹੈ? ਜੇ ਨਜ਼ਰ ਆਉਂਦੇ ਸੱਚ ਦਾ ਨਾਮ ਖ਼ੌਫ਼ ਹੈ ਤਾਂ ਆਪਣੀਆਂ ਅੱਖਾਂ ਉਤੇ ਸ਼ੱਕ ਕਰਨ ਦੀ ਕਿੰਨੀ ਕੁ ਜ਼ਰੂਰਤ ਹੈ?

ਜੇ ਪੁਲਿਸ ਦੀ ਕਾਰਗੁਜ਼ਾਰੀ ਨੂੰ ਮੌਜੂਦਾ ਸਿਆਸੀ ਮੁਹਾਵਰੇ ਵਿਚ ਸਮਝਣਾ ਹੋਵੇ ਤਾਂ ਨੁਕਤਾ ਇਹ ਬਣਦਾ ਹੈ ਕਿ ਗੁਰਮੀਤ ਸਿੰਘ ਪਿੰਕੀ ਨੇ ਆਪਣੀ ਪਾਰਟੀ ਬਦਲ ਕੇ ਨਵੀਂ ਪਾਰਟੀ ਦੀ ਵਿਧਾਨ ਸਭਾ ਦੀ ਚੋਣ ਲੜੀ ਸੀ, ਉਹ ਹਲਕਾ ਇੰਚਾਰਜ ਅਤੇ ਜ਼ਿਲ੍ਹਾ ਵਿਕਾਸ ਬੋਰਡ ਦਾ ਚੇਅਰਮੈਨ ਬਣਿਆ ਅਤੇ ਔਖੇ ਵੇਲੇ ਉਸ ਦੀ 'ਵਫ਼ਾਦਾਰੀ' ਵਿਸਾਰ ਦਿੱਤੀ ਗਈ। ਦੂਜੀ ਧਿਰ ਨੇ ਸਿਆਸੀ ਸ਼ਰੀਕੇਬਾਜ਼ੀ ਕੱਢੀ, ਪਰ ਨਵੀਂ ਵਫ਼ਾਦਾਰੀ ਪਿੰਕੀ ਨੂੰ ਰਾਸ ਆਉਣ ਦੀ ਸੰਭਾਵਨਾ ਘੱਟ ਜਾਪਦੀ ਹੈ। ਪਿੰਕੀ ਭੁੱਲ ਗਿਆ ਹੈ ਕਿ ਨਿਜ਼ਾਮ ਦੀ ਮਸ਼ੀਨ ਵਿਚ ਉਸ ਤੋਂ ਲੈ ਕੇ ਕੇ.ਪੀ.ਐਸ. ਗਿੱਲ ਅਤੇ ਸੁਮੇਧ ਸਿੰਘ ਸੈਣੀ ਤੱਕ ਸਭ ਪੁਰਜ਼ੇ ਹਨ। ਪੁਰਜ਼ਿਆਂ ਦੀ ਸਾਂਭ-ਸੰਭਾਲ ਅਤੇ ਮੁਰੰਮਤ ਲੋੜ ਅਤੇ ਅਹਿਮੀਅਤ ਮੁਤਾਬਕ ਹੁੰਦੀ ਹੈ। ਨੁਮਾਇਸ਼ੀ ਪੁਰਜ਼ਿਆਂ ਅਤੇ ਅਣਸਰਦੇ ਪੁਰਜ਼ਿਆਂ ਦਾ ਕੁਝ ਫ਼ਰਕ ਤਾਂ ਰਹਿੰਦਾ ਹੈ। ਔਖੇ ਵੇਲੇ ਅਣਸਰਦੇ ਪੁਰਜ਼ੇ ਮਹਿੰਗੇ ਹੋ ਜਾਂਦੇ ਹਨ। ਸੌਖੇ

*(ਬਾਕੀ ਅਗਲੇ ਸਫੇ 'ਤੇ)*

# ਸ਼ਕਤੀ ਪ੍ਰਦਰਸ਼ਨ ਅਤੇ ਪੰਜਾਬ ਦੇ ਸਰੋਕਾਰ

ਅਗਲੀਆਂ ਵਿਧਾਨ ਸਭਾ ਚੋਣਾਂ ਲਈ ਅਜੇ ਸਵਾ ਸਾਲ ਪਿਆ ਹੈ, ਪਰ ਸਿਆਸੀ ਪਾਰਟੀਆਂ ਨੇ ਵੋਟ ਬਟੋਰੂ ਖ਼ਸਲਤ ਅਨੁਸਾਰ ਹੁਣ ਤੋਂ ਹੀ ਚੋਣ ਤਿਆਰੀਆਂ ਵਿੱਢ ਦਿੱਤੀਆਂ ਹਨ। ਇਕ ਦੂਜੇ ਨਾਲ ਜ਼ਿਦ ਕੇ ਸਿਆਸੀ ਰੈਲੀਆਂ ਜਥੇਬੰਦ ਕੀਤੀਆਂ ਜਾ ਰਹੀਆਂ ਹਨ। ਵੱਡੇ-ਵੱਡੇ ਇਕੱਠਾਂ ਦੀ ਨੁਮਾਇਸ਼ ਲਾ ਕੇ ਹਰ ਪਾਰਟੀ ਇਹ ਸਾਬਤ ਕਰਨ ਲਈ ਯਤਨਸ਼ੀਲ ਹੈ ਕਿ ਇਹ ਇਕੱਠ ਅਵਾਮ ਦੇ ਉਨ੍ਹਾਂ ਵਿਚ ਭਰੋਸੇ ਦਾ ਸਬੂਤ ਹਨ ਤੇ ਸੂਬੇ ਵਿਚ ਅਗਲੀ ਸਰਕਾਰ ਉਨ੍ਹਾਂ ਦੀ ਹੀ ਬਣੇਗੀ। ਅਸਲ ਮਸਲਿਆਂ ਤੇ ਮੁੱਦਿਆਂ ਉਪਰ ਸੰਜੀਦਗੀ ਨਾਲ ਸੋਚ-ਵਿਚਾਰ ਉਨ੍ਹਾਂ ਦੇ ਚਿੱਤ-ਚੇਤੇ ਵੀ ਨਹੀਂ।

ਪ੍ਰਤੀਤੀ ਗੁਆ ਚੁੱਕੇ ਬਾਦਲ ਆਪਣੀ ਸਿਆਸੀ ਵਾਜਬੀਅਤ ਬਹਾਲ ਕਰਨ ਲਈ ਹਰ ਹਰਬਾ ਵਰਤ ਰਹੇ ਹਨ। ਕਿਸਾਨਾਂ-ਮਜ਼ਦੂਰਾਂ-ਮੁਲਾਜ਼ਮਾਂ ਦੇ ਸੰਘਰਸ਼ ਦੇ ਹੱਕ ਅਤੇ ਫਿਰ ਬਰਗਾੜੀ ਬੇਅਦਬੀ ਕਾਂਡ ਵਿਰੁੱਧ ਉਠੇ ਰੋਹ ਅਤੇ ਲੋਕਾਂ ਵਲੋਂ ਥਾਂ-ਥਾਂ ਅਕਾਲੀ ਆਗੂਆਂ ਨੂੰ ਘੇਰਨ ਦੇ ਰੁਝਾਨ ਨੇ ਉਨ੍ਹਾਂ ਨੂੰ ਸੋਚਾਂ ਵਿਚ ਪਾ ਦਿੱਤਾ। ਉਨ੍ਹਾਂ ਨੂੰ ਪਤਾ ਹੈ ਕਿ ਪੰਜੀ ਸਾਲ ਰਾਜ ਕਰਨ ਦੇ

**ਬੂਟਾ ਸਿੰਘ**
ਫੋਨ: +91-94634-74342

ਦਾਅਵੇ ਦਾ ਸਿਆਸੀ ਭਵਿੱਖ ਕੀ ਹੈ। ਹੁਣ ਉਹ ਸਵਾ ਲੱਖ ਨੌਕਰੀਆਂ ਦੇਣ, ਬਿਜਲੀ ਕੁਨੈਕਸ਼ਨ ਜਾਰੀ ਕਰਨ, ਬੁਢਾਪਾ ਪੈਨਸ਼ਨਾਂ ਵਧਾਉਣ, ਮੁਫ਼ਤ ਧਾਰਮਿਕ ਯਾਤਰਾਵਾਂ ਕਰਾਉਣ, ਵਗੈਰਾ ਦੇ ਐਲਾਨ ਕਰ ਰਹੇ ਹਨ। ਸੁਖਬੀਰ ਬਾਦਲ ਆਪਣੇ ਖ਼ਾਸ ਮਹਾਂ-ਗੱਪੀ ਅੰਦਾਜ਼ 'ਚ ਵੱਡੇ-ਵੱਡੇ ਦਾਅਵੇ ਕਰ ਕੇ ਆਪਣੇ ਸਿਆਸੀ ਦਿਵਾਲੀਆਪਣ ਉਪਰ ਹੀ ਮੋਹਰ ਲਾ ਰਿਹਾ ਹੈ। ਆਪਣਾ ਵਿਗੜਿਆ ਅਕਸ ਸੁਧਾਰਨ ਲਈ ਉਨ੍ਹਾਂ 'ਸਦਭਾਵਨਾ ਰੈਲੀਆਂ' ਦੇ ਨੁਮਾਇਸ਼ੀ ਇਕੱਠ ਕੀਤੇ ਹਨ ਜਿਨ੍ਹਾਂ ਦਾ ਮਨੋਰਥ ਪੰਜਾਬ ਦੇ ਵਿਕਾਸ ਵਿਚ ਖ਼ਲਲ ਪਾਉਣ ਅਤੇ 'ਅਮਨ' ਦੇ ਮਾਹੌਲ ਨੂੰ ਵਿਗਾੜਨ ਵਾਲੀਆਂ ਤਾਕਤਾਂ ਦੇ ਮਨਸੂਬਿਆਂ ਨੂੰ ਨਾਕਾਮ ਬਣਾਉਣਾ ਦੱਸਿਆ ਜਾ ਰਿਹਾ ਹੈ। ਬਠਿੰਡਾ ਤੋਂ ਸ਼ੁਰੂ ਹੋ ਕੇ ਮੋਗਾ, ਗੁਰਦਾਸਪੁਰ, ਨਕੋਦਰ ਵਿਚ 'ਸਦਭਾਵਨਾ' ਰੈਲੀਆਂ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੇ ਜੱਦੀ ਸ਼ਹਿਰ ਪਟਿਆਲੇ ਨੂੰ ਚੁਣਿਆ ਗਿਆ। ਬਾਦਲਾਂ ਦੀਆਂ ਇਨ੍ਹਾਂ 'ਸਦਭਾਵਨਾ' ਰੈਲੀਆਂ ਦਾ ਨਾ ਤਾਂ ਸਮਾਜੀ ਸਦਭਾਵਨਾ ਨਾਲ ਕੋਈ ਸਬੰਧ ਹੈ ਅਤੇ ਨਾ ਲੋਕਾਂ ਦੇ ਹਕੀਕੀ ਸਰੋਕਾਰਾਂ ਤੇ ਮਸਲਿਆਂ ਨਾਲ।

ਸੂਬੇ ਵਿਚ ਕਾਂਗਰਸ ਦੀ ਕਮਾਨ/ਪ੍ਰਧਾਨਗੀ ਦਾ ਗੁਣਾ ਕੈਪਟਨ ਅਮਰਿੰਦਰ ਸਿੰਘ ਉਪਰ ਪੈਣ ਨਾਲ ਉਸ ਨੇ ਵੀ 15 ਦਸੰਬਰ ਨੂੰ ਬਾਦਲਕਿਆਂ ਦੇ ਅਖੌਤੀ ਗੜ੍ਹ ਬਠਿੰਡੇ ਵਿਚ ਰਿਕਾਰਡ ਤੋੜ ਰੈਲੀ ਕਰ ਕੇ 'ਬਦਲਾਓ ਲਹਿਰ' ਦਾ ਆਗਾਜ਼ ਕਰਨ ਦਾ ਐਲਾਨ ਕੀਤਾ ਹੈ। ਕਾਂਗਰਸੀ ਮਹਾਂਰਥੀ ਆਪਣੇ ਰਵਾਇਤੀ ਅੰਦਾਜ਼ ਵਿਚ ਵਿਧਾਨ ਸਭਾ ਚੋਣਾਂ ਅੰਦਰ ਬਾਦਲਾਂ ਨੂੰ ਸਬਕ ਸਿਖਾਉਣ ਦੇ ਬਿਆਨ ਦਾਗ਼ ਰਹੇ ਹਨ। ਉਹ ਪਾਰਲੀਮੈਂਟਰੀ ਖੱਬੀ ਧਿਰ ਤੇ ਹੋਰ 'ਹਮਖ਼ਿਆਲ' ਤਾਕਤਾਂ ਨੂੰ ਲੈ ਕੇ 'ਮਹਾਂ-ਗੱਠਜੋੜ' ਦੀਆਂ ਤਜਵੀਜ਼ਾਂ ਪੇਸ਼ ਕਰ ਰਹੇ ਹਨ। ਜ਼ਾਹਿਰ ਹੈ ਕਿ ਉਨ੍ਹਾਂ ਨੂੰ ਬਾਦਲਾਂ ਦੇ ਬੇਹਯਾ ਬੁਰਛਾਗਰਦ ਰਾਜ ਤੋਂ ਅੱਕੇ-ਸਤੇ ਲੋਕਾਂ ਤੋਂ ਭਰਵੀਂ ਹਮਾਇਤ ਮਿਲਣ ਦੀ ਬਹੁਤੀ ਉਮੀਦ ਨਹੀਂ ਜਾਪਦੀ।

ਬਾਦਲ ਸਰਕਾਰ ਦਾ ਗੱਠਜੋੜ ਭਾਈਵਾਲ, ਭਗਵਾਂ ਬ੍ਰਿਗੇਡ ਵੀ ਅੰਦਰੋ-ਅੰਦਰੀ ਆਪਣਾ ਸਿਆਸੀ ਆਧਾਰ ਫੈਲਾਉਣ ਅਤੇ ਵੋਟ ਬੈਂਕ ਵਧਾਉਣ ਦੇ ਯਤਨਾਂ ਵਿਚ ਜੁਟਿਆ ਹੋਇਆ ਹੈ। ਪਿਛਲੇ ਸਾਲ ਆਰ.ਐਸ.ਐਸ. ਦੇ ਮੁਖੀ ਵਲੋਂ ਡੇਰਾ ਸਿਰਸਾ ਅਤੇ ਡੇਰਾ ਬਿਆਸ ਨਾਲ ਗੁਪਤ ਮੀਟਿੰਗਾਂ, ਭਾਜਪਾ ਦੇ ਪੰਜਾਬ ਦੇ ਆਗੂਆਂ ਵਲੋਂ ਬਾਦਲਾਂ ਦੀਆਂ ਮਨਮਾਨੀਆਂ ਦੀ ਆਲੋਚਨਾ ਕਰਦੇ ਬਿਆਨ, ਬੇਅਦਬੀ ਕਾਂਡ ਦੇ ਦਿਨਾਂ ਵਿਚ ਭਾਜਪਾ ਦੀ ਖ਼ਾਮੋਸ਼ੀ ਅਤੇ ਸਰਬੱਤ ਖ਼ਾਲਸਾ ਦੇ ਮੰਚ ਉਪਰ ਆਰ.ਐਸ.ਐਸ. ਨਾਲ ਅਸਿੱਧੇ ਤੌਰ 'ਤੇ ਸਬੰਧਤ ਇਕ ਹਸਤੀ ਦੀ ਮੌਜੂਦਗੀ ਤੇ ਪ੍ਰਭਾਵਸ਼ਾਲੀ ਦਖ਼ਲਅੰਦਾਜ਼ੀ ਅਕਾਲੀ-ਭਾਜਪਾ ਗੱਠਜੋੜ ਦੇ ਤਿੜਕਣ ਦੀਆਂ ਨਿਸ਼ਾਨੀਆਂ ਹਨ। ਪ੍ਰਭਾਵਸ਼ਾਲੀ ਸੂਬਾਈ ਆਗੂ ਦੀ ਅਣਹੋਂਦ ਉਨ੍ਹਾਂ ਦੀ ਮਿਆਦੀ ਕਮਜ਼ੋਰੀ ਹੈ। ਇਸ ਗੱਠਜੋੜ ਦੇ ਭਵਿੱਖ ਦੇ ਉਧੇੜ-ਅਮਲ ਨੂੰ ਅਜੇ ਵਕਤ ਲੱਗੇਗਾ, ਪਰ ਬਾਦਲ ਦਲ ਦੀ ਬੇਪ੍ਰਤੀਤੀ ਦੇ ਮੱਦੇਨਜ਼ਰ ਇਕ ਚੀਜ਼ ਤੈਅ ਹੈ ਕਿ ਸੰਘ ਪਰਿਵਾਰ ਦੀ ਗੱਠਜੋੜ ਸਮੀਕਰਨ ਪਹਿਲਾਂ ਵਾਲੀ ਜੂਨੀਅਰ ਭਾਈਵਾਲੀ ਵਾਲੀ ਨਹੀਂ ਹੋਵੇਗੀ।

'ਮੁੱਖਧਾਰਾ' ਸਿਆਸਤ ਵਿਚ ਤੀਜੀ ਅਹਿਮ ਧਿਰ ਬਣ ਕੇ ਉਭਰੀ ਆਮ ਆਦਮੀ ਪਾਰਟੀ (ਆਪ) ਨੇ ਵੀ 15 ਦਸੰਬਰ ਨੂੰ ਪੰਜਾਬ ਵਿਚ ਆਪਣਾ 'ਐਕਸ਼ਨ' ਕੀਤਾ, ਪਰ ਮੁੱਖ ਹਾਕਮ ਜਮਾਤੀ ਪਾਰਟੀਆਂ ਤੋਂ ਅੱਕੇ-ਸਤੇ ਆਮ ਲੋਕਾਂ ਦਾ ਰੁਝਾਨ ਹੱਕ ਵਿਚ ਹੋਣ ਦੇ ਬਾਵਜੂਦ ਇਹ ਪਾਰਟੀ ਕੋਈ ਪ੍ਰਭਾਵਸ਼ਾਲੀ ਲੀਡਰਸ਼ਿਪ ਉਭਾਰਨ ਵਿਚ ਨਾਕਾਮ ਰਹੀ ਹੈ। ਕੇਜਰੀਵਾਲ ਨੂੰ ਪੰਜਾਬ ਚੋਣ ਮੁਹਿੰਮ ਦੀ ਕਮਾਨ ਸੌਂਪਣ ਦੇ ਐਲਾਨ ਸਿਆਸੀ ਤਕੜਾਈ ਦੀ ਬਜਾਏ ਇਸ ਦੀਰਘ ਰੋਗ ਦੀ ਨਿਸ਼ਾਨੀ ਹਨ ਕਿ ਇਸ ਪਾਰਟੀ ਵਿਚ ਵੀ ਜਮਹੂਰੀ ਨੁਮਾਇੰਦਗੀ ਦੀ ਥਾਂ ਸ਼ਖ਼ਸੀ ਪੂਜਾ ਅਤੇ ਸਟਾਰ-ਸਿਆਸਤ ਫ਼ੈਸਲਾਕੁਨ ਹੈ। ਮਜ਼ਬੂਤ ਜਥੇਬੰਦਕ ਢਾਂਚਾ ਉਸਾਰਨਾ ਤਾਂ ਦੂਰ, ਆਪਣੇ ਅੰਦਰੂਨੀ ਕਲੇਸ਼ ਨੂੰ ਹੱਲ ਕਰਨ ਵਿਚ ਨਾਕਾਮ ਰਹਿਣ ਕਾਰਨ ਉਹ ਮੁੱਖ ਪਾਰਟੀਆਂ ਨੂੰ ਕੋਈ ਵੱਡੀ ਬੱਝਵੀਂ ਟੱਕਰ ਦੇਣ ਦੀ ਹਾਲਤ 'ਚ ਨਹੀਂ ਹਨ। ਫਿਰ ਵੀ, ਆਮ ਰੌਂਅ ਉਨ੍ਹਾਂ ਦੇ ਹੱਕ ਵਿਚ ਹੋਣ ਕਰਕੇ ਉਹ ਦੋਵਾਂ ਮੁੱਖ ਪਾਰਟੀਆਂ ਦੇ ਚੋਣ ਸਮੀਕਰਨਾਂ ਨੂੰ ਕਾਫ਼ੀ ਪ੍ਰਭਾਵਿਤ ਕਰਨ ਦੀ ਸਿਆਸੀ ਸਮਰੱਥਾ ਰੱਖਦੇ ਹਨ।

ਲੰਮੇ ਸਮੇਂ ਤੋਂ ਸਿਆਸੀ ਮੂਰਛਾ ਹੰਢਾਅ ਰਹੀ ਬਸਪਾ ਨੇ ਵੀ ਚੋਣਾਂ ਦੀ ਤਿਆਰੀ ਨੂੰ ਲੈ ਕੇ ਕੁਝ ਸਰਗਰਮੀ ਕੀਤੀ ਹੈ। ਇਹ ਮਹਿਜ਼ ਆਪਣੇ ਬੇਜਾਨ ਜਥੇਬੰਦਕ ਢਾਂਚੇ ਨੂੰ ਧੱਕਾ ਲਾ ਕੇ ਹਰਕਤ ਵਿਚ ਲਿਆਉਣ ਦੀ ਚਾਰਾਜੋਈ ਹੀ ਹੈ ਅਤੇ ਇਸ ਵਿਚ ਸਿਆਸੀ ਤਾਜ਼ਗੀ ਤੇ ਧੂਹ-ਪਾਊ ਸੰਜੀਦਾ ਪ੍ਰੋਗਰਾਮ ਅਸਲੋਂ ਹੀ ਨਦਾਰਦ ਹੈ। ਸਿਆਸੀ ਤੌਰ 'ਤੇ ਗ਼ੈਰ-ਪ੍ਰਸੰਗਿਕ ਹੋ ਚੁੱਕੀਆਂ ਚਾਰ ਪਾਰਲੀਮੈਂਟਰੀ ਕਮਿਊਨਿਸਟ ਪਾਰਟੀਆਂ ਨੇ ਵੀ ਆਪਣੀ ਹੋਂਦ ਜਤਾਉਣ ਲਈ ਆਪਣੇ ਤੌਰ 'ਤੇ ਚੋਣਾਂ ਲੜਨ ਦੀ ਰਣਨੀਤੀ ਤਹਿਤ ਸਰਗਰਮੀਆਂ ਸ਼ੁਰੂ ਕੀਤੀਆਂ ਹੋਈਆਂ ਹਨ। ਉਨ੍ਹਾਂ ਕੋਲ ਲੋਕ ਪੱਖੀ ਸੰਘਰਸ਼ਾਂ ਦੀ ਸ਼ਾਨਦਾਰ ਵਿਰਾਸਤ ਅਤੇ ਲੋਕਮੁਖੀ ਪਹੁੰਚ ਤਾਂ ਹੈ, ਪਰ ਅਵਾਮੀ ਰਾਇ ਨੂੰ ਪ੍ਰਭਾਵਿਤ ਤੇ ਲਾਮਬੰਦ ਕਰਨ ਦਾ ਸਿਆਸੀ ਦਮ ਤੇ ਜਜ਼ਬਾ ਨਹੀਂ ਹੈ। ਨਕਸਲੀ ਗਰੁੱਪ ਆਰਥਿਕ ਜਾਂ ਫੌਰੀ ਅਹਿਮੀਅਤ ਵਾਲੇ ਮੁੱਦਿਆਂ ਨੂੰ ਲੈ ਕੇ ਲਗਾਤਾਰ ਜੁਝਾਰੂ ਲੜਾਈ ਲੜਨ ਵਾਲੀ ਸੰਜੀਦਾ ਧਿਰ ਹਨ, ਪਰ ਆਪਣੇ ਬੁਨਿਆਦੀ ਬਦਲਾਓ ਦੇ ਸਿਆਸੀ ਏਜੰਡੇ ਨੂੰ ਠੋਸ ਸ਼ਕਲ ਦੇ ਕੇ ਬਦਲਾਓ ਲਈ ਤਾਂਘਦੇ ਅਵਾਮ ਨੂੰ ਵਿਆਪਕ ਸਿਆਸੀ ਲਾਮਬੰਦੀ ਵਾਲਾ ਮੰਚ ਮੁਹੱਈਆ ਨਹੀਂ ਕਰ ਪਾ ਰਹੇ।

ਗਰਮਖ਼ਿਆਲ ਸਿੱਖ ਸਿਆਸਤ ਵੀ ਇਸ ਵਕਤ ਕੋਈ ਗਿਣਨਯੋਗ ਸਿਆਸੀ ਪਹਿਲਕਦਮੀ ਤੇ ਪੇਸ਼ਕਦਮੀ ਕਰਨ ਦੀ ਹਾਲਤ ਵਿਚ ਨਹੀਂ। ਹਾਲੀਆ 'ਸਰਬਤ ਖ਼ਾਲਸਾ' ਸਿੱਖ ਰਾਜ ਦੇ ਭਵਿੱਖ-ਨਕਸ਼ੇ ਤੋਂ ਵੀ 'ਪੰਥਕ' ਸਿਆਸਤ ਨੂੰ ਕੋਈ ਸਿਆਸੀ ਦਿਸ਼ਾ ਅਤੇ ਸੰਜੀਦਾ ਇਕਜੁੱਟ ਮੰਚ ਮੁਹੱਈਆ ਨਹੀਂ ਕਰ ਸਕਿਆ। 'ਸਰਬਤ ਖ਼ਾਲਸਾ' ਵਿਚ ਹਾਜ਼ਰ ਲੋਕ 'ਪੰਥਕ' ਮੁੱਦਿਆਂ



ਨਾਲੋਂ ਬਾਦਲਾਂ ਦੇ ਵਿਰੋਧ ਵਾਲੇ ਮਤਿਆਂ ਉਪਰ ਵਧੇਰੇ ਉਤਸ਼ਾਹ ਨਾਲ ਹੱਥ ਉਠਾਉਂਦੇ ਦੇਖੇ ਗਏ ਜੋ ਅਵਾਮ ਦੀ ਉਮੀਦ ਅਤੇ ਇਨ੍ਹਾਂ ਧਿਰਾਂ ਵਲੋਂ ਪੇਸ਼ ਸਿਆਸੀ ਬਦਲ ਦਰਮਿਆਨ ਡੂੰਘੇ ਪਾੜੇ ਦੇ ਸੂਚਕ ਸਨ। 'ਸਰਬਤ ਖ਼ਾਲਸਾ' ਸਿਮਰਨਜੀਤ ਸਿੰਘ ਮਾਨ ਅਤੇ ਮੋਹਕਮ ਸਿੰਘ ਧੜਿਆਂ ਵਲੋਂ ਸੱਤਾ ਧਿਰ ਖ਼ਿਲਾਫ਼ ਉਠੇ ਵਿਆਪਕ ਅਵਾਮੀ ਰੋਸ ਤੇ ਰੋਹ ਨੂੰ ਆਪਣਾ ਸਿਆਸੀ ਰਸੂਖ਼ ਵਧਾਉਣ ਲਈ ਇਸਤੇਮਾਲ ਕਰਨ ਦੇ ਸੌੜੇ ਏਜੰਡੇ ਤੋਂ ਪਾਰ ਨਹੀਂ ਜਾ ਸਕਿਆ। ਹੋਰ ਤਾਂ ਹੋਰ, ਇਹ ਹਕੂਮਤੀ ਧੱਕੇਸ਼ਾਹੀਆਂ ਅਤੇ ਜਬਰ ਦੇ ਖ਼ਿਲਾਫ਼ ਕੋਈ ਨਿੱਗਰ ਘੱਟੋ-ਘੱਟ ਕਾਰਵਾਈ-ਸੇਧ ਵੀ ਨਹੀਂ ਦੇ ਸਕਿਆ। ਨਵੇਂ ਥਾਪੇ ਜਥੇਦਾਰਾਂ ਤੇ ਕੁਝ ਹੋਰਾਂ ਨੂੰ ਬਾਦਲਾਂ ਨੇ ਜਾਬਰ ਹਮਲਾ ਵਿੱਢ ਕੇ ਜੇਲ੍ਹਾਂ ਵਿਚ ਸੁੱਟ ਦਿੱਤਾ ਅਤੇ ਸਰਬੱਤ ਖ਼ਾਲਸਾ ਦੀਆਂ ਹਮਾਇਤੀ ਧਿਰਾਂ ਨੂੰ ਇਸ ਦਾ ਟਾਕਰਾ ਕਰਨ ਲਈ ਲਾਮਬੰਦੀ ਦਾ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ।

ਸਿਆਸੀ ਪਾਰਟੀਆਂ ਵਲੋਂ ਰੈਲੀਆਂ ਦੀ ਉਪਰੋਕਤ ਮੁਕਾਬਲੇਬਾਜ਼ੀ ਵੱਡੇ ਸਿਆਸੀ ਖ਼ਲਾਅ ਨੂੰ ਦਿਖਾਉਂਦੀ ਹੈ। ਆਗੂਆਂ ਦੀ ਬਿਆਨਬਾਜ਼ੀ ਨਿਰੀ ਸਿਆਸੀ ਤੋਹਮਤਬਾਜ਼ੀ ਹੈ। ਮਸਲਿਆਂ ਦਾ ਹੱਲ ਪੇਸ਼ ਕਰਨਾ ਤਾਂ ਦੂਰ ਇਥੇ ਤਾਂ ਉਨ੍ਹਾਂ ਨੂੰ ਵਿਚਾਰਨ ਦੀ ਮੁੱਢਲੀ ਸੰਜੀਦਗੀ ਹੀ ਗ਼ੈਰਹਾਜ਼ਰ ਹੈ। ਹਾਕਮ ਜਮਾਤ ਵਲੋਂ ਅਖ਼ਤਿਆਰ ਕੀਤੇ ਆਰਥਿਕ ਮਾਡਲ ਕਾਰਨ ਸਮੁੱਚਾ ਪ੍ਰਬੰਧ ਇਸ ਕਦਰ ਡੂੰਘੇ ਸੰਕਟ ਦੀ ਲਪੇਟ ਵਿਚ ਹੈ ਕਿ ਇਸ ਮਾਡਲ ਨੂੰ ਲਾਗੂ ਕਰਨ ਲਈ ਤਹਿ-ਦਿਲੋਂ ਪਾਬੰਦ ਇਨ੍ਹਾਂ ਹਾਕਮ ਜਮਾਤੀ ਪਾਰਟੀਆਂ ਕੋਲ ਲੋਕਾਂ ਨੂੰ ਵਕਤੀ ਰਾਹਤ ਦੇਣ ਲਈ ਸੱਤਾਧਾਰੀ ਪਾਰਟੀ ਤੋਂ ਵੱਖਰਾ ਕੋਈ ਪ੍ਰੋਗਰਾਮ ਹੀ ਨਹੀਂ ਹੈ। 'ਵਿਰੋਧੀ ਧਿਰ' ਦੀਆਂ ਪਾਰਟੀਆਂ ਅਸਲ ਲੋਕ ਮੁੱਦਿਆਂ, ਮੰਗਾਂ-ਮਸਲਿਆਂ ਅਤੇ ਅਵਾਮੀ ਸਰੋਕਾਰਾਂ ਤੋਂ ਗੁਰੇਜ਼ ਕਰ ਕੇ ਨਿਰਾ ਸੱਤਾਧਾਰੀ ਧਿਰ ਦੀਆਂ ਨਾਕਾਮੀਆਂ ਨੂੰ ਭੰਡ ਕੇ ਆਪਣੀ ਸਿਆਸੀ ਵੁਕਅਤ ਤੇ ਵਾਜਬੀਅਤ ਬਣਾਉਣ ਲਈ ਯਤਨਸ਼ੀਲ ਹਨ। ਉਹ ਇਸ ਸੱਚ ਨੂੰ ਭਲੀਭਾਂਤ ਜਾਣਦੀਆਂ ਹਨ ਕਿ ਵਿਦੇਸ਼ੀ ਤੇ ਦੇਸੀ ਕਾਰਪੋਰੇਟ ਸਰਮਾਏ ਦੇ ਹਿੱਤਾਂ ਦੀ ਪੂਰਤੀ ਲਈ ਲਿਆਂਦੇ ਖੁੱਲ੍ਹੀ ਮੰਡੀ ਦੇ ਆਰਥਿਕ ਮਾਡਲ ਨੂੰ ਮੁੱਢੋਂ ਰੱਦ ਕੀਤੇ ਬਗ਼ੈਰ ਖੇਤੀ, ਸਨਅਤ, ਵਿਆਪਕ ਬੇਰੁਜ਼ਗਾਰੀ ਦੇ ਰੂਪ 'ਚ ਮੂੰਹ ਅੱਡੀ ਖੜ੍ਹੇ ਘੋਰ ਸੰਕਟ ਦਾ ਫੌਰੀ ਹੱਲ ਸੰਭਵ ਹੀ ਨਹੀਂ। ਕਾਰਪੋਰੇਟ ਪੱਖੀ, ਅਖੌਤੀ ਉਦਾਰਵਾਦੀ ਵਿਕਾਸ ਮਾਡਲ ਨੂੰ ਦੋ-ਟੁੱਕ ਰੱਦ ਕਰਨਾ ਹੋਵੇਗਾ, ਜਿਵੇਂ ਕਈ ਲਾਤੀਨੀ ਅਮਰੀਕੀ ਮੁਲਕ ਕਰ ਚੁੱਕੇ ਹਨ। ਨਸ਼ਿਆਂ ਨੂੰ ਰੋਕਣ ਲਈ ਸ਼ਰਾਬ ਮਾਫ਼ੀਆ ਤੇ ਨਸ਼ਾ ਤਸਕਰੀ ਕਰਵਾਉਣ ਵਾਲੇ ਸਿਆਸਤਦਾਨਾਂ-ਪੁਲਿਸ-ਤਸਕਰਾਂ ਦੇ ਗੱਠਜੋੜ ਖ਼ਿਲਾਫ਼ ਕਾਰਵਾਈ ਕਰਨੀ ਪਵੇਗੀ।

ਨਿਸ਼ਚੇ ਹੀ ਅਗਲਾ ਸਵਾ ਸਾਲ ਸਿਆਸੀ ਨਜ਼ਰੀਏ ਤੋਂ ਬਹੁਤ ਸਿਆਸੀ ਹਲਚਲ ਵਾਲਾ ਅਤੇ ਅਹਿਮ ਹੋਵੇਗਾ। ਉਪਰੋਕਤ ਵਿਚੋਂ ਜਿਹੜੀ ਵੀ ਕੋਈ ਪਾਰਟੀ ਜਾਂ ਪਾਰਟੀਆਂ ਦਾ ਗੱਠਜੋੜ ਸੱਤਾਧਾਰੀ ਹੋਵੇਗੀ/ਹੋਵੇਗਾ, ਐਸੀ ਸਰਕਾਰ ਦੀ ਭੂਮਿਕਾ ਪੰਜਾਬ ਦੇ ਵਿਆਪਕ ਚੌਤਰਫ਼ੇ ਸੰਕਟ ਨੂੰ ਵਕਤੀ ਤੌਰ 'ਤੇ 'ਮੈਨੇਜ' ਕਰ ਕੇ ਫੋਕੀ ਉਮੀਦ ਜਗਾਉਣ ਤੋਂ ਵੱਧ ਨਹੀਂ ਹੋਵੇਗੀ; ਕਿਉਂਕਿ ਇਸ ਗੰਭੀਰ ਸੰਕਟ ਨੂੰ ਮੁਖ਼ਾਤਬ ਹੋਣ ਲਈ ਸਰਕਾਰ ਬਦਲੀ ਨਹੀਂ, ਸਗੋਂ ਬੁਨਿਆਦੀ ਕਾਇਆ ਕਲਪ ਦੇ ਭਵਿੱਖ-ਨਕਸ਼ੇ ਤਹਿਤ ਨਿੱਗਰ ਰਾਜਸੀ ਪ੍ਰੋਗਰਾਮ ਵਾਲੀ ਸਿਆਸੀ ਲਹਿਰ ਦਰਕਾਰ ਹੈ।

# ਅਕਾਲੀ ਦਲ: ਕੱਲ੍ਹ, ਅੱਜ ਤੇ ਭਲਕ

ਇੱਕ ਸਦੀ ਤੋਂ ਪੰਜ ਸਾਲ ਘੱਟ ਦਾ ਸਫ਼ਰ ਤੈਅ ਕਰ ਚੁੱਕੀ ਰਵਾਇਤੀ ਸਿੱਖ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਅੱਜ ਕੱਲ੍ਹ ਬਿਖੜੇ ਪੈਂਡੇ 'ਤੇ ਚੱਲਣਾ ਪੈ ਰਿਹਾ ਹੈ। 14 ਦਸੰਬਰ 1920 ਨੂੰ ਜਥੇਦਾਰ ਸੁਰਮੁਖ ਸਿੰਘ ਝਬਾਲ ਦੀ ਅਗਵਾਈ ਹੇਠ ਰਵਾਇਤੀ ਅਤੇ ਟਕਸਾਲੀ ਸਿੱਖਾਂ ਵੱਲੋਂ ਬਣਾਈ ਇਸ ਪਾਰਟੀ ਦੀ ਵਾਗਡੋਰ ਇਸ ਸਮੇਂ ਕਾਰਪੋਰੇਟ ਸੋਚ ਦੇ ਧਾਰਨੀ ਸੁਖਬੀਰ ਸਿੰਘ ਬਾਦਲ ਦੇ ਹੱਥਾਂ ਵਿਚ ਹੈ।

ਗੁਰਦੁਆਰਾ ਸੁਧਾਰ ਲਹਿਰ ਨਾਲ ਹੋਇਆ

**ਸੁਖਵਿੰਦਰ ਸਿੰਘ ਮੱਕੜ**

ਇਸ ਪਾਰਟੀ ਦਾ ਉਭਾਰ ਅੱਜ ਗੁਰਦੁਆਰਾ ਪ੍ਰਬੰਧਾਂ ਨੂੰ ਲੈ ਕੇ ਹੀ ਇਸ ਦੇ ਨਿਘਾਰ ਦਾ ਕਾਰਨ ਬਣ ਰਿਹਾ ਹੈ। ਹਰਿਆਣਾ ਦੇ ਸਿੱਖਾਂ ਵਿਚ ਬੇਗਾਨਗੀ ਦੇ ਅਹਿਸਾਸ ਨੂੰ ਉਥੋਂ ਦੇ ਸਿੱਖਾਂ ਵੱਲੋਂ ਬਣਾਈ ਵੱਖਰੀ ਕਮੇਟੀ ਨੇ ਉਭਾਰ ਦਿੱਤਾ ਹੈ। ਪੰਜਾਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਚੁਣੀ ਕਾਰਜਕਾਰਨੀ ਦੇ ਹੋਂਦ ਵਿਚ ਨਾ ਆ ਸਕਣ ਕਾਰਨ ਪੁਰਾਣੀ ਕਾਰਜਕਾਰਨੀ ਨੂੰ ਹੀ ਅੰਤਰਿਮ ਸ਼ਕਤੀਆਂ ਪ੍ਰਾਪਤ ਹਨ। ਕਿਸੇ ਵੇਲੇ ਸਮੁੱਚੇ ਸਿੱਖ ਪੰਥ ਦੀ ਨੁਮਾਇੰਦਾ ਜਮਾਤ ਮੰਨੇ ਜਾਂਦੇ ਸ਼੍ਰੋਮਣੀ ਅਕਾਲੀ ਦਲ ਨੂੰ ਅੱਜ ਪੰਥ ਦੇ ਹੀ ਵਿਰੋਧ ਦਾ ਜ਼ਬਰਦਸਤ ਸਾਹਮਣਾ ਕਰਨਾ ਪੈ ਰਿਹਾ ਹੈ। ਸਿੰਘ ਸਾਹਿਬਾਨ ਵੱਲੋਂ ਪਿਛਲੇ ਦਿਨਾਂ ਵਿਚ ਕੀਤੇ ਫ਼ੈਸਲਿਆਂ ਦਾ ਵੱਡੀ ਪੱਧਰ 'ਤੇ ਵਿਰੋਧ, ਗੁਰੂ ਗ੍ਰੰਥ ਸਾਹਿਬ ਦੀ ਬੇਦਅਬੀ, ਧਾਰਮਿਕ ਤੌਰ 'ਤੇ ਆਹਤ ਹੋਏ ਲੋਕਾਂ ਦਾ ਵੱਡੀ ਗਿਣਤੀ ਵਿਚ ਸੜਕਾਂ 'ਤੇ ਨਿਕਲ ਆਉਣਾ ਅਤੇ ਸਰਕਾਰ ਵੱਲੋਂ ਇਸ ਦੇ ਬਾਵਜੂਦ ਲੋਕ ਰੋਹ ਨੂੰ ਡੰਡੇ ਨਾਲ ਦਬਾਉਣ ਦੀ ਰਣਨੀਤੀ ਜਿਹੇ ਮੁੱਦੇ ਦੇਸ਼ ਦੀ ਇਸ ਸਭ ਤੋਂ ਪੁਰਾਣੀ ਖੇਤਰੀ ਪਾਰਟੀ ਅੱਗੇ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰ ਗਏ ਹਨ।

ਪੰਜਾਬ ਵਿਚ ਹੁਣ ਤਕ ਨੌਂ ਵਾਰ ਸੱਤਾ ਵਿਚ ਆਈ ਇਸ ਪਾਰਟੀ ਨੂੰ ਪੰਜ ਵਾਰ ਪ੍ਰੌੜ੍ਹ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਮਿਲੀ ਹੈ। ਉਨ੍ਹਾਂ ਵੱਲੋਂ ਆਪਣਾ ਰਾਜਸੀ ਜਾਨਸ਼ੀਨ ਸੁਖਬੀਰ ਸਿੰਘ ਬਾਦਲ ਨੂੰ ਬਣਾਇਆ ਗਿਆ ਹੈ, ਪਰ ਉਨ੍ਹਾਂ ਵਿਚ ਪ੍ਰਕਾਸ਼ ਸਿੰਘ ਬਾਦਲ ਵਾਲੀ ਸਿਆਸੀ ਗੁੜ੍ਹਤੀ ਦੀ ਹਾਲਾਂ ਵੀ ਸਪਸ਼ਟ ਤੌਰ 'ਤੇ ਘਾਟ ਨਜ਼ਰ ਆਉਂਦੀ ਹੈ। ਅੱਜ ਵੀ ਇਸ ਪਾਰਟੀ ਨੂੰ ਜਦੋਂ ਬਹੁਤ ਹੀ ਮੁਸ਼ਕਿਲ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਸੰਕਟਮੋਚਨ ਵਜੋਂ ਮੁੱਖ ਮੰਤਰੀ ਨੂੰ ਬਹੁੜਨਾ ਪੈਂਦਾ ਹੈ। ਸਪਸ਼ਟ ਹੈ ਕਿ ਮੁੱਖ ਮੰਤਰੀ ਦੇ ਸੁਭਾਅ ਦੀ ਖ਼ਾਸੀਅਤ ਨੂੰ ਅਕਾਲੀ ਦਲ ਦੇ ਪ੍ਰਧਾਨ ਨੂੰ ਸਮਝਣਾ ਪਵੇਗਾ ਤਾਂ ਹੀ ਉਹ ਸੁਤੰਤਰ ਤੌਰ 'ਤੇ ਇਸ ਰਵਾਇਤੀ ਪਾਰਟੀ ਨੂੰ ਅਗਵਾਈ ਦੇਣ ਦੇ ਯੋਗ ਬਣ ਸਕਣਗੇ।

ਅਕਾਲੀ ਦਲ ਲਈ ਵੱਡੀ ਚੁਣੌਤੀ ਇਸ ਵੇਲੇ ਸੂਬੇ ਵਿਚ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਸਹਿਜੇ ਹੀ ਸਿਰਜੇ ਗਏ ਪਾਰਟੀ ਵਿਰੋਧੀ ਮਾਹੌਲ ਨੂੰ ਸਾਜ਼ਗਾਰ ਬਣਾਉਣ ਦੀ ਹੈ। ਸਰਬੱਤ ਖ਼ਾਲਸਾ ਦੇ ਨਾਂ 'ਤੇ ਚੱਬਾ ਵਿਚ ਹੋਏ ਸਿੱਖ ਸੰਗਤ ਦੇ ਬੇ-ਮੁਹਾਰੇ ਇਕੱਠ ਦੇ ਮੁਕਾਬਲੇ ਵੱਡੀ ਲਕੀਰ ਖਿੱਚਣ ਲਈ 'ਸਦਭਾਵਨਾ ਰੈਲੀਆਂ' ਨਾਲ ਪਾਰਟੀ ਦੀ ਖੁਰਦੀ ਸਾਖ ਅਤੇ ਨਿਰਉਤਸ਼ਾਹਿਤ ਹੋਏ ਕਾਡਰ ਨੂੰ ਹੌਸਲਾ ਤਾਂ ਮਿਲਿਆ ਹੈ ਪਰ ਸੂਬੇ ਦੇ ਲੋਕ ਹਾਲੇ ਤਕ ਵੀ ਕਿਸੇ ਠੋਸ ਸੁਨੇਹੇ ਅਤੇ ਭਰੋਸੇ ਦੀ ਆਸ ਵਿਚ ਹਨ।

ਸੂਬੇ ਵਿਚ ਅਕਾਲੀ ਦਲ ਦੀ ਅਗਵਾਈ ਹੇਠਲੀ ਸਰਕਾਰ ਵਿਰੋਧੀ ਮਾਹੌਲ ਸਿਰਜੇ ਜਾਣ ਦਾ ਕਾਰਨ ਇਕੱਲੀਆਂ ਬੇਹੁਰਮਤੀ ਦੀਆਂ ਘਟਨਾਵਾਂ ਨਹੀਂ ਹਨ, ਸਗੋਂ ਪਾਰਟੀ ਦੇ ਲੰਬੇ ਸਮੇਂ ਦੇ ਰਾਜ ਕਾਲ ਦੌਰਾਨ ਲੋਕਾਂ ਦੀਆਂ ਆਸਾਂ 'ਤੇ ਖਰੇ ਨਾ ਉਤਰ ਸਕਣ ਕਾਰਨ ਪੈਦਾ ਹੋਇਆ ਵਿਰੋਧ ਵੀ ਹੈ। ਜੇ ਲਾਵੇ ਨੂੰ ਲਾਵੇ ਨਾਲ ਹੀ ਠੰਢਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਤਾਂ ਲੋਕ ਮਨਾਂ ਵਿਚ ਧੁਖਦੀ ਅੱਗ ਕਦੇ ਵੀ ਸ਼ਾਂਤ ਨਹੀਂ ਕੀਤੀ ਜਾ ਸਕਦੀ। ਸਭ ਤੋਂ ਵੱਡੀ ਲੋੜ ਅਕਾਲੀ ਦਲ ਨੂੰ ਲੋਕਾਂ ਦੀ ਸੱਥ ਵਿਚ ਆਪਣੀ ਇਸ ਕਮਜ਼ੋਰੀ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਦੀ ਹੈ ਕਿ ਇਸ ਲਗਾਤਾਰ ਦੋ ਵਾਰ ਦੇ ਕਾਰਜਕਾਲ ਦੌਰਾਨ ਬਹੁਤ ਕੁਝ ਅਜਿਹਾ ਵਾਪਰਿਆ ਹੈ ਜੋ ਲੋਕਾਂ ਦੀਆਂ ਆਸਾਂ ਅਨੁਕੂਲ ਨਹੀਂ ਸੀ। ਰੇਤੇ ਦੀ ਕਾਲਾਬਾਜ਼ਾਰੀ, ਨਸ਼ਿਆਂ ਦੀ ਬਹੁਤਾਤ, ਲੋਕ ਹਿੱਤਾਂ ਦੀ ਅਣਦੇਖੀ ਅਤੇ ਸਿਹਤ ਤੇ ਸਿੱਖਿਆ ਸੇਵਾਵਾਂ ਹਾਸ਼ੀਏ 'ਤੇ ਜਾਣ ਤੋਂ ਇਲਾਵਾ ਸੱਤਾਧਾਰੀ ਧਿਰ ਨਾਲ ਜੁੜੇ ਰਸੂਖਵਾਨਾਂ ਵੱਲੋਂ ਆਮ ਲੋਕਾਂ ਨਾਲ ਵਧੀਕੀਆਂ ਨੇ ਅਕਾਲੀ ਦਲ ਦੀ ਸਾਖ ਨੂੰ ਖੋਰਾ ਲਾਇਆ ਹੈ। ਪੰਜਾਬ ਦੇ ਲੋਕ ਅਣਖੀ ਤਾਂ ਹਨ ਪਰ ਉਨ੍ਹਾਂ ਵਿਚ ਮੁਆਫ਼ ਕਰਨ ਦੀ ਸਭ ਤੋਂ ਵੱਡੀ ਸ਼ਕਤੀ ਵੀ ਹੈ।

ਇਸ ਵੇਲੇ ਸਭ ਤੋਂ ਵੱਡੀ ਘਾਟ ਸੂਬੇ ਦੇ ਲੋਕਾਂ ਅਤੇ ਸਰਕਾਰ/ਸ਼੍ਰੋਮਣੀ ਅਕਾਲੀ ਦਲ ਵਿਚਾਲੇ ਸੰਵਾਦ ਦੀ ਹੈ। ਰੈਲੀਆਂ ਰਾਹੀਂ ਸਿਆਸੀ ਪ੍ਰਾਪਤੀਆਂ ਦਾ ਪ੍ਰਚਾਰ ਤਾਂ ਕੀਤਾ ਜਾ ਸਕਦਾ ਹੈ, ਵਿਰੋਧੀਆਂ ਨੂੰ ਦਬਾਇਆ ਵੀ ਜਾ ਸਕਦਾ ਹੈ ਪਰ ਲੋਕਾਂ ਦੀਆਂ ਮੁਢਲੀਆਂ ਲੋੜਾਂ ਤਾਂ ਉਨ੍ਹਾਂ ਨੂੰ ਬੁਨਿਆਦੀ ਸੇਵਾਵਾਂ ਮੁਹੱਈਆ ਕਰਵਾ ਕੇ ਹੀ ਦਿੱਤੀਆਂ ਜਾ ਸਕਦੀਆਂ ਹਨ। ਗ਼ਰੀਬੜੇ ਲੋਕਾਂ ਨੂੰ ਵੱਡੇ ਹਵਾਈ ਪੁਲਾਂ ਅਤੇ ਐਕਸਪ੍ਰੈੱਸ ਮਾਰਗਾਂ ਦੀ ਥਾਂਵੇਂ ਪਿੰਡਾਂ ਦੀਆਂ ਸੜਕਾਂ, ਹਸਪਤਾਲਾਂ ਵਿਚ ਡਾਕਟਰਾਂ ਅਤੇ ਸਰਕਾਰੀ ਸਕੂਲਾਂ ਵਿਚ ਮਾਸਟਰਾਂ ਦੀ ਤੁਰੰਤ ਲੋੜ ਹੈ। ਸਰਕਾਰ ਚਾਹੇ ਗ਼ਰੀਬ ਲੋਕਾਂ ਨੂੰ ਮੁਫ਼ਤ ਇਲਾਜ ਦੀਆਂ ਸਹੂਲਤਾਂ ਦੇਣ ਦਾ ਵਾਅਦਾ ਕਰ ਰਹੀ ਹੈ, ਬਜ਼ੁਰਗਾਂ ਨੂੰ ਪੈਨਸ਼ਨਾਂ ਦੁੱਗਣੀਆਂ ਦੇਣ ਦਾ ਐਲਾਨ ਅਤੇ ਲੋਕਾਂ ਨੂੰ ਮੁਫ਼ਤ ਤੀਰਥ ਯਾਤਰਾ 'ਤੇ ਲਿਜਾਣ ਦੀਆਂ ਗੱਲਾਂ ਕਰਦੀ ਹੈ ਪਰ ਗ਼ਰੀਬ ਦੇ ਰੁਜ਼ਗਾਰ, ਕਿਸਾਨ ਦੀ ਖੁਰਦੀ ਆਰਥਿਕਤਾ, ਰਸੂਖਵਾਨਾਂ ਹੱਥ ਸਿਮਟੀ ਇਨਸਾਫ਼ ਦੀ ਤੰਦ ਜਿਹੀਆਂ ਸਮੱਸਿਆਵਾਂ ਨੂੰ ਕਿਵੇਂ ਦੂਰ ਕਰੇਗੀ।

ਚੋਣ ਵਰ੍ਹਾ ਨੇੜੇ ਆਉਂਦਾ ਹੋਣ ਕਾਰਨ ਅਗਲੇ ਦਿਨਾਂ ਵਿਚ ਬਹੁਤ ਸਾਰੇ ਲੋਕ ਲੁਭਾਵਣੇ ਐਲਾਨ ਤੇ ਵਾਅਦੇ ਹੋਣਗੇ ਪਰ ਇਸ ਗੱਲ ਦਾ ਕੀ ਜਵਾਬ ਹੈ ਕਿ ਅਕਾਲੀ ਸਰਕਾਰ ਪਹਿਲੇ ਚਾਰ ਸਾਲਾਂ ਵਿਚ ਕਿਉਂ ਲੋਕਾਂ ਨੂੰ ਮਜਬੂਰੀਆਂ ਨਾਲ ਘੁਲਦੇ ਵੇਖਦੇ ਰਹੀ। ਸ਼੍ਰੋਮਣੀ ਅਕਾਲੀ ਦਲ ਦੀ ਤਾਂ ਸਥਾਪਨਾ ਹੀ ਮਜ਼ਲੂਮ, ਪੰਜਾਬ ਤੇ ਪੰਜਾਬੀਅਤ ਦੀ ਰਾਖੀ ਲਈ ਸੀ ਪਰ ਅੱਜ ਉਹੀ ਉਸ ਆਸ਼ੇ ਤੋਂ ਦੂਰ ਜਾਂਦੀ ਪ੍ਰਤੀਤ ਹੋ ਰਹੀ ਹੈ ਜਿਸ ਪੱਖ ਦੇ ਸਹਿਯੋਗ ਨਾਲ ਉਹ ਅਗਵਾਈ ਕਰਨ ਦੇ ਯੋਗ ਬਣੀ ਸੀ। ਹੋਰ ਤਾਂ ਹੋਰ, ਆਪਣੀਆਂ ਨਾਰਾਜ਼ ਧਿਰਾਂ ਨੂੰ ਦੇਸ਼ ਵਿਰੋਧੀ ਤਾਕਤਾਂ ਤਕ ਕਹਿਣ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ।

ਰਵਾਇਤੀ ਪਾਰਟੀ ਨੂੰ ਆਧੁਨਿਕ ਜਾਮਾ ਪਹਿਨਾਉਣ ਵਿਚ ਤਾਂ ਕੋਈ ਹਰਜ ਨਹੀਂ ਪਰ ਇਸ ਨੂੰ ਕਾਰਪੋਰੇਟ ਰੰਗਤ ਦੇਣ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ ਕਿਉਂ ਜੋ ਇਸ ਪਾਰਟੀ ਦੀਆਂ ਜੜ੍ਹਾਂ ਨੂੰ ਸਿੰਜਣ ਲਈ ਆਪਣੀਆਂ ਕੁਰਬਾਨੀਆਂ ਦੇਣ ਵਾਲੇ ਅੱਜ ਵੀ ਗ਼ਰੀਬ ਤੇ ਟਕਸਾਲੀ ਵਰਕਰ ਹੀ ਹਨ। ਘੱਟੋ-ਘੱਟ ਉਨ੍ਹਾਂ ਦੀਆਂ ਆਸਾਂ, ਚਾਵਾਂ ਤੇ ਮਲਾਰਾਂ ਦਾ ਵੀ ਖ਼ਿਆਲ ਰੱਖਿਆ ਜਾਣਾ ਬਣਦਾ ਹੈ ਅਤੇ ਸਿੱਖਾਂ ਦੀ ਨੁਮਾਇੰਦਾ ਪਾਰਟੀ ਹੋਣ ਕਾਰਨ, ਉਨ੍ਹਾਂ ਦਾ ਵਿਸ਼ਵਾਸ ਬਹਾਲ ਕਰਨਾ ਅੱਜ ਸਭ ਤੋਂ ਵੱਡੀ ਅਤੇ ਪਹਿਲੀ ਜ਼ਿੰਮੇਵਾਰੀ ਬਣਦੀ ਹੈ। ਇਹ ਤਾਂ ਹਾਲੇ ਭਵਿੱਖ ਦੀ ਬੁੱਕਲ ਵਿਚ ਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮੌਕੇ ਦੀ ਨਜ਼ਾਕਤ ਸਮਝਦੇ ਹੋਏ ਆਪਾ ਪੜਚੋਲ ਕਰ ਕੇ ਇਸ ਦੇ ਖੁਰ ਰਹੇ ਵਕਾਰ ਨੂੰ ਬਹਾਲ ਕਰਨ ਲਈ ਕਿੰਨੀ ਕੁ ਸੰਜੀਦਗੀ ਦਿਖਾਉਣਗੇ।

## ਪਿੰਕੀ, ਕਤਲੋਗਾਰਤ ਅਤੇ ਸੜਕ...

*(ਪਿਛਲੇ ਸਫੇ ਦੀ ਬਾਕੀ)*

ਵੇਲੇ ਨੁਮਾਇਸ਼ੀ ਪੁਰਜ਼ੇ ਵਸਤਾਂ ਦਾ ਮੁੱਲ ਤੈਅ ਕਰਦੇ ਹਨ। ਲਾਸ਼ ਨੂੰ ਧੂਹ ਕੇ ਲਿਜਾਣ ਦੀਆਂ ਖ਼ਬਰਾਂ ਪੜ੍ਹ-ਸੁਣ ਕੇ ਪਿੰਕੀ ਨੂੰ ਬਹੁਤ ਕੁਝ ਯਾਦ ਆਇਆ ਹੋਵੇਗਾ। ਉਹ ਤਾਂ ਮੁਖ਼ਬਰ ਤੋਂ ਲੈ ਕੇ ਬਿਜਲੀ ਬੰਦ ਕਰਨ ਵਾਲਾ, ਮੁਆਵਜ਼ਾ ਦੇਣ ਵਾਲਾ ਕਾਰੋਬਾਰੀ, ਹਲਕਾ ਇੰਚਾਰਜ ਅਤੇ ਜ਼ਿਲ੍ਹਾ ਬੋਰਡ ਦਾ ਚੇਅਰਮੈਨ ਰਿਹਾ ਹੈ। ਉਹ ਤਾਂ ਇਸ ਤੋਂ ਉਪਰਲੇ ਅਹੁਦਿਆਂ ਉਤੇ ਬੈਠ ਕੇ ਕੀਤੀ ਜਾਂਦੀ ਵਿਉਂਤਬੰਦੀ ਅਤੇ ਨੇਪਰੇ ਚੜ੍ਹੇ ਕਾਰਜਾਂ ਦੇ ਜਸ਼ਨ ਵਿਚ ਸ਼ਾਮਿਲ ਰਿਹਾ ਹੈ।

ਕੀ ਪਿੰਕੀ ਦੇ ਹਵਾਲੇ ਨਾਲ ਉਸ ਦੇ ਸਿਆਸਤ, ਵਿਧਾਨ ਪਾਲਿਕਾ, ਕਾਰਜ ਪਾਲਿਕਾ, ਨਿਆਂ ਪਾਲਿਕਾ ਅਤੇ ਮੀਡੀਆ ਵਾਲੇ ਸਹਿਕਰਮੀਆਂ ਜਾਂ ਅਗਲੀ ਪੀੜ੍ਹੀ ਨੂੰ ਕੁਝ ਸਮਝ ਆ ਸਕਦਾ ਹੈ? ਤਾਕਤ ਦੇ ਨਸ਼ੇ ਅਤੇ ਸਮਝ ਦਾ ਆਪਸ ਵਿਚ ਕੀ ਰਿਸ਼ਤਾ ਬਣਦਾ ਹੈ? ਇਸ ਤੋਂ ਪਹਿਲਾਂ ਕਿ ਘਰਾਂ ਦੀਆਂ ਬਰੂਹਾਂ ਉਤੇ ਪੁੱਜੇ ਖ਼ੌਫ਼ਜ਼ਦਾ ਸੜਕ ਹਾਦਸੇ ਬੂਹੇ ਭੰਨ੍ਹ ਦੇਣ, ਇਹ ਟੋਹ ਲੈਣਾ ਚਾਹੀਦਾ ਚਾਹੀਦਾ ਹੈ ਕਿ ਸੜਕ ਉਤੇ ਧੂਹੀ ਗਈ ਲਾਸ਼ ਨਾਲ ਸਾਡੇ ਅੰਦਰ ਕਿੰਨਾ ਖੋਰਾ ਲੱਗਿਆ ਹੈ? ਕੀ ਇਹ ਖੋਰਾ ਕਿਸੇ ਮੁਆਵਜ਼ੇ ਦਾ ਮੁਹਤਾਜ ਹੈ? ਜੇ ਮਕਤੂਲਾ ਦੇ ਘਰਦਿਆਂ ਨੂੰ ਮੁਆਵਜ਼ਾ ਮਿਲਣ ਤੋਂ ਬਾਅਦ ਇਹ ਖੋਰਾ ਧੂਹ ਪਾਉਂਦਾ ਹੈ ਤਾਂ ਸਾਡਾ ਉਸ ਨਾਲ ਕੀ ਰਿਸ਼ਤਾ ਹੈ? ਇਹ ਰਿਸ਼ਤਾ ਸਾਥੋਂ ਕੀ ਆਸ ਕਰਦਾ ਹੈ?

# ਹੀਰਿਆਂ ਦੀ ਖਾਣ ਪੰਜਾਬ

ਪੰਜਾਬ ਹੀਰਿਆਂ ਦੀ ਧਰਤੀ ਹੈ। ਵੇਦਾਂ ਦੇ ਰਚਨਾਕਾਰ ਰਿਸ਼ੀਆਂ ਤੋਂ ਲੈ ਕੇ ਪੰਜਾਬ ਦਾ ਇਤਿਹਾਸ ਬੇਮਿਸਾਲ ਮਹਾਂਪੁਰਸ਼ਾਂ ਦੀ ਅਟੁੱਟ ਲੜੀ ਹੈ। ਅਜੋਕਾ ਮਨੁੱਖੀ ਸਮਾਜ ਕਿੰਨਾ ਵੀ ਨਿੱਘਰ ਰਿਹਾ ਹੋਵੇ, ਪੰਜਾਬ ਨੇ ਹੀਰੇ ਮਨੁੱਖ ਪੈਦਾ ਕਰਨ ਦੀ ਆਪਣੀ ਸਮਰੱਥਾ ਗੁਆਈ ਨਹੀਂ। ਸਰਵਣ ਸਿੰਘ ਨੇ ਵਰਤਮਾਨ ਖ਼ਜ਼ਾਨੇ ਵਿਚੋਂ ਜਿਹੜੇ ਨੌਂ ਹੀਰਿਆਂ ਦੀ ਚੋਣ ਕੀਤੀ ਹੈ, ਉਹ ਇਕ ਤੋਂ ਵਧ ਕੇ ਇਕ ਤਾਬਦਾਰ ਹਨ।

ਡਾ. ਸਰਦਾਰਾ ਸਿੰਘ ਜੌਹਲ ਮੰਨਿਆ-ਪ੍ਰਮੰਨਿਆ ਅਰਥ-ਸ਼ਾਸਤਰੀ ਹੋਣ ਦੇ ਨਾਲ ਨਾਲ ਸਾਹਿਤ ਤੇ ਸਭਿਆਚਾਰ ਦਾ ਰਸੀਆ ਵੀ ਹੈ ਤੇ ਸਰਪ੍ਰਸਤ ਵੀ। ਸਮਰੱਥਾ ਏਨੀ ਕਿ ਸਾਡੀ ਕਿਸੇ ਪੰਜਾਬ ਸਰਕਾਰ ਨੇ ਉਹਨੂੰ ਪੂਰੀ ਤਰ੍ਹਾਂ ਵਰਤਣ



**ਗੁਰਬਚਨ ਸਿੰਘ ਭੁੱਲਰ**
ਫੋਨ: 0091-11425-02364


ਦੀ ਸਮਰੱਥਾ ਨਹੀਂ ਦਿਖਾਈ। ਕਾਬਲੀਅਤ ਵੱਡੀ, ਸਰਕਾਰਾਂ ਦੇ ਭਾਂਡੇ ਛੋਟੇ! ਕਰਨੈਲ ਸਿੰਘ ਪਾਰਸ ਕਵੀਸ਼ਰਾਂ ਦਾ ਕਰਨੈਲ ਤਾਂ ਸੀ ਹੀ, ਅੰਧਵਿਸ਼ਵਾਸ, ਜਹਾਲਤ ਤੇ ਸਮਾਜਕ ਪਿਛਲਖੁਰਤਾ ਦਾ ਕੱਟੜ ਵਿਰੋਧੀ ਵੀ ਸੀ, ਜੋ ਸਾਰੀ ਉਮਰ ਭਵਿੱਖਮੁਖੀ, ਲੋਕ-ਹਿਤੈਸ਼ੀ, ਅੱਗੇਵਧੂ ਸੋਚ ਦਾ ਪਾਰਸ ਬਣ ਕੇ ਕਬੀਰ ਜੀ ਦੇ ਵਚਨ ਉਪਾਰਸੁ ਪਰਸਿ ਲੋਹਾ ਕੰਚਨੁ ਸੋਈ" ਉਤੇ ਪੂਰਾ ਉਤਰਦਿਆਂ ਸਰੋਤਿਆਂ ਦੀ ਹਨੇਰੀ ਸੋਚ ਵਿਚ ਦੀਵੇ ਬਾਲ ਕੇ ਉਨ੍ਹਾਂ ਨੂੰ ਕੰਚਨੁ ਬਣਨ ਦੇ ਰਾਹ ਪਾਉਂਦਾ ਰਿਹਾ। ਜਸਵੰਤ ਸਿੰਘ ਕੰਵਲ, ਜੋ ਸਰਵਣ ਸਿੰਘ ਦੀ ਤੇ ਮੇਰੀ ਪੀੜ੍ਹੀ ਦੇ ਸਾਹਿਤਕ ਸੁਰਤ ਸੰਭਾਲਣ ਤੋਂ ਵੀ ਪਹਿਲਾਂ ਤੋਂ ਸ਼ਬਦ-ਸਮਰਾਟ ਬਣਿਆ ਹੋਇਆ ਹੈ। ਅਸੀਂ ਸਾਹਿਤ ਦਾ ੳ-ਅ ਸਿੱਖ ਰਹੇ ਸੀ ਤਾਂ ਉਹਦਾ ਕੰਵਲ-ਫੁੱਲ ਸਾਹਿਤ-ਸਰੋਵਰ ਵਿਚ ਪੂਰਾ ਖਿੜਿਆ ਹੋਇਆ ਸੀ ਤੇ ਉਹਦੀ ਪੂਰਨਮਾਸੀ ਦੀ ਚਾਨਣੀ ਨਾਲ ਪੰਜਾਬੀ ਸਾਹਿਤ ਦਾ ਵਿਹੜਾ ਚਾਂਦੀ-ਰੰਗਾ ਹੋਇਆ ਪਿਆ ਸੀ। ਉਹਤੋਂ ਮਗਰੋਂ ਤੁਰੇ ਅਨੇਕ ਸਾਹਿਤ-ਯਾਤਰੀ ਹਫ਼-ਹੰਭ ਗਏ ਪਰ ਉਹਦੀ ਪੁਲਾਂਘ ਪਹਿਲਾਂ ਜਿੰਨੀ ਹੀ ਲੰਮੀ ਹੈ।

ਜਗਦੇਵ ਸਿੰਘ ਜੱਸੋਵਾਲ ਪੰਜਾਬੀ ਸਾਹਿਤ-ਸਭਿਆਚਾਰ ਦਾ ਬੇਮਿਸਾਲ ਕਦਰਦਾਨ ਤੇ ਰਖਵਾਲਾ ਸੀ, ਸੱਚੇ ਅਰਥਾਂ ਵਿਚ ਜਥੇਦਾਰ। ਸਰਵਣ ਸਿੰਘ ਦਾ ਉਹਦੇ ਲਈ ਵਰਤਿਆ ਕਥਨ 'ਸਭਿਆਚਾਰਕ ਮੇਲਿਆਂ ਦਾ ਮੋਹਤੀਗੱਡ' ਉਸ ਬਾਰੇ ਬਹੁਤ ਕੁਝ ਦਸਦਾ ਹੈ। ਮਸਤ-ਮਲੰਗ ਫੱਕਰ ਸੁਭਾਅ! ਦਿਲ ਵੀ ਖੁੱਲ੍ਹਾ, ਜੇਬ ਵੀ ਖੁੱਲ੍ਹੀ! ਲੁਧਿਆਣੇ ਮੈਂ ਇਕ ਸਾਹਿਤਕ ਸਮਾਗਮ ਵਿਚ ਸ਼ਾਮਲ ਹੋਣਾ ਸੀ। ਜੱਸੋਵਾਲ ਨੂੰ ਮੇਰੇ ਆਉਣ ਦਾ ਪਤਾ ਲਗਿਆ ਤਾਂ ਆਬਦੇ ਚੇਲੇ-ਬਾਲਕੇ ਨਿੰਦਰ ਘੁਗਿਆਣਵੀ ਨੂੰ ਕਹਿੰਦਾ, "ਭੁੱਲਰ, ਪਤਾ ਨਹੀਂ ਕਿਵੇਂ, ਹੁਣ ਤੱਕ ਆਪਣੀ ਮਾਰ ਤੋਂ ਪਾਸੇ ਹੀ ਰਹਿ ਗਿਆ। ਬੰਦੇ ਇਕੱਠੇ ਕਰ ਲਈਂ, ਆਪਾਂ 'ਮੋਹਨ ਸਿੰਘ ਪੁਰਸਕਾਰ' ਨਾਲ ਉਹਦਾ ਆਦਰ-ਮਾਣ ਜ਼ਰੂਰ ਕਰਨਾ ਹੈ।" ਮੋਹਨ ਸਿੰਘ ਦੀ ਸ਼ੀਸ਼ੇ-ਜੜੀ ਤਸਵੀਰ, ਲੋਈ, ਮਾਣ-ਪੱਤਰ ਤੇ ਇਕਵੰਜਾ ਸੌ ਰੁਪਏ। ਮੈਂ ਅਜੇ ਗਲ਼ ਵਿਚੋਂ ਲਾਹ ਕੇ ਲੋਈ ਤਹਿ ਹੀ ਕਰ ਰਿਹਾ ਸਾਂ ਕਿ ਬੋਲਿਆ, "ਤੁਸੀਂ ਆਏ ਕਿਵੇਂ ਹੋ?" ਮੇਰੇ ਟੈਕਸੀ ਦੱਸਿਆਂ ਹੱਥ ਫੇਰ ਜੈਕਟ ਦੀ ਅੰਦਰਲੀ ਜੇਬ ਵਿਚ ਪਾ ਲਿਆ, "ਟੈਕਸੀ ਦੇ ਤਾਂ ਦਿੱਲੀਓਂ ਖਾਸੇ ਪੈਸੇ ਲੱਗ ਜਾਂਦੇ ਨੇ!" ਮੈਂ ਬੜੀ ਮੁਸ਼ਕਲ ਨਾਲ ਉਹਦਾ ਹੱਥ ਜੇਬ ਵਿਚੋਂ ਕੱਢਿਆ। ਅਜਿਹਾ ਦਿਲਦਾਰ ਬੰਦਾ ਸੀ ਆਪਣਾ ਜੱਸੋਵਾਲ!

ਜਰਨੈਲ ਸਿੰਘ ਜਿਸ ਦੀ ਫੁੱਟਬਾਲ ਦੀ ਦਹਾਕਾ ਲੰਮੀ ਜਰਨੈਲੀ ਦਾ ਕੋਈ ਜਵਾਬ ਨਹੀਂ। ਹੁਣ ਕਾਂਸੀ ਦਾ ਮੈਡਲ ਮਿਲੇ ਤੋਂ ਧੰਨ ਧੰਨ ਕਰਨ ਵਾਲੇ ਦੇਸ ਦੀ ਝੋਲੀ ਗੋਲਡ-ਮੈਡਲ ਪਾਉਂਦਾ ਰਿਹਾ। ਆਪਣੇ ਪਿੰਡ ਦੀ ਮਿੱਟੀ ਦਾ ਪੁੱਤਰ, ਜੀਹਦੇ ਪੈਰ ਦੇ ਹੁਲਾਰੇ ਨਾਲ ਅੰਬਰ ਵੱਲ ਉਡੀ ਬਾਲ ਨੂੰ ਜੱਗ ਹੈਰਾਨ ਹੋ ਹੋ ਵੇਖਦਾ ਪਰ ਜੀਹਨੇ ਆਪਣੀ ਹਉਂ ਬਾਲ ਦੇ ਪਿੱਛੇ ਪਿੱਛੇ ਅੰਬਰੀਂ ਚਾੜ੍ਹਨ ਦੀ ਥਾਂ ਨਿਮਰਤਾ ਦਾ ਪੱਲਾ ਘੁੱਟ ਕੇ ਫੜੀ ਰਖਦਿਆਂ ਪੈਰਾਂ ਨੂੰ ਮਜ਼ਬੂਤੀ ਨਾਲ ਧਰਤੀ ਉਤੇ ਜਮਾਈ ਰੱਖਿਆ। ਓਲੰਪਿਕ ਜਾਂ ਏਸ਼ੀਆਈ ਮੈਚ ਖੇਡ ਕੇ ਪਿੰਡ ਮੁੜਦਾ ਤਾਂ ਪਿੰਡ ਦੀ ਟੀਮ ਵਿਚ ਜਲ ਵਿਚ ਮੱਛੀ ਵਾਂਗ ਇਉਂ ਰਲ ਜਾਂਦਾ ਜਿਵੇਂ ਕਦੀ ਪਿੰਡੋਂ ਬਾਹਰ ਨਾ ਨਿਕਲਿਆ ਸਾਧਾਰਨ ਖਿਡਾਰੀ ਹੋਵੇ!

ਜੇ ਰੋਮ ਰੋਮ ਪੰਜਾਬੀ ਦੀ ਮਿਸਾਲ ਦੇਣੀ ਹੋਵੇ, ਆਪਣੇ ਦਾਰਾ ਸਿੰਘ ਦਾ ਨਾਂ ਲੈ ਦਿਉ। ਇਕ-ਤਿਹਾਈ ਸਦੀ ਤੋਂ ਕੁਝ ਵੱਧ ਸਮੇਂ ਵਿਚ ਪੰਜ ਸੈਂਕੜੇ ਕੁਸ਼ਤੀਆਂ ਲੜ ਕੇ ਉਹ ਮੁਰਾਤਬਾ ਹਾਸਲ ਕੀਤਾ ਕਿ ਆਪਣੀ ਤਾਕਤ ਦੀ ਗੱਲ ਕਰਨ ਵਾਲੇ ਨੂੰ ਲੋਕ ਆਖਦੇ, ਤੂੰ ਕਿਧਰਲਾ ਆ ਗਿਆ ਦਾਰਾ ਪਹਿਲਵਾਨ! ਉਹਦੇ ਨਾਂ ਦਾ ਲਾਹਾ ਲੈਣ ਵਾਸਤੇ ਫਿਲਮਾਂ ਵਾਲਿਆਂ ਨੇ ਪਲੋਸ ਲਿਆ ਤਾਂ ਅੱਧੀ ਸਦੀ ਤੋਂ ਕੁਝ ਵੱਧ ਸਮੇਂ ਵਿਚ ਡੇਢ ਸੌ ਫਿਲਮਾਂ ਕਰ ਲੈਣ ਮਗਰੋਂ ਵੀ ਸੁੰਦਰਤਾ ਦੇ ਛਲਕਦੇ ਸਾਗਰ ਵਿਚਕਾਰ ਉਹੋ "ਜਤੀ-ਸਤੀ ਉਦਾਰਾ ਜੀ" ਰਿਹਾ। ਰੂਪਨਗਰੀ ਵਿਚ ਸ਼ਰਾਫ਼ਤ ਦੀਆਂ ਜੋ ਇਕਾ-ਦੁੱਕਾ ਮਿਸਾਲਾਂ ਸਹੁੰ ਖਾਣ ਲਈ ਕਾਇਮ ਰਹੀਆਂ, ਉਨ੍ਹਾਂ ਦਾ ਮੋਹਰੀ। ਉਹਦੀ ਪੰਜਾਬੀਅਤ ਦਾ ਤਾਂ ਕਹਿਣਾ ਹੀ ਕੀ। ਫਿਲਮਾਂ ਵਾਲਿਆਂ ਨੇ ਬੇਨਤੀਆਂ ਦੇ ਬਾਵਜੂਦ ਪੰਜਾਬੀ ਵਿਚ ਹਿੰਦੀ-ਉਰਦੂ ਬੋਲਦਾ ਦੇਖ ਉਹਨੂੰ ਸ਼ੁੱਧ ਹਿੰਦੀ-ਉਰਦੂ ਸਿੱਖਉਣ ਵਾਸਤੇ ਉਸਤਾਦ ਦਾ ਪ੍ਰਬੰਧ ਕਰ ਦਿੱਤਾ। ਸਿੱਖਲਾਈ ਦਾ ਸਮਾਂ ਪੂਰਾ ਹੋਇਆ ਤਾਂ ਦਾਰਾ ਸਿੰਘ ਤਾਂ ਹਿੰਦੀ-ਉਰਦੂ ਪਹਿਲਾਂ ਵਾਂਗ ਹੀ ਪੰਜਾਬੀ ਵਿਚ ਬੋਲ ਰਿਹਾ ਸੀ ਪਰ ਗ਼ੈਰ-ਪੰਜਾਬੀ ਉਸਤਾਦ ਹਿੰਦੀ-ਉਰਦੂ ਭੁੱਲ ਕੇ ਸ਼ੁੱਧ ਪੰਜਾਬੀ ਬੋਲਣ ਲੱਗ ਪਿਆ ਸੀ!

ਫੌਜਾ ਸਿੰਘ ਇਕ ਸਦੀ ਪਹਿਲਾਂ ਦੀ ਪੰਜਾਬੀ ਪੀੜ੍ਹੀ ਦੇ ਦਰਸ਼ਨ ਕਰਵਾਉਣ ਵਾਲਾ ਭੋਲਾ-ਭਾਲਾ, ਜਜ਼ਬਾਤੀ, ਵਲ-ਛਲ ਤੋਂ ਮੁਕਤ, ਫੱਕਰ-ਫ਼ਕੀਰ ਬਜ਼ੁਰਗ ਹੈ ਜੋ ਬਜ਼ੁਰਗ ਬਣਨੋਂ ਇਨਕਾਰੀ ਹੈ। ਪੂਰੀ ਸਦੀ ਨੂੰ ਪਿੱਛੇ ਛੱਡ ਕੇ ਜੋ ਮੈਰਾਥਨੀ ਦੌੜਾਕ





ਹੋਵੇ ਤੇ ਰੋਜ਼ ਸੱਤ-ਅੱਠ ਮੀਲ ਤੁਰਦਾ ਹੋਵੇ, ਉਹਨੂੰ ਬਜ਼ੁਰਗ ਕਹਿਣ ਦਾ ਜੇਰਾ ਕੌਣ ਕਰੇ! ਉਸ ਦੀ ਕਰਾਮਾਤੀ ਕਰਨੀ ਉਹਤੋਂ ਅੱਧੀ ਉਮਰ ਦੇ ਦਲਿੱਦਰੀਆਂ ਨੂੰ ਕੁਝ ਕਰਨ ਲਈ ਪ੍ਰੇਰਦੀ ਹੈ।

ਹਾਕੀ ਦਾ ਕਰਾਮਾਤੀ ਬਲਬੀਰ ਸਿੰਘ ਲੋਕਾਂ ਦੇ ਦਿਲਾਂ ਦਾ ਭਾਰਤ ਰਤਨ ਹੈ। ਕੁਝ ਸਮਾਂ ਪਹਿਲਾਂ ਜਦੋਂ ਇਕ ਕ੍ਰਿਕਟੀਏ ਖਿਡਾਰੀ ਨੂੰ ਸਰਕਾਰ ਨੇ ਭਾਰਤ ਰਤਨ ਦਿੱਤਾ, ਉਹਤੋਂ ਪਹਿਲਾਂ ਇਸ ਸਨਮਾਨ ਦੇ ਹੱਕੀ ਵਜੋਂ ਆਮ ਲੋਕਾਂ ਦੀ ਜ਼ਬਾਨ ਉਤੇ ਜੇ ਕਿਸੇ ਦਾ ਨਾਂ ਸੀ, ਉਹ ਸੀ ਬਲਬੀਰ ਸਿੰਘ। ਹੁਣ ਟੀਮਾਂ ਇਕ ਗੋਲ ਮਾਰ ਲੈਣ ਨੂੰ ਪ੍ਰਾਪਤੀ ਸਮਝਦੀਆਂ ਹਨ। 1952 ਦੀਆਂ ਓਲੰਪਿਕ ਖੇਡਾਂ ਦੇ ਸੈਮੀਫਾਈਨਲ ਦੇ 9 ਵਿਚੋਂ 8 ਅਤੇ ਫਾਈਨਲ ਦੇ 6 ਵਿਚੋਂ 5 ਗੋਲ ਜਿਸ ਇਕੱਲੇ ਦੀ ਹਾਕੀ ਨਾਲ ਹੋਏ, ਉਹ ਹੈ ਮਾਣਮੱਤਾ ਪੰਜਾਬੀ ਬਲਬੀਰ ਸਿੰਘ।

ਮਿਲਖਾ ਸਿੰਘ ਜ਼ੀਰੋ ਤੋਂ ਹੀਰੋ ਤੱਕ ਦੀ ਯਾਤਰਾ ਦੀ ਗੌਰਵ-ਗਾਥਾ ਹੈ। ਉਹਦੇ ਨਾਂ ਨਾਲ ਜੁੜੇ ਅਨੇਕ ਕਿੱਸੇ ਤੇ ਟੋਟਕੇ ਉਹਦੀ ਸਾਦਗੀ ਦੇ ਵੀ ਗਵਾਹ ਹਨ ਅਤੇ ਉਹਦੀ ਘਾਲਣਾ ਤੇ ਪ੍ਰਾਪਤੀ ਦੇ ਵੀ। ਅਖੇ, ਕਿਸੇ ਨੇ ਲਾਲ ਬੱਤੀ ਦਿਖਾ ਕੇ ਕਿਹਾ, ਮਿਲਖਿਆ, ਜੇ ਔਹ ਬੱਤੀ ਨੂੰ ਹੱਥ ਲਾ ਕੇ ਛੇਤੀ ਮੁੜ ਆਵੇਂ, ਸੇਰ ਦੁੱਧ ਇਨਾਮ। ਬੱਤੀ ਟਰੱਕ ਦੀ ਸੀ। ਜਿਥੇ ਕਿਤੇ ਡਰਾਈਵਰ ਰੁਕਿਆ, ਬੱਤੀ ਨੂੰ ਹੱਥ ਲਾ ਕੇ ਮਿਲਖਾ ਕਈ ਘੰਟਿਆਂ ਮਗਰੋਂ ਮੁੜਿਆ ਤੇ ਭੋਲੇ-ਭਾਅ ਬੋਲਿਆ, ਲਿਆ ਮੇਰੀ ਸ਼ਰਤ! ਫ਼ਿਲਮ 'ਭਾਗ ਮਿਲਖਾ ਭਾਗ' ਦੇ ਨਾਂ ਵਾਂਗ ਉਹਦਾ ਜੀਵਨ ਲਗਾਤਾਰ ਅੱਗੇ ਹੀ ਅੱਗੇ ਵਧਦੇ ਜਾਣ ਦੀ ਕਹਾਣੀ ਹੈ ਤੇ ਦਰਸ਼ਕਾਂ ਵਿਚ ਉਹਦੀ ਬੇਹੱਦ ਹਰਮਨਪਿਆਰਤਾ ਮਿਲਖੇ ਦੀ ਸਫਲਤਾ ਦੀ ਸਾਹਦੀ ਭਰਦੀ ਹੈ।

ਸਰਵਣ ਸਿੰਘ ਜਿਸ ਵਿਅਕਤੀ ਬਾਰੇ ਵੀ ਲਿਖਦਾ ਹੈ, ਉਹਦੀ ਸੰਪੂਰਨ ਸ਼ਖ਼ਸੀਅਤ ਵੀ ਇਸੇ ਲਈ ਚਿਤਰ ਸਕਦਾ ਹੈ ਕਿ ਉਹ ਜੇ ਕਿਸੇ ਨਾਲ ਵੀ ਜੋੜਦਾ ਹੈ, ਤਰਦਾ ਤਰਦਾ, ਸਤਹੀ ਨਾਤਾ ਨਹੀਂ ਜੋੜਦਾ। ਉਹ ਦੋਸਤੀ ਗੰਢਦਾ ਹੈ ਤਾਂ ਅਗਲੇ ਦੇ ਦਿਲ ਵਿਚ ਆਲ੍ਹਣਾ ਪਾਉਂਦਾ ਹੈ। ਦੋਸਤ ਦਾ ਘਰ ਉਹਦਾ ਆਪਣਾ ਘਰ ਤੇ ਪਰਿਵਾਰ ਆਪਣਾ ਪਰਿਵਾਰ ਹੋ ਜਾਂਦਾ ਹੈ। ਮੈਨੂੰ ਨਹੀਂ ਪਤਾ, ਉਹਨੂੰ ਇਨ੍ਹਾਂ ਹਸਤੀਆਂ ਦੀ ਚੋਣ ਕਰਨ ਸਮੇਂ ਇਕ ਸਾਂਝੇ ਗੁਣ ਦਾ ਖ਼ਿਆਲ ਆਇਆ ਸੀ ਕਿ ਨਹੀਂ, ਪਰ ਕੁਦਰਤ ਦੀ ਕਰਾਮਾਤ ਦੇਖੋ, ਸਾਰੇ ਦੇ ਸਾਰੇ ਸਾਉ-ਸਨਿਮਰ! ਜਿੰਨੇ ਮੱਤ ਦੇ ਉਚੇ, ਓਨੇ ਮਨ ਦੇ ਨੀਵੇਂ! ਸਾਡੇ ਵਿਸ਼ਵੀ ਪੰਜਾਬੀ ਪੁਰਖੇ, ਬਾਬਾ ਨਾਨਕ ਦੇ ਭਾਰੇ-ਗੌਰੇ ਸੱਚੇ ਸਿੱਖ ਜਿਸ ਨੇ ਸਾਡੇ ਵਾਸਤੇ "ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ" ਦੇ ਵਚਨ ਨਾਲ ਚਲਨ-ਚਰਿੱਤਰ ਦੀ ਖਰੀ ਕਸਵੱਟੀ ਮਿਥ ਦਿੱਤੀ ਸੀ। ਕੋਈ ਇਕ ਵੀ ਅਜਿਹਾ ਨਹੀਂ ਜਿਸ ਕੋਲ ਬੈਠ ਗੱਲਾਂ ਕਰਦਿਆਂ ਉਹਦੀ ਹਉਂ ਦੀ ਹੁਮਕ ਤੁਹਾਨੂੰ ਉਹਤੋਂ ਥੋੜ੍ਹਾ ਜਿਹਾ ਦੂਰ ਸਰਕਣ ਵਾਸਤੇ ਆਖੇ, ਸਗੋਂ ਹਰੇਕ ਦੀ ਤੁਹਾਡੇ ਆਪਣੇ ਵਡੇਰੇ ਵਾਲੀ ਮੋਰ ਦੀ ਮਹਿਕ ਉਹਦੇ ਹੋਰ ਗੋਡੇ-ਮੁੱਢ ਲੱਗ ਕੇ ਬੈਠਣ ਵਾਸਤੇ ਸੈਣਤਾਂ ਕਰਦੀ ਹੈ। ਇਕ ਗੱਲ ਹੋਰ। ਦੂਜੇ ਦੀ ਨਿਰਮਲਤਾ ਦੇਖਣ ਵਾਸਤੇ ਆਪਣਾ ਮਨ ਵੀ ਨਿਰਮਲ ਚਾਹੀਦਾ ਹੈ। ਅੱਖਾਂ ਵਿਚ ਗਹਿਰ-ਗੰਧਲ ਹੋਵੇ ਤਾਂ ਦਿੱਸਣ ਵਾਲੀ ਉਜਲੀ ਚੀਜ਼ ਵੀ ਗੰਧਲੀ ਲਗਦੀ ਹੈ। ਸਾਹਿਤ ਦਾ ਪਿੜ ਵੀ ਹੁਣ ਖਾਸਾ ਗੰਧਲ ਗਿਆ ਹੈ। ਪਰ ਦਹਾਕਿਆਂ ਲੰਮੇ ਵਾਹ ਵਿਚ ਨਾ ਮੈਂ ਕਦੀ ਸਰਵਣ ਸਿੰਘ ਦਾ ਸਿਦਕ-ਸੰਤੁਲਨ ਡੋਲਿਆ ਦੇਖਿਆ ਹੈ ਤੇ ਨਾ ਕਦੀ ਉਹਦਾ ਸਹਿਜ-ਸੰਤੋਖ ਉਖੜਿਆ ਮਹਿਸੂਸ ਕੀਤਾ ਹੈ। ਕਿਸੇ ਦੀ ਨਿੰਦਿਆ-ਚੁਗਲੀ ਉਹਨੂੰ ਕਰਨੀ ਹੀ ਨਹੀਂ ਆਉਂਦੀ!

ਸਰਵਣ ਸਿੰਘ ਦੀ ਵਾਰਤਕ ਦੀ ਗੱਲ ਚੱਲਿਆਂ ਮੇਰੇ ਜ਼ਿਹਨ ਵਿਚ ਉਹ ਕਿਸਾਨ ਉਭਰ ਆਉਂਦਾ ਹੈ ਜੋ ਮੁੜ੍ਹਕਾ-ਵਹਾਊ ਮਿਹਨਤ ਨਾਲ ਵਾਹੀ, ਬੀਜੀ, ਗੋਡੀ, ਸਿੰਜੀ ਤੇ ਸਮੇਟੀ ਸੁਨਹਿਰੀ ਕਣਕ ਦੇ ਵੱਡੇ, ਉਚੇ ਬੋਹਲ ਕੋਲ ਖੜ੍ਹਾ ਮੁਸਕਰਾ ਰਿਹਾ ਹੋਵੇ। ਕਿਸਾਨ ਦੀ ਕਣਕ ਵਾਂਗ ਉਹਦੀ ਨਵੀਂ ਪੁਸਤਕ ਵੀ ਹੁਣ ਹਰ ਸਾਲ ਆਉਂਦੀ ਹੈ। ਪੰਜਾਬ ਦੇ ਇਨ੍ਹਾਂ ਨੌਂ ਸਰਵਣ ਪੁੱਤਰਾਂ ਬਾਰੇ ਉਹਦੀ ਪੁਸਤਕ 'ਪੰਜਾਬ ਦੇ ਕੋਹੇਨੂਰ' ਇਸੇ ਪੁਸਤਕ-ਲੜੀ ਦੀ ਅਗਲੀ ਕੜੀ ਹੈ। ਉਹ ਤੋਰੇ-ਫੇਰੇ ਵਾਲਾ ਲੇਖਕ ਹੈ। ਇਹ ਤੋਰਾ-ਫੇਰਾ ਉਹਦੀ ਜੀਵਨ-ਜਾਚ ਤੇ ਜੀਵਨ-ਸ਼ੈਲੀ ਹੈ। ਇਹਦਾ ਮੁੱਢ ਉਹਨੇ ਪ੍ਰਾਇਮਰੀ ਤੋਂ ਯੂਨੀਵਰਸਿਟੀ ਤੱਕ ਅੱਧੀ ਦਰਜਨ ਸਕੂਲ-ਕਾਲਜ ਬਦਲ ਕੇ ਬੰਨ੍ਹ ਦਿੱਤਾ ਸੀ। ਇਸ ਉਮਰੇ ਵੀ ਉਹ ਇਕ ਛਿਮਾਹੀ ਭਾਰਤ ਤੇ ਦੂਜੀ ਛਿਮਾਹੀ ਕੈਨੇਡਾ ਵਿਚਰਨ ਦੇ ਮੁੱਖ ਤੋਰੇ-ਫੇਰੇ ਦੇ ਅੰਦਰ ਹੋਰ ਤੋਰੇ-ਫੇਰੇ ਬਣਾਈ ਰਖਦਾ ਹੈ। ਦੇਸ ਆਉਂਦਾ ਹੈ ਤਾਂ ਸ਼ਹਿਰਾਂ-ਪਿੰਡਾਂ ਵਿਚ ਹੁੰਦੇ ਸਾਹਿਤਕ, ਸਭਿਆਚਾਰਕ ਤੇ ਖੇਡ ਮੇਲਿਆਂ ਵਿਚ ਹਾਜ਼ਰ-ਨਾਜ਼ਰ ਰਹਿੰਦਾ ਹੈ। ਪਰਦੇਸ ਹੋਵੇ ਤਾਂ ਦੱਸੇਗਾ, ਅਮਰੀਕਾ, ਇੰਗਲੈਂਡ ਜਾਂ ਅਮਕੇ ਦੇਸ ਖੇਡ-ਮੇਲੇ ਵਾਲਿਆਂ ਨੇ ਸੱਦਿਆ ਸੀ, ਉਥੇ ਹਫ਼ਤਾ ਲਾ ਕੇ ਆਇਆ ਹਾਂ। ਇਹ ਲਗਾਤਾਰ ਤੋਰਾ-ਫੇਰਾ ਉਹਦੇ ਅਨੁਭਵ ਦਾ ਆਧਾਰ ਹੈ ਤੇ ਇਹ ਵਿਸ਼ਾਲ ਅਨੁਭਵ ਵਹਿਣ-ਵਗਣ ਲਈ ਬੇਚੈਨ ਰਹਿੰਦੀ ਉਹਦੀ ਕਲਮ ਵਾਸਤੇ ਅਮੁੱਕ ਆਧਾਰ-ਸਮਗਰੀ ਬਣਦਾ ਹੈ।

ਪੰਜਾਬ ਦੇ ਇਨ੍ਹਾਂ ਨੌਂ ਕੋਹੇਨੂਰ ਹੀਰਿਆਂ ਵਿਚੋਂ ਕੋਈ ਵੀ ਅਜਿਹਾ ਨਹੀਂ ਜੋ ਕਿਸੇ ਪਾਠਕ ਵਾਸਤੇ ਓਪਰਾ ਹੋਵੇ। ਤਾਂ ਵੀ ਇਹ ਪੁਸਤਕ ਇਨ੍ਹਾਂ ਆਪਣਿਆਂ ਨਾਲ ਸਾਡੀ ਅਪਣੱਤ ਨੂੰ ਯਕੀਨਨ ਹੋਰ ਗੂੜ੍ਹੀ ਕਰੇਗੀ। ਆਸ ਹੈ, ਪੰਜਾਬ ਨਾਂ ਦੀ ਖਾਣ ਵਿਚੋਂ ਸਰਵਣ ਸਿੰਘ ਹੋਰ ਅਨੇਕ ਹੀਰਿਆਂ ਦਾ ਜਲ-ਜਲੌਅ ਵੀ ਸਾਡੇ ਨਾਲ ਸਾਂਝਾ ਕਰਦਾ ਰਹੇਗਾ!

# ਸ਼ਮਸ਼ਾਨਘਾਟ ਦੇ ਭੂਤ ਦਾ ਸਹਿਮ

**ਦਇਆ ਸਿੰਘ ਸੰਧੂ**

ਗੱਲ ਸਾਲ 1978 ਦੇ ਨੇੜੇ-ਤੇੜੇ ਦੀ ਹੈ। ਮੈਂ ਇੱਕ ਖੱਬੇ ਪੱਖੀ ਅਧਿਆਪਕ ਜਥੇਬੰਦੀ ਵਿਚ ਸਰਗਰਮੀ ਨਾਲ ਕੰਮ ਕਰਦਾ ਹੁੰਦਾ ਸੀ। ਮੈਨੂੰ ਅਤੇ ਮੇਰੇ ਹੋਰ ਕਈ ਸਾਥੀ ਅਧਿਆਪਕਾਂ ਨੂੰ ਜਥੇਬੰਦੀ ਨੇ ਕਿਸੇ ਸੰਘਰਸ਼ ਦਾ ਇਸ਼ਤਿਹਾਰ ਸਾਡੇ ਇਲਾਕੇ ਦੇ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਵਿਚ ਲਾਉਣ ਦੀ ਜ਼ਿੰਮੇਵਾਰੀ ਦਿੱਤੀ। ਇੱਕ ਦਿਨ ਅਸੀਂ ਇੱਕ ਕਸਬੇ ਅਤੇ ਉਸ ਦੇ ਨੇੜੇ-ਤੇੜੇ ਦੇ ਪਿੰਡਾਂ ਦੀਆਂ ਕੰਧਾਂ ਉੱਪਰ ਇਸ਼ਤਿਹਾਰ ਲਗਾਉਣ ਦਾ ਕੰਮ ਵੱਖ-ਵੱਖ ਟੋਲੀਆਂ ਬਣਾ ਕੇ ਆਪੋ-ਆਪਣੇ ਸਾਈਕਲ ਲੈ ਕੇ ਰਾਤ ਨੂੰ ਕਰ ਰਹੇ ਸੀ। ਲਗਪਗ ਅੱਧੀ ਰਾਤ ਹੋ ਚੁੱਕੀ ਸੀ। ਅਸੀਂ 10 ਕੁ ਜਣੇ ਜਿੰਨਾ ਵਿਚ ਦੋ ਕੁ ਕਾਲਜ ਦੇ ਵਿਦਿਆਰਥੀ ਸਨ, ਸੜਕ ਦੇ ਨੇੜੇ ਸਥਿਤ ਸ਼ਮਸ਼ਾਨਘਾਟ ਕੋਲੋਂ ਦੀ ਲੰਘ ਰਹੇ ਸੀ ਤਾਂ ਇੱਕ ਮਨਚਲਾ ਵਿਦਿਆਰਥੀ ਕਹਿਣ ਲੱਗਾ- "ਸਰ ਰੁਕੋ, ਸਿਵਿਆਂ ਵਿਚ ਵੀ ਇਸ਼ਤਿਹਾਰ ਲਗਾਈਏ।" ਅਸੀਂ ਸਾਰੇ ਰੁਕ ਗਏ ਅਤੇ ਸਿਵਿਆਂ ਦੇ ਨੇੜੇ ਲੱਗੇ ਨਲਕੇ ਤੋਂ ਪਾਣੀ ਪੀਤਾ। ਕੁਝ ਸਾਥੀ ਹਲਕੀਆਂ-ਫੁਲਕੀਆਂ ਗੱਲਾਂ-ਬਾਤਾਂ 'ਤੇ ਆ ਗਏ। ਇੱਕ-ਦੂਜੇ ਨੂੰ ਟਿੱਚਰ ਮਖੌਲ ਹੋਣ ਲੱਗਾ।

ਫੁਰਸਤ ਦੇ ਪਲਾਂ ਕਰ ਕੇ ਕਾਲਜ ਦੇ ਨੌਜਵਾਨ ਰਿਸ਼ਟ-ਪੁਸ਼ਟ ਵਿਦਿਆਰਥੀਆਂ ਵਿਚੋਂ ਇੱਕ ਕਹਿਣ ਲੱਗਾ, "ਸਰ! ਇਹ ਸਾਡੇ ਪਿੰਡ ਦੇ ਸਿਵੇ ਹਨ। ਜੇ ਕੋਈ ਰਾਤ ਨੂੰ ਖ਼ਾਸ ਕਰ ਕੇ ਅੱਧੀ ਰਾਤ ਨੂੰ ਸਿਵਿਆਂ ਵਿਚ ਕਿੱਲਾ ਗੱਡ ਦੇਵੇ ਤਾਂ ਇੱਥੇ ਰਹਿੰਦੇ ਭੂਤ ਉਸ ਨੂੰ ਫੜ ਲੈਂਦੇ ਹਨ। ਫਿਰ ਭਾਵੇਂ ਉਹ ਬੰਦਾ ਕਿੰਨਾ ਵੀ ਜ਼ੋਰ ਲਾਵੇ, ਇਹ ਭੂਤ ਉਸ ਨੂੰ ਨਹੀਂ ਛੱਡਦੇ।"

ਉਸ ਮੁੰਡੇ ਦੀ ਆਖੀ ਇਸ ਗੱਲ ਦੇ ਸਬੰਧ ਵਿਚ ਸਾਡੇ ਸਾਰਿਆਂ ਵਿਚ ਵਾਦ-ਵਿਵਾਦ ਸ਼ੁਰੂ ਹੋ ਗਿਆ। ਸਾਡੇ ਵਿਚੋਂ ਇੱਕ ਸਾਥੀ ਜੋ ਕੁਝ ਜ਼ਿਆਦਾ ਹੀ ਤਰਕਸ਼ੀਲ ਸੀ, ਕਹਿਣ ਲੱਗਾ, "ਮੈਂ ਕਿੱਲਾ ਗੱਡ ਸਕਦਾ ਹਾਂ, ਲਗਾਓ ਸ਼ਰਤ।" ਉਸ ਵੱਲੋਂ ਇਸ ਗੱਲ ਨੂੰ ਝੂਠ ਸਾਬਿਤ ਕਰਨ ਲਈ ਫੜੀ ਜ਼ਿੱਦ ਕਰ ਕੇ ਦੂਜਿਆਂ ਦੀ ਉਸ ਨਾਲ ਸ਼ਰਤ ਲੱਗ ਗਈ। ਫਿਰ ਗੱਲ ਆ ਗਈ ਲੱਕੜੀ ਦੇ ਕਿੱਲੇ ਦੀ ਜੋ ਸਿਵਿਆਂ ਵਿਚ ਗੱਡਣਾ ਸੀ। ਥੋੜ੍ਹੀ ਭਾਲ ਕਰਨ 'ਤੇ ਸਿਵਿਆਂ ਦੀ ਬਾਹਰ ਵਾਲੀ ਕੰਧ ਨਾਲ ਨਾਲ ਪਈ ਇੱਕ ਪਤਲੀ ਲੱਕੜ ਮਿਲ ਗਈ। ਲੱਕੜ ਨੂੰ ਧਰਤੀ ਵਿਚ ਗੱਡਣ ਲਈ ਉੱਪਰ ਤੋਂ ਠੋਕਣ ਲਈ ਕੋਈ ਭਾਰੀ ਚੀਜ਼ ਚਾਹੀਦੀ ਸੀ ਤਾਂ ਜੋ ਕਿੱਲਾ ਗੱਡਿਆ ਜਾ ਸਕੇ। ਹਥੌੜੇ ਦਾ ਕੰਮ ਲੈਣ ਲਈ ਅਸੀਂ ਇੱਕ ਇੱਟ ਭਾਲ ਲਈ। ਸ਼ਾਇਦ ਪੂਰਨਮਾਸ਼ੀ ਦਾ ਨੇੜ-ਤੇੜ ਸੀ। ਇਸ ਕਰ ਕੇ ਉਸ ਰਾਤ ਚੰਨ ਦਾ ਚਾਨਣ ਇੰਨਾ ਕੁ ਸੀ ਕਿ ਅਸੀਂ ਸਭ ਕੁਝ ਦੇਖ ਸਕਦੇ ਸੀ।



*ਸਿਵਿਆਂ ਦੀ ਪੱਕੀ ਥਾਂ ਦੇ ਨਾਲ ਲਗਦੀ ਕੱਚੀ ਥਾਂ ਉਤੇ ਉਸ ਨੇ ਕਿੱਲਾ ਗੱਡਣਾ ਸ਼ੁਰੂ ਕਰ ਦਿੱਤਾ। ਕੱਚਾ ਅਤੇ ਆਵਾਜਾਈ ਨਾ ਹੋਣ ਕਾਰਨ ਸ਼ਾਇਦ ਥਾਂ ਜ਼ਿਆਦਾ ਹੀ ਪੋਲਾ ਸੀ। ਹਾਲੇ ਉਸ ਨੇ ਇੱਟ ਨਾਲ ਤਿੰਨ ਕੁ ਸੱਟਾਂ ਮਾਰੀਆਂ ਸਨ ਕਿ ਕਿੱਲਾ ਗੱਡਿਆ ਗਿਆ ਪਰ ਜਦੋਂ ਉਹ ਕਿੱਲਾ ਗੱਡ ਕੇ ਉੱਠਣ ਲੱਗਿਆ ਤਾਂ ਉਸ ਤੋਂ ਉੱਠਿਆ ਨਾ ਗਿਆ। ਜਾਪਦਾ ਸੀ ਕਿ ਸੱਚ-ਮੁੱਚ ਹੀ ਉਸ ਨੂੰ ਭੂਤਾਂ ਨੇ ਫੜ ਲਿਆ ਸੀ।*

ਜਿੱਥੇ ਅਸੀਂ ਬੈਠੇ ਸੀ, ਉੱਥੋਂ ਸਿਵੇ 50-60 ਮੀਟਰ ਦੀ ਦੂਰੀ 'ਤੇ ਹੀ ਸਨ। ਕਿੱਲਾ ਅਤੇ ਇੱਟ ਲੈ ਕੇ ਉਹ ਤਰਕਸ਼ੀਲ ਸਾਥੀ ਸਿਵਿਆਂ ਵਿਚ ਚਲਾ ਗਿਆ। ਰਾਤ ਦਾ ਸਮਾਂ ਹੋਣ ਕਰਕੇ ਉਥੇ ਪੂਰਾ ਸੰਨਾਟਾ ਸੀ। ਸਿਵਿਆਂ ਦੀ ਪੱਕੀ ਥਾਂ ਦੇ ਨਾਲ ਲਗਦੀ ਕੱਚੀ ਥਾਂ ਉਤੇ ਉਸ ਨੇ ਕਿੱਲਾ ਗੱਡਣਾ ਸ਼ੁਰੂ ਕਰ ਦਿੱਤਾ। ਕੱਚਾ ਅਤੇ ਆਵਾਜਾਈ ਨਾ ਹੋਣ ਕਾਰਨ ਸ਼ਾਇਦ ਥਾਂ ਜ਼ਿਆਦਾ ਹੀ ਪੋਲਾ ਸੀ। ਹਾਲੇ ਉਸ ਨੇ ਇੱਟ ਨਾਲ ਤਿੰਨ ਕੁ ਸੱਟਾਂ ਹੀ ਮਾਰੀਆਂ ਸਨ ਕਿ ਕਿੱਲਾ ਗੱਡਿਆ ਗਿਆ ਪਰ ਜਦੋਂ ਉਹ ਕਿੱਲਾ ਗੱਡ ਕੇ ਉੱਠਣ ਲੱਗਿਆ ਤਾਂ ਉਸ ਤੋਂ ਉੱਠਿਆ ਨਾ ਗਿਆ। ਜਾਪਦਾ ਸੀ ਕਿ ਸੱਚ-ਮੁੱਚ ਹੀ ਉਸ ਨੂੰ ਭੂਤਾਂ ਨੇ ਫੜ ਲਿਆ ਸੀ।

ਉਸ ਦੀਆਂ ਚਾਂਗਰਾਂ ਨਿਕਲ ਗਈਆਂ। ਪੂਰਾ ਜ਼ੋਰ ਲਾਉਣ 'ਤੇ ਵੀ ਉਹ ਉੱਠ ਕੇ ਭੱਜ ਨਾ ਸਕਿਆ। ਭੂਤਾਂ ਤੋਂ ਡਰਦਾ ਉਹ ਜ਼ੋਰ-ਜ਼ੋਰ ਨਾਲ ਮਦਦ ਲਈ ਪੁਕਾਰ ਕਰਨ ਲੱਗਿਆ, "ਬਚਾਓ! ਬਚਾਓ! ਮੈਂ ਮਰ ਗਿਆ, ਮੈਨੂੰ ਭੂਤਾਂ ਨੇ ਫੜ ਲਿਆ!" ਦੂਰ ਖੜ੍ਹੇ ਅਸੀਂ ਵੀ ਸੱਚਮੁੱਚ ਭੂਤਾਂ ਦੁਆਰਾ ਫੜੇ ਜਾਣ ਬਾਰੇ ਸੋਚ ਕੇ ਡਰ ਗਏ, ਪਰ ਉਸ ਦੀਆਂ ਚੀਕਾਂ ਸੁਣ ਕੇ ਅਸੀਂ ਤਿੰਨ ਜਣੇ ਹੌਸਲਾ ਕਰ ਕੇ ਉਸ ਦੇ ਕੋਲ ਗਏ। ਅਸੀਂ ਜਦੋਂ ਕੋਲ ਸਿਵਿਆਂ ਵਿਚ ਗਏ ਤਾਂ ਅਸੀਂ ਦੇਖਿਆ ਕਿ ਉਸ ਨੇ ਕਿੱਲਾ ਗੱਡ ਕੇ ਸ਼ਰਤ ਜਿੱਤਣ ਦੀ ਕਾਹਲੀ ਅਤੇ ਬੇਧਿਆਨੀ ਵਿਚ ਤੇੜ ਪਾਏ ਚਾਦਰੇ ਦੀ ਜ਼ਮੀਨ 'ਤੇ ਖਿਲਰੀ ਚਾਦਰ ਉਤੇ ਹੀ ਕਿੱਲਾ ਗੱਡ ਦਿੱਤਾ ਸੀ। ਜਦੋਂ ਅਸੀਂ ਕਿੱਲਾ ਪੁੱਟਿਆ ਤਾਂ ਉਸ ਦੇ ਚਾਦਰੇ ਦਾ ਲੜ ਬਾਹਰ ਨਿਕਲ ਗਿਆ ਅਤੇ ਉਹ ਉੱਠ ਖੜ੍ਹਾ ਹੋ ਗਿਆ। ਗੱਲ ਦੀ ਸਮਝ ਲੱਗਣ 'ਤੇ ਉਸ ਦੀ ਜਾਨ ਵਿਚ ਜਾਨ ਆ ਗਈ ਤੇ ਡਰ-ਭਉ ਦੂਰ ਹੋ ਗਿਆ।

# ਗੁਰਦੁਆਰਾ ਬੈਡਫੋਰਡ ਦੀ ਕਾਰਜਕਾਰਨੀ ਦੀ ਗੁਪਤ ਵੋਟਾਂ ਰਾਹੀਂ ਚੋਣ

**ਕਲੀਵਲੈਂਡ, ਓਹਾਇਓ (ਬਿਊਰੋ):** ਗੁਰਦੁਆਰਾ ਬੈਡਫੋਰਡ ਦੀ ਕਾਰਜਕਾਰਨੀ ਦੀ ਚੋਣ ਵਿਚ ਅਮਰਜੀਤ ਸਿੰਘ ਕੰਗ, ਬਲਵਿੰਦਰ ਸਿੰਘ, ਨਿਰਮਲ ਸਿੰਘ ਸਿੱਧੂ, ਕੰਵਰਪਾਲ ਸਿੰਘ ਅਤੇ ਪ੍ਰਤਾਪ ਸਿੰਘ ਨਵੀਂ ਐਗਜ਼ੈਕਟਿਵ ਦੇ ਮੈਂਬਰ ਚੁਣੇ ਗਏ। ਇਹ ਚੋਣ ਗੁਰੂਘਰ ਦੀ ਸੰਗਤ ਦੇ ਆਮ ਇਜਲਾਸ ਵਿਚ ਗੁਪਤ ਵੋਟਾਂ ਰਾਹੀਂ ਹੋਈ।







ਜ਼ਿਰਯੋਗ ਹੈ ਕਿ ਸਾਲ 2007 ਤੋਂ ਪਹਿਲਾਂ ਇਸ ਗੁਰੂਦਆਰੇ ਦੇ ਫਾਊਂਡਰ ਮੈਂਬਰ ਹੀ ਪ੍ਰਬੰਧ ਚਲਾਉਂਦੇ ਸਨ ਅਤੇ ਗੁਰੂ ਘਰ ਦੇ ਵਿਧਾਨ ਮੁਤਾਬਕ ਉਹ ਹੀ ਪ੍ਰਬੰਧਕ ਬਣ ਸਕਦੇ ਸਨ। ਪਰ ਕੁਝ ਫਾਊਂਡਰ ਮੈਂਬਰਾਂ ਦੀ ਸਹਾਇਤਾ ਨਾਲ ਆਮ ਸੰਗਤ ਨੇ ਇਕ ਲੰਬੀ ਕਾਨੂੰਨੀ ਪ੍ਰਕਿਰਿਆ ਰਾਹੀਂ ਇਸ ਗੁਰੂ ਘਰ ਦੇ ਪ੍ਰਬੰਧਾਂ ਵਿਚ ਭਾਗੀਦਾਰੀ ਹਾਸਲ ਕੀਤੀ ਸੀ। ਇਸ ਦੇ ਬਾਵਜੂਦ ਲੰਬੇ ਸਮੇਂ ਤੋਂ ਪ੍ਰਬੰਧਕ ਸੰਗਤ ਦੀ ਆਮ ਸਹਿਮਤੀ ਨਾਲ ਹੀ ਚੁਣੇ ਜਾਂਦੇ ਰਹੇ ਹਨ। ਪਰ ਇਸ ਵਾਰ ਕੁਝ ਕਾਰਨਾਂ ਕਰਕੇ ਸਰਬਸੰਮਤੀ ਨਾ ਹੋ ਸਕੀ ਜਿਸ ਕਾਰਨ ਸੰਗਤ ਨੂੰ ਗੁਪਤ ਮਤਦਾਨ ਕਰਨਾ ਪਿਆ।

ਗੁਰਦੁਆਰੇ ਦੇ ਮੌਜੂਦਾ ਸੰਵਿਧਾਨ ਮੁਤਾਬਕ ਕਾਰਜਕਾਰਨੀ ਦੇ ਕੁਲ ਪੰਜ ਮੈਂਬਰ ਚੁਣੇ ਜਾਣੇ ਸਨ। ਇਸ ਲਈ ਕੁਲ 17 ਉਮੀਦਵਾਰਾਂ ਨੇ ਹਿੱਸਾ ਲਿਆ। ਲਗਭਗ 1200 ਵੋਟਾਂ ਵਿਚੋਂ ਕੁਲ 590 ਵੋਟਾਂ ਦਾ ਭੁਗਤਾਨ ਹੋਇਆ।

ਇਨ੍ਹਾਂ ਚੋਣਾਂ ਵਿਚ ਭਾਵੇਂ ਕੋਈ ਸਲੇਟ ਬਣਾ ਕੇ ਚੋਣ ਨਹੀਂ ਲੜੀ ਗਈ, ਕਿਉਂਕਿ ਸਭ ਤੋਂ ਵਧ ਵੋਟਾਂ ਲੈਣ ਵਾਲੇ ਪੰਜ ਵਿਅਕਤੀਆਂ ਦੀ ਹੀ ਚੋਣ ਹੋਣੀ ਸੀ ਪਰ ਫਿਰ ਵੀ ਪ੍ਰਤੱਖ ਰੂਪ ਵਿਚ ਦੋ ਧੜੇ ਸਨ ਜੋ ਆਪੋ-ਆਪਣੇ ਪੱਖੀਆਂ ਦੇ ਨਾਂ ਵਾਲੀ ਪਰਚੀ ਇਕ ਸਲੇਟ ਜਾਂ ਟੀਮ ਦੇ ਰੂਪ ਵਿਚ ਵੰਡ ਰਹੇ ਸਨ ਤੇ ਵੋਟਾਂ ਪਾਉਣ ਲਈ ਅਪੀਲ ਕਰ ਰਹੇ ਸਨ। ਕੁਝ ਉਮੀਦਵਾਰਾਂ ਨੇ ਆਪਣੇ ਨਾਂ ਵਾਪਸ ਲੈਣ ਦਾ ਐਲਾਨ ਤਾਂ ਕੀਤਾ ਸੀ ਪਰ ਸਮੇਂ ਦੀ ਘਾਟ ਕਾਰਨ ਉਨ੍ਹਾਂ ਦੇ ਨਾਂ ਚੋਣ ਪੱਤਰ ਤੋਂ ਹਟਾਏ ਨਾ ਜਾ ਸਕੇ।

ਇਹ ਵੀ ਪਤਾ ਲੱਗਾ ਹੈ ਕਿ ਕੁਝ ਬਾਨੀ ਮੈਂਬਰਾਂ ਨੇ ਇਨ੍ਹਾਂ ਚੋਣਾਂ ਵਿਚ ਹਿੱਸਾ ਨਹੀਂ ਲਿਆ। ਕੁਝ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਕਈ ਆਪਣੇ ਇਤਰਾਜ਼ ਸਨ। ਇਸ ਤੋਂ ਬਿਨਾਂ ਗੁਰਦੁਆਰੇ ਦੇ ਮੇਨ ਹਾਲ ਵਿਚ ਸੰਗਤ ਦਾ ਜਨਰਲ ਇਜਲਾਸ ਸੀ ਜਿਸ ਵਿਚ ਗੁਰਦੁਆਰੇ ਦੀ ਨਵੀਂ ਇਮਾਰਤ ਉਸਾਰਨ ਅਤੇ ਉਸ ਲਈ ਥਾਂ ਦੀ ਚੋਣ ਕਰਨ ਅਤੇ ਖਰੀਦਣ ਸਬੰਧੀ ਵਿਚਾਰਾਂ ਹੋਈਆਂ। ਇਸ ਤੋਂ ਬਿਨਾਂ ਸਾਲਾਨਾ ਲੇਖਾ-ਜੋਖਾ ਵੀ ਵਿਚਾਰਿਆ ਗਿਆ ਅਤੇ ਬੱਚਿਆਂ ਦੇ ਸਕੂਲ ਤੇ ਹੋਰ ਪ੍ਰੋਗਰਾਮ ਬਾਰੇ ਵਿਚਾਰਾਂ ਹੋਈਆਂ।






## ਭਾਰਤੀ ਹਾਕੀ ਕਪਤਾਨ ਸਰਦਾਰਾ ਸਿੰਘ ਕੈਲੇਫੋਰਨੀਆ ਦੌਰੇ 'ਤੇ

**ਫਰਿਜ਼ਨੋ (ਬਿਊਰੋ):** ਸਿਰਮੌਰ ਹਾਕੀ ਖਿਡਾਰੀ ਤੇ ਭਾਰਤੀ ਹਾਕੀ ਦਾ ਕਪਤਾਨ ਸਰਦਾਰਾ ਸਿੰਘ ਇਨ੍ਹੀਂ ਦਿਨੀਂ ਕੈਲੀਫੋਰਨੀਆ ਵਿਚ ਹੈ ਅਤੇ 20 ਦਸੰਬਰ ਤੱਕ ਇਥੇ ਕੌਮਾਂਤਰੀ ਪਹਿਲਵਾਨ ਰਾਜੂ ਕੋਲ ਰਹੇਗਾ।




ਜ਼ਿਕਰਯੋਗ ਹੈ ਕਿ 2007 ਵਿਚ ਸਰਦਾਰਾ ਸਿੰਘ ਨੇ ਏਸ਼ੀਆ ਕੱਪ ਵਿਚ ਗੋਲਡ ਮੈਡਲ, 2010 ਦੀਆਂ ਏਸ਼ੀਆ ਖੇਡਾਂ ਵਿਚ ਬਰੌਨਜ਼ ਮੈਡਲ ਅਤੇ 2010 ਵਿਚ ਦਿੱਲੀ ਦੀਆਂ ਕਾਮਨਵੈਲਥ ਖੇਡਾਂ ਵਿਚ ਸਿਲਵਰ ਮੈਡਲ ਜਿੱਤੇ। ਉਨ੍ਹਾਂ 2012 ਦੀਆਂ ਲੰਡਨ ਓਲੰਪਿਕ ਖੇਡਾਂ ਵਿਚ ਹਿੱਸਾ ਲਿਆ। ਏਸ਼ੀਅਨ ਖੇਡਾਂ 2013 'ਚ ਸਿਲਵਰ ਅਤੇ 2014 'ਚ ਗੋਲਡ ਮੈਡਲ ਲਿਆ ਜਦੋਂਕਿ ਵਿਸ਼ਵ ਹਾਕੀ ਲੀਗ 2015 (ਰਾਏਪੁਰ) ਵਿਚ ਬਰੌਨਜ਼ ਮੈਡਲ ਜਿੱਤਿਆ। ਉਹ ਉਲੰਪਿਕ-2016 (ਰੀਓ) ਵਾਸਤੇ ਚੁਣਿਅ ਗਿਆ ਹੈ।

ਸਰਦਾਰਾ ਸਿੰਘ ਨਾਲ ਸੰਪਰਕ ਪਹਿਲਵਾਨ ਰਾਜੂ ਦੇ ਫੋਨ ਨੰਬਰ (510)-301-2965 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



Madan Khatri

HAPPY HOLIDAYS !!!
Want to Buy/Sell
Homes, THs, Condos!
Call Madan Khatri
Ph: 847-530-1550
www.PropertyZoo.com
Call To Find Out Promotions !
Top Producer at the office in 2011-2013-2014
*****A Broker who can work with you
from Beginning to End, Call Now!!!*****
BHHS American Heritage
1010 Rohwing Road, Elk Grove Village, IL

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
*Refinance up to 125% value of the house.

Loans Available In Most States!

>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only

Flat Rate Funding Group

Are you tired of waiting to get paid on your outstanding freight invoices?
Get your $$$ now!
Call Goldy Dhillon 734-444-9625
sales@flatratefunding.com
At Flat Rate Funding Group, we offer the lowest fixed factoring rate in the transportation industry-
***1.5%!***

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ
ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ:734-444-9625



We also guarantee The Best Fuel Discount $.20 off per gallon at all Flying J and Pilot stations!

# ਬਾਦਲ ਨੇ ਮੋਦੀ ਨੂੰ ਪਾਇਆ ਡੁੱਬਦੀ ਕਿਸਾਨੀ ਦਾ ਵਾਸਤਾ



**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਸਾਨਾਂ ਨੂੰ ਮੌਜੂਦਾ ਖੇਤੀ ਸੰਕਟ ਵਿਚੋਂ ਬਾਹਰ ਕੱਢਣ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਿੱਧੇ ਦਖਲ ਦੀ ਮੰਗ ਕੀਤੀ ਹੈ। ਸ੍ਰੀ ਮੋਦੀ ਨੂੰ ਲਿਖੇ ਇਕ ਪੱਤਰ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਹਮੇਸ਼ਾ ਹੀ ਦੇਸ਼ ਲਈ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਵਿਚ ਮੋਢੀ ਰੋਲ ਅਦਾ ਕਰਦਾ ਰਿਹਾ ਹੈ, ਪਰ ਪੰਜਾਬ ਦਾ ਕਿਸਾਨ ਇਸ ਸਮੇਂ ਗੰਭੀਰ ਸੰਕਟ ਦਾ ਸ਼ਿਕਾਰ ਹੈ ਤੇ ਕਰਜ਼ੇ ਦੇ ਭਾਰ ਕਾਰਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੈ।

ਭਾਰਤ ਸਰਕਾਰ ਦੇ ਅਨੁਮਾਨ ਮੁਤਾਬਕ ਸਾਲ 2013 ਵਿਚ ਬੈਂਕਾਂ ਦਾ ਕਿਸਾਨਾਂ ਵੱਲ 52438 ਕਰੋੜ ਰੁਪਏ ਦਾ ਬਕਾਇਆ ਹੈ ਜਿਸ ਵਿਚ ਜਨਤਕ ਸੈਕਟਰ ਦੇ ਬੈਂਕਾਂ ਦਾ 38700 ਕਰੋੜ ਰੁਪਏ ਤੇ ਸਹਿਕਾਰੀ ਬੈਂਕਾਂ ਦਾ 13738 ਕਰੋੜ ਰੁਪਏ ਦਾ ਕਰਜ਼ਾ ਸ਼ਾਮਲ ਹੈ। ਇਸ ਤੋਂ ਇਲਾਵਾ ਕਿਸਾਨਾਂ ਵੱਲੋਂ ਆਪਣੀਆਂ ਘਰੇਲੂ ਤੇ ਸਮਾਜਿਕ ਲੋੜਾਂ ਦੀ ਪੂਰਤੀ ਲਈ ਆੜ੍ਹਤੀਆਂ ਸਮੇਤ ਗੈਰ ਵਿੱਤੀ ਵਸੀਲਿਆਂ ਤੋਂ ਉਧਾਰ ਚੁੱਕਿਆ ਜਾਂਦਾ ਹੈ। ਸ. ਬਾਦਲ ਨੇ ਮੰਗ ਕੀਤੀ ਹੈ ਕਿ ਕਿਸਾਨਾਂ ਨੂੰ ਫਸਲਾਂ ਦਾ ਲਾਹੇਵੰਦ ਭਾਅ ਦੇਣ ਲਈ ਡਾ. ਐਮ.ਐਸ. ਸਵਾਮੀਨਾਥਨ ਵੱਲੋਂ ਦਿੱਤੇ ਫਾਰਮੂਲੇ ਨੂੰ ਅਪਨਾਇਆ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਵਿਚ ਸਮੇਂ-ਸਮੇਂ ਉਤੇ ਬਣਦੀਆਂ ਸਰਕਾਰਾਂ ਨੇ ਦੇਸ਼ ਦੇ ਅੰਨਦਾਤੇ ਨੂੰ ਮੰਗਤਾ ਬਣਾ ਕੇ ਰੱਖ ਦਿੱਤਾ ਹੈ। ਇਸ ਦਾ ਕਾਰਨ ਇਹ ਹੈ ਕਿ ਖੁਰਾਕ ਪਦਾਰਥਾਂ ਵਰਗੇ ਖੇਤੀਬਾੜੀ ਉਤਪਾਦਾਂ ਦੀਆਂ ਕੀਮਤਾਂ ਤੇ ਖੇਤੀਬਾੜੀ ਲਾਗਤਾਂ ਜਿਵੇਂ ਕਿ ਖਾਦ, ਕੀੜੇਮਾਰ ਦਵਾਈਆਂ, ਮਸ਼ੀਨਰੀ ਤੇ ਕਿਰਤ ਆਦਿ ਦੀਆਂ ਲਾਗਤਾਂ ਵਿਚਕਾਰ ਬਹੁਤ ਅੰਤਰ ਹੈ।

ਇਸ ਵਿਚ ਕਿਸਾਨ ਦੀ ਜ਼ਮੀਨ ਦੀ ਲਾਗਤ ਨੂੰ ਪੂੰਜੀ ਨਿਵੇਸ਼ ਵਜੋਂ ਨਹੀਂ ਗਿਣਿਆ ਜਾਂਦਾ। ਪਿਛਲੇ ਦੋ ਸਾਲਾਂ ਦੌਰਾਨ ਸਾਲ-2014 ਅਤੇ 15 ਦੀ ਸਾਉਣੀ ਵਿਚ ਸੋਕੇ ਵਰਗੀ ਸਥਿਤੀ ਪੈਦਾ ਹੋਣ ਤੇ ਸਾਲ 2014-15 ਦੌਰਾਨ ਹਾੜ੍ਹੀ ਰੁੱਤ ਵਿਚ ਬੇਮੌਸਮੇ ਮੀਂਹ ਨਾਲ ਕਪਾਹ ਦੀ ਫਸਲ ਦਾ ਬਹੁਤ ਵੱਡਾ ਨੁਕਸਾਨ ਹੋਇਆ ਜਿਸ ਨਾਲ ਪਹਿਲਾਂ ਹੀ ਸੰਕਟ ਵਿਚੋਂ ਗੁਜ਼ਰ ਰਹੀ ਛੋਟੀ ਤੇ ਦਰਮਿਆਨੀ ਕਿਸਾਨੀ ਦੀ ਆਰਥਿਕਤਾ ਨੂੰ ਹੋਰ ਧੱਕਾ ਲੱਗਾ ਹੈ, ਇਸੇ ਕਰਕੇ ਦਿਹਾਤੀ ਖੇਤਰਾਂ ਵਿਚ ਕਿਸਾਨਾਂ ਦੇ ਸਿਰ ਕਰਜ਼ੇ ਦੀ ਪੰਡ ਵੀ ਭਾਰੀ ਹੋ ਗਈ ਹੈ। ਮੁੱਖ ਮੰਤਰੀ ਨੇ ਮੌਸਮ ਦੀ ਮਾਰ ਨਾਲ ਫਸਲਾਂ ਦੇ ਹੋਏ ਨੁਕਸਾਨ ਲਈ ਕਿਸਾਨਾਂ ਨੂੰ ਮੁਆਵਜ਼ਾ ਤੇ ਮੁੜ ਵਸੇਬੇ ਲਈ ਵਿਆਪਕ ਤੌਰ 'ਤੇ ਫਸਲੀ ਬੀਮਾ ਲਾਗੂ ਕਰਨ ਦੀ ਵਕਾਲਤ ਕੀਤੀ।

## ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ 252 ਕਰੋੜ ਦਾ ਝਟਕਾ

**ਚੰਡੀਗੜ੍ਹ:** ਕੇਂਦਰ ਨੇ ਪੰਜਾਬ ਸਰਕਾਰ ਨੂੰ 980 ਕਰੋੜ ਦੀ ਦਿੱਤੀ ਜਾਣ ਵਾਲੀ ਗ੍ਰਾਂਟ ਵਿਚੋਂ 252 ਕਰੋੜ 'ਤੇ ਕਾਂਟਾ ਫੇਰ ਦਿੱਤਾ ਹੈ। ਇਹ ਗ੍ਰਾਂਟ ਦੀਨ ਦਿਆਲ ਉਪਾਧਿਆਏ ਗ੍ਰਾਮ ਜੋਤੀ ਯੋਜਨਾ ਤਹਿਤ ਮਿਲਣੀ ਸੀ ਜਿਸ ਨਾਲ ਪਿੰਡਾਂ ਦੇ ਸਾਰੇ ਘਰ ਰੌਸ਼ਨ ਕਰਨੇ ਸਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਯੋਜਨਾ ਦਾ ਐਲਾਨ ਜੁਲਾਈ ਵਿਚ ਕੀਤਾ ਸੀ। ਇਸ ਵਿਚ 60 ਫੀਸਦੀ ਕੇਂਦਰ ਸਰਕਾਰ ਤੇ 10 ਫੀਸਦੀ ਪੰਜਾਬ ਸਰਕਾਰ ਨੇ ਹਿੱਸਾ ਪਾਉਣਾ ਸੀ। ਬਾਕੀ ਰਕਮ ਕੇਂਦਰ ਸਰਕਾਰ ਤੋਂ ਕਰਜ਼ ਲੈ ਕੇ ਪੂਰੀ ਕਰਨੀ ਸੀ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਆਪਣੇ ਭਾਸ਼ਣਾਂ ਵਿਚ ਇਸ ਗ੍ਰਾਂਟ ਦਾ ਜ਼ਿਕਰ ਕਰਕੇ ਹਮੇਸ਼ਾ ਆਪਣੀ ਪਿੱਠ ਥਾਪੜਦੇ ਰਹੇ ਹਨ। ਹੁਣ ਕੇਂਦਰ ਸਰਕਾਰ ਵੱਲੋਂ ਲਾਏ ਇਸ ਕੱਟ ਨੇ ਸੁਖਬੀਰ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ।

## ਯੂਕਰੇਨ ਦੀ ਸੰਸਦ ਵਿਚ ਪ੍ਰਧਾਨ ਮੰਤਰੀ ਨੂੰ ਕੁਟਾਪਾ



**ਕੀਵ:** ਯੂਕਰੇਨ ਦੀ ਸੰਸਦ ਵਿਚ ਅਜਿਹੀ ਘਟਨਾ ਵਾਪਰੀ ਜਿਸ ਦੀ ਕਲਪਨਾ ਕਿਸੇ ਨੇ ਵੀ ਨਹੀਂ ਕੀਤੀ ਹੋਣੀ। ਸੰਸਦ ਵਿਚ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਨਾਲ ਹੱਥੋ-ਪਾਈ ਕੀਤੀ ਗਈ। ਸੰਸਦ ਦੀ ਸੁਣਵਾਈ ਦੌਰਾਨ ਜਿਵੇਂ ਹੀ ਪ੍ਰਧਾਨ ਮੰਤਰੀ ਅੰਦਰ ਆਏ ਤਾਂ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਪਹਿਲਾਂ ਉਨ੍ਹਾਂ ਨੂੰ ਫੁੱਲਾਂ ਦਾ ਇਕ ਗੁਲਦਸਤਾ ਦਿੱਤਾ। ਇਸ ਤੋਂ ਬਾਅਦ ਜੋ ਕੁਝ ਹੋਇਆ ਉਸ ਦੀ ਕਲਪਨਾ ਪ੍ਰਧਾਨ ਮੰਤਰੀ ਆਸਰਨ ਯਾਤਸੇਨ ਯੂਕ ਨੇ ਵਿਰੋਧੀ ਧਿਰ ਤੋਂ ਕਦੇ ਨਹੀਂ ਕੀਤੀ ਹੋਣੀ।

ਯੂਰਪ ਦੇ ਮੀਡੀਆ ਅਨੁਸਾਰ ਦੇਸ਼ ਦੇ ਪ੍ਰਧਾਨ ਮੰਤਰੀ ਆਸਰਨ ਯਾਤਸੇਨ ਯੂਕ ਸੰਸਦ ਵਿਚ ਸਰਕਾਰ ਦੀ ਸਾਲਾਨਾ ਰਿਪੋਰਟ ਪੇਸ਼ ਕਰਨ ਦੀ ਤਿਆਰੀ ਵਿਚ ਸਨ। ਰਿਪੋਰਟ ਪੇਸ਼ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਆਪਣੀ ਪਾਰਟੀ ਦੇ ਆਗੂਆਂ ਨਾਲ ਮੁਲਾਕਾਤ ਕਰ ਰਹੇ ਸਨ। ਇਸ ਦੌਰਾਨ ਵਿਰੋਧੀ ਧਿਰ ਬੀ.ਪੀ.ਪੀ. ਦਾ ਇਕ ਸੰਸਦ ਮੈਂਬਰ ਆਲੇਗ ਬਰਨੋ ਪ੍ਰਧਾਨ ਮੰਤਰੀ ਨੂੰ ਫੁੱਲਾਂ ਦਾ ਗੁਲਦਸਤਾ ਦੇਣ ਲਈ ਉਨ੍ਹਾਂ ਦੇ ਕੋਲ ਗਿਆ। ਇਸ ਤੋਂ ਬਾਅਦ ਉਸ ਨੇ ਪ੍ਰਧਾਨ ਮੰਤਰੀ ਨੂੰ ਪਿੱਛੋਂ ਚੁੱਕ ਲਿਆ ਤੇ ਥੱਲੇ ਡੇਗਣ ਦੀ ਕੋਸ਼ਿਸ਼ ਕੀਤੀ। ਵਿਰੋਧੀ ਧਿਰ ਦੇ ਆਗੂਆਂ ਨੇ ਪ੍ਰਧਾਨ ਮੰਤਰੀ ਨਾਲ ਹੱਥੋ-ਪਾਈ ਵੀ ਕੀਤੀ। ਸੁਰੱਖਿਆ ਕਰਮੀਆਂ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਵਿਚ ਕਈ ਸੰਸਦ ਮੈਂਬਰ ਜ਼ਖਮੀ ਵੀ ਹੋਏ ਹਨ। ਘਟਨਾ ਤੋਂ ਬਾਅਦ ਬੀ.ਪੀ.ਪੀ. ਪਾਰਟੀ ਦੀ ਮੁਖੀ ਯੂਰੀ ਨੇ ਸਪੀਕਰ ਤੋਂ ਮੁਆਫੀ ਵੀ ਮੰਗੀ ਹੈ। ਸੰਸਦ ਵਿਚ ਜਿਸ ਸਮੇਂ ਇਹ ਪੂਰੀ ਘਟਨਾ ਵਾਪਰੀ, ਉਸ ਸਮੇਂ ਮੀਡੀਆ ਵੀ ਭਾਰੀ ਗਿਣਤੀ ਵਿਚ ਮੌਜੂਦ ਸੀ। ਪ੍ਰਧਾਨ ਮੰਤਰੀ ਨਾਲ ਕੀਤੀ ਗਈ ਹੱਥੋ-ਪਾਈ ਦੀਆਂ ਤਸਵੀਰਾਂ ਪੂਰੇ ਯੂਰਪ ਵਿਚ ਵਾਇਰਲ ਹੋ ਰਹੀਆਂ ਹਨ।

## ਅੰਮ੍ਰਿਤਸਰ ਨਾਲ ਜੁੜਨਗੀਆਂ ਸਿੰਗਾਪੁਰ ਹਵਾਈ ਕੰਪਨੀਆਂ

**ਰਾਜਾਸਾਂਸੀ:** ਦੁਨੀਆਂ ਭਰ ਦੀਆਂ ਨਾਮਵਰ ਹਵਾਈ ਕੰਪਨੀਆਂ ਵਿਚ ਸ਼ੁਮਾਰ ਸਿੰਗਾਪੁਰ ਹਵਾਈ ਕੰਪਨੀ ਵੱਲੋਂ ਅੰਮ੍ਰਿਤਸਰ-ਸਿੰਗਾਪੁਰ ਦਰਮਿਆਨ ਉਡਾਣ ਮਈ 2016 ਤੋਂ ਮੁੜ ਸ਼ੁਰੂ ਕੀਤੀ ਜਾ ਰਹੀ ਹੈ। ਡਰੀਮਲਾਈਨਰ ਸਕੂਟੀ 737-ਏ ਨਾਮ ਦੀ ਇਸ ਉਡਾਣ ਨੂੰ ਸ਼ੁਰੂ ਕਰਨ ਲਈ ਅਧਿਕਾਰੀਆਂ ਦਰਮਿਆਨ ਪਿਛਲੇ ਹਫਤੇ ਵੱਖ-ਵੱਖ ਪਹਿਲੂਆਂ 'ਤੇ ਵਿਸਥਾਰ ਸਹਿਤ ਗੱਲਬਾਤ ਦੇ ਨਤੀਜੇ ਵਜੋਂ 375 ਯਾਤਰੀਆਂ ਵਾਲੀ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਇਸ ਉਡਾਣ ਵਿਚ ਬਿਜਨਸ ਕਲਾਸ ਦੀ ਸਹੂਲਤ ਨਹੀਂ ਹੈ ਤੇ ਇਸੇ ਕਾਰਨ ਇਸ ਦੇ ਕਿਰਾਏ ਵਿਚ 40 ਫੀਸਦੀ ਕਮੀ ਕੀਤੀ ਜਾਵੇਗੀ। ਤਕਰੀਬਨ ਚਾਰ ਵਰ੍ਹੇ ਪਹਿਲਾਂ ਘਾਟੇ ਵਿਚ ਚੱਲਣ ਕਰਕੇ ਇਸ ਉਡਾਣ ਨੂੰ ਬੰਦ ਕਰ ਦਿੱਤਾ ਗਿਆ ਸੀ। ਕੰਪਨੀ ਵੱਲੋਂ ਅੰਮ੍ਰਿਤਸਰ ਨੂੰ ਸਿੱਧੀ ਉਡਾਣ ਸ਼ੁਰੂ ਕਰਨ ਦੇ ਇਸ ਵੱਡੇ ਫੈਸਲੇ ਕਾਰਨ ਦੱਖਣੀ ਏਸ਼ੀਆ ਮੁਲਕਾਂ ਨੂੰ ਵੱਡੀ ਰਾਹਤ ਮਿਲੇਗੀ। ਮਲੇਸ਼ੀਆ ਵੱਲੋਂ ਦੋ ਮਹੀਨੇ ਪਹਿਲਾਂ ਸ਼ੁਰੂ ਕੀਤੀ 160 ਯਾਤਰੀਆਂ ਵਾਲੀ ਉਡਾਣ ਨਾਲ ਇਸ ਹਵਾਈ ਅੱਡੇ ਉਤੇ ਰੌਣਕਾਂ ਵਿਚ ਕਾਫੀ ਵਾਧਾ ਹੋਇਆ ਸੀ। ਇਹ ਉਡਾਣ ਹਫਤੇ ਵਿਚ ਚਾਰ ਦਿਨ ਚੱਲਿਆ ਕਰੇਗੀ। ਸਾਲ 2016 ਵਿਚ ਵੱਖ-ਵੱਖ ਮੁਲਕਾਂ ਦੀਆਂ ਹੋਰ ਹਵਾਈ ਕੰਪਨੀਆਂ ਵੀ ਅੰਮ੍ਰਿਤਸਰ ਹਵਾਈ ਅੱਡੇ ਨਾਲ ਜੁੜਨ ਲਈ ਪਰ ਤੋਲ ਰਹੀਆਂ ਹਨ।

## ਮਲੂਕਾ ਦੇ ਥੱਪੜ ਮਾਰਨ ਵਾਲਾ 'ਜਰਨੈਲ' ਸਨਮਾਨਤ

**ਬਠਿੰਡਾ:** ਪੰਜਾਬ ਦੇ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਥੱਪੜ ਮਾਰਨ ਵਾਲੇ ਜਰਨੈਲ ਸਿੰਘ ਖਾਲਸਾ ਨੂੰ ਸਨਮਾਨਤ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ



ਵੱਲੋਂ ਖਾਲਸਾ ਨੂੰ ਦੋ ਲੱਖ 20 ਹਜ਼ਾਰ ਰੁਪਏ ਦਾ ਨਕਦ ਸਨਮਾਨ ਵੀ ਦਿੱਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਖਾਲਸਾ ਦੇ ਪਿੰਡ ਹਮੀਰਗੜ੍ਹ ਵਿਖੇ ਉਨ੍ਹਾਂ ਦੇ ਘਰ ਜਾ ਕੇ ਇਹ ਸਨਮਾਨ ਕੀਤਾ। ਬਜ਼ੁਰਗ ਜਰਨੈਲ ਸਿੰਘ ਨੇ ਉਸ ਵੇਲੇ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਥੱਪੜ ਮਾਰੇ ਸਨ ਜਦ ਉਹ ਬਠਿੰਡਾ ਰੈਲੀ ਸਬੰਧੀ ਵਰਕਰਾਂ ਦੀ ਇਕ ਮੀਟਿੰਗ ਨੂੰ ਸੰਬੋਧਨ ਕਰਨ ਲਈ ਬਠਿੰਡਾ ਦੇ ਪਿੰਡ ਹਮੀਰਗੜ੍ਹ ਪਹੁੰਚੇ ਸਨ। ਜਰਨੈਲ ਸਿੰਘ ਮੁਤਾਬਕ ਉਹ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਜੀ ਦੀ ਬੇਅਦਬੀ ਮਾਮਲਿਆਂ ਤੋਂ ਦੁਖੀ ਸੀ ਤੇ ਮਾਮਲੇ 'ਤੇ ਮਲੂਕਾ ਦੀ ਟਿੱਪਣੀ ਕਾਰਨ ਉਨ੍ਹਾਂ ਨੇ ਥੱਪੜ ਮਾਰਿਆ ਸੀ।

ਇਸ ਤੋਂ ਬਾਅਦ ਮਲੂਕਾ ਦੀ ਯੂਥ ਬ੍ਰਿਗੇਡ ਤੇ ਅਕਾਲੀ ਵਰਕਰਾਂ ਨੇ ਬਜ਼ੁਰਗ ਜਰਨੈਲ ਸਿੰਘ ਦੀ ਬੁਰੀ ਤਰ੍ਹਾਂ ਕੁੱਟਮਾਰ ਵੀ ਕੀਤੀ ਸੀ। ਹਸਪਤਾਲ ਵਿਚ ਇਲਾਜ ਤੋਂ ਬਾਅਦ ਖਾਲਸਾ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ ਤੇ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦੀ ਰਿਹਾਈ ਹੋਈ ਹੈ।

## ਗੱਦਾਫੀ ਦਾ ਲੜਕਾ ਅਗਵਾਕਾਰਾਂ ਦੀ ਕੈਦ ਵਿਚੋਂ ਆਜ਼ਾਦ

**ਤ੍ਰਿਪੋਲੀ:** ਲੀਬੀਆ ਦੇ ਮਰਹੂਮ ਤਾਨਾਸ਼ਾਹ ਮੁਅੱਮਰ ਗੱਦਾਫੀ ਦੇ ਲੜਕੇ ਹਨੀਬਲ ਨੂੰ ਲਿਬਨਾਨ ਵਿਚ ਅਗਵਾਕਾਰਾਂ ਨੇ ਆਜ਼ਾਦ ਕਰ ਦਿੱਤਾ। ਹਨੀਬਲ ਨੂੰ ਇਕ ਹਥਿਆਰਬੰਦ ਸੰਗਠਨ ਨੇ ਕੁਝ ਸਮੇਂ ਲਈ ਅਗਵਾ ਕਰ ਲਿਆ ਸੀ।

ਗੱਦਾਫੀ ਦੇ ਇਸ 40 ਸਾਲਾ ਲੜਕੇ ਨੂੰ 2012 ਵਿਚ ਓਮਾਨ ਨੇ ਸ਼ਰਨ ਦਿੱਤੀ ਸੀ। ਮੁਅੱਮਰ ਗੱਦਾਫੀ ਦਾ 2011 ਵਿਚ ਵਿਦਰੋਹੀਆਂ ਨੇ ਤਖਤਾ ਪਲਟ ਦਿੱਤਾ ਸੀ ਤੇ ਇਸ ਸੰਘਰਸ਼ ਦੌਰਾਨ ਗੱਦਾਫੀ ਮਾਰਿਆ ਗਿਆ ਸੀ।

## ਬੁੜੈਲ ਜੇਲ੍ਹ ਵਿਚ ਬੰਦ ਕੈਦੀ ਦੀ ਕਿਤਾਬ ਨੂੰ ਐਵਾਰਡ

**ਚੰਡੀਗੜ੍ਹ:** ਬੁੜੈਲ ਜੇਲ੍ਹ ਵਿਚ ਬੰਦ ਇਕ ਕੈਦੀ ਨੂੰ ਮਨੁੱਖੀ ਅਧਿਕਾਰ ਦਿਵਸ (10 ਦਸੰਬਰ) ਮੌਕੇ ਪਹਿਲੀ ਵਾਰ 'ਟਿੰਕਾ ਟਿੰਕਾ ਇੰਡੀਆ ਐਵਾਰਡ' ਨਾਲ ਸਨਮਾਨਤ ਕੀਤਾ ਗਿਆ।

ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਕੈਦੀਆਂ ਨੂੰ ਉਨ੍ਹਾਂ ਦੀ ਚਿੱਤਰਕਾਰੀ ਤੇ ਲੇਖਣੀ ਲਈ ਇਹ ਐਵਾਰਡ ਦਿੱਤੇ ਗਏ। ਵਾਰਤਕ ਦੀ ਸ਼੍ਰੇਣੀ ਵਿਚ ਮਾਡਲ ਜੇਲ੍ਹ ਬੁੜੈਲ ਵਿਚ ਬੰਦ ਕੈਦੀ ਮਨਜੀਤ ਸਿੰਘ ਨੂੰ ਉਸ ਦੀ ਲਿਖੀ ਕਿਤਾਬ 'ਦਿ ਸਟੋਰੀ ਆਫ ਅਵੇਕਨਿੰਗ ਆਫ ਮਾਈ ਸੋਲ' ਲਈ ਵਿਸ਼ੇਸ਼ ਅਵਾਰਡ ਨਾਲ ਸਨਮਾਨਤ ਕੀਤਾ ਹੈ। ਆਪਣੀ ਕਿਤਾਬ ਲਈ ਵਿਸ਼ੇਸ਼ ਅਵਾਰਡ ਜਿੱਤਣ ਵਾਲਾ ਮਨਜੀਤ ਸਿੰਘ ਚੌਹਾਨ ਪਟਿਆਲਾ ਦਾ ਰਹਿਣ ਵਾਲਾ ਹੈ ਤੇ ਉਹ ਮਾਡਲ ਜੇਲ੍ਹ ਬੁੜੈਲ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਚੌਹਾਨ ਨੇ ਜੇਲ੍ਹ ਅੰਦਰ ਹੀ ਆਪਣੀ ਬੇ.ਏ ਅਤੇ ਐਮ. ਏ ਦੀ ਪੜ੍ਹਾਈ ਪੂਰੀ ਕੀਤੀ ਤੇ ਫਿਰ ਜੇਲ੍ਹ ਵਿਚ ਰਹਿੰਦਿਆਂ ਜ਼ਿੰਦਗੀ ਵਿਚ ਆਈਆਂ ਤਬਦੀਲੀਆਂ ਨੂੰ ਕਿਤਾਬ ਵਿਚ ਪੇਸ਼ ਕੀਤਾ।

# ਬਿਜਲੀ ਪੱਖੋਂ ਗੱਲੀਂ-ਬਾਤੀਂ ਹੀ ਸਰਪਲੱਸ ਬਣਿਆ ਪੰਜਾਬ

**ਬਠਿੰਡਾ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਭਾਵੇਂ ਹਰ ਸਟੇਜ ਤੋਂ ਪੰਜਾਬ ਨੂੰ ਬਿਜਲੀ ਵਿਚ ਸਰਪਲੱਸ ਦੱਸ ਰਹੇ ਹਨ, ਪਰ ਠੰਢ ਦੇ ਸੀਜ਼ਨ ਵਿਚ ਵੀ ਪਾਵਰਕੌਮ ਭਾੜੇ ਦੀ ਬਿਜਲੀ ਨਾਲ ਬੁੱਤਾ ਸਾਰ ਰਿਹਾ ਹੈ। ਪੰਜਾਬ ਵਿਚ ਇਸ ਵੇਲੇ ਤਕਰੀਬਨ ਪੰਜ ਹਜ਼ਾਰ ਮੈਗਾਵਾਟ ਬਿਜਲੀ ਦੀ ਮੰਗ ਹੈ, ਜਿਸ ਵਾਸਤੇ ਪਾਵਰਕੌਮ ਆਪਣੇ ਸ੍ਰੋਤਾਂ ਤੋਂ ਸਿਰਫ 900 ਮੈਗਾਵਾਟ ਬਿਜਲੀ ਲੈ ਰਿਹਾ ਹੈ। ਪ੍ਰਾਈਵੇਟ ਥਰਮਲ 1960 ਮੈਗਾਵਾਟ ਬਿਜਲੀ ਦੇ ਰਹੇ ਹਨ ਤੇ ਬਾਕੀ ਬਿਜਲੀ ਖਰੀਦੀ ਜਾ ਰਹੀ ਹੈ।

ਕੇਂਦਰੀ ਬਿਜਲੀ ਮੰਤਰਾਲੇ ਅਨੁਸਾਰ ਪੰਜਾਬ ਵਿਚ ਸਾਲ 2015-16 ਦੌਰਾਨ ਬਿਜਲੀ ਦੀ ਮੰਗ 51,268 ਮਿਲੀਅਨ ਯੂਨਿਟ ਹੈ ਪਰ ਸੂਬੇ ਕੋਲ 53,864 ਮਿਲੀਅਨ ਯੂਨਿਟ ਬਿਜਲੀ ਮੌਜੂਦ ਹੈ। ਪੰਜਾਬ ਸਰਕਾਰ ਵੱਲੋਂ ਕੇਂਦਰੀ ਮੰਤਰਾਲੇ ਨੂੰ ਭੇਜੇ ਅਨੁਮਾਨਿਤ ਤੱਥਾਂ ਅਨੁਸਾਰ ਪੰਜਾਬ ਕੋਲ ਚਾਲੂ ਮਾਲੀ ਵਰ੍ਹੇ ਦੌਰਾਨ 2597 ਮਿਲੀਅਨ ਯੂਨਿਟ ਸਰਪਲੱਸ ਬਿਜਲੀ ਹੈ। ਮੰਤਰਾਲੇ ਅਨੁਸਾਰ ਪੰਜਾਬ ਵਿਚ ਸਾਲ 2014-15 ਦੌਰਾਨ 485 ਮਿਲੀਅਨ ਯੂਨਿਟ ਬਿਜਲੀ ਦੀ ਕਮੀ ਸੀ। ਰਿਕਾਰਡ ਅਨੁਸਾਰ ਐਤਕੀਂ ਪੀਕ ਸੀਜ਼ਨ ਸਮੇਂ 13.1 ਫੀਸਦੀ ਬਿਜਲੀ ਦੀ ਕਮੀ ਰਹੀ। ਪਾਵਰਕੌਮ ਆਪਣੇ ਤਾਪ ਬਿਜਲੀ ਘਰਾਂ ਦੀ ਥਾਂ ਹੁਣ ਪ੍ਰਾਈਵੇਟ ਥਰਮਲਾਂ ਤੋਂ ਬਿਜਲੀ ਖਰੀਦ ਰਹੀ ਹੈ। ਮੰਤਰਾਲੇ ਅਨੁਸਾਰ ਪੰਜਾਬ ਕੋਲ ਥਰਮਲਾਂ ਦੀ ਬਿਜਲੀ ਪੈਦਾਵਾਰ ਸਮਰੱਥਾ 4690 ਮੈਗਾਵਾਟ ਹੈ, ਜਿਸ ਵਿਚੋਂ 2060 ਮੈਗਾਵਾਟ ਪ੍ਰਾਈਵੇਟ ਤਾਪ ਬਿਜਲੀ ਘਰਾਂ ਦੀ ਹੈ। ਚਾਲੂ ਵਿੱਤੀ ਵਰ੍ਹੇ ਵਿਚ 31 ਅਕਤੂਬਰ ਤੱਕ ਲਹਿਰਾ ਮੁਹੱਬਤ ਥਰਮਲ ਤੋਂ 2988 ਮੈਗਾਵਾਟ ਬਿਜਲੀ ਉਤਪਾਦਨ ਦਾ ਟੀਚਾ ਸੀ ਪਰ ਇਸ ਥਰਮਲ ਤੋਂ 2450 ਮੈਗਾਵਾਟ ਪੈਦਾਵਾਰ ਹੋਈ। ਬਠਿੰਡਾ ਥਰਮਲ ਨੇ 1114 ਮੈਗਾਵਾਟ ਦੇ ਟੀਚੇ ਦੇ ਮੁਕਾਬਲੇ 737 ਮੈਗਾਵਾਟ ਬਿਜਲੀ ਪੈਦਾ ਕੀਤੀ। ਰੋਪੜ ਥਰਮਲ ਨੇ 4154 ਮੈਗਾਵਾਟ ਦੇ ਟੀਚੇ ਦੇ ਮੁਕਾਬਲੇ 3218 ਮੈਗਾਵਾਟ ਬਿਜਲੀ ਪੈਦਾ ਕੀਤੀ।

ਦੂਜੇ ਪਾਸੇ ਰਾਜਪੁਰਾ ਦੇ ਪ੍ਰਾਈਵੇਟ ਤਾਪ ਬਿਜਲੀ ਘਰ ਦਾ ਇਸੇ ਸਮੇਂ ਦੌਰਾਨ 4563 ਮੈਗਾਵਾਟ ਬਿਜਲੀ ਪੈਦਾਵਾਰ ਦਾ ਟੀਚਾ ਸੀ ਪਰ ਇਸ ਪਲਾਂਟ ਤੋਂ 4597 ਮੈਗਾਵਾਟ ਬਿਜਲੀ ਪੈਦਾਵਾਰ ਹੋਈ। ਸਾਲ 2014-15 ਦੌਰਾਨ ਤਲਵੰਡੀ ਸਾਬੋ ਦੇ ਪ੍ਰਾਈਵੇਟ ਥਰਮਲ ਤੋਂ 1441 ਮੈਗਾਵਾਟ ਦੇ ਟੀਚੇ ਦੇ ਮੁਕਾਬਲੇ 1522 ਮੈਗਾਵਾਟ ਬਿਜਲੀ ਉਤਪਾਦਨ ਹੋਇਆ। ਇਸ ਵੇਲੇ ਵੀ ਰਾਜਪੁਰਾ ਥਰਮਲ 1320 ਮੈਗਾਵਾਟ ਬਿਜਲੀ ਪਾਵਰਕੌਮ ਨੂੰ ਦੇਣ ਦੀ ਥਾਂ 1340 ਮੈਗਾਵਾਟ ਦੇ ਰਿਹਾ ਹੈ। ਇਵੇਂ ਤਲਵੰਡੀ ਸਾਬੋ ਥਰਮਲ ਪਲਾਂਟ 614 ਮੈਗਾਵਾਟ ਦੀ ਥਾਂ 630 ਮੈਗਾਵਾਟ ਬਿਜਲੀ ਦੇ ਰਿਹਾ ਹੈ। ਪਾਵਰਕੌਮ ਮੁਲਾਜ਼ਮਾਂ ਦੇ ਜੁਆਇੰਟ ਫੋਰਮ ਦੇ ਜਨਰਲ ਸਕੱਤਰ ਕਰਮ ਚੰਦ ਭਾਰਦਵਾਜ ਨੇ ਤਰਕ ਦਿੱਤਾ ਕਿ ਬਿਗਾਨੇ ਥਰਮਲਾਂ ਤੋਂ ਮੁੱਲ ਦੀ ਬਿਜਲੀ ਖਰੀਦਣ ਨਾਲ ਸੂਬਾ ਸਰਪਲੱਸ ਨਹੀਂ ਬਣ ਜਾਂਦਾ। ਸਰਕਾਰ ਜਨਤਕ ਖੇਤਰ ਵਿਚ ਥਰਮਲ ਲਗਾ ਕੇ ਬਿਜਲੀ ਵਾਧੂ ਕਰੇ ਤਾਂ ਹੀ ਸਰਕਾਰੀ ਦਾਅਵੇ ਸੱਚੇ ਹੋ ਸਕਦੇ ਹਨ।

## ਨਵੇਂ ਟਿਊਬਵੈਲ ਕੁਨੈਕਸ਼ਨ ਦਾ ਰਾਹ ਪੱਧਰਾ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ 1.63 ਲੱਖ ਨਵੇਂ ਟਿਊਬਵੈੱਲ ਕੁਨੈਕਸ਼ਨ ਦੇਣ ਲਈ ਹਰੀ ਝੰਡੀ ਦੇ ਦਿੱਤੀ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਵੱਲੋਂ ਜੁਲਾਈ ਮਹੀਨੇ ਰੋਕ ਹਟਾਉਣ ਤੋਂ ਬਾਅਦ ਸਰਕਾਰ ਨੇ ਪਾਵਰਕੌਮ ਵੱਲੋਂ ਬਣਾਈ ਨਵੀਂ ਟਿਊਬਵੈੱਲ ਨੀਤੀ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਪੰਜਾਬ ਸਰਕਾਰ ਵੱਲੋਂ ਖੇਤੀ ਖੇਤਰ ਲਈ ਮੁਫਤ ਬਿਜਲੀ ਦੀ ਸਹੂਲਤ ਦਿੱਤੀ ਜਾਂਦੀ ਹੈ। ਨਵੇਂ ਕੁਨੈਕਸ਼ਨ ਚਾਲੂ ਹੋਣ ਨਾਲ ਤਕਰੀਬਨ 400 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਦਾ ਹੋਰ ਭਾਰ ਖ਼ਜ਼ਾਨੇ 'ਤੇ ਪਵੇਗਾ। ਇਸ ਨੀਤੀ ਤਹਿਤ ਪੰਜ ਏਕੜ ਤੱਕ ਦੀ ਮਾਲਕੀ ਵਾਲੇ ਕਿਸਾਨਾਂ ਨੂੰ ਪਹਿਲ ਦੇ ਆਧਾਰ 'ਤੇ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਣਗੇ।

# ਚਹੁੰ ਸਾਹਿਬਜ਼ਾਦਿਆਂ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ

**ਡੈਲਸ, ਟੈਕਸਸ (ਬਿਊਰੋ):** ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਪਵਿੱਤਰ ਯਾਦ ਨੂੰ ਸਮਰਪਿਤ, ਡੈਲਸ ਫੋਰਟਵਰਥ ਦੀਆਂ ਸਿੱਖ ਸੰਗਤਾਂ ਵੱਲੋਂ ਸਥਾਨਕ ਗੁਰੂ ਘਰ ਸਿੰਘ, ਭਾਈ ਸੁਰਿੰਦਰ ਸਿੰਘ, ਭਾਈ ਲਖਵਿੰਦਰ ਸਿੰਘ ਅਤੇ ਭਾਈ ਨਿਰਮਲ ਸਿੰਘ ਦੇ ਜਥਿਆਂ ਨੇ ਇਲਾਹੀ ਬਾਣੀ ਦੀ ਛਹਿਬਰ ਲਗਾ ਕੇ ਸੰਗਤਾਂ ਨੂੰ ਗੁਰੂ ਨਾਲ ਜੋੜਿਆ।



ਨਿਸ਼ਕਾਮ ਸੇਵਾ ਵਿਖੇ ਮਹਾਨ ਕੀਰਤਨ ਦਰਬਾਰ ਲੰਘੇ ਸਨਿਚਰਵਾਰ ਕਰਵਾਇਆ ਗਿਆ, ਜਿਸ ਵਿਚ ਡੈਲਸ ਫੋਰਟਵਰਥ ਦੇ ਸਾਰੇ ਗੁਰੂਘਰਾਂ ਦੇ ਹਜ਼ੂਰੀ ਰਾਗੀ ਜਥਿਆਂ ਨੇ ਹਾਜ਼ਰੀ ਭਰੀ ਜਿਨ੍ਹਾਂ ਵਿਚ ਭਾਈ ਤਲਵੀਰ ਸਿੰਘ ਕੋਮਲ, ਭਾਈ ਹਰਨਾਮ ਸਿੰਘ, ਭਾਈ ਅਪਾਰਦੀਪ ਸਿੰਘ, ਭਾਈ ਮਲਕੀਤ

ਪ੍ਰਬੰਧਕਾਂ ਵੱਲੋਂ ਰਾਗੀ ਜਥਿਆਂ ਨੂੰ ਗੁਰੂ ਬਖਸ਼ਿਸ਼ ਸਿਰਪਾਓ ਨਾਲ ਨਿਵਾਜਿਆ ਗਿਆ। ਗੁਰੂ ਦਾ ਲੰਗਰ ਅਤੁੱਟ ਵਰਤਿਆ। ਗੁਰਦੁਆਰਾ ਨਿਸ਼ਕਾਮ ਸੇਵਾ ਦੇ ਮੁੱਖ ਸੇਵਾਦਾਰ ਭਾਈ ਹਰਭਜਨ ਸਿੰਘ ਵਿਰਦੀ ਨੇ ਸਮੂਹ ਸੇਵਾਦਾਰਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ।


INTERNATIONAL TRAVEL HOUSE

8727 Bryn Mawr Ave., Chicago IL 60631

*Lowest Airfare Guaranteed*

INTERNATONAL TRAVEL HOUSE

Discounted Airfares to India, Nepal, Bangladesh, Pakistan and Worldwide destinations including Asia, Africa, Europe, Middle East and Australia.

ਸਸਤੀਆਂ ਹਵਾਈ ਟਿਕਟਾਂ ਭਰੋਸੇਮੰਦ ਸੇਵਾ

Contact: 847-510-5966 or Cell: 773-458-0645

Fax: 847-510-5967, E-mail:Travelhouseord@gmail.com




# ਸਿੱਖ ਜਥੇ ਵਲੋਂ ਈਸਾਈ ਚਰਚ ਵਿਚ ਕੀਰਤਨ

**ਸ਼ਿਕਾਗੋ (ਬਿਊਰੋ):** ਇਥੇ ਹੋਲੀ ਨੇਮ ਕੈਥੇਡਰਲ ਚਰਚ ਵਿਚ ਲੰਘੀ 8 ਦਸੰਬਰ ਨੂੰ ਹੋਏ ਇਕ ਸਰਬ ਧਰਮ ਸੰਮੇਲਨ ਦੌਰਾਨ ਸਿੱਖਾਂ ਦੇ ਇਕ ਜਥੇ ਨੇ ਸ਼ਬਦ ਕੀਰਤਨ ਕੀਤਾ ਅਤੇ ਸਿੱਖੀ ਦੇ ਸਰਬੱਤ ਦੇ ਭਲੇ ਦਾ ਸੁਨੇਹਾ ਦਿਤਾ। ਇਹ ਸੰਮੇਲਨ ਸ਼ਿਕਾਗੋ ਦੇ ਆਰਕਡਾਇਓਸਿਸ ਦੀ ਸਰਬਉਚ ਅਥਾਰਟੀ ਆਰਕਬਿਸ਼ਪ ਬਲੇਸ ਕਿਊਪਿਕ ਵਲੋਂ ਮੈਟਰੋਪਾਲਿਟਨ ਸ਼ਿਕਾਗੋ ਦੇ ਧਾਰਮਕ ਆਗੂਆਂ ਦੀ ਕੌਂਸਲ ਦੇ ਸਹਿਯੋਗ ਨਾਲ ਕੀਤਾ ਗਿਆ ਸੀ।

ਵਿਸ਼ਵ ਅਮਨ ਲਈ ਅਰਦਾਸ ਬੇਨਤੀ ਕਰਨ ਦੇ ਮਨੋਰਥ ਨਾਲ ਕੀਤੇ ਗਏ ਇਸ ਸੰਮੇਲਨ ਵਿਚ ਵਖ ਵਖ ਧਰਮਾਂ ਦੇ ਆਗੂਆਂ ਅਤੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ।

ਗੁਰਦੁਆਰਾ ਵ੍ਹੀਟਨ ਦੇ ਹੈਡ ਗ੍ਰੰਥੀ ਭਾਈ ਮਹਿੰਦਰ ਸਿੰਘ ਤੇ ਭਾਈ ਗੁਰਵਿੰਦਰ ਸਿੰਘ ਨੇ ਸ. ਦਲਜੀਤ ਸਿੰਘ ਦਿਓਲ, ਬੀਬੀ ਮਹਿੰਦਰ ਕੌਰ ਸਲੂਜਾ ਅਤੇ ਜਗਦਰਸ਼ਨ ਸਿੰਘ ਕੁਲਾਰ ਨਾਲ ਮਿਲ ਕੇ 'ਜੀਅ ਜੰਤ ਸਭ ਸੁਖ ਵਸੈ, ਸਭ ਕੇ ਮਨ ਲੋਚੈ' ਸ਼ਬਦ ਦਾ ਗਾਇਨ ਕੀਤਾ ਜਿਸ ਦਾ ਅਨੰਦ ਹਾਜਰ ਸਰੋਤਿਆਂ ਨੇ ਮਾਣਿਆ। ਉਪਰੰਤ ਉਨ੍ਹਾਂ ਸਤਿਨਾਮ ਵਾਹਿਗੁਰੂ ਦਾ ਜਾਪ ਕੀਤਾ।

ਸ. ਬਲਵੰਤ ਸਿੰਘ ਹੰਸਰਾ ਨੇ ਇਸ ਮੌਕੇ ਅੰਗ੍ਰੇਜ਼ੀ ਵਿਚ ਬੋਲਦਿਆਂ ਕਿਹਾ ਕਿ ਵਾਹਿਗੁਰੂ ਹੀ ਅਮਨ ਦਾ ਸਰੋਤ ਹੈ। ਉਸ ਵਾਹਿਗੁਰੂ ਦੀ ਕਿਰਪਾ ਉਨ੍ਹਾਂ ਉਤੇ ਹੀ ਹੁੰਦੀ ਹੈ, ਜੋ ਉਸ ਦਾ ਨਾਮ ਜਪਦੇ ਹਨ, ਉਸ ਦੀ ਮਹਿਮਾ ਕਰਦੇ ਹਨ, ਚੰਗੇ ਕਰਮ ਕਰਦੇ ਹਨ ਅਤੇ ਸਰਬੱਤ ਦਾ ਭਲਾ ਮੰਗਦੇ ਹਨ, ਸੁਭ ਕਰਮ ਕਰਦੇ ਹਨ ਤੇ ਕਿਸੇ ਦਾ ਬੁਰਾ ਨਹੀਂ ਤਕਦੇ। ਹੇ ਵਾਹਿਗੁਰੂ! ਸਾਡੇ ਸਭਨਾਂ ਉਪਰ ਆਪਣੀ ਕਿਰਪਾ ਕਰੀਂ, ਸਾਡੇ ਉਤੇ ਮਿਹਰ ਦਾ ਹੱਥ ਰਖੀਂ। ਹੇ ਵਾਹਿਗੁਰੂ! ਸਾਨੂੰ ਕਿਸੇ ਵੀ ਤਰ੍ਹਾਂ ਦੀ ਹਿੰਸਾ ਤੋਂ ਬਚਾ ਕੇ ਰਖੀਂ, ਇਸ ਦੁਨੀਆਂ 'ਤੇ ਅਮਨ-ਅਮਾਨ ਅਤੇ ਸਭ ਭਾਈਚਾਰਿਆਂ ਵਿਚ ਆਪਸੀ ਪ੍ਰੇਮ ਬਣਾਈ ਰਖਣ ਦੀ ਸੁਮੱਤ ਬਖਸ਼ੀਂ।


ਪੰਜਾਬੀ ਰੇਡੀਓ ਯੂਐਸਏ

Punjabi RADIO USA

Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

Listen on :

Radio Sets (CA, WA, NV)

Dial in

832-551-5029 or 605-475-6868

Android & iPhone App

www.PunjabiRadioUSA.com

Ph: 408-272-5200



ਜਪਾਨੀ ਤੇ ਜੀ ਐਮ ਗੱਡੀਆਂ ਦੇ ਮਾਹਿਰ

ਪਿਛਲੇ 20 ਸਾਲਾਂ ਤੋਂ ਲਗਾਤਾਰ ਮਿਡਵੈਸਟ ਦੀ ਇੰਡੀਅਨ ਕਮਿਊਨਿਟੀ ਲਈ ਗੱਡੀਆਂ ਦੀ ਖਰੀਦ/ਵੇਚ ਕਰ ਰਹੇ ਹਾਂ

*Specialist in:*

Camry, Accord, Corolla, Civic, Sienna, Odyssey Altima, Maxima (Cargo Van For Business use), SUV & Pickup Trucks.

ਘੱਟ ਵਿਆਜ 'ਤੇ ਲੋਨ ਉਪਲਬਧ ਅਤੇ ਛੋਟੀ ਕਿਸ਼ਤ







ਆਪਣੀ ਅਗਲੀ ਗੱਡੀ ਲਈ ਸੰਪਰਕ ਕਰੋ

ਜਸਪਾਲ ਸਿੰਘ ਘੋਤੜਾ, ਫੋਨ: 765-337-5151

Best Buy Motors

1805 Elmwood Ave., Lafayette, IN 47904

Ph:765-449-0490, Fax:765-449-8310

WWW.BESTBUYMOTORSIN.COM

Second location: Lafayette Auto Auction

2250 Concord Rd., Lafayette, IN 47909,

Ph:765-471-1313, Fax: 765-838-1006

www.lafayettepublicautoauction.com




*Jaspal Singh Ghotra*


Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography (with flush mount album)

Live Video Display With Large Screens

DJ Service with Laser Lights




ਰਾਜਿੰਦਰ ਸਿੰਘ


Call Toll Free:

1-800-RAJ-SYAN

*(with 17 years Experienced)*

Call:734-261-0936

734-890-1767

e-mail: raj@syanvideo.com

visit at: www.syanvideo.com

# ਵੀਹ ਹਜ਼ਾਰ ਤੋਂ ਵੱਧ ਪਰਿਵਾਰਾਂ ਤੋਂ ਜ਼ਮੀਨ ਖੋਹਣ ਦੀ ਤਿਆਰੀ

**ਜਲੰਧਰ:** ਪੰਜਾਬ ਸਰਕਾਰ ਨੇ ਦਰਿਆਵਾਂ ਲਾਗਲੀ ਨਿਕਾਸੀ ਜ਼ਮੀਨ ਦੇ 20 ਹਜ਼ਾਰ ਤੋਂ ਵਧੇਰੇ ਕਿਸਾਨ ਪਰਿਵਾਰਾਂ ਨੂੰ ਦਿੱਤੇ ਮਾਲਕੀ ਹੱਕ ਰੱਦ ਕਰਕੇ ਇਹ ਜ਼ਮੀਨ ਸਰਕਾਰੀ ਕਬਜ਼ੇ ਵਿਚ ਲੈਣ ਦੇ ਹੁਕਮ ਜਾਰੀ ਕੀਤੇ ਹਨ। 70 ਹਜ਼ਾਰ ਏਕੜ ਦੇ ਕਰੀਬ ਜ਼ਮੀਨ ਦੇ ਮਾਲਕੀ ਹੱਕ ਖੋਹੇ ਜਾਣ ਕਾਰਨ ਕਿਸਾਨਾਂ ਦੇ ਸਾਹ ਸੂਤੇ ਗਏ ਹਨ। ਸਤਲੁਜ, ਬਿਆਸ ਤੇ ਰਾਵੀ ਦੇ ਆਲੇ-ਦੁਆਲੇ ਦੇ 10 ਜ਼ਿਲ੍ਹਿਆਂ ਲੁਧਿਆਣਾ, ਰੋਪੜ, ਨਵਾਂ ਸ਼ਹਿਰ, ਜਲੰਧਰ, ਕਪੂਰਥਲਾ, ਫ਼ਿਰੋਜ਼ਪੁਰ, ਤਰਨਤਾਰਨ, ਅੰਮ੍ਰਿਤਸਰ, ਗੁਰਦਾਸਪੁਰ, ਨਵਾਂ ਸ਼ਹਿਰ ਤੇ ਪਠਾਨਕੋਟ ਵਿਚ ਦਰਿਆਵਾਂ ਦੇ ਨਾਲ ਪੈਂਦੀ ਇਹ ਜ਼ਮੀਨ ਹੱਡ-ਭੰਨਵੀਂ ਮਿਹਨਤ ਕਰਕੇ ਇਥੇ ਵਸੇ ਲੋਕਾਂ ਨੇ ਆਬਾਦ ਕੀਤੀ ਹੈ। ਇਹ ਜ਼ਮੀਨ ਪੰਜਾਬ ਪੈਕੇਜ ਡੀਲ ਪ੍ਰਾਪਰਟੀ/ਪ੍ਰੋਵਿੰਸ਼ਨ ਗੌਰਮਿੰਟ ਦੀ ਮਾਲਕੀ ਹੇਠ ਹੈ।

ਨਿਕਾਸੀ ਹੋਣ ਕਾਰਨ ਇਕ ਤਾਂ ਇਹ ਜ਼ਮੀਨ ਉਂਜ ਹੀ ਘੱਟ ਉਪਜਾਊ ਹੈ ਤੇ ਦੂਜਾ ਹੜ੍ਹ ਆਉਣ 'ਤੇ ਦਰਿਆਵਾਂ ਦਾ ਰੁਖ ਬਦਲਣ ਕਾਰਨ ਕਿਸੇ ਵੇਲੇ ਵੀ ਸਭ ਕੁਝ ਲੁੱਟੇ-ਪੁੱਟੇ ਜਾਣ ਦੀ ਤਲਵਾਰ ਲਟਕਦੀ ਰਹਿੰਦੀ ਹੈ। ਦਰਿਆਵਾਂ ਲਾਗੇ



ਵਸੇ ਇਨ੍ਹਾਂ ਲੋਕਾਂ ਕੋਲ ਜ਼ਮੀਨ ਵੀ ਇਕ ਤੋਂ ਤਿੰਨ ਏਕੜ ਦੇ ਕਰੀਬ ਹੀ ਹੈ।

ਨਿਕਾਸੀ ਜ਼ਮੀਨ ਦੇ ਅਬਾਦਕਾਰਾਂ ਨੂੰ ਮਾਲਕੀ ਹੱਕ ਦੇਣ ਦੀ ਆਵਾਜ਼ ਉਠਾਉਣ ਵਿਚ ਅਕਾਲੀ ਦਲ ਹਮੇਸ਼ਾ ਮੋਹਰੀ ਰਹਿੰਦਾ ਰਿਹਾ ਹੈ। ਸਾਲ 2007 ਵਿਚ ਅਕਾਲੀ-ਭਾਜਪਾ ਸਰਕਾਰ ਬਣਦਿਆਂ ਹੀ 26.9.2007 ਨੀਤੀ ਜਾਰੀ ਕੀਤੀ ਗਈ, ਜਿਸ ਤਹਿਤ ਸਾਲ 2000 ਤੋਂ ਨਿਕਾਸੀ ਜ਼ਮੀਨ ਉੱਪਰ ਖੇਤੀ ਕਰਦੇ ਆ ਰਹੇ ਕਿਸਾਨਾਂ ਨੂੰ ਸ਼ਰਤਾਂ ਪੂਰੀਆਂ ਹੋਣ 'ਤੇ ਹੱਕ ਮਾਲਕੀ ਦਿੱਤੇ ਜਾਣ ਦੀ ਵਿਵਸਥਾ ਸੀ। ਹਜ਼ਾਰਾਂ ਕਿਸਾਨਾਂ ਨੇ ਇਸ ਨਵੀਂ ਨੀਤੀ ਤਹਿਤ ਹੱਕ ਮਾਲਕੀ ਹਾਸਲ ਕਰਨ ਲਈ ਦਰਖ਼ਾਸਤਾਂ ਦਿੱਤੀਆਂ ਸਨ, ਪਰ ਤਕਰੀਬਨ ਤਿੰਨ ਸਾਲ ਤੱਕ ਬਹੁਤੀਆਂ ਦਰਖ਼ਾਸਤਾਂ ਉੱਪਰ ਅਧਿਕਾਰੀਆਂ ਨੇ ਕੋਈ ਕਾਰਵਾਈ ਹੀ ਨਹੀਂ ਕੀਤੀ। ਲੰਬੇ ਸਮੇਂ ਤੋਂ ਬਾਅਦ ਮਾਲ ਵਿਭਾਗ ਦੇ ਅਧਿਕਾਰੀਆਂ ਨੇ ਸੁਪਰੀਮ ਕੋਰਟ ਵੱਲੋਂ ਸ਼ਾਮਲਾਤ ਤੇ ਪੰਚਾਇਤਾਂ ਦੀਆਂ ਜ਼ਮੀਨਾਂ ਉੱਤੇ ਅਣ-ਅਧਿਕਾਰਤ ਕਬਜ਼ਿਆਂ ਨੂੰ ਨਿਯਮਤ ਕਰਨ ਬਾਰੇ ਦਿੱਤੇ ਹੁਕਮ ਨੂੰ ਨਿਕਾਸੀ ਜ਼ਮੀਨਾਂ ਨਾਲ ਰਲਗੱਡ ਕਰ ਦਿੱਤਾ।

## ਕਰਜ਼ਾ ਬਣ ਰਿਹਾ ਹੈ ਕਿਸਾਨ-ਖੁਦਕੁਸ਼ੀਆਂ ਦਾ ਕਾਰਨ

**ਚੰਡੀਗੜ੍ਹ:** ਪੰਜਾਬ ਵਿਚ ਕਰਜ਼ੇ ਦੇ ਭਾਰ ਕਾਰਨ ਸਭ ਤੋਂ ਵੱਧ ਕਿਸਾਨ ਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰਦੇ ਹਨ। ਸੂਬੇ ਵਿਚ 2000 ਤੋਂ 2010 ਤੱਕ ਦੀ ਗਣਨਾ ਦੌਰਾਨ 3954 ਕਿਸਾਨਾਂ ਤੇ 2972 ਖੇਤ ਮਜ਼ਦੂਰਾਂ ਵੱਲੋਂ ਕਰਜ਼ੇ ਦੇ ਭਾਰ ਜਾਂ ਹੋਰਨਾਂ ਆਰਥਿਕ ਕਾਰਨਾਂ ਕਰ ਕੇ ਖੁਦਕੁਸ਼ੀਆਂ ਕੀਤੇ ਜਾਣ ਦੇ ਤੱਥ ਸਾਹਮਣੇ ਆਏ ਸਨ। ਖੁਦਕੁਸ਼ੀਆਂ ਕਰਨ ਵਾਲਿਆਂ ਵਿਚ ਆਮ ਤੌਰ 'ਤੇ ਸੀਮਾਂਤ ਤੇ ਛੋਟੇ ਕਿਸਾਨ ਹੀ ਹਨ।

ਕੇਂਦਰ ਸਰਕਾਰ ਵੱਲੋਂ ਦਿੱਤੀ ਕਰਜ਼ਾ ਮੁਆਫੀ ਵੀ ਕਿਸਾਨਾਂ ਨੂੰ ਸਹਾਰਾ ਨਹੀਂ ਦੇ ਸਕੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਾਲ 2012-2013 ਦੌਰਾਨ ਕੀਤੇ ਸਰਵੇਖਣ ਦੌਰਾਨ ਹਰੇਕ ਕਿਸਾਨ ਪਰਿਵਾਰ ਸਿਰ 3.5 ਲੱਖ ਰੁਪਏ ਦਾ ਕਰਜ਼ਾ ਹੋਣ ਦੇ ਤੱਥ ਵੀ ਸਾਹਮਣੇ ਲਿਆਂਦੇ ਸਨ। ਜਿਨ੍ਹਾਂ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਸਿਰ ਕਰਜ਼ੇ ਔਸਤ ਨਾਲੋਂ ਵੀ ਜ਼ਿਆਦਾ ਹੁੰਦੇ ਹਨ।

ਸੂਬੇ ਦੀਆਂ ਤਿੰਨ ਵੱਡੀਆਂ ਯੂਨੀਵਰਸਿਟੀਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਸਾਲ 2000 ਤੋਂ 2010 ਤਕ ਕੀਤੀਆਂ ਗਈਆਂ ਖੁਦਕੁਸ਼ੀਆਂ ਦੀ ਗਣਨਾ ਦੌਰਾਨ ਪ੍ਰਤੀ ਸਾਲ ਔਸਤਨ 636 ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕਰਨ ਦੇ ਤੱਥ ਸਾਹਮਣੇ ਆਏ ਸਨ। ਇਹ ਗਿਣਤੀ ਵੱਧ ਕੇ 750 ਦੇ ਕਰੀਬ ਪਹੁੰਚਦੀ ਦਿਖਾਈ ਦੇ ਰਹੀ ਹੈ। ਪਿਛਲੇ ਇਕ ਸਾਲ ਦੇ ਸਮੇਂ ਦੌਰਾਨ ਮਾਲਵਾ ਖਿੱਤੇ ਖਾਸ ਕਰ ਕਪਾਹ ਪੱਟੀ ਵਿਚ ਜ਼ਿਆਦਾ ਖੁਦਕੁਸ਼ੀਆਂ ਹੋਈਆਂ ਹਨ।

# ਦਿੱਲੀ ਵਿਚ ਬਣੇਗਾ ਕੌਮਾਂਤਰੀ ਸਿੱਖ ਅਧਿਐਨ ਕੇਂਦਰ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਅਹਿਮ ਪ੍ਰੋਜੈਕਟ 'ਕੌਮਾਂਤਰੀ ਸਿੱਖ ਅਧਿਐਨ ਕੇਂਦਰ' ਨੂੰ ਸੰਗਤ ਸਾਹਮਣੇ ਲਿਆਉਣ ਲਈ ਪਰਵਾਸੀ ਅਰਬਪਤੀ ਤੇ ਹੋਟਲ ਕਾਰੋਬਾਰੀ ਸੰਤ ਸਿੰਘ ਛਤਵਾਲ ਦੀ ਮਦਦ ਲਈ ਜਾ ਰਹੀ ਹੈ ਤੇ ਉਨ੍ਹਾਂ ਨਾਲ ਇਸ ਪ੍ਰੋਜੈਕਟ ਲਈ ਦਿੱਲੀ ਕਮੇਟੀ ਦੇ ਮੁੱਖ ਅਹੁਦੇਦਾਰ ਪਿਛਲੇ ਦਿਨਾਂ ਤੋਂ ਤਾਲਮੇਲ ਕਾਇਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਸ੍ਰੀ ਛਤਵਾਲ ਵੱਲੋਂ ਇਸ ਪ੍ਰੋਜੈਕਟ ਲਈ ਇਕੱਲੇ ਆਪਣੇ ਤੌਰ 'ਤੇ ਹੀ ਇਕ ਮਿਲੀਅਨ ਡਾਲਰ (ਤਕਰੀਬਨ ਸਾਢੇ ਛੇ ਕਰੋੜ ਰੁਪਏ) ਦਿੱਲੀ ਕਮੇਟੀ ਨੂੰ ਦਿੱਤੇ ਜਾਣਗੇ। ਪੰਦਰਾਂ-ਸੋਲਾਂ ਕਰੋੜ ਦੀ ਲਾਗਤ ਨਾਲ ਬਣਨ ਵਾਲੇ ਇਸ 'ਕੌਮਾਂਤਰੀ ਸਿੱਖ ਅਧਿਐਨ ਕੇਂਦਰ' ਨੂੰ 4ਡੀ ਐਕਸ ਤਕਨੀਕ ਨਾਲ ਬਣਾਇਆ ਜਾਵੇਗਾ ਤੇ ਦੁਨੀਆਂ ਦੀ ਬਿਹਤਰ ਤਕਨੀਕ ਆਡੀਟੋਰੀਅਮ ਵਿਚ ਵਰਤੀ ਜਾਵੇਗੀ। ਸ੍ਰੀ ਛਤਵਾਲ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਕੇਂਦਰ ਸਥਾਪਤ ਹੋਣ ਨਾਲ ਨਵੀਂ ਪੀੜ੍ਹੀ ਨੂੰ ਸਿੱਖ ਫਲਸਫ਼ੇ, ਰਵਾਇਤਾਂ ਤੇ ਸਿੱਖ ਸਭਿਆਚਾਰ ਬਾਰੇ ਜਾਣਕਾਰੀ ਮਿਲੇਗੀ। ਉਸੇ ਤਰ੍ਹਾਂ ਹੀ ਦੂਜੇ ਵਰਗਾਂ ਦੇ ਲੋਕ ਵੀ ਇਸ ਬਹੁਭਾਸ਼ੀ ਕੇਂਦਰ ਰਾਹੀਂ ਸਿੱਖ ਧਰਮ ਤੇ ਪਵਿੱਤਰ ਬਾਣੀ ਦੀ ਡੂੰਘਾਈ ਬਾਰੇ ਜਾਣ ਸਕਣਗੇ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਡਿਜੀਟਲ ਲਾਇਬਰੇਰੀ, ਪ੍ਰਮਾਣਤ ਪੁਰਾਤਨ ਹੱਥ ਲਿਖਤਾਂ ਨੂੰ ਸੁਸ਼ੋਭਿਤ ਕੀਤਾ ਜਾਵੇਗਾ



ਤੇ ਗੁਰਬਾਣੀ ਦਾ ਇਤਿਹਾਸ, ਸਿੱਖ ਧਰਮ ਤੇ ਵਿਰਸੇ ਬਾਰੇ ਸ਼ੁਰੂਆਤ ਤੋਂ ਲੈ ਕੇ ਜਾਣਕਾਰੀ ਦਿੱਤੀ ਜਾਵੇਗੀ। ਦਿੱਲੀ ਕਮੇਟੀ ਇਸ ਪ੍ਰੋਜੈਕਟ ਨੂੰ 2017 ਤੋਂ ਪਹਿਲਾਂ-ਪਹਿਲਾਂ ਪੂਰਾ ਕਰਨਾ ਲੋਚ ਰਹੀ ਹੈ ਤਾਂ ਜੋ ਸੰਗਤ ਅੱਗੇ ਇਸ ਅਜੂਬੇ ਨੂੰ ਪੇਸ਼ ਕੀਤਾ ਜਾ ਸਕੇ। ਸ੍ਰੀ ਛਤਵਾਲ ਵੱਲੋਂ ਇਸ ਪ੍ਰੋਜੈਕਟ ਵਿਚ ਡੂੰਘੀ ਦਿਲਚਸਪੀ ਲਈ ਜਾ ਰਹੀ ਹੈ।

# ਐਚ-1ਬੀ ਵੀਜ਼ੇ ਵਿਚ ਹੋ ਸਕਦੀ ਹੈ ਕਟੌਤੀ

**ਵਾਸ਼ਿੰਗਟਨ:** ਅਮਰੀਕਾ ਐਚ-1ਬੀ ਵੀਜ਼ੇ ਵਿਚ ਕਟੌਤੀ ਕਰਨ ਜਾ ਰਿਹਾ ਹੈ। ਇਹ ਵੀਜ਼ਾ ਆਮ ਤੌਰ ਉੱਤੇ ਆਈ.ਟੀ. ਖੇਤਰ ਵਿਚ ਕੰਮ ਕਰਨ ਵਾਲਿਆਂ ਲਈ ਜਾਰੀ ਕੀਤਾ ਜਾਂਦਾ ਹੈ। ਅਮਰੀਕਾ ਵਿਚ ਇਸ ਵੀਜ਼ੇ ਦਾ ਕਾਫੀ ਵਿਰੋਧ ਹੋ ਰਿਹਾ ਸੀ। ਦੋ ਅਮਰੀਕੀ ਸੈਨੇਟਰਾਂ ਨੇ ਸੰਸਦ ਵਿਚ ਬਿੱਲ ਪੇਸ਼ ਕਰ ਕੇ ਐਚ-1ਬੀ ਵੀਜ਼ਾ ਜਾਰੀ ਕਰਨ ਦੀ ਗਿਣਤੀ ਵਿਚ ਕਟੌਤੀ ਕਰਨ ਦੀ ਮੰਗ ਕੀਤੀ ਹੈ।

ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰ ਬਿਲ ਨਿਲਸਨ ਅਤੇ ਰਿਪਬਲਿਕਨ ਪਾਰਟੀ ਦੇ ਜੇਫ ਸੇਸ਼ਨਸ ਨੇ ਸੰਸਦ ਵਿਚ ਬਿੱਲ ਪੇਸ਼ ਕਰਦਿਆਂ ਇਸ ਵੀਜ਼ੇ ਦੀ ਗਿਣਤੀ ਨੂੰ 15 ਹਜ਼ਾਰ ਤੱਕ ਸੀਮਤ ਕਰਨ ਦਾ ਪ੍ਰਸਤਾਵ ਰੱਖਿਆ ਹੈ।

ਸੈਨੇਟਰ ਅਨੁਸਾਰ ਆਈ.ਟੀ. ਖੇਤਰ ਵਿਚ ਨੌਕਰੀਆਂ ਲਈ ਪਹਿਲਾਂ ਅਮਰੀਕੀ ਨਾਗਰਿਕਾਂ ਨੂੰ ਪਹਿਲ ਦਿੱਤੀ ਜਾਵੇ, ਉਸ ਤੋਂ ਬਾਅਦ ਹੀ ਦੂਜਿਆਂ ਨੂੰ ਨੌਕਰੀਆਂ ਵਿਚ ਪਹਿਲ ਮਿਲੇ। ਸੈਨੇਟਰਾਂ ਦਾ ਕਹਿਣਾ ਹੈ ਕਿ ਇਸ ਨਾਲ




ਅਮਰੀਕਾ ਵਿਚ ਬੇਰੁਜ਼ਗਾਰਾਂ ਦੀ ਗਿਣਤੀ ਕਾਫੀ ਘਟੇਗੀ। ਫਿਲਹਾਲ ਅਮਰੀਕਾ ਹਰ ਸਾਲ 85 ਹਜ਼ਾਰ ਲੋਕਾਂ ਨੂੰ ਐਚ-1ਬੀ ਵੀਜ਼ਾ ਜਾਰੀ ਕਰਦਾ ਹੈ। ਇਨ੍ਹਾਂ ਵਿਚ 20 ਹਜ਼ਾਰ ਉਹ ਲੋਕ ਹੁੰਦੇ ਹਨ, ਜਿਨ੍ਹਾਂ ਨੇ ਵਿਗਿਆਨ, ਤਕਨੀਕ, ਇੰਜੀਨੀਅਰਿੰਗ ਤੇ ਹਿਸਾਬ ਵਿਚ ਉੱਚ ਸਿੱਖਿਆ ਹਾਸਲ ਕੀਤੀ ਹੁੰਦੀ ਹੈ। ਭਾਰਤ ਤੋਂ ਹਰ ਸਾਲ ਹਜ਼ਾਰਾਂ ਆਈ.ਟੀ. ਖੇਤਰ ਵਿਚ ਨੌਜਵਾਨ ਅਮਰੀਕਾ ਦਾ ਐਚ-1 ਬੀ ਵੀਜ਼ਾ ਹਾਸਲ ਕਰਦੇ ਹਨ।

## ਅਮਰੀਕੀ ਅਦਾਲਤ ਵੱਲੋਂ ਮੋਦੀ ਦਾ ਵੀਜ਼ਾ ਰਿਕਾਰਡ ਤਲਬ

**ਨਿਊ ਯਾਰਕ:** ਅਮਰੀਕਾ ਦੇ ਇਕ ਜੱਜ ਨੇ ਵਿਦੇਸ਼ ਵਿਭਾਗ ਨੂੰ ਹੁਕਮ ਦਿੱਤਾ ਕਿ ਉਹ ਪ੍ਰਧਾਨ ਮੰਤਰੀ ਨਰੇਂਦਰ ਦੀ ਅਮਰੀਕਾ ਵਿਚ ਦਾਖਲੇ 'ਤੇ ਪਾਬੰਦੀ ਨੂੰ ਰੱਦ ਕਰਨ ਬਾਰੇ ਓਬਾਮਾ ਪ੍ਰਸ਼ਾਸਨ ਦੇ ਫੈਸਲੇ ਨਾਲ ਸਬੰਧਤ ਸਾਰੇ ਦਸਤਾਵੇਜ਼ ਫਰਵਰੀ ਤੱਕ ਪੇਸ਼ ਕਰੇ। ਜੱਜ ਜਾਹਨ ਕੋਇਲਟਲ ਨੇ ਕਿਹਾ ਕਿ ਵਿਦੇਸ਼ ਵਿਭਾਗ ਅੱਧ ਜਨਵਰੀ 2016 ਤੱਕ ਮੁਢਲੇ ਵੇਰਵੇ ਦੇਵੇ ਤੇ ਫਰਵਰੀ ਤੱਕ ਜ਼ਿਆਦਾ ਵਿਸਥਾਰ ਨਾਲ ਦਸਤਾਵੇਜ਼ ਪੇਸ਼ ਕਰੇ। ਮਾਮਲੇ ਦੀ ਅਗਲੀ ਸੁਣਵਾਈ 29 ਫਰਵਰੀ 2016 ਨੂੰ ਹੋਵੇਗੀ। ਸਿੱਖਸ ਫਾਰ ਜਸਟਿਸ ਨੇ ਸ੍ਰੀ ਮੋਦੀ ਦੇ ਵੀਜ਼ੇ ਤੇ ਅਮਰੀਕਾ ਵਿਚ ਦਾਖਲੇ ਸਬੰਧੀ ਰਿਕਾਰਡ ਦੀ ਮੰਗ ਲਈ ਸੂਚਨਾ ਅਧਿਕਾਰ ਐਕਟ ਤਹਿਤ ਕੀਤੀ ਬੇਨਤੀ 'ਤੇ ਮੰਤਰਾਲੇ ਵੱਲੋਂ ਦਸਤਾਵੇਜ਼ ਨਾ ਦੇਣ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ।

# ਨਾਕੇਬੰਦੀ ਕਾਰਨ ਮਹਿੰਗਾ ਹੋਇਆ ਨੇਪਾਲ

**ਸੰਯੁਕਤ ਰਾਸ਼ਟਰ:** ਭਾਰਤ ਤੋਂ ਦਰਾਮਦ ਵਿਚ ਰੁਕਾਵਟ ਤੇ ਸਰਹੱਦ 'ਤੇ ਨਾਕੇਬੰਦੀ ਕਾਰਨ ਨੇਪਾਲ ਵਿਚ ਖੁਰਾਕ ਸਮੱਗਰੀ ਤੇ ਤੇਲ ਦੀ ਗੰਭੀਰ ਕਮੀ ਹੋ ਗਈ ਹੈ। ਜ਼ਰੂਰੀ ਵਸਤਾਂ ਦੀਆਂ ਕੀਮਤਾਂ ਕਾਫੀ ਵਧ ਗਈਆਂ ਹਨ। ਇਹ ਗੱਲ ਸੰਯੁਕਤ ਰਾਸ਼ਟਰ ਦੀ ਖੁਰਾਕ ਸਬੰਧੀ ਇਕ ਏਜੰਸੀ ਨੇ ਕਹੀ ਤੇ ਉਸ ਨੇ ਸਰਹੱਦ ਪਾਰੋਂ ਖੁਰਾਕ ਸਮੱਗਰੀ ਦੇ ਮੁਕਤ ਆਉਣ-ਜਾਣ ਦੀ ਇਜਾਜ਼ਤ ਦੇਣ ਦੀ ਅਪੀਲ ਕੀਤੀ। ਸੰਯੁਕਤ ਰਾਸ਼ਟਰ ਵਿਸ਼ਵ ਖੁਰਾਕ ਪ੍ਰੋਗਰਾਮ (ਡਬਲਯੂ.ਐਫ.ਪੀ.) ਨੇ ਨਿਪਾਲ ਵਿਚ ਖੁਰਾਕ ਵਸਤਾਂ ਤੇ ਤੇਲ ਦੀ ਭਾਰੀ ਕਮੀ 'ਤੇ ਚਿਤਾਵਨੀ ਜਾਰੀ ਕਰਦਿਆਂ ਕਿਹਾ ਕਿ ਜੇਕਰ ਬੁਨਿਆਦੀ ਖੁਰਾਕ ਸਮੱਗਰੀ ਦੀਆਂ ਕੀਮਤਾਂ ਇਸੇ ਤਰ੍ਹਾਂ ਵਧਦੀਆਂ ਰਹੀਆਂ ਤਾਂ ਇਸ ਦੇਸ਼ ਨੂੰ ਗੰਭੀਰ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਏਸ਼ੀਆ ਤੇ ਪ੍ਰਸ਼ਾਂਤ ਦੇ ਲਈ ਡਬਲਯੂ.ਐਫ.ਪੀ. ਦੇ ਖੇਤਰੀ ਨਿਰਦੇਸ਼ਕ ਡੇਵਿਡ ਕਾਟਰਡ ਨੇ ਇਕ ਬਿਆਨ ਵਿਚ ਕਿਹਾ ਕਿ ਜੇਕਰ ਵਪਾਰ ਪ੍ਰਭਾਵਿਤ ਰਿਹਾ ਤੇ ਖੁਰਾਕ ਵਸਤਾਂ ਦੀਆਂ ਕੀਮਤਾਂ ਵਧਦੀਆਂ ਰਹੀਆਂ ਤਾਂ ਇਕ ਗੰਭੀਰ ਮਨੁੱਖੀ ਸੰਕਟ ਨੂੰ ਟਾਲਣਾ ਮੁਸ਼ਕਿਲ ਹੋਵੇਗਾ। ਖੁਰਾਕ ਵਸਤਾਂ ਦੀਆਂ ਕੀਮਤਾਂ ਇੰਨੀਆਂ ਵਧ ਗਈਆਂ ਹਨ ਕਿ ਲੋਕਾਂ ਦੇ ਲਈ ਉਨ੍ਹਾਂ ਨੂੰ ਖਰੀਦਣਾ ਮੁਸ਼ਕਿਲ ਹੋ ਗਿਆ ਹੈ, ਅਜਿਹੇ ਵਿਚ ਲੋਕ ਆਪਣੇ ਪਰਿਵਾਰਾਂ ਨੂੰ ਭੋਜਨ ਮੁਹੱਈਆ ਕਰਵਾਉਣ ਲਈ ਸੰਘਰਸ਼ ਕਰ ਰਹੇ ਹਨ।

# ਓਬਾਮਾ ਨੂੰ ਭੇਜੀ ਇਕ ਲੱਖ ਤੋਂ ਵੱਧ ਦਸਤਖਤੀ ਪਟੀਸ਼ਨ

**ਅੰਮ੍ਰਿਤਸਰ:** ਵਿਸ਼ਵ ਮਨੁੱਖੀ ਅਧਿਕਾਰ ਦਿਵਸ ਮੌਕੇ ਸਿੱਖ ਜਥੇਬੰਦੀਆਂ ਵੱਲੋਂ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਬਾਰੇ ਇਕ ਆਨ ਲਾਈਨ ਪਟੀਸ਼ਨ, ਜਿਸ ਉਪਰ ਇਕ ਲੱਖ ਤੋਂ ਵੱਧ ਸਿੱਖਾਂ ਦੇ ਦਸਤਖ਼ਤ ਕਰਵਾਏ ਗਏ ਹਨ, ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਭੇਜੀ ਗਈ ਹੈ।

ਅਮਰੀਕੀ ਰਾਸ਼ਟਰਪਤੀ ਨੂੰ ਅਪੀਲ ਕੀਤੀ ਗਈ ਹੈ ਕਿ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਬਾਰੇ ਭਾਰਤ ਸਰਕਾਰ 'ਤੇ ਦਬਾਅ ਪਾ ਕੇ ਸਜ਼ਾਵਾਂ ਭੁਗਤ ਚੁੱਕੇ ਸਿੱਖ ਕੈਦੀਆਂ ਨੂੰ ਰਿਹਾਅ ਕਰਵਾਇਆ ਜਾਵੇ। ਸਿੱਖ ਜਥੇਬੰਦੀਆਂ ਵੱਲੋਂ ਮਾਰਚ ਵੀ ਕੱਢਿਆ ਗਿਆ ਹੈ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸਿੱਖਸ ਫਾਰ ਜਸਟਿਸ ਜਥੇਬੰਦੀਆਂ ਵੱਲੋਂ 'ਸਿੱਖ ਅਧਿਕਾਰ ਸਿੱਖ ਆਜ਼ਾਦੀ' ਮਾਰਚ ਗੁਰਦੁਆਰਾ ਸ਼ਹੀਦਾਂ ਤੋਂ ਆਰੰਭ ਹੋਇਆ, ਜੋ ਵੱਖ-ਵੱਖ ਬਾਜ਼ਾਰਾਂ ਵਿਚੋਂ ਹੁੰਦਾ ਹੋਇਆ ਅਕਾਲ ਤਖ਼ਤ ਵਿਖੇ ਸਮਾਪਤ ਹੋਇਆ, ਜਿਥੇ ਅਰਦਾਸ ਕੀਤੀ ਗਈ।

ਵੱਡੀ ਗਿਣਤੀ ਵਿਚ ਸ਼ਾਮਲ ਹੋਏ ਸਿੱਖ ਕਾਰਕੁਨਾਂ ਨੇ ਤਖ਼ਤੀਆਂ ਚੁੱਕੀਆਂ ਹੋਈਆਂ ਸਨ ਤੇ ਮੰਗ ਕਰ ਰਹੇ ਸਨ ਕਿ ਸਿੱਖ ਕੈਦੀਆਂ ਦੀ ਤੁਰੰਤ ਰਿਹਾਈ ਕੀਤੀ ਜਾਵੇ। ਇਨ੍ਹਾਂ ਵੱਲੋਂ ਬੇਅੰਤ ਸਿੰਘ ਕਤਲ ਕਾਂਡ ਦੀ ਸਜ਼ਾ ਭੁਗਤ ਰਹੇ ਜਗਤਾਰ ਸਿੰਘ ਹਵਾਰਾ ਦੀ ਰਿਹਾਈ ਦੀ ਮੰਗ ਵੀ ਕੀਤੀ ਗਈ।




ਜਗਤਾਰ ਸਿੰਘ ਹਵਾਰਾ ਨੂੰ ਬੀਤੇ ਦਿਨੀਂ ਸਰਬੱਤ ਖਾਲਸਾ ਸਮਾਗਮ ਮੌਕੇ ਅਕਾਲ ਤਖ਼ਤ ਦਾ ਜਥੇਦਾਰ ਐਲਾਨਿਆ ਗਿਆ ਸੀ। ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਦੱਸਿਆ ਕਿ ਇਕ ਲੱਖ ਤੋਂ ਵੱਧ ਸਿੱਖਾਂ ਦੇ ਦਸਤਖ਼ਤਾਂ ਵਾਲੀ ਆਨ ਲਾਈਨ ਪਟੀਸ਼ਨ ਅਮਰੀਕਾ ਦੇ ਰਾਸ਼ਟਰਪਤੀ ਦੇ ਦਫਤਰ ਵਿਚ ਭੇਜ ਦਿੱਤੀ ਗਈ ਹੈ।

ਇਸ ਉਪਰ ਇਕ ਲੱਖ ਤਿੰਨ ਹਜ਼ਾਰ ਲੋਕਾਂ ਨੇ ਦਸਤਖ਼ਤ ਕਰਕੇ ਸਿੱਖ ਕੈਦੀਆਂ ਦੀ ਰਿਹਾਈ ਦਾ ਸਮਰਥਨ ਕੀਤਾ ਹੈ। ਇਸ ਪਟੀਸ਼ਨ ਰਾਹੀਂ ਅਮਰੀਕਾ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਭਾਰਤ ਸਰਕਾਰ 'ਤੇ ਦਬਾਅ ਬਣਾਏ ਤਾਂ ਜੋ ਸਜ਼ਾਵਾਂ ਭੁਗਤ ਚੁੱਕੇ ਸਿੱਖ ਕੈਦੀਆਂ ਨੂੰ ਜੇਲ੍ਹਾਂ ਵਿਚੋਂ ਰਿਹਾਅ ਕੀਤਾ ਜਾਵੇ। ਉਨ੍ਹਾਂ ਆਖਿਆ ਕਿ ਸਜ਼ਾਵਾਂ ਭੁਗਤ ਚੁੱਕੇ ਕੈਦੀਆਂ ਨੂੰ ਜੇਲ੍ਹਾਂ ਵਿਚ ਰੱਖਣਾ ਮਨੁੱਖੀ ਅਧਿਕਾਰਾਂ ਦੀ ਵੱਡੀ ਉਲੰਘਣਾ ਹੈ।

## ਹਵਾਰਾ ਦੀ ਅਗਵਾਈ ਹੇਠ ਰਹੇਗੀ ਗੁਰੂ ਘਰਾਂ 'ਤੇ ਨਜ਼ਰ

**ਅੰਮ੍ਰਿਤਸਰ:** ਸਿੱਖ ਜਥੇਬੰਦੀਆਂ ਨੇ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਅਗਵਾਈ ਹੇਠ ਗੁਰਦੁਆਰਿਆਂ ਦੀ ਨਿਗਰਾਨੀ ਦਾ ਜ਼ਿੰਮਾ ਸੰਭਾਲਿਆ ਹੈ। ਜਥੇਬੰਦੀਆਂ ਦਾ ਕਹਿਣਾ ਹੈ ਕਿ ਹਰ ਪਿੰਡ ਦੇ ਗੁਰਦੁਆਰੇ ਵਿਚ ਕੈਮਰੇ ਲਾਏ ਜਾਣਗੇ ਤੇ ਹਰ ਪਿੰਡ ਵਿਚ ਪੰਥਕ ਪਹਿਰੇਦਾਰ ਨਿਯੁਕਤ ਕੀਤੇ ਜਾਣਗੇ। ਇਸ ਦਾ ਮਕਸਦ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਸਾਜ਼ਿਸ਼ ਦਾ ਪਤਾ ਲਾਉਣਾ ਹੈ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਜਥੇਦਾਰ ਹਵਾਰਾ ਵੱਲੋਂ ਦਿੱਤੇ ਗਏ ਸੱਦੇ ਤੋਂ ਪ੍ਰੇਰਨਾ ਲੈ ਕੇ ਹਰ ਪਿੰਡ ਦੇ ਗੁਰਦੁਆਰੇ ਵਿਚ ਕੈਮਰੇ ਲਾਏ ਜਾਣਗੇ।

## ਡੇਰਾ ਸਿਰਸਾ ਵੀ ਬਾਬਾ ਰਾਮਦੇਵ ਦੇ ਰਾਹ

**ਚੰਡੀਗੜ੍ਹ:** ਡੇਰਾ ਸਿਰਸਾ ਹੁਣ ਬਾਬਾ ਰਾਮਦੇਵ ਦੇ ਰਾਹ ਪੈ ਚੁੱਕਾ ਹੈ। ਡੇਰੇ ਵੱਲੋਂ ਆਪਣੇ ਘਰੇਲੂ ਉਤਪਾਦ ਹੁਣ ਯੋਗ ਗੁਰੂ ਬਾਬਾ ਰਾਮ ਦੇਵ ਵਾਂਗ ਹੀ ਬਾਜ਼ਾਰ ਵਿਚ ਉਤਾਰੇ ਜਾਣਗੇ। ਜਨਵਰੀ ਤੱਕ ਇਹ ਪ੍ਰੋਡਕਟ ਬਾਜ਼ਾਰ ਵਿਚ ਆ ਸਕਦੇ ਹਨ। ਇਹ ਉਤਪਾਦ ਐਮ.ਐਸ.ਜੀ. ਕੰਪਨੀ ਦੇ ਨਾਂ ਹੇਠ ਲਿਆਂਦੇ ਜਾਣਗੇ। ਡੇਰਾ ਮੁਖੀ ਬਾਬਾ ਗੁਰਮੀਤ ਰਾਮ ਰਹੀਮ ਸਿੰਘ ਇੰਸਾ ਖੁਦ ਇਸ ਦੇ ਬਰਾਂਡ ਅੰਬੈਸਡਰ ਹੋਣਗੇ। ਡੇਰਾ ਮੁਖੀ ਨੇ ਕਿਹਾ ਕਿ ਐਮ.ਐਸ.ਜੀ. ਕੰਪਨੀ ਵੱਲੋਂ ਸ਼ੁੱਧ ਤੇ ਆਰਗੈਨਿਕ ਪ੍ਰੋਡਕਟ ਬਾਜ਼ਾਰ ਵਿਚ ਲਿਆਂਦੇ ਜਾਣਗੇ।

# ਫਿਰਕੂ ਘਟਨਾਵਾਂ ਵਧਣ ਨਾਲ ਤਾਣੇ-ਬਾਣੇ ਦੀਆਂ ਚੂਲਾਂ ਹਿੱਲੀਆਂ

**ਚੰਡੀਗੜ੍ਹ:** ਪੰਜਾਬ ਵਿਚ ਚਾਲੂ ਸਾਲ ਦੌਰਾਨ ਧਾਰਮਿਕ ਤੇ ਫਿਰਕੂ ਤਣਾਅ ਦੀਆਂ ਘਟਨਾਵਾਂ ਵਿਚ ਭਾਰੀ ਵਾਧਾ ਹੋਇਆ ਹੈ। ਸਾਲ-2015 ਦੇ ਗਿਆਰਵੇਂ ਮਹੀਨੇ ਤੱਕ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਦੋਵੇਂ ਕਿਸਮਾਂ ਦੇ 31 ਕੇਸ ਸੁਣਵਾਈ ਲਈ ਆ ਚੁੱਕੇ ਹਨ। ਇਹ ਗਿਣਤੀ ਕਮਿਸ਼ਨ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਹੁਣ ਤੱਕ ਇਕ ਸਾਲ ਵਿਚ ਵਾਪਰੀਆਂ ਘਟਨਾਵਾਂ ਦੀ ਸਭ ਤੋਂ ਵੱਧ ਗਿਣਤੀ ਹੈ। ਇਨ੍ਹਾਂ ਸ਼ਿਕਾਇਤਾਂ ਵਿਚ ਪਿਛਲੇ ਮਹੀਨਿਆਂ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਦਰਜ ਕੀਤੇ ਗਏ ਕੇਸਾਂ ਦੀ ਗਿਣਤੀ ਵੀ ਸ਼ਾਮਲ ਹੈ। ਔਰਤਾਂ ਤੇ ਬੱਚਿਆਂ ਨਾਲ ਜ਼ਿਆਦਤੀਆਂ ਦੇ ਕੇਸਾਂ ਵਿਚ ਵੀ ਵਾਧਾ ਹੋਇਆ ਹੈ ਜਦੋਂ ਕਿ ਪਿਛਲੇ ਸਾਲਾਂ ਦੇ ਮੁਕਾਬਲੇ ਇਸ ਸਾਲ ਪੁਲਿਸ ਵਿਰੁੱਧ ਸ਼ਿਕਾਇਤਾਂ ਦੀ ਗਿਣਤੀ ਘਟੀ ਹੈ। ਇਹ ਜਾਣਕਾਰੀ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਸਰਕਾਰੀ ਤੌਰ ਉਤੇ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ 1997 ਨੂੰ ਹੋਂਦ ਵਿਚ ਆਇਆ ਸੀ। ਉਦੋਂ ਤੋਂ ਪੁਲਿਸ ਖਿਲਾਫ ਸ਼ਿਕਾਇਤਾਂ ਦੀ ਗਿਣਤੀ ਜ਼ਿਆਦਾ ਰਹੀ ਪਰ ਇਸ ਸਾਲ ਇਹ ਗਿਣਤੀ ਘਟ ਗਈ ਹੈ। ਇਸ ਸਾਲ




ਨਵੰਬਰ ਮਹੀਨੇ ਦੇ ਅੰਤ ਤੱਕ ਪੁਲਿਸ ਵਿਰੁੱਧ 7816 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਜਦੋਂ ਕਿ ਲੰਘੇ ਸਾਲ ਦੌਰਾਨ ਇਹ ਗਿਣਤੀ 8792 ਸੀ। ਉਂਜ ਕਮਿਸ਼ਨ ਕੋਲ 18 ਸਾਲਾਂ ਵਿਚ 2,33,507 ਕੇਸ ਦਾਇਰ ਕੀਤੇ ਗਏ ਹਨ ਜਦੋਂ ਕਿ ਇਨ੍ਹਾਂ ਵਿਚੋਂ ਪੁਲਿਸ ਖਿਲਾਫ ਸ਼ਿਕਾਇਤਾਂ ਦੀ ਗਿਣਤੀ 1,28,605 ਹੈ। ਕਮਿਸ਼ਨ ਦੇ ਇਤਿਹਾਸ ਵਿਚ ਧਾਰਮਿਕ ਤੇ ਫਿਰਕੂ ਦੰਗਿਆਂ ਦੀਆਂ ਜ਼ਿਆਦਾ ਸ਼ਿਕਾਇਤਾਂ ਸਾਲ 2000 ਵਿਚ 29, 2007 ਵਿਚ 20 ਤੇ 2011 ਵਿਚ 21 ਆਈਆਂ ਸਨ ਪਰ ਚਾਲੂ ਸਾਲ ਦੇ ਪਿਛਲੇ ਗਿਆਰਾਂ ਮਹੀਨਿਆਂ ਦੌਰਾਨ ਇਹ ਗਿਣਤੀ ਸਾਰੇ ਅੰਕੜੇ ਪਾਰ ਕਰ ਗਈ ਹੈ। ਕਮਿਸ਼ਨ ਨੂੰ ਪਹਿਲੀ ਵਾਰ ਸਾਲ 1998 ਵਿਚ ਅਜਿਹੀਆਂ ਦੋ ਸ਼ਿਕਾਇਤਾਂ ਮਿਲੀਆਂ ਸਨ। ਉਸ ਤੋਂ ਦੋ ਸਾਲਾਂ ਬਾਅਦ 2000 ਵਿਚ ਇਨ੍ਹਾਂ ਸ਼ਿਕਾਇਤਾਂ ਦੀ ਗਿਣਤੀ ਵਧ ਕੇ ਇਕੋ ਦਮ 29 ਹੋ ਗਈ ਸੀ ਜਦੋਂ ਕਿ 1999 ਵਿਚ ਸਿਰਫ ਇਕ ਹੀ ਸ਼ਿਕਾਇਤ ਕਮਿਸ਼ਨ ਕੋਲ ਆਈ ਸੀ।

ਸਾਲ 2001 ਵਿਚ ਅੱਠ, 2002 ਵਿਚ ਛੇ, 2003 ਵਿਚ ਸੱਤ, 2004 ਵਿਚ 12, 2005 ਵਿਚ 14, 2006 ਵਿਚ 11, 2008 ਵਿਚ 12, 2009 ਵਿਚ ਛੇ, 2010 ਵਿਚ 13, 2012 ਵਿਚ 11, 2013 ਵਿਚ 14 ਅਤੇ 2014 ਵਿਚ ਸੱਤ ਕੇਸ ਸੁਣਵਾਈ ਲਈ ਆਏ ਸਨ। ਧਾਰਮਿਕ ਤੇ ਫਿਰਕੂ ਦੰਗਿਆਂ ਦੇ ਅੱਜ ਤੱਕ 225 ਕੇਸ ਆਏ ਹਨ ਜਿਨ੍ਹਾਂ ਵਿਚੋਂ 31 ਚਾਲੂ ਸਾਲ ਦੇ ਪਿਛਲੇ ਗਿਆਰਾਂ ਮਹੀਨਿਆਂ ਵਿਚ ਸਾਹਮਣੇ ਆਏ। ਬਾਲ ਮਜ਼ਦੂਰੀ ਦੇ ਕੇਸਾਂ ਦੀ ਕੁੱਲ ਗਿਣਤੀ 1554 ਹੈ ਅਤੇ ਇਨ੍ਹਾਂ ਵਿਚੋਂ 113 ਕੇਸ ਮੌਜੂਦਾ ਸਾਲ ਵਿਚ ਦਾਇਰ ਕੀਤੇ ਗਏ ਹਨ। ਇਸ ਤੋਂ ਪਹਿਲਾਂ 130 ਅਜਿਹੇ ਕੇਸ ਇਕ ਵਾਰ ਪਹਿਲਾਂ ਸਾਲ 2005 ਵਿਚ ਸਾਹਮਣੇ ਆ ਚੁੱਕੇ ਹਨ।

ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਨਾਲ ਜ਼ਿਆਦਤੀਆਂ ਦੇ ਕੇਸਾਂ ਦੀ ਕੁੱਲ ਗਿਣਤੀ 1608 ਹੈ ਅਤੇ ਇਸ ਵਰਗ ਦੇ ਜ਼ਿਆਦਾਤਰ ਕੇਸ ਚਾਲੂ ਸਦੀ ਦੇ ਸ਼ੁਰੂ ਵਿਚ ਆਉਂਦੇ ਰਹੇ ਹਨ। ਪਿਛਲੇ ਤਿੰਨ ਸਾਲਾਂ ਵਿਚ ਇਹ ਗਿਣਤੀ ਅੱਧੀ ਰਹਿ ਗਈ ਹੈ। ਕੁੱਲ ਮਿਲਾ ਕਿ ਇਸ ਸਾਲ ਵਿਚ ਧਾਰਮਿਕ ਤੇ ਫਿਰਕੂ ਦੰਗਿਆਂ ਦੇ ਕੇਸ ਵਧੇਰੇ ਆਏ ਹਨ ਜਿਹੜਾ ਕਿ ਚਿੰਤਾ ਦਾ ਵਿਸ਼ਾ ਮੰਨਿਆ ਜਾ ਰਿਹਾ ਹੈ।

### ਔਰਤਾਂ ਨਾਲ ਜ਼ਿਆਦਤੀਆਂ ਦੇ ਕੇਸ ਘਟੇ

**ਚੰਡੀਗੜ੍ਹ:** ਔਰਤਾਂ ਨਾਲ ਜ਼ਿਆਦਤੀਆਂ ਦੇ ਕੁੱਲ ਕੇਸਾਂ ਦੀ ਗਿਣਤੀ 7930 ਹੈ, ਜਿਸ ਨੂੰ ਗਿਣਤੀ ਪੱਖੋਂ ਪੁਲਿਸ ਸਬੰਧੀ ਸ਼ਿਕਾਇਤਾਂ ਤੋਂ ਬਾਅਦ ਦੂਜੇ ਨੰਬਰ 'ਤੇ ਰੱਖਿਆ ਗਿਆ ਹੈ। ਮਹਿਲਾਵਾਂ ਨਾਲ ਵਧੀਕੀਆਂ ਦੀਆਂ ਇਸ ਸਾਲ ਨਵੰਬਰ ਮਹੀਨੇ ਤੱਕ 576 ਸ਼ਿਕਾਇਤਾਂ ਮਿਲੀਆਂ ਹਨ ਜਦੋਂ ਕਿ ਲੰਘੇ ਸਾਲ ਦੌਰਾਨ ਇਹ ਗਿਣਤੀ 615 ਸੀ।

# ਹੁਣ ਹਰਿਆਣਾ 'ਚ ਅਨਪੜ੍ਹ ਨਹੀਂ ਲੜ ਸਕਣਗੇ ਪੰਚਾਇਤ ਚੋਣਾਂ

**ਨਵੀਂ ਦਿੱਲੀ:** ਹੁਣ ਹਰਿਆਣਾ ਵਿਚ ਸਿਰਫ ਪੜ੍ਹੇ ਲਿਖੇ ਲੋਕ ਹੀ ਪੰਚਾਇਤੀ ਚੋਣਾਂ ਲੜ ਸਕਣਗੇ। ਹਰਿਆਣਾ ਪੰਚਾਇਤੀ ਚੋਣਾਂ ਬਾਰੇ ਸੁਪਰੀਮ ਕੋਰਟ ਨੇ ਅਹਿਮ ਫੈਸਲਾ ਸੁਣਾਇਆ ਹੈ। ਫੈਸਲੇ ਮੁਤਾਬਕ ਹਰਿਆਣਾ ਵਿਚ ਕੋਈ ਵੀ ਅਨਪੜ੍ਹ ਉਮੀਦਵਾਰ ਪੰਚਾਇਤੀ ਚੋਣ ਨਹੀਂ ਲੜ ਸਕੇਗਾ। ਜਨਰਲ ਕਲਾਸ ਉਮੀਦਵਾਰਾਂ ਲਈ 10ਵੀਂ ਪਾਸ ਹੋਣਾ ਜ਼ਰੂਰੀ ਹੈ।

ਔਰਤਾਂ ਤੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਲਈ 8ਵੀਂ ਪਾਸ ਹੋਣਾ ਲਾਜ਼ਮੀ ਕੀਤਾ ਗਿਆ ਹੈ। ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਦਾ 5ਵੀਂ ਪਾਸ ਹੋਣਾ ਜ਼ਰੂਰੀ ਹੈ। ਚੋਣ ਲੜਨ ਲਈ ਉਮੀਦਵਾਰ ਦੇ ਘਰ ਪਖਾਨਾ ਹੋਣਾ ਵੀ ਜ਼ਰੂਰੀ ਹੈ। ਹਰਿਆਣਾ ਸਰਕਾਰ ਨੇ ਪਿਛਲੇ ਬਜਟ ਸੈਸ਼ਨ ਵਿਚ ਪੰਚਾਇਤ ਸੋਧ ਐਕਟ 2015 ਤਹਿਤ ਪੰਚਾਇਤੀ ਚੋਣ ਲੜਨ ਲਈ ਸਾਖਰਤਾ ਦਾ ਪੈਮਾਨਾ ਤੈਅ ਕੀਤਾ ਸੀ। ਨਵੇਂ ਨਿਯਮਾਂ ਤਹਿਤ ਚੋਣ ਪ੍ਰਕਿਰਿਆ ਵੀ ਸ਼ੁਰੂ ਹੋ ਗਈ ਸੀ, ਪਰ ਪਹਿਲੇ ਪੜਾਅ ਦੀ ਨਾਮਜ਼ਦਗੀ ਪੂਰੀ ਹੋਣ ਤੋਂ ਬਾਅਦ ਹੀ ਕੁਝ ਸਮਾਜਿਕ ਸੰਗਠਨਾਂ ਨੇ ਸੁਪਰੀਮ ਕੋਰਟ ਵਿਚ ਸਰਕਾਰ ਦੇ ਫੈਸਲੇ ਖਿਲਾਫ ਪਟੀਸ਼ਨ ਪਾਈ ਸੀ।


### *ਪੰਜਾਬ 'ਚ ਵੀ ਲਾਗੂ ਹੋਵੇਗਾ ਹਰਿਆਣਾ ਪੈਟਰਨ?*

**ਸੰਗਰੂਰ:** ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਪੰਜਾਬ ਵਿਚ ਪੰਚਾਇਤੀ ਚੋਣਾਂ ਦਾ ਸਮਾਂ ਨੇੜੇ ਆਉਣ ਉੱਤੇ ਵਿਚਾਰ ਕੀਤੀ ਜਾਵੇਗੀ ਕਿ ਸੂਬੇ ਵਿਚ ਹਰਿਆਣਾ ਪੈਟਰਨ ਲਾਗੂ ਕੀਤਾ ਜਾਵੇ ਜਾਂ ਨਹੀਂ, ਪਰ ਪਾਰਟੀ ਪੱਧਰ ਉਤੇ ਤਾਂ ਇਹੀ ਕੋਸ਼ਿਸ਼ ਕੀਤੀ ਜਾਵੇਗੀ ਕਿ ਪੰਚਾਇਤ ਚੋਣਾਂ ਲਈ ਪੜ੍ਹੇ ਲਿਖੇ ਉਮੀਦਵਾਰ ਹੀ ਅੱਗੇ ਆਉਣ।

ਉਹ ਇਸ ਸਵਾਲ ਦਾ ਜਵਾਬ ਟਾਲ ਗਏ ਕਿ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਲਈ ਵਿੱਦਿਅਕ ਯੋਗਤਾ ਨਿਰਧਾਰਤ ਕੀਤੀ ਜਾਵੇ ਜਾਂ ਨਹੀਂ।

# ਜਸਟਿਸ ਕਾਟਜੂ ਨੇ ਬਾਦਲ ਪਰਿਵਾਰ ਨੂੰ ਘੇਰਿਆ

**ਚੰਡੀਗੜ੍ਹ:** ਆਪਣੀਆਂ ਬੇਬਾਕ ਟਿੱਪਣੀਆਂ ਕਾਰਨ ਚਰਚਾ ਵਿਚ ਰਹਿਣ ਵਾਲੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਅਤੇ ਪ੍ਰੈੱਸ ਕਾਂਸਲ ਆਫ ਇੰਡੀਆ ਦੇ ਸਾਬਕਾ ਚੇਅਰਮੈਨ ਮਾਰਕੰਡੇ ਕਾਟਜੂ ਨੇ ਕਿਹਾ ਕਿ ਸਰਬੱਤ ਖਾਲਸਾ ਇਕੱਤਰਤਾ ਦੌਰਾਨ ਖਾਲਿਸਤਾਨ ਦੀ ਮੰਗ ਕਰਨ ਵਾਲਿਆਂ ਖਿਲਾਫ ਦਰਜ ਕੀਤੇ ਦੇਸ਼-ਧਰੋਹ ਦੇ ਕੇਸ ਪੂਰੀ ਤਰ੍ਹਾਂ ਗੈਰ-ਕਾਨੂੰਨੀ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੇ ਅਫਸਰਾਂ ਨੂੰ ਆਪਣੇ ਸਿਆਸੀ ਆਕਾਵਾਂ ਦੇ ਗੈਰ-ਕਾਨੂੰਨੀ ਹੁਕਮ ਲਾਗੂ ਕਰਨ ਤੋਂ ਬਾਜ਼ ਆਉਣਾ ਚਾਹੀਦਾ ਹੈ ਅਤੇ ਉਪਰੋਕਤ ਪਰਚੇ ਦਰਜ ਕਰਨ ਵਾਲੇ ਪੁਲਿਸ ਅਮਲੇ ਖਿਲਾਫ ਮੁਕੱਦਮੇ ਚੱਲਣੇ ਚਾਹੀਦੇ ਹਨ।



ਸ੍ਰੀ ਕਾਟਜੂ ਨੇ ਬਾਦਲ ਪਰਿਵਾਰ ਉਤੇ ਵੱਡਾ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਹੈ ਕਿ ਬਾਦਲ ਪਰਿਵਾਰ ਨੇ ਪੰਜਾਬ ਨੂੰ ਆਪਣੀ ਜਾਗੀਰ ਬਣਾ ਰੱਖਿਆ ਹੈ। ਪੰਜਾਬ ਵਿਚ ਜਮਹੂਰੀਅਤ ਨਹੀਂ ਸਗੋਂ ਰਾਜਾਸ਼ਾਹੀ ਹੈ। ਬਾਦਲ ਖੁਦ ਮੁੱਖ ਮੰਤਰੀ, ਬੇਟਾ ਉਪ ਮੁੱਖ ਮੰਤਰੀ ਤੇ ਨੂੰਹ ਕੇਂਦਰ ਵਿਚ ਮੰਤਰੀ ਹੈ। ਬਾਦਲ ਪਰਿਵਾਰ ਹੀ ਸੱਤਾ ਦਾ ਕੇਂਦਰ ਬਣ ਬੈਠਿਆ ਹੈ।

ਮਨੁੱਖੀ ਅਧਿਕਾਰਾਂ ਬਾਰੇ ਜਥੇਬੰਦੀਆਂ ਵੱਲੋਂ ਕਰਵਾਏ ਪ੍ਰੋਗਰਾਮ ਵਿਚ ਪਹੁੰਚੇ ਜਸਟਿਸ ਕਾਟਜੂ ਨੇ ਕਿਹਾ ਕਿ ਪੰਜਾਬ ਵਿਚ ਬਾਦਲ ਪਰਿਵਾਰ ਦਾ ਹਰ ਕਾਰੋਬਾਰ 'ਤੇ ਕਬਜ਼ਾ ਹੈ। ਉਨ੍ਹਾਂ ਕਿਹਾ ਕਿ ਜੇ ਬਾਦਲ ਪਰਿਵਾਰ ਨੂੰ ਬਿਜਨੈਸ ਦਾ ਹੀ ਸ਼ੌਕ ਹੈ ਤਾਂ ਫਿਰ ਸਿਆਸਤ ਛੱਡ ਕਾਰੋਬਾਰ ਕਰਨ। ਉਨ੍ਹਾਂ ਨੇ ਕਾਰੋਬਾਰ ਲਈ ਸੱਤਾ ਦੀ ਦੁਰਵਰਤੋਂ ਦੀ ਅਲੋਚਨਾ ਕੀਤੀ।

ਕਾਟਜੂ ਨੇ ਬਾਦਲ ਪਰਿਵਾਰ ਨੂੰ ਪੰਜਾਬ ਦੇ ਨਸ਼ਾ, ਕੇਬਲ, ਰੇਤਾ-ਬਜਰੀ ਤੇ ਟਰਾਂਸਪੋਰਟ ਮਾਫੀਆ ਲਈ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਕੇਬਲ, ਟਰਾਂਸਪੋਰਟ, ਰੀਅਲ ਅਸਟੇਟ, ਰੇਤ-ਬਜਰੀ ਆਦਿ ਸਾਰੇ ਕਾਰੋਬਾਰਾਂ 'ਤੇ ਬਾਦਲ ਪਰਿਵਾਰ ਦਾ ਕਬਜ਼ਾ ਹੈ।

## 5-6 ਫਰਵਰੀ ਨੂੰ ਹੋਏਗਾ ਵਿਸ਼ਵ ਪੰਜਾਬੀ ਸੰਮੇਲਨ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ ਰੋਜ਼ਾ ਵਿਸ਼ਵ ਪੰਜਾਬੀ ਭਾਸ਼ਾ ਸੰਮੇਲਨ 5-6 ਫਰਵਰੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਹਿਗੜ੍ਹ ਸਾਹਿਬ ਵਿਖੇ ਕਰਵਾਇਆ ਜਾਵੇਗਾ। ਇਹ ਪ੍ਰੋਗਰਾਮ 23-24 ਅਕਤੂਬਰ, 2015 ਨੂੰ ਕਰਵਾਇਆ ਜਾਣ ਸੀ, ਪਰ ਇਸ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ।

ਦਰਅਸਲ, ਡੇਰਾ ਮੁਖੀ ਨੂੰ ਮੁਆਫੀ ਦੇਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਪੰਜਾਬ ਵਿਚ ਪੈਦਾ ਹੋਏ ਹਾਲਾਤ ਕਰਕੇ ਸੰਮੇਲਨ ਮੁਲਤਵੀ ਕਰਨਾ ਪਿਆ ਸੀ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸੰਮੇਲਨ ਵਿਚ ਗੁਆਂਢੀ ਦੇਸ਼ਾਂ ਤੋਂ ਇਲਾਵਾ ਵਿਸ਼ਵ ਪ੍ਰਸਿੱਧ ਵਿਦਵਾਨ ਤੇ ਭਾਸ਼ਾ ਮਾਹਿਰ ਦੇਸ਼-ਵਿਦੇਸ਼ ਤੋਂ ਹਿੱਸਾ ਲੈਣ ਲਈ ਪੁੱਜਣਗੇ। ਸ਼੍ਰੋਮਣੀ ਕਮੇਟੀ ਨੇ ਪੰਜਾਬੀ ਭਾਸ਼ਾ ਦੇ ਵਰਤਮਾਨ ਤੇ ਭਵਿੱਖ ਦੀ ਚਿੰਤਾ ਕਰਦਿਆਂ ਪਹਿਲੀ ਵਾਰ ਅੰਤਰਰਾਸ਼ਟਰੀ ਪੱਧਰ ਤੇ ਵਿਸ਼ਵ ਪੰਜਾਬੀ ਭਾਸ਼ਾ ਸੰਮੇਲਨ ਕਰਵਾਇਆ ਜਾ ਰਿਹਾ ਹੈ।

# ਬਰਤਾਨੀਆ 'ਚ ਨੇਤਾ ਜੀ ਦੇ ਆਖਰੀ ਦਿਨਾਂ ਬਾਰੇ ਵੈਬਸਾਈਟ ਸ਼ੁਰੂ

**ਲੰਡਨ:** ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਆਖਰੀ ਦਿਨਾਂ ਬਾਰੇ ਦਸਤਾਵੇਜ਼ੀ ਸਬੂਤਾਂ ਵਾਲੀ ਇਕ ਨਵੀਂ ਵੈਬਸਾਈਟ ਲੰਡਨ ਵਿਚ ਸ਼ੁਰੂ ਕੀਤੀ ਗਈ। ਇੰਡੀਅਨ ਨੈਸ਼ਨਲ ਆਰਮੀ (ਆਈ.ਐਨ.ਏ.) ਦੇ ਕਮਾਂਡਰ ਤੇ ਸੁਤੰਤਰਤਾ ਸੈਨਾਨੀ ਨੂੰ ਸਮਰਪਿਤ 'ਡਬਲਿਊ ਡਬਲਿਊ ਡਬਲਿਊ. ਬੋਸਫਾਈਲਸ. ਇਨਫੋ' ਨਾਂ ਦੀ ਵੈਬਸਾਈਟ ਦਾ ਉਦੇਸ਼ ਨੇਤਾ ਜੀ ਦੀ ਮੌਤ ਸਬੰਧੀ ਵੱਖ-ਵੱਖ ਸਾਜਸ਼ੀ ਥਿਊਰੀਆਂ ਦਾ ਪਰਦਾਫਾਸ਼ ਕਰਨਾ ਹੈ। ਇਹ ਵੈਬਸਾਈਟ ਬਰਤਾਨੀਆ ਦੇ ਪੱਤਰਕਾਰ ਤੇ ਬੋਸ ਦੇ ਭਰਾ ਦੇ ਪੋਤੇ ਅਸ਼ੀਸ ਰੇਅ ਨੇ ਸ਼ੁਰੂ ਕੀਤੀ।

ਉਸ ਨੇ ਕਿਹਾ ਕਿ ਇਸ ਵੈਬਸਾਈਟ ਦਾ ਉਦੇਸ਼ 25 ਸਾਲਾਂ ਦੀ ਜਾਂਚ ਤੇ ਇਸ ਵਿਸ਼ੇ ਦੀ ਖੋਜ 'ਤੇ ਅਧਾਰਿਤ ਹੈ ਕਿ ਆਖਰੀ ਦਿਨਾਂ ਵਿਚ ਸੁਭਾਸ਼ ਚੰਦਰ ਬੋਸ ਨਾਲ ਕੀ ਵਾਪਰਿਆ। ਇਸ ਦੀ ਸਚਾਈ ਨੂੰ ਸਾਹਮਣੇ ਲਿਆਉਣਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਤਾਈਵਾਨ ਵਿਖੇ 1945 ਵਿਚ ਜਹਾਜ਼ ਹਾਦਸੇ ਵਿਚ ਸੁਭਾਸ਼ ਚੰਦਰ ਬੋਸ ਦੀ ਮੌਤ ਹੋ ਗਈ ਸੀ।

## ਦਿਮਾਗੀ ਤੌਰ 'ਤੇ ਸੌੜਾ ਬਣਾ ਰਿਹੈ ਇੰਟਰਨੈਟ

**ਨਿਊ ਯਾਰਕ:** ਇੰਟਰਨੈੱਟ ਨੇ ਭਾਵੇਂ ਦੁਨੀਆਂ ਨੂੰ ਹਰ ਜਾਣਕਾਰੀ ਉਪਲਬਧ ਕਰਾ ਦਿੱਤੀ ਹੈ, ਪਰ ਇਸ ਦੀ ਵਰਤੋਂ ਨਾਲ ਮਨੁੱਖ ਦੀ ਸੋਚ ਵੀ ਸੁੰਗੜਦੀ ਜਾ ਰਹੀ ਹੈ। ਨਵੀਂ ਖੋਜ ਵਿਚ ਪਤਾ ਲੱਗਿਆ ਹੈ ਕਿ ਜਿਹੋ ਜਿਹੀ ਅਸੀਂ ਜਾਣਕਾਰੀ ਚਾਹੁੰਦੇ ਹਾਂ, ਉਹ ਮਿਲਣ ਨਾਲ ਅਸੀਂ ਹੋਰ ਨੁਕਤਿਆਂ 'ਤੇ ਵਿਚਾਰ ਕਰਨ ਤੋਂ ਹਟ ਜਾਂਦੇ ਹਾਂ।

ਬਫਲੋ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਇਵਾਨ ਡਿਲਕੋ ਨੇ ਕਿਹਾ ਕਿ ਅਸੀਂ ਉਹ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਹਾਂ ਜਿਸ ਦਾ ਸਾਡੇ ਵਿਚਾਰਾਂ ਨਾਲ ਮੇਲ ਹੁੰਦਾ ਹੋਵੇ। ਉਨ੍ਹਾਂ ਕਿਹਾ ਕਿ ਇਸ ਨਾਲ ਚੁਣੌਤੀ ਦੇਣ ਵਾਲੀ ਜਾਣਕਾਰੀ ਨੂੰ ਅਸੀਂ ਹਾਸਲ ਕਰਨ ਤੋਂ ਵਾਂਝੇ ਰਹਿ ਜਾਂਦੇ ਹਾਂ।

Michigan Truck Driving School
5000 Wyoming Ave., Suite# 148, Dearborn, MI 48126
ਡਿਟਰਾਇਟ ਵਿਚ ਖੁਲ੍ਹ ਗਿਆ ਹੈ
ਬਿਲਕੁਲ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai
Cell:734-644-1010
Office:734-747-4298

P.T.T. ਪਲੈਜ਼ੈਂਟ ਟਰੈਵਲ ਐਂਡ ਟੂਰਜ਼
Serving Community For Over 25 Years
Fly to Any Destination with the Best Price
ਘੱਟ ਤੋਂ ਘੱਟ ਰੇਟ 'ਤੇ ਹਵਾਈ ਟਿਕਟਾਂ
Contact Us: Pleasant Travel & Tours
6257 N. Clark Street, Chicago, IL 60660
Shashi Paul, Ph: 773-508-1927
Pleasanttravel@hotmail.com www.pleasanttravelchicago.com
Air India TURKISH AIRLINES ETIHAD AIRWAYS QATAR AIRWAYS Emirates

# ਅਮਰੀਕਾ ਵਿਚ ਮੁੜ ਭਖਿਆ ਵੱਖਰੀ ਪਛਾਣ ਦਾ ਮਸਲਾ

**ਵਾਸ਼ਿੰਗਟਨ:** ਲਾਸ ਏਂਜਲਸ ਵਿਚ ਗੁਰਦੁਆਰੇ ਦੀ ਕੰਧ ਉਤੇ ਅਤਿਵਾਦੀ ਜਥੇਬੰਦੀ ਆਈ.ਐਸ. ਵਿਰੋਧੀ ਨਾਅਰੇ ਲਿਖਣ ਦੀ ਘਟਨਾ ਨੇ ਸਿੱਖ ਭਾਈਚਾਰੇ ਵਿਚ ਚਿੰਤਾ ਵਧਾ ਦਿੱਤੀ ਹੈ। ਇਹ ਘਟਨਾ ਸਾਨ ਬਰਡੀਨੋ ਗੋਲੀਬਾਰੀ ਕਾਂਡ ਤੋਂ ਕੁਝ ਦਿਨ ਮਗਰੋਂ ਵਾਪਰੀ ਹੈ ਜਿਸ ਵਿਚ ਆਈ.ਐਸ. ਨਾਲ ਸਬੰਧਤ ਇਕ ਪਾਕਿਸਤਾਨੀ ਮੂਲ ਦੇ ਜੋੜੇ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ 13 ਲੋਕਾਂ ਦੀ ਜਾਨ ਲੈ ਲਈ ਸੀ। ਇਸ ਘਟਨਾ ਪਿੱਛੋਂ ਸਿੱਖਾਂ ਦੀ ਵੱਖਰੀ ਪਛਾਣ ਬਾਰੇ ਭੁਲੇਖੇ ਉਤੇ ਫਿਰ ਸਵਾਲ ਉਠਣ ਲੱਗੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਇਕ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਅਮਰੀਕਾ ਵਿਚ ਸਿੱਖ ਗੁਰਧਾਮਾਂ ਤੇ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

ਦੱਸਣਯੋਗ ਹੈ ਕਿ ਅਮਰੀਕਾ ਵਿਚ 9/11 ਦੇ ਹਮਲੇ ਪਿੱਛੋਂ ਸਿੱਖਾਂ 'ਤੇ ਨਸਲੀ ਹਮਲੇ ਵਧੇ ਹਨ ਤੇ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਨਿਸ਼ਾਨਾ ਬਣਾਇਆ ਜਾਂਦਾ ਹੈ। ਅਮਰੀਕਾ ਵਿਚ ਨੈਸ਼ਨਲ ਸਿੱਖ ਕੰਪੇਨ ਵੱਲੋਂ ਕਰਵਾਏ ਗਏ ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਸੀ ਕਿ ਅਮਰੀਕਾ ਦੇ ਮੂਲ ਵਾਸੀਆਂ ਨੂੰ ਸਿੱਖਾਂ ਬਾਰੇ ਕੋਈ ਜਾਣਕਾਰੀ ਹੀ ਨਹੀਂ ਹੈ ਜਦੋਂਕਿ ਸਿੱਖ ਭਾਈਚਾਰਾ ਇਸ ਮੁਲਕ ਵਿਚ ਤਕਰੀਬਨ ਇਕ ਸਦੀ ਤੋਂ ਵੱਸਿਆ ਹੋਇਆ ਹੈ। ਇਸ ਖੁਲਾਸੇ ਪਿੱਛੋਂ ਸਿੱਖਾਂ ਜਥੇਬੰਦੀਆਂ ਵੱਲੋਂ ਅਮਰੀਕੀਆਂ ਨੂੰ ਸਿੱਖਾਂ ਬਾਰੇ ਜਾਗਰੂਕ ਕਰਨ ਦੀ ਮੁਹਿੰਮ ਵਿੱਢੀ ਹੋਈ ਹੈ। ਹਾਲ ਹੀ ਇਸ ਬਾਰੇ 'ਲਰਨਿੰਗ ਟੂ ਡਰਾਈਵ' ਨਾਂ ਦੀ ਫਿਲਮ ਵੀ ਬਣੀ ਹੈ, ਜੋ ਸਿੱਖਾਂ ਦੀ ਦਰਿਆਦਿਲੀ 'ਤੇ ਚਾਨਣ ਪਾਉਂਦੀ ਹੈ ਪਰ ਤਾਜ਼ਾ ਹਮਲੇ ਨੇ ਇਸ ਪਾਸੇ ਕੋਸ਼ਿਸ਼ਾਂ ਦੇ ਨਾਕਾਫੀ ਹੋਣ ਵੱਲ ਇਸ਼ਾਰਾ ਕੀਤਾ ਹੈ। ਪਿਛਲੇ ਡੇਢ ਦਹਾਕੇ ਵਿਚ ਅਜਿਹੀਆਂ ਦਰਜਨਾਂ ਘਟਨਾਵਾਂ ਵਾਪਰ ਚੁੱਕੀਆਂ ਹਨ। ਪੰਜ ਅਗਸਤ 2012 ਨੂੰ ਵਿਸਕੋਨਸਿਨ ਦੇ ਓਕ ਕਰੀਕ ਗੁਰਦੁਆਰੇ ਵਿਚ ਇਕ ਅਮਰੀਕੀ ਹਮਲਾਵਰ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾ ਕੇ ਸੱਤ ਸਿੱਖਾਂ ਨੂੰ ਹਲਾਕ ਕਰਨ ਦੀ ਘਟਨਾ ਇਸ ਨਫਰਤ ਦੀ ਸਿਖਰ ਸੀ।

ਗੁਰਦੁਆਰਾ ਕਮੇਟੀ ਦੇ ਪ੍ਰਧਾਨ ਇੰਦਰਜੋਤ ਸਿੰਘ ਦਾ ਕਹਿਣਾ ਹੈ ਕਿ ਇਹ ਨਫਰਤੀ ਹਿੰਸਾ ਦਾ ਮਾਮਲਾ ਹੈ ਤੇ ਸਾਨ ਬਰਨਾਰਡੀਨੋ ਕਤਲੇਆਮ ਤੋਂ ਬਾਅਦ ਜ਼ਾਹਰ ਕੀਤੇ ਗਏ ਗੁੱਸੇ ਦਾ ਨਤੀਜਾ ਹੈ। ਵਾਸ਼ਿੰਗਟਨ ਆਧਾਰਿਤ ਸਿੱਖ ਧਰਮ ਤੇ ਸਿੱਖਿਆ ਬਾਰੇ ਕੌਂਸਲ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਗੁਰਦੁਆਰੇ ਦੀਆਂ ਦੀਵਾਰਾਂ 'ਤੇ ਭੱਦੀ ਸ਼ਬਦਾਵਲੀ ਦੇ ਨਾਲ ਇਸਲਾਮਿਕ ਸਟੇਟ ਤੇ 'ਇਸਲਾਮ' ਜਿਹੇ ਸ਼ਬਦ ਲਿਖੇ ਗਏ।

## ਗੁਰਦੁਆਰੇ ਵਿਚ ਨਫਰਤੀ ਨਾਅਰੇ ਲਿਖਣ ਦੀ ਨਿੰਦਾ




## ਲੰਡਨ ਵਿਚ 12 ਮਹੀਨਿਆਂ ਦੌਰਾਨ 236 ਨਸਲੀ ਹਮਲੇ

**ਲੰਡਨ:** ਬਰਤਾਨੀਆ ਦੀ ਰਾਜਧਾਨੀ ਲੰਡਨ ਵਿਚ ਇਸਲਾਮਿਕ ਫੋਬਿਕ ਜੁਰਮਾਂ (ਮੁਸਲਿਮ ਸਮਝ ਕੇ ਹੋਣ ਵਾਲੇ ਹਮਲੇ) ਵਿਚ 70 ਫੀਸਦੀ ਵਾਧਾ ਹੋਇਆ ਹੈ ਤੇ ਹੋਰਨਾਂ ਧਰਮਾਂ ਦੇ ਲੋਕ ਵੀ ਇਨ੍ਹਾਂ ਹਮਲਿਆਂ ਦਾ ਸ਼ਿਕਾਰ ਹੋ ਰਹੇ ਹਨ। ਰਾਜਧਾਨੀ ਵਿਚ ਇਕ ਲੱਖ 26 ਹਜ਼ਾਰ ਸਿੱਖ ਵੱਸਦੇ ਹਨ। ਮੈਟਰੋਪੁਲਿਟਨ ਪੁਲਿਸ ਕੋਲੋਂ ਫਰੀਡਮ ਆਫ ਇਨਫਰਮੇਸ਼ਨ ਦੇ ਆਧਾਰ 'ਤੇ ਮਿਲੇ ਅੰਕੜਿਆਂ ਅਨੁਸਾਰ ਸਾਲ 2013-14 ਵਿਚ ਸਿੱਖਾਂ 'ਤੇ ਧਰਮ ਤੇ ਨਸਲ ਦੇ ਆਧਾਰ 'ਤੇ 229 ਹਮਲੇ ਹੋਏ ਹਨ ਜਦਕਿ ਬੀਤੇ 12 ਮਹੀਨਿਆਂ ਵਿਚ ਅਕਤੂਬਰ 2015 ਤੱਕ 236 ਸਿੱਖ ਅਜਿਹੇ ਹਮਲਿਆਂ ਤੋਂ ਪੀੜਤ ਪਾਏ ਗਏ ਹਨ। ਭਾਵੇਂ ਕਿ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਕਿੰਨੇ ਸਿੱਖ ਇਸਲਾਮਿਕ ਫੋਬਿਕ ਜੁਰਮ ਅਧੀਨ ਸ਼ਿਕਾਰ ਹੋਏ ਹਨ।

## ਗਿਆਨੀ ਗੁਰਬਚਨ ਸਿੰਘ ਵੱਲੋਂ ਚਿੰਤਾ ਦਾ ਪ੍ਰਗਟਾਵਾ

**ਅੰਮ੍ਰਿਤਸਰ:** ਅਮਰੀਕਾ ਵਿਚ ਲਾਸ ਏਂਜਲਸ ਦੇ ਬੁਏਨਾ ਪਾਰਕ ਸਥਿਤ ਗੁਰਦੁਆਰੇ ਦੇ ਅੰਦਰ ਕੰਧਾਂ ਉਪਰ ਇਸਲਾਮਿਕ ਜਥੇਬੰਦੀ ਆਈ.ਐਸ.ਆਈ.ਐਸ. ਖਿਲਾਫ ਲਿਖੇ ਨਾਅਰਿਆਂ 'ਤੇ ਸਖਤ ਇਤਰਾਜ਼ ਦਾ ਪ੍ਰਗਟਾਵਾ ਕਰਦਿਆਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਅਮਰੀਕੀ ਸਰਕਾਰ ਸਿੱਖ ਭਾਈਚਾਰੇ ਤੇ ਗੁਰਦੁਆਰਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਰੰਤ ਕਾਰਵਾਈ ਕਰੇ।

# ਮੁਫਤ ਧਾਰਮਿਕ ਯਾਤਰਾ ਦੀ ਸਮਾਂ ਸਾਰਣੀ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਰੇਲ ਗੱਡੀਆਂ ਰਾਹੀਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸਥਿਤ ਧਰਮ ਅਸਥਾਨਾਂ ਦੀ ਕਰਵਾਈ ਜਾ ਰਹੀ ਮੁਫਤ ਧਾਰਮਿਕ ਯਾਤਰਾ ਦੇ ਪ੍ਰੋਗਰਾਮਾਂ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਮੀਟਿੰਗ ਦੌਰਾਨ ਧਾਰਮਿਕ ਯਾਤਰਾ ਬਾਰੇ ਸਮਾਂ ਸਾਰਣੀ ਤੈਅ ਕਰਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਬਾ ਸਰਕਾਰ ਸਭ ਧਰਮਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਦੀ ਮੁਫਤ, ਆਰਾਮਦਾਇਕ ਤੇ ਸੁਖਾਲੀ ਯਾਤਰਾ ਕਰਵਾਉਣ ਲਈ ਵਚਨਬੱਧ ਹੈ। ਇਹ ਧਾਰਮਿਕ ਯਾਤਰਾ ਪਹਿਲੀ ਜਨਵਰੀ 2016 ਨੂੰ ਸ਼ੁਰੂ ਹੋਵੇਗੀ ਤੇ ਉਸ ਦਿਨ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਅਟਾਰੀ ਤੇ ਮਜੀਠਾ ਹਲਕਿਆਂ ਦੇ ਸ਼ਰਧਾਲੂਆਂ ਲਈ ਰੇਲ ਗੱਡੀ ਨਾਂਦੇੜ ਸਾਹਿਬ ਲਈ ਰਵਾਨਾ ਹੋਵੇਗੀ। ਤਲਵੰਡੀ ਸਾਬੋ ਤੇ ਮੌੜ ਹਲਕਿਆਂ ਲਈ ਰੇਲ ਗੱਡੀ ਚਾਰ ਜਨਵਰੀ ਨੂੰ ਮੌੜ ਸਟੇਸ਼ਨ ਤੋਂ ਚੱਲੇਗੀ। ਸ੍ਰੀ ਆਨੰਦਪੁਰ ਸਾਹਿਬ ਤੇ ਰੋਪੜ ਹਲਕਿਆਂ ਲਈ ਰੇਲ ਗੱਡੀ ਅੱਠ ਜਨਵਰੀ ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ, ਜੰਡਿਆਲਾ ਤੇ ਖਡੂਰ ਸਾਹਿਬ ਹਲਕਿਆਂ ਲਈ ਰੇਲ ਗੱਡੀ ਜੰਡਿਆਲਾ ਸਟੇਸ਼ਨ ਤੋਂ 11 ਜਨਵਰੀ ਨੂੰ , ਸਮਾਣਾ ਤੇ ਨਾਭਾ ਹਲਕਿਆਂ ਲਈ ਰੇਲ ਗੱਡੀ ਪਟਿਆਲਾ ਸਟੇਸ਼ਨ ਤੋਂ 15 ਜਨਵਰੀ ਨੂੰ , ਡੇਰਾ ਬਾਬਾ ਨਾਨਕ ਤੇ ਫਤਿਹਗੜ੍ਹ ਚੂੜੀਆਂ ਹਲਕਿਆਂ ਲਈ ਰੇਲ ਗੱਡੀ ਬਟਾਲਾ ਸਟੇਸ਼ਨ ਤੋਂ 18 ਜਨਵਰੀ ਨੂੰ, ਸ੍ਰੀ ਮੁਕਤਸਰ ਸਾਹਿਬ ਤੇ ਜਲਾਲਾਬਾਦ ਹਲਕਿਆਂ ਲਈ ਰੇਲ ਗੱਡੀ 22 ਜਨਵਰੀ ਨੂੰ ਸ੍ਰੀ ਮੁਕਤਸਰ ਸਾਹਿਬ ਤੋਂ, ਕਰਤਾਰਪੁਰ ਹਲਕੇ ਲਈ ਰੇਲ ਗੱਡੀ ਬਿਆਸ ਸਟੇਸ਼ਨ ਤੋਂ 25 ਜਨਵਰੀ ਤੇ ਭੁਲੱਥ ਹਲਕੇ ਲਈ ਰੇਲ ਗੱਡੀ 25 ਜਨਵਰੀ ਨੂੰ ਢਿੱਲਵਾਂ ਰੇਲਵੇ ਸਟੇਸ਼ਨ ਤੋਂ ਨਾਂਦੇੜ ਸਾਹਿਬ ਲਈ ਚੱਲੇਗੀ।

ਵਾਰਾਨਸੀ ਦਰਸ਼ਨਾਂ ਦੇ ਚਾਹਵਾਨ ਮਾਲਵਾ ਦੇ ਸ਼ਰਧਾਲੂਆਂ ਲਈ ਰੇਲ ਗੱਡੀ 18 ਜਨਵਰੀ ਨੂੰ ਬਠਿੰਡਾ ਤੇ ਦੁਆਬਾ ਖੇਤਰ ਦੇ ਲੋਕਾਂ ਲਈ ਰੇਲ ਗੱਡੀ ਜਲੰਧਰ ਸਟੇਸ਼ਨ ਤੋਂ 20 ਜਨਵਰੀ ਨੂੰ ਚੱਲੇਗੀ। ਅਜਮੇਰ ਸ਼ਰੀਫ ਜਾਣ ਦੇ ਚਾਹਵਾਨ ਮਾਲੇਰਕੋਟਲਾ ਦੇ ਸ਼ਰਧਾਲੂਆਂ ਲਈ ਰੇਲ ਗੱਡੀ ਮਾਲੇਰਕੋਟਲਾ ਸਟੇਸ਼ਨ ਤੋਂ 27 ਜਨਵਰੀ ਨੂੰ ਰਵਾਨਾ ਹੋਵੇਗੀ।

# ਅਨੰਦਪੁਰ ਸਾਹਿਬ ਦੇ ਨਾਂ ਅੱਗੇ 'ਸ੍ਰੀ' ਸ਼ਬਦ ਜੁੜਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਖਾਲਸਾ ਪੰਥ ਦੇ ਜਨਮ ਸਥਾਨ ਤੇ ਇਤਿਹਾਸਕ ਸ਼ਹਿਰ ਆਨੰਦਪੁਰ ਸਾਹਿਬ ਦਾ ਨਾਂ ਹੁਣ ਸ੍ਰੀ ਆਨੰਦਪੁਰ ਸਾਹਿਬ ਰੱਖਣ ਦਾ ਫੈਸਲਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਇਸੇ ਸਾਲ ਇਸ ਸ਼ਹਿਰ ਦੀ ਸਥਾਪਨਾ ਦੇ 350 ਵਰ੍ਹੇ ਮੁਕੰਮਲ ਹੋਣ 'ਤੇ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਹ ਐਲਾਨ ਕੀਤਾ ਸੀ। 9ਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ 1665 ਈਸਵੀ ਵਿਚ ਇਸ ਸ਼ਹਿਰ ਦੀ ਸਥਾਪਨਾ ਕੀਤੀ ਗਈ ਸੀ ਤੇ 1699 ਵਿਚ 10ਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ ਗਈ ਸੀ।

1999 ਵਿਚ ਸ੍ਰੀ ਆਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਥਾਪਨਾ ਦੇ 300 ਵਰ੍ਹੇ ਮੁਕੰਮਲ ਹੋਣ 'ਤੇ ਵੱਡੇ ਸਮਾਗਮ ਕਰਵਾਏ ਗਏ ਸਨ ਤੇ ਪੰਜਾਬ ਸਰਕਾਰ ਵੱਲੋਂ ਇਥੇ ਇਕ ਵਿਸ਼ਵ ਪੱਧਰੀ ਵਿਰਾਸਤ-ਏ-ਖਾਲਸਾ ਮਿਊਜ਼ੀਅਮ ਦੀ ਸਥਾਪਨਾ ਵੀ ਕੀਤੀ ਗਈ ਹੈ। ਸਰਕਾਰੀ ਬੁਲਾਰੇ ਅਨੁਸਾਰ ਇਸ ਸਬੰਧੀ ਇਕ ਅਧਿਸੂਚਨਾ ਵਧੀਕ ਮੁੱਖ ਸਕੱਤਰ ਤੇ ਵਿੱਤ ਕਮਿਸ਼ਨਰ ਮਾਲ ਵੱਲੋਂ ਜਾਰੀ ਕਰ ਦਿੱਤੀ ਗਈ ਹੈ।

# ਆਈ.ਐਸ. ਦਾ ਮੁਖੀ ਬਗਦਾਦੀ ਤੇ ਟ੍ਰੰਪ ਵੀ 'ਟਾਈਮ' ਦੀ ਸੂਚੀ ਵਿਚ

**ਨਿਊ ਯਾਰਕ:** ਮਸ਼ਹੂਰ ਬਿਜ਼ਨਸ ਮੈਗਜ਼ੀਨ 'ਟਾਈਮ' ਨੇ ਇਸ ਸਾਲ 'ਪਰਸਨ ਆਫ ਦਾ ਈਅਰ' ਪੁਰਸਕਾਰ ਲਈ ਜਿਨ੍ਹਾਂ ਅੱਠ ਦਾਅਵੇਦਾਰਾਂ ਨੂੰ ਚੁਣਿਆ ਹੈ, ਉਨ੍ਹਾਂ ਵਿਚ ਆਈ.ਐਸ. ਦਾ ਮੁਖੀ ਅੱਬੂ ਬਕਰ ਅੱਲ ਬਗਦਾਦੀ ਵੀ ਹੈ।




ਇਸ ਤੋਂ ਇਲਾਵਾ ਅਮਰੀਕਾ ਵਿਚ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਲਡ ਟ੍ਰੰਪ ਵੀ ਸੂਚੀ ਵਿਚ ਸ਼ਾਮਲ ਹੈ। ਮੈਗਜ਼ੀਨ ਦੇ ਸੰਪਾਦਕਾਂ ਨੇ '2015 ਪਰਸਨ ਆਫ ਦਾ ਈਅਰ' ਲਈ ਉਮੀਦਵਾਰਾਂ ਦੇ ਨਾਮ ਨੂੰ ਸੂਚੀਬੱਧ ਕੀਤਾ ਹੈ। ਮੈਗਜ਼ੀਨ ਨੇ ਆਪਣੀ ਸੂਚੀ ਵਿਚ ਪਹਿਲਾਂ 58 ਉਮੀਦਵਾਰਾਂ ਨੂੰ ਸ਼ਾਮਲ ਕੀਤਾ ਸੀ।

ਇਨ੍ਹਾਂ ਵਿਚ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਰਿਲਾਇੰਸ ਸਮੂਹ ਦੇ ਮੁਖੀ ਮੁਕੇਸ਼ ਅੰਬਾਨੀ ਅਤੇ ਗੂਗਲ ਦੇ ਭਾਰਤੀ ਸੀਈਓ ਸੁੰਦਰ ਪਿਚਾਈ ਦਾ ਨਾਮ ਵੀ ਸ਼ਾਮਲ ਸੀ। ਮੈਗਜ਼ੀਨ ਨੇ ਹੁਣ ਅੱਠ ਨਾਮ ਆਪਣੀ ਅੰਤਿਮ ਸੂਚੀ ਵਿਚ ਸ਼ਾਮਲ ਕੀਤੇ ਹਨ।

ਆਈ.ਐਸ. ਦੇ ਮੁਖੀ ਬਗਦਾਦੀ ਦੇ ਬਾਰੇ ਮੈਗਜ਼ੀਨ ਨੇ ਲਿਖਿਆ ਹੈ ਕਿ ਆਈ.ਐਸ. ਦੇ ਨੇਤਾ ਦੇ ਤੌਰ ਉਤੇ ਉਸ ਨੇ ਆਪਣੇ ਲੋਕਾਂ ਨੂੰ ਇਰਾਕ ਤੇ ਸੀਰੀਆ ਵਿਚ ਲੜਾਈ ਲਈ ਪ੍ਰੇਰਿਤ ਕੀਤਾ ਹੈ। ਪੂਰੀ ਦੁਨੀਆਂ ਵਿਚ ਬਗਦਾਦੀ ਇਕ ਚਰਚਿਤ ਚਿਹਰਾ ਹੈ।

## ਐਂਜਲਾ ਮਰਕਲ ਬਣੀ ਟਾਈਮ 'ਪਰਸਨ ਆਫ ਦਾ ਯੀਅਰ'

**ਨਵੀਂ ਦਿੱਲੀ:** ਨਾਮੀ 'ਟਾਈਮ' ਮੈਗਜ਼ੀਨ ਨੇ ਜਰਮਨ ਚਾਂਸਲਰ ਐਂਜਲਾ ਮਰਕਲ ਨੂੰ 'ਪਰਸਨ ਆਫ ਦਾ ਯੀਅਰ' ਚੁਣਿਆ ਹੈ। ਮੈਗਜ਼ੀਨ ਨੇ ਇਸ ਚੋਣ ਲਈ ਪਰਵਾਸੀ ਸੰਕਟ ਤੇ ਗ੍ਰੀਸ ਦੇ ਕਰਜ਼ ਸੰਕਟ ਦੇ ਹੱਲ ਵਿਚ ਮਰਕਲ ਦੀ ਭੂਮਿਕਾ ਨੂੰ ਆਧਾਰ ਬਣਾਇਆ ਹੈ। ਟਾਈਮ ਮੈਗਜ਼ੀਨ ਦੀ ਸੰਪਾਦਕ ਨੈਂਸੀ ਗਿਬਸ ਨੇ ਨੈਤਿਕ ਕਰਤੱਵ ਲਈ ਐਂਜਲਾ ਮਰਕਲ ਦੀ ਪ੍ਰਸ਼ੰਸਾ।

# ਸੀ.ਬੀ.ਆਈ. ਵੱਲੋਂ ਜੀਆ ਖਾਨ ਦੀ ਮੌਤ ਬਾਰੇ ਅਹਿਮ ਖੁਲਾਸਾ




**ਮੁੰਬਈ:** ਸੀ.ਬੀ.ਆਈ. ਵੱਲੋਂ ਜੀਆ ਖਾਨ ਖੁਦਕੁਸ਼ੀ ਮਾਮਲੇ ਵਿਚ ਅਦਾਲਤ ਵਿਚ ਦਾਇਰ ਕੀਤੇ ਗਏ ਦੋਸ਼ ਪੱਤਰ ਵਿਚ ਕਿਹਾ ਗਿਆ ਹੈ ਕਿ ਬਾਲੀਵੁੱਡ ਅਦਾਕਾਰ ਸੂਰਜ ਪੰਚੋਲੀ ਨੇ ਜੀਆ ਨਾਲ ਝੂਠੇ ਵਾਅਦੇ ਕੀਤੇ ਤੇ ਉਸ ਨੂੰ ਖੁਦਕੁਸ਼ੀ ਲਈ ਮਜਬੂਰ ਕੀਤਾ।

ਹਾਲਾਂਕਿ ਅਦਾਲਤ ਨੇ ਦੋਸ਼ ਪੱਤਰ ਦੇ ਮੀਡੀਆ ਵਿਚ ਲੀਕ ਹੋਣ ਕਾਰਨ ਸੀ.ਬੀ.ਆਈ. ਦੀ ਖਿਚਾਈ ਕੀਤੀ। ਦੋਸ਼ ਪੱਤਰ ਵਿਚ ਕਿਹਾ ਗਿਆ ਹੈ ਕਿ ਜੀਆ ਨੇ ਖੁਦਕੁਸ਼ੀ ਨੋਟ ਵਿਚ ਲਿਖਿਆ ਹੈ ਕਿ ਸੂਰਜ ਨੇ ਉਸ ਦਾ ਜੀਵਨ ਬਰਬਾਦ ਕਰ ਦਿੱਤਾ ਹੈ। ਆਪਣੇ ਖੁਦਕੁਸ਼ੀ ਨੋਟ ਵਿਚ ਜੀਆ ਨੇ ਸੂਰਜ 'ਤੇ ਵਾਅਦਾ ਖਿਲਾਫੀ ਕਰਕੇ ਉਸ ਦਾ ਦਿਲ ਤੋੜਨ ਦਾ ਦੋਸ਼ ਲਗਾਇਆ ਹੈ। ਜੀਆ ਵੱਲੋਂ ਲਿਖੇ ਖੁਦਕੁਸ਼ੀ ਨੋਟ 'ਤੇ ਉਸ ਦੇ ਦਸਤਖਤ ਨਹੀਂ ਹਨ ਤੇ ਨਾ ਹੀ ਸੂਰਜ ਨੂੰ ਸੰਬੋਧਨ ਕਰਕੇ ਇਹ ਨੋਟ ਲਿਖਿਆ ਗਿਆ ਹੈ, ਇਸ ਲਈ ਸੀ.ਬੀ.ਆਈ. ਨੇ ਇਸ ਦੀ ਫੋਰੈਂਸਿਕ ਜਾਂਚ ਦੀ ਗੱਲ ਕਹੀ ਹੈ।

# ਹਰਿਮੰਦਰ ਸਾਹਿਬ ਨੇੜੇ ਲੱਗਣਗੇ ਇਤਿਹਾਸਕ ਹਸਤੀਆਂ ਦੇ ਬੁੱਤ


**ਚੰਡੀਗੜ੍ਹ:** ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬਾਹਰ ਮੁੱਖ ਦੁਆਰ ਨੇੜੇ ਤੇ ਵੱਖ-ਵੱਖ ਚੌਕਾਂ ਵਿਚ ਮਹਾਰਾਜਾ ਰਣਜੀਤ ਸਿੰਘ ਤੇ ਕੁਝ ਅੰਗਰੇਜ਼ਾਂ, ਮੁਸਲਮਾਨਾਂ ਤੇ ਹੋਰ ਸਿੱਖ ਹਸਤੀਆਂ ਦੇ 14 ਬੁੱਤ ਲਾਉਣ ਦੀ ਤਿਆਰੀ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਇਨ੍ਹਾਂ ਵਿਚ ਛੇ ਸਿੱਖਾਂ, ਚਾਰ ਅੰਗਰੇਜ਼ਾਂ, ਦੋ ਮੁਸਲਮਾਨਾਂ ਤੇ ਦੋ ਹਿੰਦੂਆਂ ਦੇ ਬੁੱਤ ਲਾਏ ਜਾ ਰਹੇ ਹਨ।

ਇਸ ਬਾਰੇ ਪੰਜਾਬ ਸਰਕਾਰ ਵੱਲੋਂ ਬਣਾਈ ਕਮੇਟੀ ਦੀ ਮੀਟਿੰਗ ਪੰਜਾਬੀ ਯੂਨੀਵਰਸਿਟੀ ਵਿਚ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਨ੍ਹਾਂ ਨਾਵਾਂ ਵਿਚ ਮਹਾਰਾਜਾ ਰਣਜੀਤ ਸਿੰਘ, ਫਰਾਂਸੀਸੀ ਜਨਰਲ, ਮਹਾਰਾਜਾ ਸ਼ੇਰ ਸਿੰਘ, ਸਰਦਾਰ ਹਰੀ ਸਿੰਘ ਨਲਵਾ, ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ, ਅਕਾਲੀ ਫੂਲਾ ਸਿੰਘ, ਫਕੀਰ ਅਜ਼ੀਜ਼ੂਦੀਨ, ਜਨਰਲ ਦੀਵਾਨ ਮੋਹਕਮ ਚੰਦ, ਦੀਵਾਨ ਸਾਮਨ ਮੱਲ, ਫਕੀਰ ਨੂਰਦੀਨ, ਜਨਰਲ ਐਲਰਟ, ਸਰਦਾਰ ਦੇਸਾ ਸਿੰਘ ਮਜੀਠੀਆ, ਪੀ.ਬੀ. ਐਬਟਾਬਿਲ ਤੇ ਜਨਰਲ ਜੇ.ਬੀ. ਵਿੰਜ ਸ਼ਾਮਲ ਹਨ।

ਡਾ. ਜਸਪਾਲ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਮਹਾਨ ਹਸਤੀਆਂ ਨੇ ਸਿੱਖ ਰਾਜ ਲਈ ਕੁਰਬਾਨੀਆਂ ਕੀਤੀਆਂ ਤੇ ਸਿੱਖ ਰਾਜ ਲਈ ਵਿਸ਼ੇਸ਼ ਜ਼ਿਕਰਯੋਗ ਕੰਮ ਕੀਤਾ ਹੈ, ਉਨ੍ਹਾਂ ਬਾਰੇ ਮੀਟਿੰਗ ਦੌਰਾਨ ਚਰਚਾ ਕੀਤੀ ਗਈ ਜਿਸ ਵਿਚ ਸਾਰੇ ਵਿਦਵਾਨਾਂ ਤੇ ਇਤਿਹਾਸਕਾਰਾਂ ਨੇ ਸਾਂਝੀ ਰਾਇ ਬਣਾਈ ਹੈ ਤੇ ਇਸ ਬਾਰੇ ਪੰਜਾਬ ਸਰਕਾਰ ਨੂੰ ਸਿਫਾਰਸ਼ ਕੀਤੀ ਜਾਵੇਗੀ।

## ਕਦੋਂ ਮੁਕੰਮਲ ਹੋਏਗਾ ਹਰਿਮੰਦਰ ਸਾਹਿਬ ਦਾ ਬਾਹਰਲਾ ਪਲਾਜ਼ਾ?

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਦੇ ਬਾਹਰ ਬਣਾਏ ਗਏ ਪਲਾਜ਼ਾ ਦਾ ਕੰਮ ਕਦੋਂ ਪੂਰਾ ਹੋਏਗਾ, ਇਹ ਸਵਾਲ ਇਥੇ ਦਰਸ਼ਨਾਂ ਲਈ ਆਏ ਹਰ ਸ਼ਰਧਾਲੂ ਦੇ ਦਿਮਾਗ ਵਿਚ ਆਉਂਦਾ ਹੈ। ਇਸ ਪਲਾਜ਼ੇ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖੁਦ ਦਿਲਚਸਪੀ ਲੈ ਰਹੇ ਹਨ। ਸਰਕਾਰ ਵੱਲੋਂ ਡੇਢ ਸਾਲ ਪਹਿਲਾਂ ਇਹ ਪਲਾਜ਼ਾ ਸੰਗਤ ਨੂੰ ਸਮਰਪਤ ਕਰ ਦਿੱਤਾ ਗਿਆ ਸੀ ਪਰ ਅਜੇ ਵੀ ਬੇਸਮੈਂਟ ਦਾ ਕੰਮ ਅਧੂਰਾ ਹੈ। ਸੁਖਬੀਰ ਬਾਦਲ ਅਕਸਰ ਇਸ ਦਾ ਜਾਇਜ਼ਾ ਲੈਂਦੇ ਰਹਿੰਦੇ ਹਨ ਪਰ ਫਿਰ ਵੀ ਕੰਮ ਸੁਸਤ ਰਫਤਾਰ ਹੀ ਚੱਲ ਰਿਹਾ ਹੈ। ਪਤਾ ਲੱਗਾ ਹੈ ਕਿ ਪਿਛਲੇ ਦਿਨੀਂ ਸੁਖਬੀਰ ਬਾਦਲ ਵੱਲੋਂ ਪਲਾਜ਼ਾ ਦੀ ਬੇਸਮੈਂਟ ਦੇ ਕੰਮ ਵਿਚ ਤੇਜ਼ੀ ਲਿਆਉਣ ਲਈ ਕਿਹਾ ਗਿਆ ਸੀ। ਬੇਸਮੈਂਟ ਤੋਂ ਇਲਾਵਾ ਹਰਿਮੰਦਰ ਸਾਹਿਬ ਦੇ




ਬਾਹਰ ਬਣੀਆਂ ਦੁਕਾਨਾਂ ਨੂੰ ਉਥੋਂ ਸ਼ਿਫਟ ਕਰਨ ਦਾ ਕੰਮ ਬਾਕੀ ਹੈ। ਬੇਸਮੈਂਟ ਵਿਚ ਸਿੱਖ ਇਤਿਹਾਸ ਨੂੰ ਦਰਸਾਉਂਦੀ ਵੱਡੀ ਗੈਲਰੀ ਵੀ ਬਣਾਈ ਜਾਵੇਗੀ ਜਿਸ ਰਾਹੀਂ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂ ਸਿੱਖ ਇਤਿਹਾਸ ਤੋਂ ਜਾਣੂ ਹੋ ਸਕਣਗੇ।

# ਆਈ.ਐਸ. ਨੇ ਭਰਤੀ ਕੀਤੇ 31 ਹਜ਼ਾਰ ਵਿਦੇਸ਼ੀ ਲੜਾਕੇ

**ਲੰਡਨ:** ਅਤਿਵਾਦੀ ਸੰਗਠਨ ਇਸਲਾਮਿਕ ਸਟੇਟ (ਆਈ.ਐਸ.) ਨੇ ਸੀਰੀਆ ਵਿਚ ਪਿਛਲੇ 18 ਮਹੀਨੇ ਵਿਚ ਤਕਰੀਬਨ 31 ਹਜ਼ਾਰ ਵਿਦੇਸ਼ੀ ਲੜਾਕਿਆਂ ਨੂੰ ਭਰਤੀ ਕੀਤਾ ਹੈ। ਬਰਤਾਨੀਆ ਦੀ ਖੁਫੀਆ ਏਜੰਸੀ ਐਮ.ਆਈ. 6 ਦੇ ਸਾਬਕਾ ਮੁਖੀ ਰਿਚਰਡ ਬਾਰੇਟ ਅਨੁਸਾਰ ਸੀਰੀਆ ਵਿਚ ਜਾਰੀ ਲੜਾਈ ਵਿਚ ਆਈ.ਐਸ. ਨੇ ਕੱਟੜਪੰਥੀ ਇਸਲਾਮਿਕ ਵਿਚਾਰਧਾਰਾ ਦੇ ਸਹਾਰੇ ਵੱਡੀ ਗਿਣਤੀ ਵਿਚ ਵਿਦੇਸ਼ੀ ਲੜਾਕਿਆਂ ਨੂੰ ਭਰਤੀ ਕੀਤਾ ਹੈ। ਉਨ੍ਹਾਂ ਕਿਹਾ ਕਿ ਆਈ.ਐਸ. ਵੱਲੋਂ ਵਿਦੇਸ਼ੀਆਂ ਦੀ ਭਰਤੀ ਨੂੰ ਰੋਕਣ ਲਈ ਅੰਤਰਰਾਸ਼ਟਰੀ ਕੋਸ਼ਿਸ਼ਾਂ ਦੇ ਬਾਵਜੂਦ ਉਥੇ ਮੌਜੂਦ ਵਿਦੇਸ਼ੀ ਲੜਾਕਿਆਂ ਦੀ ਗਿਣਤੀ ਦੁਗਣੀ ਹੋ ਗਈ ਹੈ।

ਬਾਰੇਟ ਅਨੁਸਾਰ ਸੀਰੀਆ ਪਹੁੰਚ ਰਹੇ ਵਿਦੇਸ਼ੀ ਲੜਾਕਿਆਂ ਵਿਚ ਪੱਛਮੀ ਏਸ਼ੀਆ ਤੇ ਅਫਰੀਕਾ ਦੇ ਅਰਬ ਲੋਕਾਂ ਦੀ ਵੱਡੀ ਗਿਣਤੀ ਹੈ। ਟਿਊਨੀਸ਼ੀਆ, ਸਾਊਦੀ ਅਰਬ ਤੇ ਸੋਵੀਅਤ ਦਾ ਹਿੱਸਾ ਰਹੇ ਦੇਸ਼ਾਂ ਵਿਚ ਸਭ ਤੋਂ ਜਿਆਦਾ ਲੋਕ ਉਥੇ ਜਾ ਰਹੇ ਹਨ। ਯੂਰਪੀ ਦੇਸ਼ਾਂ ਤੋਂ ਵੀ ਤਕਰੀਬਨ 5000 ਲੜਾਕੇ ਸੀਰੀਆ ਗਏ ਹਨ।




## ਕਸ਼ਮੀਰ ਵਿਚ ਸਰਗਰਮ ਅਤਿਵਾਦੀਆਂ ਵਿਚੋਂ ਇਕ ਤਿਹਾਈ ਵਿਦੇਸ਼ੀ

**ਸ੍ਰੀਨਗਰ:** ਕਸ਼ਮੀਰ ਵਿਚ 200 ਦੇ ਆਸਪਾਸ ਅਤਿਵਾਦੀ ਸਰਗਰਮ ਹਨ, ਜਿਨ੍ਹਾਂ ਵਿਚੋਂ ਇਕ ਤਿਹਾਈ ਵਿਦੇਸ਼ੀ ਹਨ। ਇਹ ਦਾਅਵਾ ਕਰਦਿਆਂ ਸੀ.ਆਰ.ਪੀ.ਐਫ. ਨੇ ਕਿਹਾ ਹੈ ਕਿ ਸਥਿਤੀ ਵਿਚ ਵਰਣਨਯੋਗ ਸੁਧਾਰ ਹੋਇਆ ਹੈ। ਸੀ.ਆਰ.ਪੀ.ਐਫ ਦੇ ਵਿਸ਼ੇਸ਼ ਡੀ.ਜੀ ਐਸ. ਕੇ. ਭਗਤ ਨੇ ਇਥੇ ਪਾਸਿੰਗ ਆਊਟ ਪਰੇਡ ਮੌਕੇ ਇਹ ਜਾਣਕਾਰੀ ਦਿੱਤੀ।

## ਦਾਊਦ ਦੀ ਖਟਾਰਾ ਕਾਰ 32 ਹਜ਼ਾਰ ਵਿਚ ਵਿਕੀ

**ਮੁੰਬਈ:** ਅੰਡਰਵਰਲਡ ਡਾਨ ਦਾਊਦ ਇਬਰਾਹਿਮ ਦੀ ਮੁੰਬਈ ਵਿਚ ਜਾਇਦਾਦ ਦੀ ਨਿਲਾਮੀ ਲਈ ਬੋਲੀ ਲਗਾਈ ਜਾ ਰਹੀ ਹੈ। ਇਸ ਨਿਲਾਮੀ ਵਿਚ ਦਾਊਦ ਦੀ ਕਾਰ 32 ਹਜ਼ਾਰ ਰੁਪਏ ਵਿਚ ਵਿਕ ਗਈ।

ਨਿਲਾਮੀ ਪ੍ਰਕਿਰਿਆ ਵਿਚ ਹਿੰਦੂ ਮਹਾਂਸਭਾ ਦੇ ਮੁਖੀ ਸਵਾਮੀ ਚੱਕਰਪਾਣੀ ਵੀ ਸ਼ਾਮਲ ਹਨ। ਨਿਲਾਮੀ ਲਈ ਬਹੁਤ ਹੀ ਘੱਟ ਲੋਕਾਂ ਨੇ ਦਿਲਚਸਪੀ ਦਿਖਾਈ ਹੈ। ਵਰਣਨਯੋਗ ਹੈ ਕਿ ਦਾਊਦ ਇਬਰਾਹਿਮ ਦੀਆਂ 12 ਜਾਇਦਾਦ ਜ਼ਬਤ ਕੀਤੀਆਂ ਗਈਆਂ ਹਨ।

ਭਾਰਤ ਸਰਕਾਰ ਦੀ ਪਹਿਲ ਤੋਂ ਬਾਅਦ ਦੁਬਈ ਤੇ ਹੋਰ ਦੇਸ਼ਾਂ ਵਿਚ ਵੀ ਉਸ ਦੀ ਜਾਇਦਾਦ ਜ਼ਬਤ ਕੀਤੀ ਜਾ ਸਕਦੀ ਹੈ। ਡਾਨ ਦਾਊਦ ਦੀ ਮਰਹੂਮ ਭੈਣ ਹਸੀਨਾ ਪਾਰਕਰ ਦੇ ਪਰਿਵਾਰ ਨੇ ਦਾਊਦ ਦੇ ਇਕ ਫਲੈਟ ਨੂੰ ਜ਼ਬਤ ਕੀਤੇ ਜਾਣ ਦਾ ਵਿਰੋਧ ਕਰਦੇ ਹੋਏ ਆਪਣਾ ਫਲੈਟ ਦੱਸਿਆ ਹੈ। ਹਸੀਨਾ ਪਾਰਕਰ ਦੇ ਪਰਿਵਾਰ ਨੇ ਸੁਪਰੀਮ ਕੋਰਟ ਵਿਚ ਦਿੱਤੀ ਅਰਜ਼ੀ ਵਿਚ ਕਿਹਾ ਹੈ ਕਿ ਇਸ ਬਾਰੇ ਵਿਚ ਸਾਡਾ ਪੱਖ ਸੁਣੇ ਬਿਨਾਂ ਇਕਤਰਫਾ ਕਾਰਵਾਈ ਕੀਤੀ ਜਾ ਰਹੀ ਹੈ।

# ਟਲ ਸਕਦਾ ਸੀ ਪੈਰਿਸ ਹਮਲਾ?

**ਗ੍ਰੀਸ:** ਪੈਰਿਸ ਵਿਚ ਹੋਇਆ ਅਤਿਵਾਦੀ ਹਮਲਾ ਟਲ ਸਕਦਾ ਸੀ। ਗ੍ਰੀਸ ਦੀ ਪੁਲਿਸ ਨੇ ਇਸ ਸਾਲ ਜਨਵਰੀ ਵਿਚ ਪੈਰਿਸ ਹਮਲੇ ਦੇ ਮਾਸਟਰਮਾਈਂਡ ਅਬਦੇਲ ਹਮੀਦ ਅਬਾਊਦ ਨੂੰ ਫੜਨ ਦੀ ਕੋਸ਼ਿਸ਼ ਕੀਤੀ ਸੀ, ਪਰ ਉਨ੍ਹਾਂ ਦਾ ਅਪਰੇਸ਼ਨ ਨਾਕਾਮ ਰਿਹਾ। ਇਸ ਅਪਰੇਸ਼ਨ ਦਾ ਮਕਸਦ ਬੈਲਜ਼ੀਅਮ ਵਿਚ ਅਤਿਵਾਦ ਵਿਰੋਧੀ ਛਾਪਿਆਂ ਤੋਂ ਪਹਿਲਾਂ ਅਬਾਊਦ ਨੂੰ ਫੜਨਾ ਸੀ ਪਰ ਅਜਿਹਾ ਨਹੀਂ ਹੋ ਸਕਿਆ। ਅਬਾਊਦ ਏਥੈਂਸ ਤੋਂ ਫੋਨ ਰਾਹੀਂ ਬੈਲਜ਼ੀਅਮ ਵਿਚ ਆਪਣੇ ਸਾਥੀਆਂ ਨੂੰ ਹੁਕਮ ਦਿੰਦਾ ਸੀ। ਉਸ ਵੇਲੇ ਸੀਨੀਅਰ ਪੁਲਿਸ ਅਧਿਕਾਰੀ ਅਬਾਊਦ ਦੀ ਤਲਾਸ਼ ਲਈ ਚਲਾਏ ਜਾ ਰਹੇ ਅਪਰੇਸ਼ਨ ਦੌਰਾਨ ਗ੍ਰੀਕ ਪੁਲਿਸ ਨਾਲ ਮਿਲ ਕੇ ਕੰਮ ਕਰਨ ਲਈ ਏਥੈਂਸ ਵਿਚ ਰਹਿ ਰਹੇ ਸਨ। 13 ਨਵੰਬਰ ਨੂੰ ਪੈਰਿਸ ਵਿਚ ਹੋਏ ਕੱਟੜਪੰਥੀ ਹਮਲੇ ਤੋਂ ਪੰਜ ਦਿਨ ਬਾਅਦ ਅਬਾਊਦ ਫਰਾਂਸੀਸੀ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਮਾਰਿਆ ਗਿਆ। ਉਹ ਪੈਰਿਸ ਹਮਲੇ ਦਾ ਮਾਸਟਰਮਾਈਂਡ ਸੀ। ਇਸ ਹਮਲੇ ਵਿਚ 130 ਲੋਕ ਮਾਰੇ ਗਏ ਸਨ।

# ਕੈਨੇਡਾ ਨੇ ਬੰਦ ਕੀਤਾ ਮੁਸਲਿਮ ਸਕੂਲ

**ਮਿਸੀਸਾਗਾ:** ਕੈਨੇਡਾ ਸਰਕਾਰ ਨੇ ਮਿਸੀਸਾਗਾ ਦੇ ਇਕ ਕੈਨੇਡੀਅਨ ਮੁਸਲਿਮ ਸਕੂਲ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਹੈ। ਸਕੂਲ ਦੀਆਂ ਚਾਰ ਸਾਬਕਾ ਵਿਦਿਆਰਥਣਾਂ ਦੇ ਆਈ.ਐਸ. ਵਿਚਾਰਧਾਰਾ ਪੱਖੀ ਹੋਣ ਤੋਂ ਬਾਅਦ ਸਰਕਾਰ ਨੇ ਅੱਲ ਹੂਡਾ ਐਲੀਮੈਂਟਰੀ ਸਕੂਲ ਖਿਲਾਫ ਇਹ ਕਦਮ ਚੁੱਕਿਆ ਹੈ। ਹਾਲਾਂਕਿ ਇਨ੍ਹਾਂ ਵਿਚੋਂ ਤਿੰਨ ਵਿਦਿਆਰਥਣਾਂ ਨੂੰ ਤੁਰਕੀ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ, ਪਰ ਇਕ ਲੜਕੀ ਸੀਰੀਆ ਜਾਣ ਵਿਚ ਕਾਮਯਾਬ ਹੋ ਗਈ। ਮਿਸੀਸਾਗਾ ਵਿਚ ਸਥਾਪਤ ਇਹ ਕੈਨੇਡੀਅਨ ਮੁਸਲਿਮ ਸਕੂਲ ਪਾਕਿਸਤਾਨ ਦੇ ਮੁਲਤਾਨ ਸਥਿਤ ਉਸ ਅੱਲ ਹੂਡਾ ਸਕੂਲ ਦੀ ਇਕਾਈ ਹੈ, ਜਿਸ ਵਿਚ ਕੈਲੇਫੋਰਨੀਆ ਵਿਚ ਗੋਲੀਬਾਰੀ ਕਰਨ ਵਾਲੀ ਮਹਿਲਾ ਅਤਿਵਾਦੀ ਤਸ਼ਫੀਨ ਮਲਿਕ ਨੇ ਇਕ ਸਾਲ ਤੋਂ ਵੱਧ ਸਮੇਂ ਤੱਕ ਪੜ੍ਹਾਈ ਕੀਤੀ ਸੀ। ਮਿਸੀਸਾਗਾ ਵਿਚ ਸਕੂਲ ਦੀ ਸ਼ੁਰੂਆਤ 2004 ਵਿਚ ਕੀਤੀ ਗਈ ਸੀ। ਕੈਨੇਡੀਅਨ ਖੁਫੀਆ ਏਜੰਸੀਆਂ ਅਨੁਸਾਰ ਸਕੂਲ ਦੀਆਂ ਚਾਰ ਸਾਬਕਾ ਵਿਦਿਆਰਥਣਾਂ ਨੇ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕੈਨੇਡਾ ਛੱਡ ਕੇ ਸੀਰੀਆ ਜਾਣ ਦੀ ਕੋਸ਼ਿਸ਼ ਕੀਤੀ ਹੈ, ਪਰ ਤੁਰਕੀ ਵਿਚ ਸੁਰੱਖਿਆ ਅਧਿਕਾਰੀਆਂ ਨੇ ਇਨ੍ਹਾਂ ਵਿਚੋਂ ਤਿੰਨ ਨੂੰ ਗ੍ਰਿਫਤਾਰ ਕਰ ਲਿਆ।


## ਸੈਲਾਨੀਆਂ ਦੀ ਪਸੰਦ ਦੇ 10 ਸ਼ਹਿਰਾਂ 'ਚੋਂ ਦਿੱਲੀ ਨੂੰ 7ਵੀਂ ਥਾਂ

**ਨਵੀਂ ਦਿੱਲੀ:** ਦੁਨੀਆਂ ਭਰ ਦੇ ਸੈਲਾਨੀਆਂ ਵਿਚ ਦਿੱਲੀ ਪ੍ਰਤੀ ਦਿਲਚਸਪੀ ਵਧਣ ਕਰਕੇ ਉਹ ਵਿਸ਼ਵ ਦੇ 10 ਪ੍ਰਮੁੱਖ ਸ਼ਹਿਰਾਂ ਵਿਚੋਂ 7ਵੇਂ ਨੰਬਰ 'ਤੇ ਪਹੁੰਚ ਗਿਆ ਹੈ ਤੇ ਬੁਕਿੰਗ ਦੇ ਲਿਹਾਜ਼ ਨਾਲ ਇਸ ਵਿਚ 28 ਫੀਸਦੀ ਸਾਲਾਨਾ ਦਾ ਵਾਧਾ ਦਰਜ ਕੀਤਾ ਗਿਆ ਹੈ।

ਨਵੀਂ ਦਿੱਲੀ, ਏਸ਼ੀਆ ਦਾ ਇਕੋ-ਇਕ ਸ਼ਹਿਰ ਹੈ ਜਿਸ ਨੂੰ 'ਟ੍ਰਿਪ ਅਡਵਾਈਜਰਜ਼ 2016 ਟ੍ਰੈਵਲਰਜ਼ ਚੁਆਈਸ ਡੈਸਟੀਨੇਸ਼ਨ ਆਨ ਦਾ ਰਾਈਜ' ਨੇ ਦੁਨੀਆਂ ਦੇ 10 ਸ਼ਹਿਰਾਂ ਵਿਚ ਸ਼ਾਮਲ ਕੀਤਾ ਹੈ। ਇਤਿਹਾਸਕ ਇਮਾਰਤਾਂ, ਸੰਸਕ੍ਰਿਤਕ ਧਰੋਹਰ, ਆਲੇ-ਦੁਆਲੇ ਵਧੀਆ ਸ਼ਹਿਰ ਤੇ ਵੱਡੇ-ਵੱਡੇ ਮਾਲ ਭਾਰਤ ਦੀ ਰਾਸ਼ਟਰੀ ਰਾਜਧਾਨੀ ਨੂੰ ਵਧੇਰੇ ਆਕਰਸ਼ਿਕ ਬਣਾਉਂਦੇ ਹਨ। 'ਦਾ ਟ੍ਰੈਵਲਰਜ਼ ਚਵਾਈਸ ਐਵਾਰਡਜ਼ ਫਾਰ ਡੈਸਟੀਨੇਸ਼ਨ ਆਨ ਦਾ ਰਾਈਜ' ਨੇ ਦੁਨੀਆਂ ਭਰ ਦੇ 52 ਸ਼ਹਿਰਾਂ ਨੂੰ ਚੁਣਿਆ ਹੈ। ਅਕਤੂਬਰ 2014 ਤੋਂ 2015 ਦੇ ਅੰਕੜਿਆਂ ਤੋਂ ਬਣਾਈ ਸੂਚੀ ਅਨੁਸਾਰ ਦਿੱਲੀ ਪ੍ਰਤੀ ਦੁਨੀਆਂ ਦੇ ਸੈਲਾਨੀਆਂ ਦੀ ਰੁਚੀ ਵੱਧ ਰਹੀ ਹੈ।

# ਮੁਸਲਮਾਨਾਂ ਬਾਰੇ ਟਿੱਪਣੀ ਤੋਂ ਘਿਰਿਆ ਡੋਨਲਡ ਟ੍ਰੰਪ

**ਲੰਡਨ:** ਅਮਰੀਕਾ ਵਿਚ ਮੁਸਲਮਾਨਾਂ ਦੇ ਦਾਖਲੇ 'ਤੇ ਪਾਬੰਦੀ ਲਾਉਣ ਦੀ ਵਕਾਲਤ ਕਰਕੇ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦਾ ਦਾਅਵੇਦਾਰ ਡੋਨਲਡ ਟ੍ਰੰਪ ਬੁਰੀ ਤਰ੍ਹਾਂ ਘਿਰ ਗਿਆ ਹੈ। ਦੇਸ਼ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਡੋਨਲਡ ਟ੍ਰੰਪ ਦਾ ਵਿਰੋਧ ਹੋ ਰਿਹਾ ਹੈ। ਬਰਤਾਨੀਆ ਦੇ ਢਾਈ ਲੱਖ ਲੋਕਾਂ ਨੇ ਦਸਤਖਤੀ ਪਟੀਸ਼ਨ ਰਾਹੀਂ ਟ੍ਰੰਪ ਦੇ ਆਉਣ ਉੱਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਬਰਤਾਨੀਆ ਦੀ ਸਕਾਟਿਸ਼ ਯੂਨੀਵਰਸਿਟੀ ਨੇ ਟ੍ਰੰਪ ਨੂੰ ਦਿੱਤੀ ਆਪਣੀ ਡਿਗਰੀ ਵਾਪਸ ਲੈ ਲਈ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਦੇ ਬੁਲਾਰੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਇਸ ਟਿੱਪਣੀ ਤੋਂ ਪੂਰੀ ਤਰ੍ਹਾਂ ਅਸਹਿਮਤ ਹਨ ਤੇ ਇਹ ਟਿੱਪਣੀ ਗਲਤ ਹੈ।



ਵ੍ਹਾਈਟ ਹਾਊਸ ਤੇ ਪੈਂਟਾਗਨ ਨੇ ਡੋਨਲਡ ਟ੍ਰੰਪ ਦੇ ਬਿਆਨ ਨੂੰ ਖਾਰਜ ਕਰਦਿਆਂ ਕਿਹਾ ਹੈ ਕਿ ਅਜਿਹੇ ਬਿਆਨਾਂ ਨਾਲ ਅਮਰੀਕਾ ਦੀ ਸੁਰੱਖਿਆ ਨੂੰ ਖਤਰਾ ਖੜ੍ਹਾ ਹੋ ਸਕਦਾ ਹੈ। ਵ੍ਹਾਈਟ ਹਾਊਸ ਦੇ ਪ੍ਰੈਸ ਸਕੱਤਰ ਜੋਸ਼ ਅਰਨੈਸਟ ਨੇ ਕਿਹਾ ਕਿ ਟ੍ਰੰਪ ਦਾ ਬਿਆਨ ਦੇਸ਼ ਦੇ ਸੁਰੱਖਿਆ ਹਿੱਤਾਂ ਲਈ ਨੁਕਸਾਨਦਾਇਕ ਹੈ।

ਉਧਰ, ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਕਿਹਾ ਹੈ ਕਿ ਟ੍ਰੰਪ ਦੇ ਬਿਆਨ ਦੀ ਕਿਸੇ ਨੂੰ ਹਮਾਇਤ ਨਹੀਂ ਕਰਨੀ ਚਾਹੀਦੀ। ਡੋਨਲਡ ਟ੍ਰੰਪ ਨੇ ਆਪਣੀ ਚੋਣ ਮੁਹਿੰਮ ਵਿਚ ਮੁਸਲਮਾਨਾਂ ਦੇ ਅਮਰੀਕਾ ਵਿਚ ਆਉਣ ਉਤੇ ਪਾਬੰਦੀ ਲਗਾਉਣ ਦਾ ਬਿਆਨ ਦਿੱਤਾ ਸੀ। ਇਸ ਤੋਂ ਪਹਿਲਾਂ ਡੋਨਲਡ ਨੇ ਅਮਰੀਕਾ ਵਿਚ ਮਸਜਿਦਾਂ ਬੰਦ ਕਰਨ ਦਾ ਵੀ ਸੁਝਾਅ ਦਿੰਦਿਆਂ ਮੁਸਲਮਾਨਾਂ ਉੱਤੇ ਨਿਗਰਾਨੀ ਰੱਖਣ ਲਈ ਕਿਹਾ ਸੀ। ਕੈਲੇਫੋਰਨੀਆ ਵਿਚ ਸਈਦ ਫਾਰੂਕ ਤੇ ਤਸ਼ਫੀਨ ਮਲਿਕ ਨੇ ਹਮਲਾ ਕਰ ਕੇ 14 ਲੋਕਾਂ ਦੀ ਹੱਤਿਆ ਕਰ ਦਿੱਤੀ ਸੀ। ਇਸ ਘਟਨਾ ਤੋਂ ਬਾਅਦ ਹੀ ਡੋਨਲਡ ਟ੍ਰੰਪ ਨੇ ਬਿਆਨ ਦਿੱਤਾ ਸੀ।

## ਮੁਸਲਮਾਨਾਂ ਦੀ ਭਲਾਈ ਲਈ ਬਿਆਨ ਦਿੱਤਾ: ਟ੍ਰੰਪ

**ਵਾਸ਼ਿੰਗਟਨ:** ਡੋਨਲਡ ਟ੍ਰੰਪ ਨੇ ਕਿਹਾ ਹੈ ਕਿ ਉਸ ਨੇ ਮੁਸਲਮਾਨਾਂ ਦੀ ਭਲਾਈ ਲਈ ਬਿਆਨ ਦਿੱਤਾ ਹੈ। ਉਸ ਨੇ ਆਪਣੇ ਆਪ ਨੂੰ ਕੱਟੜਪੰਥੀ ਹੋਣ ਤੋਂ ਇਨਕਾਰ ਕਰ ਦਿੱਤਾ। ਟ੍ਰੰਪ ਨੇ ਕਿਹਾ, ਉਸ ਦੇ ਕਈ ਮੁਸਲਮਾਨ ਦੋਸਤਾਂ ਨੇ ਬਿਆਨ ਦੀ ਤਾਰੀਫ ਕੀਤੀ ਤੇ ਕਿਹਾ ਕਿ ਉਸ ਨੇ ਇਕ ਵਧੀਆ ਮੁੱਦੇ ਨੂੰ ਚੁੱਕਿਆ ਹੈ। ਰਿਪਬਲਿਕਨ ਆਗੂ ਨੇ ਕਿਹਾ ਕਿ ਉਸ ਨੂੰ ਮੱਧ ਪੂਰਬ ਦੇ ਲੋਕਾਂ ਨੇ ਹਮਾਇਤ ਦਿੱਤੀ ਤੇ ਇਕ ਅਹਿਮ ਹਸਤੀ ਨੇ ਕਿਹਾ, 'ਡੋਨਲਡ ਤੂੰ ਮਹਾਨ ਕੰਮ ਕਰ ਰਿਹਾ ਹੈ।'

Freeway Travel Inc



ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659

HADDAD LAW FIRM PLC
470 N. OLD WOODWARD AVE SUITE 250, BIRMINGHAM MI 48009.
ਹਦਾਦ ਲਾਅ ਫਰਮ ਪੀ ਐਲ ਸੀ



ਮਨਮੀਤ ਸਿੰਘ ਚਾਹਲ
Mobile: 248-567-9544

ਸਾਡੇ ਦਫਤਰ ਡਿਟਰਾਇਟ, ਲੈਨਸਿੰਗ ਅਤੇ ਪਲਿਮਥ ਵਿਚ ਵੀ ਹਨ।
SERVING THE GREAT STATE OF MICHIGAN IN MATERS OF:
Criminal Defense. Immigration law. Civil Litigation. Family Law (Divorce & Child Custody). Traffic Offenses (Impaired Driving). Business Planning. Estate Planning (Wills, Trusts & Power of Attorneys). Personal Injury. Fire Loss. Wrongful Death
Contact Attorney Manmeet Singh Chahal
Today at: 1-844-237-3363 (Toll Free)
or send your e-mail request to:
mannychahal@haddlaw.com
www.haddlaw.com
NACDA 10 BEST 2015 Client Satisfaction American Institute of Family Law Attorneys
Avvo Rating Excellent Featured Attorney
Super Lawyers RISING STARS 2015
TOP LAWYER LIFETIME MEMBER THE GLOBAL DIRECTORY OF WHO'S WHO

WEBSITE - DHOLRADIO.CO
DHOL RADIO
ਪਿੰਡ ਤੇ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
ਹੁਣ ਸ਼ਿਕਾਗੋ ਤੋਂ
REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

# ਨੌਲੱਖੀ ਧੂਣੀ ਸ਼ਬਦਾਂ ਦੀ



## ਨੌਜਵਾਨ ਲੇਖਕ ਅਲੀ ਅਕਬਰ ਨਤੀਕ ਦਾ ਸ਼ਬਦ ਸੰਸਾਰ

## ਕਲਾ ਪਰਿਕਰਮਾ

**ਸਿਮਰਨ ਕੌਰ**

ਅਲੀ ਅਕਬਰ ਨਤੀਕ ਪਾਕਿਸਤਾਨ ਦਾ ਭਾਗਾਂ ਵਾਲਾ ਨੌਜਵਾਨ ਸਾਹਿਤਕਾਰ ਹੈ ਜਿਸ ਨੂੰ ਛੋਟੀ ਉਮਰੇ ਹੀ ਸੰਸਾਰ ਭਰ ਵਿਚ ਮਸ਼ਹੂਰੀ ਮਿਲ ਗਈ। ਉਹਦਾ ਜਨਮ 1976 ਦਾ ਹੈ ਅਤੇ ਉਸ ਦੀਆਂ ਚਾਰ ਕਿਤਾਬਾਂ ਛਪ ਚੁੱਕੀਆਂ ਹਨ। ਇਨ੍ਹਾਂ ਵਿਚ ਦੋ ਕਵਿਤਾ ਸੰਗ੍ਰਹਿ, ਇਕ ਕਹਾਣੀ ਸੰਗ੍ਰਹਿ ਅਤੇ ਇਕ ਨਾਵਲ ਸ਼ਾਮਲ ਹੈ। ਕਵਿਤਾਵਾਂ ਦੀ ਪਹਿਲੀ ਕਿਤਾਬ 'ਬੇ-ਯਕੀਨ ਬਸਤੀਓਂ ਮੇਂ' 2010 ਵਿਚ ਛਪੀ ਸੀ। ਕਹਾਣੀ ਸੰਗ੍ਰਹਿ 'ਕਾਇਮ ਦੀਨ' ਨੇ ਉਸ ਦੀ ਪਛਾਣ ਬਹੁਤ ਗੂੜ੍ਹੀ ਕਰ ਦਿੱਤੀ। ਇਸ ਕਿਤਾਬ ਦੀ ਚਰਚਾ ਹਰ ਪਾਸੇ ਹੋਈ। ਉਸ ਨੇ ਜਿਹੜੇ ਪਾਤਰ ਅਤੇ ਘਟਨਾਵਾਂ ਪੇਸ਼ ਕੀਤੀਆਂ ਸਨ, ਉਹ ਆਸਾਧਾਰਨ ਸਨ ਅਤੇ ਉਸ ਦੀ ਸ਼ੈਲੀ ਦਾ ਰੰਗ ਵੀ ਨਿਵੇਕਲਾ ਸੀ। 'ਕਾਇਮ ਦੀਨ' ਦਾ ਅੰਗਰੇਜ਼ੀ ਤਰਜਮਾ 'ਵ੍ਹਟ ਵਿਲ ਯੂ ਗਿਵ ਫੌਰ ਦਿਸ ਬਿਊਟੀ' ਆਇਆ ਤਾਂ ਉਹ ਸਿਰਫ ਪਾਕਿਸਤਾਨ ਦਾ ਲੇਖਕ ਨਾ ਰਿਹਾ। ਉਸ ਦੀਆਂ ਧੁੰਮਾਂ ਸੰਸਾਰ ਭਰ ਵਿਚ ਪੈ ਗਈਆਂ। ਇਉਂ ਲਹਿੰਦੇ ਪੰਜਾਬ ਦੇ ਮਿਨੀ ਲਾਹੌਰ ਵਜੋਂ ਜਾਣੇ ਜਾਂਦੇ ਓਕਾਰਾ ਅਧੀਨ ਪੈਂਦੇ ਪਿੰਡ 32/2-ਐਲ ਦਾ ਇਹ ਵਸਨੀਕ ਮੁੰਡਾ ਬਹੁਤ ਉਚੀ ਉਡਾਣ ਭਰ ਗਿਆ।

ਅਲੀ ਅਕਬਰ ਨਤੀਕ ਦਾ ਪਿਛੋਕੜ ਵੀ ਬੜਾ ਦਿਲਚਸਪ ਹੈ। ਉਹਦੇ ਪੁਰਖੇ ਲਖਨਊ (ਉਤਰ ਪ੍ਰਦੇਸ਼) ਨੇੜਲੇ ਸ਼ਹਿਰ ਫੈਜ਼ਾਬਾਦ ਤੋਂ ਉਠ ਕੇ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਦੇ ਕਿਸੇ ਪਿੰਡ ਜਾ ਵੱਸੇ ਸਨ। ਫਿਰ 1947 ਦੀ ਵੰਡ ਤੋਂ ਬਾਅਦ ਉਨ੍ਹਾਂ ਓਕਾਰਾ ਵਿਚ ਜਾ ਡੇਰਾ ਲਾਇਆ। ਅਲੀ ਅਕਬਰ ਨੇ ਇਹ ਸਭ ਕਹਾਣੀਆਂ ਆਪਣੇ ਪੁਰਖਿਆਂ ਤੋਂ ਸੁਣੀਆਂ ਹੋਈਆਂ ਹਨ ਅਤੇ ਇਹ ਕਹਾਣੀਆਂ ਚਿਤਵਦਿਆਂ ਉਹਦਾ ਦਿਲ ਖੁਦ ਕਹਾਣੀਆਂ ਪਾਉਣ ਲੱਗ ਪੈਂਦਾ ਹੈ। ਦਰਅਸਲ, ਇਹ ਕਹਾਣੀ ਉਸ ਨੇ ਆਪਣੀ ਹਰ ਰਚਨਾ ਵਿਚ ਪਾਈ ਹੈ। ਇਨ੍ਹਾਂ ਕਹਾਣੀਆਂ ਕਰ ਕੇ ਹੀ




*ਕਹਾਣੀ ਸੰਗ੍ਰਹਿ 'ਕਾਇਮ ਦੀਨ'।*





*'ਕਾਇਮ ਦੀਨ' ਦਾ ਤਰਜਮਾ।*

ਸੰਸਾਰ ਪ੍ਰਸਿੱਧ ਸਾਹਿਤਕ ਪਰਚੇ 'ਗਰਾਂਟਾ' ਦਾ ਧਿਆਨ 'ਕਾਇਮ ਦੀਨ' ਵੱਲ ਗਿਆ ਅਤੇ ਪਰਚੇ ਨੇ 'ਦਿ ਮੈਸਨ'ਜ਼ ਹੈਂਡ' ਨਾਂ ਦੀ ਕਹਾਣੀ ਛਾਪ ਦਿੱਤੀ। ਇਸ ਕਹਾਣੀ ਵਿਚ ਅਲੀ ਅਕਬਰ ਨੇ ਆਪਣਾ ਆਪਾ ਅਤੇ ਆਲਾ-ਦੁਆਲਾ ਬੀੜਿਆ ਹੋਇਆ ਹੈ। ਉਹ ਖੁਦ ਰਾਜਗਿਰੀ ਕਰਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਉਸ ਦੇ ਨਾਵਲ ਦਾ ਨਾਂ 'ਨੌਲੱਖੀ ਕੋਠੀ' (2014) ਹੈ। ਇਸ ਬਾਰੇ ਪੁੱਛਣ 'ਤੇ ਉਹ ਆਖਦਾ ਹੈ, "ਅਜਿਹਾ ਕੁਝ ਸੁਚੇਤ ਪੱਧਰ 'ਤੇ ਤਾਂ ਨਹੀਂ ਸੀ, ਪਰ ਮੈਂ ਜਿਨ੍ਹਾਂ ਲੋਕਾਂ ਵਿਚ ਅਕਸਰ ਵਿਚਰਦਾ ਹੈ, ਉਨ੍ਹਾਂ ਦੀਆਂ ਗੱਲਾਂ ਤੁਹਾਡੀਆਂ ਰਚਨਾਵਾਂ ਵਿਚ ਆ ਹੀ ਜਾਂਦੀਆਂ ਹਨ।"

ਉਂਜ 'ਨੌਲੱਖੀ ਕੋਠੀ' ਨਾਵਲ ਵਿਚ ਅਲੀ ਅਕਬਰ ਨਤੀਕ ਨੇ ਬੜੀ ਅਲੋਕਾਰ ਕਹਾਣੀ ਸੁਣਾਈ ਹੈ। ਪੰਜਾਬੀਆਂ ਨੇ 1947 ਦੀ ਵੰਡ ਦਾ ਦਰਦ ਪਿੰਡਿਆਂ ਤੇ ਮਨਾਂ ਉਤੇ ਹੰਢਾਇਆ ਹੈ ਅਤੇ ਇਹ ਦਰਦ ਅੱਜ ਤੱਕ ਪੀੜ੍ਹੀ-ਦਰ-ਪੀੜ੍ਹੀ ਅਗਾਂਹ ਤੁਰਦਾ ਆ ਰਿਹਾ ਹੈ। ਇਸ ਨਾਵਲ ਵਿਚ ਅਲੀ ਅਕਬਰ ਨਤੀਕ ਨੇ ਪੰਜਾਬੀਆਂ ਦੇ ਇਸ ਦਰਦ ਦੇ ਨਾਲ-ਨਾਲ ਉਸ ਦੌਰ ਦੇ ਇਕ ਅੰਗਰੇਜ਼ ਜਿਊੜੇ ਦੀ ਕਥਾ ਬਿਆਨ ਕੀਤੀ ਹੈ। ਸੰਤਾਲੀ ਦੀ ਵੰਡ ਦਾ ਕਿਸੇ ਅੰਗਰੇਜ਼ ਦੀ ਅੱਖ ਤੋਂ ਇੱਦਾਂ ਦਾ ਵਰਨਣ ਸ਼ਾਇਦ ਪਹਿਲੀ ਵਾਰ ਹੋ ਰਿਹਾ ਹੋਵੇ! ਇਸ ਨਾਵਲ ਦੀ ਕਹਾਣੀ 1920 ਤੋਂ ਆਰੰਭ ਹੋ ਕੇ 1990ਵਿਆਂ ਤੱਕ ਚੱਲਦੀ ਹੈ ਜਿਸ ਵਿਚ ਪਾਕਿਸਤਾਨ ਦੇ ਵੱਖ-ਵੱਖ ਪੱਖਾਂ ਬਾਰੇ ਚਰਚਾ ਭਰਪੂਰ ਰੂਪ ਵਿਚ ਹੋਈ ਹੈ। ਭਾਸ਼ਾ ਉਤੇ ਅਲੀ ਅਕਬਰ ਦੀ ਪਕੜ ਇੰਨੀ ਜ਼ਿਆਦਾ ਹੈ ਕਿ ਇਕੱਲਾ-ਇਕੱਲਾ ਸ਼ਬਦ ਬੋਲਦਾ ਪ੍ਰਤੀਤ ਹੁੰਦਾ ਹੈ।

### ਨਵੇਂ ਰਾਹ ਨਵੀਆਂ ਲੀਹਾਂ...

*ਪਲੇਠੇ ਨਾਵਲ 'ਨੌਲੱਖੀ ਕੋਠੀ' ਵਿਚ ਅਲੀ ਅਕਬਰ ਨਤੀਕ ਨੇ ਅੰਗਰੇਜ਼ ਬਿਊਰੋਕਰੇਟ ਵਿਲੀਅਮ ਦੀ ਕਹਾਣੀ ਸੁਣਾਈ ਹੈ। ਨਾਵਲ ਦੀ ਕਹਾਣੀ ਵਿਚ ਬਥੇਰੇ ਉਤਰਾਅ-ਚੜ੍ਹਾਅ ਹਨ, ਪਰ ਜਦੋਂ ਨਾਵਲ ਮੁੱਕਦਾ ਹੈ ਤਾਂ ਤੁਹਾਨੂੰ ਵਿਲੀਅਮ ਆਪਣਿਆਂ ਵਿਚੋਂ ਹੀ ਕੋਈ ਜਣਾ ਜਾਪਣ ਲੱਗਦਾ ਹੈ। ਉਸ ਦੀ ਕਹਾਣੀ ਨਾਲ ਇਹ ਸਵਾਲ ਐਨ ਤਣ ਕੇ ਸਾਹਮਣੇ ਆਣ ਖਲੋਂਦਾ ਹੈ ਕਿ ਅੰਗਰੇਜ਼ਾਂ ਨੇ ਵੰਡ ਬਾਰੇ ਕੋਈ ਵੀ ਫੈਸਲਾ ਅੰਗਰੇਜ਼ੀ ਸ਼ਾਸਨ ਦੇ ਆਖਰੀ ਮਹੀਨੇ ਵਿਚ ਹੀ ਕਿਉਂ ਕੀਤਾ ਸੀ! ਨਾਵਲ ਦੇ ਨਾਂ ਵਾਂਗ ਇਹ ਸਵਾਲ 'ਨੌਲੱਖਾ ਸਵਾਲ' ਬਣ ਜਾਂਦਾ ਹੈ!!*



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਦਸੰਬਰ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-200




**ਆਪਣਾ ਯਾਦ ਜ਼ਮਾਨਾ ਆਵੇ, ਦਿਲ ਦੇ ਵਿਚ ਝੱਟ ਖੌਰੂ ਪਾਵੇ।**
**ਚਾਹੀਏ ਮਾਰ ਉਡਾਰੀ ਜਾਈਏ, ਪਰ ਕੋਈ ਵੀ ਪੇਸ਼ ਨਾ ਜਾਵੇ।**
**ਕਿੰਨਾ ਪਿੱਛੇ ਛੱਡ ਆਏ ਹਾਂ, ਮੌਜਾਂ ਦੀਆਂ ਬਰਾਤਾਂ ਨੂੰ।**
**ਪਰਦੇਸਾਂ ਵਿਚ ਦਿਨ ਨਾ ਵਿਹਲੇ, ਨੀਂਦ ਨਾ ਪੈਂਦੀ ਰਾਤਾਂ ਨੂੰ।**

## ਕੈਪਸ਼ਨ ਮੁਕਾਬਲਾ-198



ਕੰਮ ਕਾਰ ਤੋਂ ਛੁੱਟੀ ਹੈ ਹੁਣ
ਰਲ਼ ਮਿਲ ਵਕਤ ਲੰਘਾਉਂਦੇ।
ਸੰਮਾਂ ਵਾਲੇ ਲਿਸ਼ਕਣ ਖੂੰਡੇ
ਪੰਜਿਆਂ ਵਿਚ ਲਹਿਰਾਉਂਦੇ।
ਦੁਨਆਂ ਭਰ ਦੀਆਂ ਗੱਲਾਂ ਕਰਦੇ
ਲਾਗ ਡਾਟ ਨਾ ਕੋਈ ਦਿਖਾਉਂਦੇ।
ਰੋਟੀ ਟੁੱਕ ਦੀ ਹਾਕ ਪਵੇ ਜਦ
ਬੱਸ ਫੇਰ ਹੀ ਘਰ ਨੂੰ ਆਉਂਦੇ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਚਿੱਟੇ ਕੁੜਤੇ ਤੇ ਹੱਥੀ ਡਾਂਗ ਰੱਖਦੇ,
ਲਾਇਆ ਹੋਵੇ ਚਾਦਰਾ ਖੂਬ ਫੱਬਦੇ।
ਚਾਹ ਨਾਲ ਸੁਰਖੀ ਅਖਬਾਰੀ ਵੇਖਦੇ
ਮੰਜੇ ਉਤੇ ਬੈਠ ਬਾਬੇ ਧੁੱਪ ਸੇਕਦੇ।
ਰਾਜਨੀਤੀ ਹੋਵੇ ਜਾਂ ਦੁੱਖ ਸੁੱਖ ਫੋਲਦੇ
ਮਾਰ ਕੇ ਖੰਘੂਰਾ ਸੱਥ ਵਿਚ ਬੋਲਦੇ।
ਰੌਣਕਾਂ ਨੇ ਪਿੰਡਾਂ ਵਿਚ ਲਾਈ ਰੱਖਦੇ
ਜਿਉਂਦੇ ਰਹਿਣ ਬਾਬੇ ਸਦਾ ਜੱਗ 'ਤੇ।
*-ਸਤਵਿੰਦਰ ਥਾਂਦੀ ਦੌਲਤਪੁਰੀ*
*ਇੰਡੀਆਨਾ।*

---

ਪੋਤੇ-ਪੋਤੀਆਂ ਛਡ ਸਕੂਲੇ,
ਜਾਪੇ ਬਾਬੇ ਹੋ ਗਏ ਵਿਹਲੇ।
ਨੂੰਹਾਂ-ਪੁਤ ਲੱਗੇ ਆਪਣੇ ਧੰਦੇ,
ਬੇਬੇ-ਬਾਪੂ ਘਰ ਰਹਿ ਗਏ 'ਕੱਲੇ।

ਨਹਾ-ਧੋ ਕੇ ਛਾਹਵੇਲਾ ਕਰਕੇ,
ਡਾਹ ਕੁਰਸੀਆਂ ਬੈਠੇ ਰੁਖਾਂ ਥੱਲੇ।
ਫੌਜੀ, ਪੁਲਸੀਆ ਤੇ ਸ਼ੌਂਕੀ ਚਾਚਾ,
ਵੰਡਣ ਯਾਦਾਂ ਦਾ ਧਨ 'ਕੱਲੇ-'ਕੱਲੇ।
ਟਕੋਰਾਂ ਲਾਵੇ, ਹੱਸੇ ਮਾਰ ਤਾੜੀਆਂ,
ਚਾਚਾ ਸਭ ਦਾ ਦਿਲ ਪ੍ਰਚਾਵੇ।
ਲੁਟੋ ਮੌਜ ਬਹਾਰਾਂ ਮਿੱਤਰੋ,
ਬੀਤਿਆ ਸਮਾਂ ਵਾਪਸ ਨਾ ਆਵੇ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ*

---

ਸਿਆਲ ਦੀ ਠਰੂੰ-ਠਰੂੰ ਕਰਦੀ ਰੁੱਤੇ
ਸੂਰਜ ਦੀ ਪਹਿਲੀ ਟਿੱਕਰੀ ਜਦ
ਥੋੜ੍ਹਾ-ਥੋੜ੍ਹਾ ਨਿੱਘਾ ਕਰ ਦੇਵੇ,
ਵਾੜੇ ਦੇ ਵਿਚ ਰੋਜ਼ ਸਵੇਰੇ
ਬਜ਼ੁਰਗ ਜੁੰਡਲੀ ਆਣ ਹੈ ਜੁੜਦੀ
ਖੂੰਡੇ ਜਿਨ੍ਹਾਂ ਦੇ ਹੱਥ ਹੋਂਵਦੇ।
ਮਾਰ ਗੱਪ-ਸ਼ੱਪ, ਘਰ-ਬਾਰਾਂ ਦੀ
ਉਹ ਗੱਲੀਂ-ਬਾਤੀਂ ਢਿੱਡ ਪਕਾਉਂਦੇ।
ਇੱਧਰ-ਉਧਰ ਦੀਆਂ ਗੱਲਾਂ
ਉਚੀ-ਉਚੀ ਖਿੱਲੀਆਂ ਪਾਉਂਦੇ।
ਭਗਤ ਸਿੰਘ ਸਰਾਭੇ ਵਰਗੇ ਵੀਰਾਂ ਦੀਆਂ
ਉਹ ਵਾਰਾਂ ਗਾਉਂਦੇ।
ਗਦਰੀ ਬਾਬਿਆਂ ਦਾ ਇਤਿਹਾਸ
ਇਕ ਦੂਜੇ ਨੂੰ ਸੁਣਾਉਂਦੇ।
*-ਦਰਸ਼ਨ ਪਾਲ ਦੋਸਾਂਝ*

## ਕੈਪਸ਼ਨ ਮੁਕਾਬਲਾ-197

ਕਰਕੇ ਤਿਆਰੀ ਲਾ ਕੇ ਮੱਥੇ ਟਿੱਕਾ
ਦੋਹਾਂ ਸੂਟ ਸੋਹਣਾ ਹੈ ਪਾਇਆ।
ਅਸੀਂ ਕਿਉਂ ਨਾ ਕਰੀਏ ਚਾਅ ਪੂਰੇ
ਸਾਡੇ ਮਾਮੇ ਦਾ ਵਿਆਹ ਆਇਆ।
ਲੱਗਣ ਦੋਵੇਂ ਜੌੜੀਆਂ ਭੈਣਾਂ
ਦੋਹਾਂ ਵਿਚ ਲੱਗੇ ਗੂੜ੍ਹਾ ਪਿਆਰ।
ਸ਼ਾਲਾ! ਕਿਸੇ ਦੀ ਨਜ਼ਰ ਨਾ ਲੱਗੇ
ਬਣਿਆ ਰਹੇ ਇਨ੍ਹਾਂ 'ਚ ਪਿਆਰ।
*-ਗੋਰਾ ਪ੍ਰਜਾਪਤ*
*ਫੋਨ: 718-690-8403*

# ਜੋਸਫ਼ ਸਟਿਗਲਿਟਜ਼ ਦੀ ਨਵੀਂ ਪੁਸਤਕ 'ਦ ਗ੍ਰੇਟ ਡਿਵਾਇਡ'

ਬੇਸ਼ਕ ਜੋਸਫ਼ ਸਟਿਗਲਿਟਜ਼ ਨੇ ਆਪਣੀ ਨਵੀਂ ਕਿਤਾਬ 'ਦ ਗ੍ਰੇਟ ਡਿਵਾਇਡ' (2015) ਲਿਖੀ ਤਾਂ ਅਮਰੀਕਨ ਪਾਠਕਾਂ ਨੂੰ ਮੁਖ਼ਾਤਬ ਹੋ ਕੇ ਹੈ, ਪਰ ਇਹ ਭਾਰਤੀਆਂ ਨੂੰ ਵੀ ਵੱਧ ਤੋਂ ਵੱਧ ਪੜ੍ਹਨੀ ਚਾਹੀਦੀ ਹੈ। ਸਾਡੇ ਦੇਸ਼ ਵਿਚ ਇਸ ਨੂੰ ਇੱਕ ਚਿਤਾਵਨੀ ਵਜੋਂ ਲਏ ਜਾਣ ਦੀ ਲੋੜ ਹੈ। ਰਿਪੋਰਟਾਂ ਅਨੁਸਾਰ ਭਾਰਤ ਵਿਚ ਸਿਖ਼ਰ ਦਾ 10 ਫੀਸਦੀ ਅਮੀਰ ਵਰਗ ਦੇਸ਼ ਦੀ ਕੁੱਲ ਦੌਲਤ ਦੇ 75 ਫੀਸਦੀ ਦਾ ਮਾਲਕ ਹੈ। ਇੰਨਾ ਹੀ ਨਹੀਂ,

ਰਾਜੇਸ਼ ਸ਼ਰਮਾ*
ਫੋਨ: 78379-60942

ਸਿਰਫ 1 ਫੀਸਦੀ ਵਰਗ ਮੁਲਕ ਦੀ ਪੰਜਾਹ ਫੀਸਦੀ ਦੌਲਤ ਉਪਰ ਕਾਬਜ ਹੈ। ਚਿੰਤਾ ਦੀ ਗੱਲ ਹੈ ਕਿ ਇਹ ਆਰਥਿਕ ਪਾੜਾ ਮੌਜੂਦਾ ਆਰਥਿਕ ਨੀਤੀਆਂ ਅਧੀਨ ਤੇਜੀ ਨਾਲ ਵਧ ਰਿਹਾ ਹੈ।


ਸਟਿਗਲਿਟਜ਼ ਇਸ ਪੁਸਤਕ ਵਿਚ ਖਾਸ ਤੌਰ 'ਤੇ ਅਜੋਕੇ ਅਮਰੀਕਨ ਅਤੇ ਮੋਟੇ ਤੌਰ 'ਤੇ ਵਿਸ਼ਵ ਆਰਥਿਕ ਨਿਜ਼ਾਮ ਉਪਰ ਨਜ਼ਰਸਾਨੀ ਕਰਦਿਆਂ ਇਸ ਨੂੰ ਲਗਾਤਾਰ ਵੱਧ ਰਹੇ ਆਰਥਿਕ ਪਾੜੇ ਲਈ ਜਿੰਮੇਵਾਰ ਠਹਿਰਾਉਂਦਾ ਹੈ। ਇਹ ਸਮੇਂ ਦਾ ਹੀ ਤਕਾਜ਼ਾ ਹੈ ਕਿ ਇਕ ਸਵੈ-ਸਪਸ਼ਟ ਗੱਲ ਵੀ ਦੁਨੀਆਂ ਨੂੰ ਢੇਰਾਂ ਕਾਗਜ਼ ਕਾਲੇ ਕੀਤੇ ਬਿਨਾਂ ਸਮਝਾਈ ਨਹੀਂ ਜਾ ਸਕਦੀ।

ਸਟਿਗਲਿਟਜ਼ ਭੌਤਿਕ ਵਿਗਿਆਨ ਛੱਡ ਕੇ ਅਰਥ-ਸ਼ਾਸਤਰ ਵੱਲ ਜਵਾਨੀ ਦੇ ਪਹਿਲੇ ਵਰ੍ਹਿਆਂ ਵਿਚ ਹੀ ਮੁੜ ਗਿਆ ਸੀ। ਆਪਣੇ ਚਾਰੋਂ ਪਾਸੇ ਪਸਰਦੀ ਨਾਬਰਾਬਰੀ ਅਤੇ ਗਰੀਬੀ ਉਸ ਨੂੰ ਪਰੇਸ਼ਾਨ ਕਰਦੀ। ਉਸ ਨੇ ਆਪਣੇ ਪੀ.ਐਚ.ਡੀ. ਥੀਸਿਜ਼ ਵਿਚ ਹੀ ਆਮਦਨ ਅਤੇ ਦੌਲਤ ਦੀ ਵੰਡ ਨੂੰ ਨਿਰਧਾਰਤ ਕਰਨ ਵਾਲੇ ਤੱਤਾਂ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ, ਜੋ ਉਸ ਨੇ ਅੱਜ ਵੀ ਜਾਰੀ ਰੱਖਿਆ ਹੈ। ਸੰਨ 2001 ਵਿਚ ਉਸ ਨੂੰ ਅਰਥ-ਸ਼ਾਸਤਰ ਵਿਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

'ਦ ਗ੍ਰੇਟ ਡਿਵਾਈਡ' ਉਸ ਵਲੋਂ ਪਿਛਲੇ ਕੁਝ ਵਰ੍ਹਿਆਂ ਵਿਚ ਕਈ ਰਸਾਲਿਆਂ ਅਤੇ ਅਖ਼ਬਾਰਾਂ ਲਈ ਲਿਖੇ ਲੇਖਾਂ ਦਾ ਸੰਗ੍ਰਿਹ ਹੈ। ਇਨ੍ਹਾਂ ਦਾ ਆਗਾਜ਼ 2008 ਦੇ ਵਿਸ਼ਵ ਵਿੱਤੀ ਸੰਕਟ ਉਪਰ ਚਿੰਤਨ ਤੋਂ ਹੋਇਆ, ਪਰ ਕੁਲ ਮਿਲਾ ਕੇ ਇਹ ਲੇਖ ਉਸ ਆਰਥਿਕ ਨਿਜ਼ਾਮ ਦੇ ਭਿਆਨਕ ਸਿੱਟਿਆਂ ਉਪਰ ਰੌਸ਼ਨੀ ਪਾਉਂਦੇ ਹਨ ਜਿਸ ਨਿਜ਼ਾਮ ਦੀ ਨੀਂਹ ਰਾਸ਼ਟਰਪਤੀ ਰੋਨਲਡ ਰੀਗਨ ਦੇ ਸਮੇਂ ਰੱਖੀ ਗਈ।

ਮੈਗਜ਼ੀਨ 'ਵੈਨਿਟੀ ਫ਼ੇਅਰ' ਨੇ 2011 ਵਿਚ ਸਟਿਗਲਿਟਜ਼ ਨੂੰ ਸੱਦਾ ਦਿੱਤਾ ਕਿ ਉਹ ਖ਼ਤਰਨਾਕ ਢੰਗ ਨਾਲ ਵਧ ਰਹੇ ਆਰਥਿਕ ਪਾੜੇ ਬਾਰੇ ਆਮ ਪਾਠਕਾਂ ਲਈ ਲੇਖ ਲਿਖੇ। ਇਨ੍ਹਾਂ ਲੇਖਾਂ ਵਿਚੋਂ ਸਭ ਤੋਂ ਪ੍ਰਸਿੱਧ ਅਤੇ ਬਹਿਸ ਛੇੜਨ ਵਾਲਾ ਲੇਖ ਬਣਿਆ-"ਇੱਕ ਫੀਸਦੀ ਦਾ, ਇੱਕ ਫੀਸਦੀ ਦੁਆਰਾ, ਇੱਕ ਫੀਸਦੀ ਖਾਤਰ" ਇਤਿਹਾਸ ਗਵਾਹ ਹੈ ਕਿ 'ਆਕੁਪਾਈ ਵਾਲ ਸਟ੍ਰੀਟ' ਅੰਦੋਲਨ ਨੇ ਇਸ ਤੋਂ ਪ੍ਰੇਰਿਤ ਹੋ ਕੇ ਆਪਣਾ ਨਾਅਰਾ ਘੜਿਆ-"ਅਸੀਂ ਹਾਂ 99 ਫੀਸਦੀ।"

ਸਟਿਗਲਿਟਜ਼ ਦਾ ਤਰਕ ਹੈ ਕਿ ਨਾਬਰਾਬਰੀ ਦਾ ਤੋੜ ਮੌਜੂਦ ਹੈ। ਇਹ ਇਤਿਹਾਸ ਦਾ ਕੋਈ ਅਟਲ ਭਾਣਾ ਨਹੀਂ ਹੈ। ਧਿਆਨ ਦੇਣ ਯੋਗ ਹੈ ਕਿ ਉਹ 100 ਫੀਸਦੀ ਬਰਾਬਰੀ ਨੂੰ ਨਾ ਹੀ ਮੁਮਕਿਨ ਸਮਝਦਾ ਹੈ, ਨਾ ਹੀ ਲੋੜੀਂਦੀ। ਨਾ ਹੀ ਉਹ ਸਾਮਵਾਦੀ ਵਿਵਸਥਾ ਦੀ ਵਕਾਲਤ ਕਰਦਾ ਹੈ। ਉਸ ਦੀ ਮੁਖ਼ਾਲਫ਼ਤ ਤਾਂ ਉਸ ਨਾਬਰਾਬਰੀ ਨਾਲ ਹੈ ਜੋ ਸਾਰੀਆਂ ਹੱਦਾਂ ਤੋੜ ਕੇ ਅੱਜ ਪਸਰਦੀ ਜਾ ਰਹੀ ਹੈ। ਅਜਿਹੀ ਘੋਰ ਨਾਬਰਾਬਰੀ,




> ਸਟਿਗਲਿਟਜ਼ ਇਸ ਪੁਸਤਕ ਵਿਚ ਖਾਸ ਤੌਰ 'ਤੇ ਅਜੋਕੇ ਅਮਰੀਕਨ ਅਤੇ ਮੋਟੇ ਤੌਰ 'ਤੇ ਵਿਸ਼ਵ ਆਰਥਿਕ ਨਿਜ਼ਾਮ ਉਪਰ ਨਜ਼ਰਸਾਨੀ ਕਰਦਿਆਂ ਇਸ ਨੂੰ ਲਗਾਤਾਰ ਵੱਧ ਰਹੇ ਆਰਥਿਕ ਪਾੜੇ ਲਈ ਜਿੰਮੇਵਾਰ ਠਹਿਰਾਉਂਦਾ ਹੈ। ਇਹ ਸਮੇਂ ਦਾ ਹੀ ਤਕਾਜ਼ਾ ਹੈ ਕਿ ਇਕ ਸਵੈ-ਸਪਸ਼ਟ ਗੱਲ ਵੀ ਦੁਨੀਆਂ ਨੂੰ ਢੇਰਾਂ ਕਾਗਜ਼ ਕਾਲੇ ਕੀਤੇ ਬਿਨਾਂ ਸਮਝਾਈ ਨਹੀਂ ਜਾ ਸਕਦੀ।

ਸਟਿਗਲਿਟਜ਼ ਅਨੁਸਾਰ, ਸਮਾਜ ਨੂੰ ਟੁਕੜੇ-ਟੁਕੜੇ ਕਰ ਰਹੀ ਹੈ, ਆਮ ਵਿਅਕਤੀ ਦੇ ਆਤਮ-ਵਿਸ਼ਵਾਸ ਨੂੰ ਖੋਰ ਰਹੀ ਹੈ, ਅਤੇ ਲੋਕਤੰਤਰ ਲਈ ਗੰਭੀਰ ਖ਼ਤਰਾ ਬਣ ਗਈ ਹੈ। ਕੋਈ ਸਮਾਂ ਸੀ, ਅਮਰੀਕਾ ਨੂੰ ਸੁਪਨਿਆਂ ਦੀ ਸਰਜ਼ਮੀਨ ਮੰਨਿਆਂ ਜਾਂਦਾ ਸੀ। ਉਸ ਦਾ ਕਾਰਨ ਸੀ, ਹਰ ਵਿਅਕਤੀ ਲਈ ਮੁਹੱਈਆ ਤਰੱਕੀ ਦੇ ਬਰਾਬਰ ਅਵਸਰ। ਅਵਸਰਾਂ ਦੀ ਇਹ ਬਰਾਬਰੀ ਹਰ ਅਮਰੀਕਨ ਨੂੰ ਹਰ ਦੂਜੇ ਅਮਰੀਕਨ ਦੇ ਬਰਾਬਰ ਹੋਣ ਦਾ ਅਹਿਸਾਸ ਕਰਵਾਉਂਦੀ ਸੀ ਅਤੇ ਸਮਾਜ ਨੂੰ ਜੋੜਨ ਦਾ ਕੰਮ ਕਰਦੀ ਸੀ ਪਰ ਰੀਗਨ ਦੇ ਵਰ੍ਹਿਆਂ ਤੋਂ ਸਥਾਪਿਤ ਹੋਇਆ ਆਰਥਿਕ ਨਿਜ਼ਾਮ ਸੁਪਨਿਆਂ ਦੀ ਸਰਜ਼ਮੀਨ ਦਾ ਕਾਲ ਹੋ ਨਿਬੜਿਆ ਹੈ। ਸਟਿਗਲਿਟਜ਼ ਅਨੁਸਾਰ ਆਮ ਅਮਰੀਕਨ ਨਾਗਰਿਕ ਅੱਜ ਇਹ ਮਹਿਸੂਸ ਕਰਦਾ ਹੈ ਕਿ ਉਹ ਅਮੀਰ ਅਤੇ ਤਾਕਤਵਰ ਅਮਰੀਕਨ ਨਾਲੋਂ ਛੋਟਾ ਤੇ ਕਮਜ਼ੋਰ ਹੈ ਅਤੇ ਕਦੇ ਵੀ ਉਸ ਦੇ ਬਰਾਬਰ ਤਰੱਕੀ ਨਹੀਂ ਕਰ ਸਕਦਾ। ਕੁਝ ਹੀ ਹੱਥਾਂ ਵਿਚ ਦੌਲਤ ਦੇ ਕੇਂਦਰਿਤ ਹੋਣ ਨਾਲ ਲੋਕਤੰਤਰ ਨੂੰ ਵੀ ਭਾਰੀ ਸੱਟ ਪੁਜੀ ਹੈ, ਕਿਉਂਕਿ ਇੱਕਪਾਸੜ ਆਰਥਿਕ ਨਿਜ਼ਾਮ ਰਾਜਨੀਤਕ ਢਾਂਚੇ ਨੂੰ ਪੈਸੇ ਵੱਲੋਂ ਤਾਕਤਵਰ ਵਰਗ ਦੇ ਪੱਖ ਵਿਚ ਭੁਗਤਾਉਣ ਲਈ ਉਸ ਵਿਚ ਕੋਈ ਵੀ ਤੋੜ-ਮਰੋੜ ਕਰਨ ਉਪਰ ਆਮਦਾ ਹੈ। ਇਹ ਕਹਾਣੀ ਸਿਰਫ ਅਮਰੀਕਾ ਦੀਆਂ ਹੱਦਾਂ ਤੱਕ ਹੀ ਸੀਮਤ ਰਹਿ ਗਈ ਹੋਵੇ, ਅਜਿਹਾ ਨਹੀਂ ਹੈ। ਉਹ ਸਭ ਦੇਸ਼ ਜਿਨ੍ਹਾਂ ਨੇ ਅਮਰੀਕਾ ਦੇ ਪਿੱਛੇ ਲੱਗ ਕੇ ਆਪੋ-ਆਪਣੀਆਂ ਤਕਦੀਰਾਂ ਲਿਖਣ ਦੀ ਕੋਸ਼ਿਸ਼ ਕੀਤੀ ਹੈ, ਅੱਜ ਉਸੇ ਤਰ੍ਹਾਂ ਦੇ ਆਰਥਿਕ ਪਾੜੇ, ਸਮਾਜਿਕ ਵਖਰੇਵੇਂ ਅਤੇ ਲੋਕਤੰਤਰ ਦੇ ਖੋਰੇ ਦਾ


ਜੋਸਫ਼ ਸਟਿਗਲਿਟਜ਼

ਸ਼ਿਕਾਰ ਹੋ ਰਹੇ ਹਨ। ਜ਼ਾਹਿਰ ਹੈ, ਭਾਰਤ ਦਾ ਸ਼ੁਮਾਰ ਵੀ ਅੱਜ ਉਨ੍ਹਾਂ ਵਿਚ ਹੁੰਦਾ ਹੈ।

ਆਰਥਿਕ ਨਾਬਰਾਬਰੀ ਨੂੰ ਸਟਿਗਲਿਟਜ਼ ਤਿੰਨ ਹੋਰ ਮੁੱਦਿਆਂ ਨਾਲ ਜੋੜ ਕੇ ਦੇਖਦਾ ਹੈ। ਉਹ ਮੁੱਦੇ ਹਨ-ਅਰਥਚਾਰੇ ਦੀ ਗਲਤ ਮੈਨੇਜਮੈਂਟ, ਵਿਸ਼ਵੀਕਰਣ ਅਤੇ ਸਟੇਟ ਤੇ ਬਾਜ਼ਾਰ ਦਾ ਮੌਜੂਦਾ ਵਰਤਾਰਾ। ਇਨ੍ਹਾਂ ਸਭਨਾਂ ਦਾ ਕੁਲ ਸਿੱਟਾ ਬੇਹੱਦ ਭਿਆਨਕ ਰੂਪ ਲੈ ਰਿਹਾ ਹੈ। ਸਿਰਫ ਪੱਚੀ ਸਾਲ ਪਹਿਲਾਂ ਜਿੱਥੇ 12 ਫੀਸਦੀ ਲੋਕ 33 ਫੀਸਦੀ ਦੌਲਤ ਦੇ ਮਾਲਕ ਸਨ, ਉਥੇ ਅੱਜ ਸ਼ਿਖਰ ਦੇ 1 ਫੀਸਦੀ ਲੋਕ ਦੁਨੀਆਂ ਦੀ ਅੱਧੀ ਦੌਲਤ ਦੇ ਮਾਲਕ ਬਣ ਚੁੱਕੇ ਹਨ। 2012 ਵਿਚ ਲਿਖੇ ਇੱਕ ਲੇਖ ਵਿਚ ਸਟਿਗਲਿਟਜ਼ ਵਾਲਮਾਰਟ ਪਰਿਵਾਰ ਦੇ ਸਿਰਫ ਛੇ ਮੈਂਬਰਾਂ ਦੀ ਕੁਲ ਦੌਲਤ ਦਾ ਹਵਾਲਾ ਦਿੰਦੇ ਹੋਏ ਦੱਸਦਾ ਹੈ ਕਿ ਉਨ੍ਹਾਂ ਕੋਲ ਅਮਰੀਕਾ ਦੀ ਹੇਠਲੀ 30% ਵਸੋਂ ਦੇ ਬਰਾਬਰ ਦੌਲਤ ਹੈ।

ਪਰ ਹਾਲਾਤ ਹਮੇਸ਼ਾ ਅਜਿਹੇ ਰਹੇ ਹੋਣ, ਇੰਜ ਨਹੀਂ ਹੈ। ਦੂਸਰੇ ਮਹਾਂਯੁੱਧ ਤੋਂ ਬਾਅਦ ਦੇ ਦਹਾਕਿਆਂ ਵਿਚ ਆਮਦਨ ਅਤੇ ਦੌਲਤ ਦੀ ਵੰਡ ਕਿਤੇ ਬੇਹਤਰ ਸੀ। ਨਤੀਜੇ ਵੱਜੋਂ ਅਮਰੀਕਾ ਨੇ ਕਿਤੇ ਵੱਧ ਆਰਥਿਕ ਵਿਕਾਸ ਕੀਤਾ। ਅਵਸਰ ਦੀ ਬਰਾਬਰੀ ਨੇ ਲੋਕਾਂ ਨੂੰ ਅਮਰੀਕਨ ਸੁਫਨੇ ਨਾਲ ਜੋੜੀ ਰੱਖਿਆ ਅਤੇ ਆਪਸ ਵਿਚ ਵੀ ਜੋੜਿਆ। ਪਿਛਲੇ ਕਈ ਦਹਾਕਿਆਂ ਤੋਂ ਜਿਸ ਨਿਜ਼ਾਮ ਦੀ ਸਥਾਪਨਾ ਕੀਤੀ ਗਈ ਹੈ, ਉਸ ਨੇ ਸਮਾਜ ਦੇ ਤਾਣੇ-ਬਾਣੇ ਨੂੰ ਤੋੜਿਆ ਹੈ ਅਤੇ ਆਮ ਜਨਤਾ ਵਿਚ ਨਿਰਾਸ਼ਾ ਦਾ ਸੰਚਾਰ ਕੀਤਾ ਹੈ। ਲੋਕਤੰਤਰੀ ਪ੍ਰਬੰਧ ਨੂੰ ਵੀ ਕਮਜ਼ੋਰ ਕੀਤਾ ਹੈ। ਸਰਕਾਰ ਸਾਰੇ ਲੋਕਾਂ ਦੇ ਹਿੱਤਾਂ ਦੀ ਥਾਂ ਕੁਝ ਕ ਹਿੱਤਾਂ ਦੀ ਪੈਰੋਕਾਰੀ ਕਰਨ ਲੱਗੀ ਹੈ। ਸਟਿਗਲਿਟਜ਼ ਤਾਂ ਇਹ ਵੀ ਮੰਨਦਾ ਹੈ ਕਿ ਅਮਰੀਕਾ ਦੀ ਲੋਕ-ਵਿਰੋਧੀ ਯੁੱਧ-ਨੀਤੀ ਉਸ ਦੀ ਸਰਕਾਰ ਦੇ ਲੋਕ-ਹਿੱਤਾਂ ਤੋਂ ਦੂਰ ਹੋਣ ਦਾ ਹੀ ਸਿੱਟਾ ਹੈ।

ਵਿਸ਼ਵ ਪੱਧਰ ਉਪਰ ਲੋਕਤੰਤਰ ਦਾ ਸਿਹਤਮੰਦ ਰਹਿਣਾ ਅਤੇ ਵਿਸ਼ਵ ਸ਼ਾਂਤੀ ਅਤੇ ਸੁਰੱਖਿਆ ਦਾ ਬਣਿਆ ਰਹਿਣਾ ਤਾਂ ਹੀ ਸੰਭਵ ਹੈ ਜੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਚੇਤੰਨ ਤੌਰ 'ਤੇ ਘੋਰ ਨਾਬਰਾਬਰੀ ਨੂੰ ਨੱਥ ਪਾਉਣ ਦੇ ਉਪਰਾਲੇ ਕਰਨ। ਸਟਿਗਲਿਟਜ਼ ਅਨੁਸਾਰ 2030 ਤੱਕ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਸਿਖ਼ਰਲੇ 10 ਫੀਸਦੀ ਲੋਕਾਂ ਕੋਲ ਹੇਠਲੇ 40 ਫੀਸਦੀ ਲੋਕਾਂ ਦੀ ਦੌਲਤ ਤੋਂ ਵੱਧ ਦੌਲਤ ਇਕੱਠੀ ਨਾ ਹੋਵੇ। ਇਸ ਲਈ ਨੀਤੀਆਂ ਦੇ ਨਵੇਂ ਨਿਜ਼ਾਮ ਦੀ ਲੋੜ ਹੈ ਪਰ ਆਰਥਿਕ ਨਿਜ਼ਾਮ ਨੂੰ ਨੀਤੀਆਂ ਦੇ ਪੱਖੋਂ ਮੁੜ ਵਿਚਾਰਨ ਦੀ ਸੰਭਾਵਨਾ ਲੋਕਤੰਤਰੀ ਵਿਵਸਥਾ ਦੇ ਰਾਜਨੀਤਿਕ ਸੁਧਾਰਾਂ ਤੋਂ ਬਿਨਾਂ ਨਹੀਂ ਬਣ ਸਕਦੀ। ਦੂਜੇ ਸ਼ਬਦਾਂ ਵਿਚ ਲੋਕਤੰਤਰ ਨੂੰ ਮਜਬੂਤ ਕਰਕੇ ਹੀ ਨਾਬਰਾਬਰੀ ਨਾਲ ਨਜਿੱਠਿਆ ਜਾ ਸਕਦਾ ਹੈ। ਵਿਆਪਕ ਵਿਸ਼ਵ ਵਿਕਾਸ ਮਨੁੱਖੀ ਵਸੀਲਿਆਂ, ਤਕਨਾਲੋਜੀ ਅਤੇ ਬੁਨਿਆਦੀ ਢਾਂਚਾ ਵਿਕਸਿਤ ਕੀਤੇ ਬਿਨਾ ਸੰਭਵ ਨਹੀਂ। ਸਭ ਤੋਂ ਵੱਧ ਮਹੱਤਵ ਸਟਿਗਲਿਟਜ਼ ਸਿੱਖਿਆ ਦੇ ਪ੍ਰਬੰਧ ਨੂੰ ਦਿੰਦਾ ਹੈ। ਹਰੇਕ ਮਨੁੱਖ ਲਈ ਉਚ ਪੱਧਰ ਦੀ ਸਿੱਖਿਆ ਹੀ ਦੂਰਗਾਮੀ ਤਰੱਕੀ ਅਤੇ ਸ਼ਾਂਤੀ ਦੀ ਸਭ ਤੋਂ ਅਹਿਮ ਗਾਰੰਟੀ ਹੋ ਸਕਦੀ ਹੈ। ਹਰ ਵਰਗ ਦਾ ਹਿਤ (ਸਮੇਤ ਅਮੀਰ ਵਰਗ ਦੇ) ਆਖਰਕਾਰ ਇਸੇ ਵਿਚ ਹੈ।

'ਦ ਗ੍ਰੇਟ ਡਿਵਾਈਡ' ਦੀ ਵਿਲੱਖਣਤਾ ਇਸ ਗੱਲ ਵਿਚ ਨਿਹਿਤ ਹੈ ਕਿ ਇਸ ਵਿਚ ਅੰਤਰਰਾਸ਼ਟਰੀ ਪੱਧਰ ਦੇ ਇੱਕ ਅਰਥਸ਼ਾਸਤਰੀ ਨੇ ਆਪਣੀ ਗੰਭੀਰ ਸੋਚ ਨੂੰ ਆਮ ਪਾਠਕ ਤੱਕ ਪਹੁੰਚਾਉਣ ਵਿਚ ਕਮਾਲ ਦੀ ਸਫ਼ਲਤਾ ਹਾਸਿਲ ਕੀਤੀ ਹੈ। ਅੰਗਰੇਜ਼ੀ ਵਿਚ ਲਿਖੀ ਗਈ ਇਸ ਪੁਸਤਕ ਵਿਚ ਅਜਿਹੀ ਸਰਲ ਭਾਸ਼ਾ ਇਸਤੇਮਾਲ ਕੀਤੀ ਗਈ ਹੈ ਕਿ ਅੰਗਰੇਜ਼ੀ ਦਾ ਸਧਾਰਣ ਪਾਠਕ ਵੀ ਇਸ ਦਾ ਅਨੰਦ ਮਾਣ ਸਕਦਾ ਹੈ ਅਤੇ ਵਰਤਮਾਨ ਵਰਤਾਰੇ ਪ੍ਰਤੀ ਆਪਣੀ ਸਮਝ ਵਿਚ ਵੱਡਾ ਇਜ਼ਾਫ਼ਾ ਕਰ ਸਕਦਾ ਹੈ।

*ਪ੍ਰੋਫੈਸਰ ਤੇ ਮੁਖੀ ਅੰਗਰੇਜ਼ੀ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਅਜਮੇਰ ਸਿੰਘ ਸਿੱਧੂ ਨੂੰ ਯਾਦ ਕਰਦਿਆਂ

**ਬਰਸੀ 'ਤੇ ਵਿਸ਼ੇਸ਼**

ਅਜਮੇਰ ਸਿੰਘ ਸਿੱਧੂ ਪੰਜਾਬ ਦੇ ਪਿੰਡਾਂ ਦਾ ਚਾਨਣ ਮੁਨਾਰਾ ਸੀ। ਉਹਦੇ ਉਦਮ ਨਾਲ 'ਚਾਨਣ ਮੁਨਾਰਾ ਚਕਰ' ਪੁਸਤਕ ਛਪੀ ਜਿਸ ਤੋਂ ਹੋਰਨਾਂ ਪਿੰਡਾਂ ਨੂੰ ਰੌਸ਼ਨੀ ਮਿਲ ਰਹੀ ਹੈ। ਉਹ ਪਰਉਪਕਾਰੀ ਜਿਊੜਾ ਸੀ ਜੋ ਮੁੜ ਮੁੜ ਯਾਦ ਆ ਰਿਹੈ। 15 ਦਸੰਬਰ, 2014 ਦੀ ਸਵੇਰ ਨੂੰ ਟੋਰਾਂਟੋ ਵਿਚ ਉਹਦਾ ਦੇਹਾਂਤ ਹੋਇਆ। ਪਿੰਡਾਂ 'ਚ ਚਾਨਣ ਦਾ ਛੱਟਾ ਦਿੰਦੇ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਉਸ ਸੁਹੇਲੜੇ ਸੱਜਣ ਦਾ ਸਿਰਫ਼ 61 ਸਾਲ ਦੀ ਉਮਰੇ ਤੁਰ ਜਾਣਾ ਕਿਸੇ ਦੇ ਖ਼ਾਬ-ਖਿਆਲ ਵਿਚ ਵੀ ਨਹੀਂ ਸੀ।

ਅਜਮੇਰ ਸਿੰਘ ਦਾ ਜਨਮ ਜ਼ਿਲ੍ਹਾ ਲੁਧਿਆਣੇ ਦੇ ਪਿੰਡ ਚਕਰ ਵਿਚ 7 ਮਾਰਚ 1953 ਨੂੰ ਸੁਤੰਤਰਤਾ ਸੰਗਰਾਮੀ ਉਜਾਗਰ ਸਿੰਘ ਦੇ ਘਰ ਹੋਇਆ। ਬਚਪਨ ਪਿੰਡ ਦੀਆਂ ਬੀਹੀਆਂ ਤੇ ਵਿਹੜਿਆਂ ਵਿਚ ਬੀਤਿਆ। ਮੁੱਢਲੀ ਸਿੱਖਿਆ ਪਿੰਡ ਦੇ ਸਰਕਾਰੀ ਸਕੂਲ 'ਚੋਂ ਹਾਸਲ ਕੀਤੀ। ਉਚੇਰੀ ਸਿੱਖਿਆ ਲਈ ਪਿਤਾ ਨੇ ਇੰਗਲੈਂਡ ਮੰਗਵਾ ਲਿਆ।

ਇੰਗਲੈਂਡ ਵਿਚ ਉਹ ਕਬੱਡੀ ਤੇ ਸੌਕਰ ਦਾ ਨਾਮਵਰ ਖਿਡਾਰੀ ਬਣਿਆ ਤੇ ਅਜਮੇਰ ਵਲੈਤੀਏ ਦੇ ਨਾਂ ਨਾਲ ਮਸ਼ਹੂਰ ਹੋਇਆ। ਉਹ ਤਿੰਨ ਭਰਾ ਸਨ। ਦੋ ਭਰਾ ਅਜਮੇਰ ਸਿੰਘ ਤੇ ਬਲਦੇਵ ਸਿੰਘ ਕੈਨੇਡਾ ਜਾ ਵਸੇ। ਗਰੇਟਰ ਟੋਰਾਂਟੋ ਵਿਚ ਤੇ ਹੋਰ ਕਈ ਥਾਈਂ ਉਨ੍ਹਾਂ ਨੇ ਦਾਨ ਪੁੰਨ ਤੇ ਖੇਡਾਂ/ਖਿਡਾਰੀਆਂ ਦੀ ਬਿਹਤਰੀ ਦੇ ਅਨੇਕਾਂ ਕਾਰਜ ਕੀਤੇ। ਕਰੋੜਾਂ ਰੁਪਏ ਵਿਕਾਸ ਕਾਰਜਾਂ ਉਤੇ ਲਾਏ ਪਰ ਕਿਸੇ ਜਗ੍ਹਾ ਵੀ ਆਪਣੇ ਨਾਂ ਦੀ ਤਖਤੀ ਨਹੀਂ ਲਵਾਈ।

ਪੁਸਤਕ 'ਚਾਨਣ ਮੁਨਾਰਾ ਚਕਰ' ਦੇ ਮੁੱਖ ਬੰਦ ਵਿਚ ਉਨ੍ਹਾਂ ਨੇ ਲਿਖਿਆ, ਸਾਥੋਂ ਪੁੱਛਿਆ ਜਾਂਦੈ ਕਿ ਸਾਡੇ ਪਿੰਡ ਦੀ ਕਾਇਆ ਕਲਪ ਕਿਵੇਂ ਹੋਈ? ਕਿਵੇਂ ਸ਼ੇਰੇ ਪੰਜਾਬ ਸਪੋਰਟਸ ਅਕੈਡਮੀ ਬਣੀ, ਕਿਵੇਂ ਸਰਕਾਰੀ ਮਦਦ ਤੋਂ ਬਿਨਾਂ ਹਜ਼ਾਰ ਤੋਂ ਵੱਧ ਘਰਾਂ ਦਾ ਸੀਵਰੇਜ ਪਾਇਆ, ਕਿਵੇਂ ਨੌਂ ਸੱਥਾਂ ਨਵਿਆਈਆਂ, ਕਿਵੇਂ ਗਲੀਆਂ ਪੱਕੀਆਂ ਤੇ ਖੁੱਲ੍ਹੀਆਂ ਕੀਤੀਆਂ ਤੇ ਕਿਵੇਂ ਹਜ਼ਾਰਾਂ ਰੁੱਖ ਬੂਟੇ ਲਾ ਕੇ ਪਿੰਡ ਨੂੰ ਹਰਿਆਵਲਾ ਬਣਾਇਆ? ਕਿਵੇਂ ਛੱਪੜਾਂ ਨੂੰ ਨਿਰਮਲ ਝੀਲਾਂ ਬਣਾ ਕੇ ਜਜ਼ੀਰੇ ਸਿਰਜੇ, ਪਾਰਕ ਬਣਾਏ, ਬੈਂਚ ਲਾਏ ਤੇ ਝੂਲੇ ਝੁਲਾਏ? ਕਿਵੇਂ ਦੂਸ਼ਿਤ ਵਾਤਾਵਰਣ ਸ਼ੁਧ ਕੀਤਾ ਤੇ ਪੇਂਡੂਆਂ ਨੂੰ ਬਿਮਾਰੀਆਂ ਤੋਂ ਬਚਾਇਆ?

ਇਨ੍ਹਾਂ ਸੁਆਲਾਂ ਦੇ ਉਤਰ ਵਿਚ ਪਿੰਡ ਚਕਰ ਬਾਰੇ ਕਿਤਾਬ ਹੀ ਛਾਪ ਦਿੱਤੀ ਹੈ। ਇਸ ਦਾ ਲੇਖਕ ਡਾ. ਬਲਵੰਤ ਸਿੰਘ ਸੰਧੂ ਖ਼ੁਦ ਚਕਰ ਦੀ ਸ਼ੇਰੇ ਪੰਜਾਬ ਅਕੈਡਮੀ ਦਾ ਰੂਹੇ ਰਵਾਂ ਹੈ। ਚਕਰ ਨੇ ਇਕ ਦੀਵਾ ਬਾਲਿਆ ਹੈ ਜੀਹਦੀ ਲਾਟ ਨਾਲ ਹੋਰ ਦੀਵੇ ਜਗਣੇ ਸ਼ੁਰੂ ਹੋ ਗਏ ਹਨ। ਪਿੰਡ ਦੇ ਵਿਕਾਸ ਵਿਚ ਯੋਗਦਾਨ ਪਾ ਕੇ ਕਿਸੇ ਨੇ ਕਿਸੇ 'ਤੇ ਕੋਈ ਅਹਿਸਾਨ ਨਹੀਂ ਕੀਤਾ ਸਗੋਂ ਆਪਣੀ ਜਨਮ ਭੋਇੰ ਦਾ ਕਰਜ਼ਾ ਹੀ ਉਤਾਰਿਆ ਹੈ। ਚਕਰ ਦੇ ਵਿਕਾਸ ਕਾਰਜਾਂ ਉਤੇ ਬੇਸ਼ੱਕ ਦਸ ਕਰੋੜ ਤੋਂ ਉਪਰ ਲੱਗ ਚੁੱਕੇ ਹਨ ਤੇ ਕਰੋੜਾਂ ਹੋਰ ਲੱਗਣੇ ਹਨ ਪਰ ਕਰੋੜਾਂ ਰੁਪਿਆਂ ਦੀ ਅਣਮੁੱਲੀ ਕਾਰ ਸੇਵਾ ਜੋ ਪਿੰਡ ਦੇ


ਅਜਮੇਰ ਸਿੰਘ ਸਿੱਧੂ

ਬੱਚਿਆਂ, ਨੌਜੁਆਨਾਂ, ਬਜ਼ੁਰਗਾਂ ਤੇ ਮਾਈਆਂ ਬੀਬੀਆਂ ਨੇ ਕੀਤੀ ਉਹ ਦਸ ਕਰੋੜ ਤੋਂ ਕਿਤੇ ਵੱਧ ਹੈ। ਅਸੀਂ ਰਾਜਸੀ ਨੇਤਾਵਾਂ ਦੀ ਖ਼ੁਸ਼ਾਮਦ ਕਰ ਕੇ ਮੰਗਣਾ ਮੰਗਤਾਪਣ ਸਮਝਦੇ ਹਾਂ। ਟੈਕਸ ਭਰਦੇ ਹਾਂ ਜਿਸ ਕਰਕੇ ਪਿੰਡ ਦੇ ਪ੍ਰੋਜੈਕਟਾਂ ਲਈ ਸਰਕਾਰੀ ਗਰਾਂਟਾਂ ਲੈਣਾ ਸਾਡਾ ਹੱਕ ਹੈ। ਪਿੰਡ ਵਾਸੀਆਂ ਨੂੰ ਸਾਡਾ ਇਹੋ ਸੁਨੇਹਾ ਹੈ ਕਿ ਆਪਣੇ ਕਾਰਜ ਆਪਣੇ ਹੱਥੀਂ ਸਵਾਰਨੇ ਪੈਣੇ ਹਨ। ਸਰਕਾਰਾਂ ਨੇ ਕੁਝ ਨਹੀਂ ਕਰਨਾ।

ਚਕਰ ਬਾਰੇ ਉਨ੍ਹਾਂ ਨੇ ਲਿਖਿਆ, ਇਸਦੀ ਮਿੱਟੀ ਵਿੱਚ ਸਾਡੇ ਵੱਡ ਵਡੇਰਿਆਂ ਨੇ ਜਨਮ ਲਿਆ ਤੇ ਅਸੀਂ ਉਨ੍ਹਾਂ ਦੀ ਉਂਗਲ ਫੜ ਕੇ ਚੱਲਣਾ ਸਿੱਖਿਆ। ਇਸੇ ਮਿੱਟੀ 'ਚ ਅਸੀਂ ਵੱਡੇ ਹੋਏ ਤੇ ਦੁਨੀਆਦਾਰੀ ਸਿੱਖੀ। ਇਸ ਮਿੱਟੀ ਨੇ ਸਾਨੂੰ ਬੋਹੜਾਂ ਦੀ ਛਾਂ ਵਰਗੇ ਮਾਪੇ, ਮਿੱਠੇ ਮੇਵਿਆਂ ਵਰਗੇ ਬਾਲ-ਬੱਚੇ ਤੇ ਤੂਤ ਦੇ ਮੋਛਿਆਂ ਵਰਗੇ ਦੋਸਤ ਦਿੱਤੇ। ਇਸ ਦੇ ਖੇਤਾਂ ਨੇ ਸਦੀਆਂ ਤੋਂ ਸਾਡਾ ਢਿੱਡ ਭਰਿਆ ਹੈ। ਅਸੀਂ ਭਾਗਾਂ ਵਾਲੇ ਹਾਂ ਕਿ ਚਕਰ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ। ਗੁਰੂ ਸਾਹਿਬਾਨ ਦੀ ਬਖ਼ਸ਼ੀ ਸੋਝੀ ਸਦਕਾ ਅਸੀਂ ਪੌਣ ਪਾਣੀ ਤੇ ਧਰਤ ਦੀ ਮਹੱਤਤਾ ਨੂੰ ਸਮਝਦਿਆਂ ਦੁਨੀਆਂ ਸਾਹਮਣੇ ਸਰਬਸਾਂਝੀ ਸੇਵਾ ਨਾਲ ਵਿਕਾਸ ਦੀ ਮਿਸਾਲ ਪੇਸ਼ ਕੀਤੀ। ਅਸੀਂ ਚਾਹੁੰਦੇ ਹਾਂ, ਸਾਂਝੇ ਉਦਮ ਨਾਲ ਜਗਾਇਆ ਸਾਡਾ ਚੌਮੁਖੀਆ ਦੀਵਾ ਲਟ ਲਟ ਬਲੇ ਅਤੇ ਇਸ ਦੀ ਲੋਅ ਹੋਰਨਾਂ ਪਿੰਡਾਂ ਵਿਚ ਵੀ ਚਾਨਣ ਬਖੇਰੇ।

ਅਜਮੇਰ ਸਿੰਘ ਦਰਿਆ ਦਿਲ ਦਾਨੀ ਹੀ ਨਹੀਂ, ਸਿਰੜੀ ਕਾਰ ਸੇਵਕ ਵੀ ਸੀ। ਉਸ ਦੀ ਅਗਵਾਈ ਵਿਚ ਕਹੀਆਂ ਨਾਲ ਨਾਲੀਆਂ ਪੁੱਟਣ ਦੇ ਕੰਮ ਕਰਨੇ, ਸੀਵਰੇਜ ਦੀਆਂ ਪਾਈਪਾਂ ਪਾਉਣੀਆਂ, ਹੌਦੀਆਂ ਬਣਾਉਣੀਆਂ ਤੇ ਹੋਰ ਕਰੜੇ ਕਾਰਜ ਕਰਨੇ ਨੌਜਵਾਨਾਂ ਦੇ ਸੁਭਾਅ ਵਿਚ ਸ਼ਾਮਲ ਹੋ ਗਏ। ਚਲਦੇ ਕੰਮ ਵਿਚ ਚੁਣੌਤੀਆਂ ਆਉਣੀਆਂ ਵੀ ਸੁਭਾਵਕ ਸਨ। ਅਜਿਹਾ ਕਈ ਵਾਰ ਹੋਇਆ ਕਿ ਨੌਜਵਾਨਾਂ ਅੱਗੇ ਚੁਣੌਤੀਆਂ ਆ ਖੜ੍ਹਦੀਆਂ ਪਰ ਅਜਮੇਰ ਦੀ ਅਗਵਾਈ ਵਿਚ ਕੱਖ ਕਾਣ ਵਾਂਗ ਉਡ ਜਾਂਦੀਆਂ। ਇਕ ਵਾਰ ਸਾਰੀ ਰਾਤ ਕੰਮ ਕੀਤਾ ਕਿਉਂਕਿ ਰਾਤੋ ਰਾਤ ਰਸਤੇ ਨੂੰ ਚਾਲੂ ਕਰਨ ਬਾਰੇ ਫੈਸਲਾ ਲਿਆ ਗਿਆ ਸੀ। ਅਜਿਹੇ ਕੰਮਾਂ ਨੂੰ ਸਮੇਂ ਸਿਰ ਕਰਨ ਪਿੱਛੇ ਵੱਡੀ ਪ੍ਰੇਰਨਾ ਸੀਵਰੇਜ ਦੇ ਮੁੱਖ ਪ੍ਰਬੰਧਕ ਅਜਮੇਰ ਸਿੰਘ ਦੀ ਸ਼ਮੂਲੀਅਤ ਹੁੰਦੀ ਸੀ। ਲੋਕਾਂ ਵਿਚ ਵਿਚਰ ਕੇ ਲੋਕ ਸੇਵਾ ਕਰਨ ਵਾਲਿਆਂ ਦਾ ਹੌਸਲਾ ਵਧਾਉਣ, ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨ ਤੇ ਆਪਣੀਆਂ ਸਮੱਸਿਆਵਾਂ ਆਪ ਹੱਲ ਕਰਨ ਦਾ ਉਹਦਾ ਅਨੋਖਾ ਤਰੀਕਾ ਸੀ। ਉਹ ਹਾਸਾ-ਠੱਠਾ ਕਰਦਿਆਂ ਸਾਥੀਆਂ ਦਾ ਮਨੋਰੰਜਨ ਵੀ ਕਰਦਾ ਰਹਿੰਦਾ।

ਅਕਤੂਬਰ 2014 ਵਿਚ ਉਹ ਛੇ ਹਫ਼ਤਿਆਂ ਦੀ ਕਾਰ ਸੇਵਾ ਲਈ ਕੈਨੇਡਾ ਤੋਂ ਚਕਰ ਗਿਆ ਸੀ। ਦੋ ਹਫ਼ਤੇ ਬਾਅਦ ਉਹ ਸਖ਼ਤ ਬਿਮਾਰ ਹੋ ਗਿਆ ਤੇ ਡਾਕਟਰਾਂ ਦੇ ਕਹਿਣ ਉਤੇ ਵਾਪਸ ਟੋਰਾਂਟੋ ਪਰਤ ਆਇਆ। ਪਿੰਡ ਵਾਸੀਆਂ ਨੂੰ ਕਹਿ ਆਇਆ ਕਿ ਉਹ ਸਿਹਤਯਾਬ ਹੋ ਕੇ ਦੋ ਕੁ ਮਹੀਨਿਆਂ ਤਕ ਪਿੰਡ ਆਵੇਗਾ ਤੇ ਰਹਿ ਗਏ ਕੰਮ ਅਗਾਂਹ ਤੋਰਾਂਗੇ। ਪਤਾ ਲੱਗਾ ਕਿ ਉਸ ਨੂੰ ਕੈਂਸਰ ਹੈ। ਮੈਂ ਹਾਲ-ਚਾਲ ਪੁੱਛਿਆ ਤਾਂ ਕਹਿਣ ਲੱਗਾ, "ਬਾਈ ਜੀ, ਮੈਂ ਫਾਈਟਰ ਹਾਂ। ਕੈਂਸਰ ਨਾਲ ਤਕੜਾ ਹੋ ਕੇ ਫਾਈਟ ਕਰਾਂਗਾ।"

ਉਹ ਸੱਚਮੁੱਚ ਫਾਈਟਰ ਸੀ। ਹਨ੍ਹੇਰਿਆਂ ਵਿਰੁੱਧ ਲੜਨ ਵਾਲਾ। ਚਾਨਣ ਦਾ ਛੱਟਾ ਦੇਣ ਵਾਲਾ! ਉਹ ਮਰਿਆ ਨਹੀਂ, ਉਹ ਅਜੇ ਵੀ ਜੂਝ ਰਿਹੈ ਤੇ ਪਿੰਡਾਂ ਦਾ ਚਾਨਣ ਮੁਨਾਰਾ ਬਣਿਆ ਸਦਾ ਨੂਰ ਵੰਡਦਾ ਰਹੇਗਾ। ਨਵੀਆਂ ਪੀੜ੍ਹੀਆਂ ਉਹਦੀ ਜਗਾਈ ਜੋਤ ਨੂੰ ਅੱਗੇ ਤੋਰਦੀਆਂ ਰਹਿਣਗੀਆਂ।

# ਰਾਮ ਨਾਮ

ਹਰਪਾਲ ਸਿੰਘ ਪੰਨੂ
ਫੋਨ: 91-94642-51454

ਮੇਰੀ ਦਾਦੀ ਦੇ ਪੇਕੇ ਹਰਿਆਣੇ ਵਿਚ ਸਨ ਪਰ ਜਦੋਂ ਦੀਆਂ ਗੱਲਾਂ ਕਰ ਰਹੇ ਹਾਂ, ਉਦੋਂ ਅਜੇ ਪੰਜਾਬ ਦੀ ਵੰਡ ਨਹੀਂ ਸੀ ਹੋਈ। ਉਹ ਬਾਂਗਰੂ ਬੋਲਦੀ ਪੰਜਾਬਣ ਸੀ। ਉਸ ਨੂੰ ਸਿੱਖ-ਰਵਾਇਤਾਂ ਦਾ ਨਾ ਬਹੁਤਾ ਪਤਾ ਸੀ, ਨਾ ਪਤਾ ਕਰਨ ਦੀ ਇੱਛਾ। ਕੰਮ ਕਰਦੀ ਤੁਰਦੀ ਫਿਰਦੀ ਜਾਂ ਬੈਠੀ ਚਰਖਾ ਕੱਤਦੀ ਉਹ ਇਹ ਦੋ ਪੰਕਤੀਆਂ ਦੁਹਰਾਉਂਦੀ ਰਹਿੰਦੀ,

ਰਾਮ ਰਾਮ ਰਾਮ ਰਾਮ।
ਰਾਮ ਕੇ ਹਜ਼ਾਰ ਨਾਮ।

ਕਦੀ ਅਸੀਂ ਆਖਦੇ-ਅੰਮਾ ਰਾਮ ਰਾਮ ਦੀ ਥਾਂ ਵਾਹਿਗੁਰੂ ਵਾਹਿਗੁਰੂ ਕਿਉਂ ਨੀਂ ਕਹਿੰਦੀ? ਉਤਰ ਹੁੰਦਾ, 'ਵਾਹਿਗੁਰੂ ਹਜ਼ਾਰ ਨਾਵਾਂ ਮਾਂ ਸੇ ਉਸੇ ਕਾ ਏਕ ਨਾਮ ਐ, ਕੇ ਫਰਕ?'

ਪੰਜਾਬ ਦੇ ਲੋਕ ਗੀਤਾਂ, ਅਖਾਣਾ ਮੁਹਾਵਰਿਆਂ ਵਿਚ ਰਾਮ ਦੇ ਮੁਕਾਬਲੇ ਕ੍ਰਿਸ਼ਨ ਦਾ ਜ਼ਿਕਰ ਬਹੁਤ ਘੱਟ ਹੈ। ਗੁਰਬਾਣੀ ਵਿਚ ਵੀ ਕ੍ਰਿਸ਼ਨ ਦੇ ਨਾਂਵਾਂ ਦਾ ਜ਼ਿਕਰ ਤਾਂ ਹੈ ਪਰ ਰਾਮ ਦੇ ਮੁਕਾਬਲੇ ਬਹੁਤ ਘੱਟ। ਸੂਫੀ ਕਾਵਿ ਵਿਚ ਰਾਮ ਦਾ ਨਾਮ ਨਹੀਂ ਆਉਂਦਾ, ਕਾਨ੍ਹ, ਕਾਨ੍ਹਾ ਅਤੇ ਉਸ ਦੀ ਬੰਸਰੀ, ਸਾਂਵਲ, ਸਾਂਵਲਾ ਸ਼ਬਦਾਂ ਨਾਲ ਓਤ ਪੋਤ ਕਾਫੀਆਂ ਦੀ ਘਾਟ ਨਹੀਂ। ਬਾਬਾ ਗੁਲਾਮ ਫਰੀਦ ਦੀ ਸ਼ਾਇਰੀ ਸਾਂਵਲ ਦੇ ਦੁਆਲੇ ਪਰਿਕਰਮਾ ਕਰਨੋ ਨਹੀਂ ਹਟਦੀ। ਅਤਾ-ਉਲਾ ਦੇ ਬੋਲ ਕੰਨਾਂ ਵਿਚ ਮਿਸ਼ਰੀ ਘੋਲਦੇ ਹਨ,

ਵੇ ਬੋਲ ਸਾਂਵਲ, ਨਾ ਰੋਲੀਂ ਸਾਨੂੰ।
ਦੇਖੀਂ ਕੰਡਿਆਂ ਦੇ ਉਤੇ ਨਾ ਤੂੰ ਤੋਲੀਂ ਸਾਨੂੰ।

ਇਕ ਮਿੱਤਰ ਪਿਆਰੇ ਨੇ ਮੈਨੂੰ ਹਿੰਦੀ ਕਵਿਤਾ ਭੇਜੀ ਜਿਸ ਦਾ ਸਿਰਲੇਖ ਸੀ, 'ਬਾਨਰ ਸੈਨਾ'। ਉਸ ਵਿਚ ਲਿਖਿਆ ਸੀ, ਹਾਰ ਗਿਆ ਮਰ ਗਿਆ। ਰਾਵਣ ਇੱਜ਼ਤਦਾਰ ਸੀ ਕਿਉਂਕਿ ਰਾਜਾ ਸੀ। ਰਾਮ ਦੀ ਜੈ ਜੈ ਕਾਰ ਤਾਂ ਹੋਣੀ ਸੀ ਕਿਉਂ ਜੋ ਵਿਜਈ ਸੀ। ਜਿਹੜੇ ਇਨ੍ਹਾਂ ਵਾਸਤੇ ਲੜੇ-ਮਰੇ, ਉਨ੍ਹਾਂ ਨੂੰ ਬਾਨਰ (ਬਾਂਦਰ) ਸੈਨਾ ਦਾ ਖਿਤਾਬ ਮਿਲਿਆ। ਇਸ ਕਵਿਤਾ ਵਿਚ ਪਰਜਾ ਨੂੰ ਕਵੀ ਬਾਂਦਰ ਸੈਨਾ ਆਖਦਾ ਹੈ।

ਜਦੋਂ ਬਾਬਰੀ ਮਸਜਿਦ ਢਾਹੁਣ ਦੀ ਕਵਾਇਦ ਹੋ ਰਹੀ ਸੀ, ਕਿਉਂਕਿ ਉਥੇ ਰਾਮ ਜਨਮ ਭੂਮੀ ਮੰਦਰ ਉਸਾਰਨਾ ਸੀ, ਮਾਹੌਲ ਤਣਾਉ ਭਰਿਆ ਸੀ। ਅਸੀਂ ਇਕ ਲੇਖ ਲਿਖਿਆ ਸੀ, ਰਾਮਚੰਦਰ ਜੀ ਦੇ ਨਾਨਕੇ ਤਾਂ ਪੰਜਾਬ ਵਿਚ ਹਨ, ਪਿੰਡ ਘੜਾਮ ਵਿਚ। ਉਨ੍ਹਾਂ ਸਮਿਆਂ ਵਿਚ ਬੱਚੇ ਦੇ ਜਨਮ ਵਕਤ ਔਰਤਾਂ ਪੇਕੇ ਘਰ ਜਾਇਆ ਕਰਦੀਆਂ ਸਨ। ਰਾਮਚੰਦਰ ਦਾ ਜਨਮ ਸਥਾਨ ਪੰਜਾਬ ਵਿਚ ਹੈ, ਇਥੇ ਮੰਦਰ ਉਸਾਰ ਲਉ, ਟਕਰਾਉ ਨਾ ਹੋਵੇ ਤਾਂ ਚੰਗਾ। ਪਰ ਬਾਂਦਰ ਸੈਨਾ ਕਿਸ ਦੀ ਸੁਣਦੀ ਹੈ, ਮਸਜਿਦ ਢਾਹ ਕੇ ਦਮ ਲਿਆ। ਬਦਲੇ ਵਿਚ ਪਾਕਿਸਤਾਨੀਆਂ ਨੇ ਉਧਰਲੇ ਕਈ ਮੰਦਰ ਢਾਹ ਕੇ ਮਸੀਤ ਦੀ ਸ਼ਹਾਦਤ ਦਾ ਬਦਲਾ ਲਿਆ।

ਉਨ੍ਹਾਂ ਦਿਨਾਂ ਵਿਚ ਮੈਂ ਗੁਰਧਾਮਾਂ ਦੀ ਜ਼ਿਆਰਤ ਵਾਸਤੇ ਪਾਕਿਸਤਾਨ ਗਿਆ ਹੋਇਆ ਸਾਂ। ਥਾਂ ਥਾਂ ਮੈਨੂੰ ਘੇਰ ਕੇ ਗੁਸੈਲੇ ਜੁਆਨ ਪੁਛਦੇ, ਤੁਸੀਂ ਬਾਬਰੀ ਮਸਜਿਦ ਕਿਉਂ ਢਾਹੀ? ਪੰਜਾਬ ਯੂਨੀਵਰਸਿਟੀ, ਲਾਹੌਰ ਤਾਂ 15-20 ਵਿਦਿਆਰਥੀ ਰਾਸਤਾ ਰੋਕ ਕੇ ਖਲੋ ਗਏ, ਉਹੀ ਸਵਾਲ-ਤੁਸੀਂ ਬਾਬਰੀ ਮਸਜਿਦ ਕਿਉਂ ਢਾਹੀ? ਮੈਂ ਕਿਹਾ, ਮੈਂ ਬਾਬਰੀ ਮਸਜਿਦ ਨਹੀਂ ਢਾਹੀ। ਸਵਾਲ- ਜਦੋਂ ਉਹ ਬਾਬਰੀ ਮਸਜਿਦ ਢਾਹ ਰਹੇ ਸਨ ਉਦੋਂ ਤੁਸੀਂ ਕੀ ਕੀਤਾ? ਤਮਾਸ਼ਾ ਦੇਖਦੇ ਰਹੇ?

ਮੈਂ ਕਿਹਾ, ਜਦੋਂ ਮੇਰਾ ਦਰਬਾਰ ਸਾਹਿਬ ਢਾਹ ਰਹੇ ਸਨ ਮੈਂ ਤਾਂ ਉਦੋਂ ਵੀ ਕੁਝ ਨਹੀਂ ਸਾਂ ਕਰ ਸਕਿਆ, ਬਾਬਰੀ ਮਸਜਿਦ ਵਾਸਤੇ ਕੀ ਕਰਦਾ? ਹਾਂ ਜਦੋਂ ਉਹ ਦਰਬਾਰ ਸਾਹਿਬ ਢਾਹ ਰਹੇ ਸਨ ਉਦੋਂ ਤੁਸੀਂ ਰੋਕਣ ਵਾਸਤੇ ਕੀ ਕੀਤਾ? ਇੰਨੇ ਨੂੰ ਕੁਝ ਪ੍ਰੋਫੈਸਰ ਆ ਗਏ ਤੇ ਸਾਨੂੰ ਕਾਫੀ ਹਾਊਸ ਲੈ ਗਏ।

ਹਿਮਾਦਰੀ ਬੈਨਰਜੀ ਬੰਗਾਲੀ ਬ੍ਰਾਹਮਣ ਹਨ ਜਿਨ੍ਹਾਂ ਨੇ ਉਮਰ ਭਰ ਸਿੱਖ ਅਧਿਐਨ ਉਪਰ ਕੰਮ ਕੀਤਾ। ਮੇਰੀ ਯੂਨੀਵਰਸਿਟੀ ਵਿਚ ਆਏ ਤਾਂ ਚਾਹ ਪੀਂਦਿਆਂ ਆਪ੍ਰੇਸ਼ਨ ਬਲੂ ਸਟਾਰ ਦਾ ਜ਼ਿਕਰ ਛਿੜ ਪਿਆ। ਉਹ ਬੋਲੇ, 'ਪੰਨੂ ਭਾਈ ਮੈਨੇ ਦਰਬਾਰ ਸਾਹਿਬ ਪਰ ਹਮਲਾ ਨਹੀਂ ਕੀਆ। ਮੈਂ ਇਸ ਫੌਜੀ ਹਮਲੇ ਕੇ ਖਿਲਾਫ ਹੂੰ। ਪਰ ਮੈਂ ਕਿਉਂਕਿ ਹਿੰਦੂ ਹੂੰ, ਇਸ ਹਮਲੇ ਕੀ ਸ਼ਰਮਿੰਦਗੀ ਕਾ ਅਪਨੇ ਹਿੱਸੇ ਕਾ ਭਾਰ ਤੋ ਮੁਝੇ ਭੀ ਉਠਾਨਾ ਪੜੇਗਾ।'

ਉਹ ਹੋ, ਗੱਲ ਤਾਂ ਚਲ ਰਹੀ ਸੀ ਅਯੁੱਧਿਆ ਅਤੇ ਘੜਾਮ ਦੀ, ਕਲਮ ਘਾਹ ਚਰਨ ਹੋਰ ਪਾਸੇ ਦੇ ਖੇਤਾਂ ਵਿਚ ਚਲੀ ਗਈ। ਮਹਾਤਮਾ ਗਾਂਧੀ ਦੇ ਪੋਤੇ ਪ੍ਰੋ. ਰਾਜਮੋਹਨ ਗਾਂਧੀ ਲਿਖਤ ਪੰਜਾਬ ਦਾ ਇਤਿਹਾਸ ਮੈਂ ਪੰਜਾਬੀ ਵਿਚ ਅਨੁਵਾਦ ਕਰਕੇ ਛਪਵਾ ਦਿੱਤਾ ਹੈ। ਰਵਾਇਤੀ ਇਤਿਹਾਸਕਾਰਾਂ ਵਾਂਗ ਉਨ੍ਹਾਂ ਨੇ ਵੀ ਸ਼ਾਹ ਮੁਹੰਮਦ ਦੀ ਰੀਸੇ ਲਿਖ ਦਿੱਤਾ ਕਿ ਰਾਣੀ ਜਿੰਦਾਂ ਨੇ ਬਰੂਦ ਦੀ ਥਾਂ ਸਰ੍ਹੋਂ ਦੀਆਂ ਬੋਰੀਆਂ ਭੇਜ ਕੇ ਆਪਣੀਆਂ ਫੌਜਾਂ ਹਰਾ ਦਿੱਤੀਆਂ। ਮੈਂ ਉਨ੍ਹਾਂ ਨੂੰ ਕਿਹਾ, ਪ੍ਰੋਫੈਸਰ ਗਾਂਧੀ, ਕਿਹੜੀ ਮਾਂ ਚਾਹੇਗੀ ਕਿ ਉਸ ਦੇ ਬੇਟੇ ਦੇ ਸਿੰਘਾਸਨ 'ਤੇ ਕੋਈ ਬੇਗਾਨਾ ਬੈਠੇ? ਆਪਣੇ ਬੇਟੇ ਦਾ ਸਿੰਘਾਸਨ ਗੁਆ ਲੈਣਾ ਤਾਂ ਦਰਕਿਨਾਰ, ਮਾਂ ਆਪਣੇ ਬੇਟੇ ਨੂੰ ਤਾਜ ਤਖਤ ਦਿਵਾਉਣ ਵਾਸਤੇ ਰਾਮਚੰਦਰ ਜੀ ਨੂੰ ਚੌਦਾਂ ਸਾਲ ਦਾ ਬਨਵਾਸ ਦਿਵਾ ਸਕਦੀ ਹੈ। ਕੈਕਈ ਦਾ ਬੇਟਾ ਭਰਤ ਕਿਉਂ ਨਾ ਰਾਜ ਕਰੇ? ਵਾਲਮੀਕ ਜੀ ਨੇ ਲਵ ਅਤੇ ਕੁਸ਼ ਨੂੰ ਪੰਜਾਬ ਦੀ ਧਰਤੀ ਉਪਰ ਅੰਮ੍ਰਿਤਸਰ ਲਾਗੇ ਵਿਦਿਆ ਦਿੱਤੀ ਸੀ। ਮੈਨੂੰ ਸਾਧੂਆਂ ਨੇ ਦੱਸਿਆ ਕਿ ਮਹਾਕਵੀ ਨੇ ਗ੍ਰੰਥ ਦਾ ਨਾਂ ਸੀਤਾਇਣ ਰੱਖਿਆ ਸੀ ਕਿਉਂਕਿ ਉਨ੍ਹਾਂ ਵਾਸਤੇ ਆਦਰਸ਼ਕ ਇਨਸਾਨ ਸੀਤਾ ਜੀ ਸਨ। ਜਦੋਂ ਰਾਮਚੰਦਰ ਦਾ ਸਾਥ ਸੀਤਾ ਨੇ ਬਣਵਾਸ ਵਿਚ ਵੀ ਦਿੱਤਾ ਤਾਂ ਰਾਮ ਨੇ ਸੀਤਾ ਨੂੰ ਇਕੱਲਿਆਂ ਵਣਾਂ ਵਿਚ ਕਿਉਂ ਭੇਜ ਦਿੱਤਾ। ਮਰਿਆਦਾ ਪੁਰਸ਼ੋਤਮ ਰਾਮਚੰਦਰ ਵਾਸਤੇ ਜੇ ਇਹ ਜ਼ਰੂਰੀ ਹੋ ਗਿਆ ਸੀ ਕਿ ਸੀਤਾ ਨੂੰ ਬਨਵਾਸ ਦੇਣਾ ਜ਼ਰੂਰੀ ਹੈ ਤਾਂ ਖੁਦ ਉਨ੍ਹਾਂ ਨਾਲ ਕਿਉਂ ਨਹੀਂ ਗਏ? ਇਹੀ ਕਾਰਨ ਹੈ ਕਿ ਅਸ਼ਵਮੇਧ ਜੱਗ ਵਿਚ ਲਵ-ਕੁਸ਼ ਨੇ ਮਹਾਂਰਿਸ਼ੀ ਵਾਲਮੀਕ ਦੀ ਨਿਗਰਾਨੀ ਅਧੀਨ ਰਾਮ ਚੰਦਰ ਦੀਆਂ ਸੈਨਾਵਾਂ ਨੂੰ ਹਰਾਇਆ।

ਘੱਟ ਲੋਕਾਂ ਨੂੰ ਪਤਾ ਹੈ ਕਿ ਮਰਹੂਮ ਡਾ. ਰਵਿੰਦਰ ਰਵੀ ਨੇ ਪੰਜਾਬੀ ਵਿਚ ਰਾਮ ਕਾਵਿ ਵਿਸ਼ੇ ਉਪਰ ਪੀ ਐਚ. ਡੀ. ਕੀਤੀ ਸੀ। ਯਾਰ ਲੋਕ ਮਜ਼ਾਕ ਕਰਿਆ ਕਰਦੇ-ਤਿਲਕ ਜਨੇਊ ਧਾਰਨ ਕਰੋ ਕਾਮਰੇਡ।

ਗੁਰਬਾਣੀ ਦੀਆਂ ਸੁਰਾਂ, ਲੋਕ ਗੀਤਾਂ ਦੀਆਂ ਸੁਰਾਂ, ਸ਼ਿਵ ਕੁਮਾਰ ਬਟਾਲਵੀ ਨੇ ਬਾਖੂਬੀ ਫੜ ਲਈਆਂ ਸਨ,

ਭਿੰਨੀ ਰੈਨੜੀਏ ਚਮਕਨ ਤਾਰੇ॥
ਜਾਗਨ ਸੰਤ ਜਨਾ ਮੇਰੇ ਰਾਮ ਪਿਆਰੇ॥
ਅਤੇ
ਹਰਿ ਜੁਗੁ ਜੁਗੁ ਭਗਤਿ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ॥

ਬਟਾਲਵੀ ਦਾ ਸ਼ਿਅਰ ਹੈ,

ਤੁਸੀਂ ਕਿਹੜੀ ਰੁਤੇ ਆਏ ਮੇਰੇ ਰਾਮ ਜੀਉ।
ਜਦ ਬਾਗੀਂ ਫੁਲ ਕੁਮਲਾਏ ਮੇਰੇ ਰਾਮ ਜੀਉ।

ਪੰਜਾਬੀ ਗੀਤਾਂ ਵਿਚ ਆਦਰਸ਼ਕ ਪਿਤਾ ਜਨਕ, ਆਦਰਸ਼ਕ ਧੀ, ਪਤਨੀ ਅਤੇ ਭਰਜਾਈ ਜਾਨਕੀ (ਸੀਤਾ) ਆਦਰਸ਼ਕ ਭਰਾ ਰਾਮ-ਲਛਮਣ ਥਾਂ ਥਾਂ ਮੌਜੂਦ ਹਨ। ਘਰ ਦੇ ਭੇਤੀ ਕਾਰਨ ਲੰਕਾ ਸੜੀ।

ਗੋਪੀਨਾਥ ਮਹੰਤੀ ਆਪਣੇ ਉੜੀਆ ਨਾਵਲ 'ਅੰਮ੍ਰਿਤ ਸੰਤਾਨ' ਵਿਚ ਜਾਂਗਲੀ ਕਬੀਲੇ ਕੰਧ ਬਾਰੇ ਜਾਣਕਾਰੀ ਇਕੱਤਰ ਕਰ ਰਿਹਾ ਹੈ। ਕੰਧ ਉਸ ਨੂੰ ਦੱਸੀ ਜਾ ਰਹੇ ਹਨ, ਇੰਨੇ ਨੂੰ ਦੇਖਦੇ ਹਨ ਕਿ ਉਨ੍ਹਾਂ ਦਾ ਸਾਵੰਤਾ (ਸਰਦਾਰ) ਸਰਬੂ ਤੁਰਿਆ ਆ ਰਿਹਾ ਹੈ। ਕਹਿੰਦੇ, ਬਾਕੀ ਦੀ ਜਾਣਕਾਰੀ ਸਾਡੇ ਸਰਦਾਰ ਤੋਂ ਲਵੋ, ਅਹੁ ਆ ਰਿਹੈ।

ਮਹੰਤੀ ਨੇ ਕਿਹਾ, ਇਹ ਲੰਗੋਟੀਧਾਰੀ ਤੁਹਾਡਾ ਸਰਦਾਰ ਕਿਵੇਂ ਹੋਇਆ? ਸਰਦਾਰ ਹੇਠ ਘੋੜੀ, ਰਹਿਣ ਲਈ ਹਵੇਲੀ, ਨੌਕਰ ਚਾਕਰ ਅਤੇ ਦੌਲਤ ਹੁੰਦੀ ਹੈ। ਇਹ ਤਾਂ ਤੁਹਾਡੇ ਵਰਗਾ ਹੀ ਹੈ



ਇਕ।

ਕੰਧ ਬੋਲੇ, ਘੋੜੀ, ਹਵੇਲੀ, ਦੌਲਤ ਇਹ ਕੀ ਹੋਏ? ਹੁਕਮ ਵੱਡਾ ਹੁੰਦੈ। ਇਹ ਸਾਡਾ ਹਾਕਮ ਐ।

ਸਰਬੂ ਪੁੱਜ ਗਿਆ ਤਾਂ ਮਹੰਤੀ ਨੇ ਪੁੱਛਿਆ, ਕਦੋਂ ਦੀ ਹੈ ਸਰਦਾਰੀ ਤੁਹਾਡੇ ਕੋਲ?

ਸਰਬੂ ਨੇ ਦੱਸਿਆ, ਜਦੋਂ ਦਾ ਧਰਤੀ ਤੇ ਅਸਮਾਨ ਹੈ।

ਮਹੰਤੀ ਨੇ ਕਿਹਾ, ਏਧਰ ਉਧਰ ਦੀ ਨਾ ਕਰ, ਇਤਿਹਾਸ ਦੱਸ।

ਸਰਬੂ ਨੇ ਕਿਹਾ, ਮੈਂ ਤਾਂ ਕੋਰਾ ਅਨਪੜ੍ਹ ਹਾਂ, ਮੈਨੂੰ ਇਤਿਹਾਸ ਦਾ ਕੀ ਪਤਾ? ਏਨਾ ਪਤੈ ਬਈ ਤ੍ਰੇਤੇ ਯੁਗ ਵਿਚ ਸਾਡੇ ਕੋਲ ਹੁੰਦੀ ਸੀ ਸਰਦਾਰੀ। ਉਦੋਂ ਦੀ ਗੱਲ ਸੁਣ ਲਉ। ਕੰਧ ਸਰਦਾਰ ਕੋਲ ਦੋ ਭਰਾ ਪੁੱਜੇ, ਜਿਨ੍ਹਾਂ ਦਾ ਨਾਂ ਰਾਮਚੰਦ ਅਤੇ ਲਛਮਣ ਸੀ। ਉਨ੍ਹਾਂ ਦੀ ਔਰਤ ਵੀ ਸੀ ਨਾਲ। ਪੂਰੀ ਗੱਲ ਤਾਂ ਮੈਨੂੰ ਨੀਂ ਪਤਾ, ਬਸ ਉਨ੍ਹਾਂ ਦੇ ਘਰ ਵਿਚ ਕਲੇਸ਼ ਛਿੜ ਗਿਆ ਸੀ। ਉਨ੍ਹਾਂ ਨੇ ਸਾਡੇ ਸਰਦਾਰ ਤੋਂ ਜੰਗਲ ਵਿਚ ਰਹਿਣ ਦੀ ਆਗਿਆ ਮੰਗੀ। ਸਰਦਾਰ ਨੇ ਕਿਹਾ, ਠੀਕ ਹੈ। ਇਥੇ ਤਾਂ ਪਸ਼ੂ-ਪੰਛੀ ਵੀ ਰਹੀ ਜਾਂਦੇ ਨੇ। ਸਾਡੇ ਰੀਤੀ ਰਿਵਾਜ ਨੇ ਕੁਝ। ਉਹ ਪਤਾ ਕਰ ਲੈਣੇ। ਉਨ੍ਹਾਂ 'ਚ ਵਿਘਨ ਨਾ ਪਾਇਓ। ਰਹੀ ਜਾਉ ਤੁਸੀਂ ਵੀ।

ਦਿਨ, ਮਹੀਨੇ, ਸਾਲ ਬੀਤੇ। ਦੋਵੇਂ ਭਰਾ ਉਦਾਸ ਸਾਡੇ ਸਰਦਾਰ ਕੋਲ ਆਏ ਤੇ ਕਿਹਾ, ਇਥੇ ਧਨ-ਕੁਬੇਰ ਰਾਵਣ ਹੈ ਨਾ ਜਿਹੜਾ, ਉਹ ਸਾਡੀ ਔਰਤ ਚੁਕ ਕੇ ਲੈ ਗਿਐ। ਛੁਡਵਾ ਕੇ ਲਿਆਣੀ ਹੈ। ਸਾਡੀ ਮਦਦ ਕਰੋ। ਕੰਧ ਸਰਦਾਰ ਨੇ ਕਿਹਾ, ਕੰਧ ਏਨਾ ਬਹਾਦਰ ਹੈ ਕਿ ਇਕੱਲਾ ਇਕੱਲਾ ਸ਼ੇਰ ਨਾਲ ਮੁਕਾਬਲਾ ਕਰਦੈ। ਪਰ ਅਸੀਂ ਰਾਜਿਆਂ ਖਿਲਾਫ ਨਹੀਂ ਲੜ ਸਕਦੇ ਕਿਉਂਕਿ ਉਹ ਲੜਾਈ ਸਾਨੂੰ ਆਉਂਦੀ ਨਹੀਂ। ਰਾਮਚੰਦਰ ਨੇ ਕਿਹਾ, ਅਸੀਂ ਤੁਹਾਡੀ ਸ਼ਰਣ ਤੱਕੀ ਸੀ। ਸ਼ਰਣ ਦੀ ਲਾਜ ਨਹੀਂ ਰੱਖੋਗੇ?

ਸਰਦਾਰ ਨੇ ਕਿਹਾ, ਮੈਂ ਬਾਕੀ ਜਾਂਗਲੀ ਸਰਦਾਰਾਂ ਨੂੰ ਬੁਲਾ ਲੈਨਾਂ। ਸਲਾਹ ਕਰਦੇ ਹਾਂ।

ਬਾਕੀ ਸਰਦਾਰ ਆ ਗਏ। ਸਾਰਿਆਂ ਨੇ ਇਹੀ ਕਿਹਾ, ਅਸੀਂ ਰਾਜਿਆਂ ਵਿਰੁਧ ਲੜਨਾ ਨਹੀਂ ਜਾਣਦੇ।

ਰਾਮਚੰਦਰ ਨੇ ਕਿਹਾ, ਅਸੀਂ ਜਾਣਦੇ ਹਾਂ। ਅਸੀਂ ਤੁਹਾਨੂੰ ਸਿਖਾ ਦਿਆਂਗੇ।

ਸਰਦਾਰਾਂ ਨੇ ਕਿਹਾ, ਤਾਂ ਠੀਕ ਹੈ। ਸਿੱਖਾ ਦਿਉ। ਅਸੀਂ ਤਿਆਰ ਆਂ।

ਲਉ ਜੀ, ਰਾਮ-ਲਛਮਣ ਸਿਖਾਣ ਲੱਗੇ, ਜਾਂਗਲੀ ਜੁਆਨ ਸਿਖਣ ਲੱਗੇ ਤੇ ਇਕ ਦਿਨ ਇਹ ਟ੍ਰੇਨਿੰਗ ਮੁਕੰਮਲ ਹੋ ਗਈ। ਜਦੋਂ ਅਸੀਂ ਧਨ-ਕੁਬੇਰ ਉਪਰ ਹਮਲਾ ਕਰਨ ਲਈ ਇਕੱਠੇ ਤੁਰੇ, ਜੰਗਲ ਦੇ ਜਾਨਵਰ ਕਿਹੜਾ ਉਸ ਨੇ ਘੱਟ ਤੰਗ ਕੀਤੇ ਸਨ, ਸਾਡੇ ਨਾਲ ਜਾਨਵਰ ਵੀ ਰਲ ਗਏ। ਭਿਆਨਕ ਖੂੰਖਾਰ ਯੁਧ ਹੋਇਆ, ਅਸੀਂ ਧਨ ਕੁਬੇਰ ਮਾਰ ਲਿਆ। ਕਰਾਮਾਤ ਹੋ ਗਈ। ਕੰਧ ਸਰਦਾਰ ਨੇ ਰਾਮਚੰਦਰ ਨੂੰ ਜੱਫੀ ਪਾ ਕੇ ਕਿਹਾ, ਅਸੀਂ ਤੈਨੂੰ ਸ਼ੁਰੂ ਵਿਚ ਸ਼ਰਣਾਰਥੀ ਮੰਨਿਆਂ, ਫੇਰ ਸਾਨੂੰ ਲੱਗਾ ਤੂੰ ਭਰਾ ਈ ਏਂ ਸਾਡਾ। ਅਜ ਤਾਂ ਸੱਚ ਹੋ ਗਿਆ ਕਿ ਤੂੰ ਭਗਵਾਨ ਹੈਂ।

ਰਾਮਚੰਦਰ ਨੇ ਕਿਹਾ, ਨਹੀਂ ਅੱਜ ਵੀ ਮੈਂ ਤੁਹਾਡਾ ਭਰਾ ਹਾਂ। ਸਾਡਾ ਘਰ ਜਾਣ ਦਾ ਵੀ ਸਮਾਂ ਆ ਗਿਐ। ਅਸੀਂ ਇਹ ਜੰਗਲ ਬੇਲੇ ਤੁਹਾਡੇ ਵਿਚ ਵੰਡ ਕੇ ਆਪਣੇ ਦੇਸ ਅਯੁੱਧਿਆ ਜਾਵਾਂਗੇ।

ਲਉ ਜੀ ਕੰਧ ਸਭ ਤੋਂ ਵਧ ਬਹਾਦਰ ਸਨ, ਕੰਧਾਂ ਨੂੰ ਉਪਜਾਊ ਮੈਦਾਨ ਮਿਲੇ। ਕਿਸੇ ਨੂੰ ਜੰਗਲ ਦਿੱਤੇ, ਕਿਸੇ ਨੂੰ ਪਹਾੜ। ਫੇਰ ਉਹ ਦੇਸ ਚਲੇ ਗਏ। ਸਾਨੂੰ ਲਗਿਆ ਅਸੀਂ ਧਨ-ਕੁਬੇਰ ਮਾਰ ਲਿਆ। ਧਨ-ਕੁਬੇਰ ਮਰਿਆ ਨਹੀਂ ਕਰਦਾ, ਰੂਪ ਵਟਾਇਆ ਕਰਦਾ ਹੈ। ਪਹਿਲਾਂ ਉਸ ਨੇ ਸਾਡੇ ਤੋਂ ਮੈਦਾਨ ਖੋਹੇ, ਅਸੀਂ ਜੰਗਲ ਵਿਚ ਆ ਵੜੇ। ਫਿਰ ਉਸ ਨੇ ਜੰਗਲ ਕੱਟਣਾ ਸ਼ੁਰੂ ਕੀਤਾ, ਅਸੀਂ ਪਹਾੜੀਆਂ ਉਪਰ ਚੜ੍ਹ ਗਏ। ਲੋਹੇ ਦੀਆਂ ਪਟੜੀਆਂ ਉਪਰ ਚੜ੍ਹ ਚੜ੍ਹ ਕੇ ਸਾਡੇ ਉਪਰ ਹਮਲਾ ਕਰਦਾ ਹੋਇਆ ਧਨ-ਕੁਬੇਰ ਵਧਦਾ ਆ ਰਿਹਾ ਹੈ। ਹਰ ਸਾਲ ਅਸੀਂ ਹੋਰ ਉਪਰ ਪਹਾੜਾਂ 'ਤੇ ਉਚੇ ਚੜ੍ਹ ਜਾਂਦੇ ਹਾਂ। ਉਹ ਸਾਡਾ ਸ਼ਿਕਾਰ ਕਰ ਰਿਹੈ। ਅਸੀਂ ਉਹੀ ਬਹਾਦਰ ਕੰਧ ਹਾਂ ਜਿਹੜੇ ਇਕੱਲਿਆਂ ਸ਼ੇਰ ਮਾਰ ਲਿਆ ਕਰਦੇ ਸਨ। ਪਰ ਅਜ ਦੇ ਧਨ-ਕੁਬੇਰ ਖਿਲਾਫ ਕਿਵੇਂ ਲੜੀਦਾ ਹੈ? ਸਾਨੂੰ ਨਹੀਂ ਆਉਂਦਾ। ਅਸੀਂ ਹਾਰਦੇ ਜਾ ਰਹੇ ਹਾਂ ਕਿਉਂਕਿ ਸਾਡੇ ਕੋਲ ਹੁਣ ਸਾਡਾ ਰਾਮਚੰਦਰ ਨਹੀਂ।

ਗਿਆਨ ਪ੍ਰਕਾਸ਼ ਬਿਬੇਕ ਨੇ ਆਪਣੇ ਪਿੰਡ ਉਪਰ ਲੇਖ ਲਿਖਿਆ ਜਿਸ ਦਾ ਸਿਰਲੇਖ ਹੈ, 'ਇਕ ਪਿੰਡ ਦਾ ਚਿਹਰਾ'। ਉਸ ਵਿਚ ਦੋ ਚਾਰ ਪੰਕਤੀਆਂ ਇਹ ਵੀ ਹਨ-ਮੇਰਾ ਪਿੰਡ ਚੁਪ ਚਾਪ ਰਹਿੰਦਾ ਹੈ, ਉਦਾਸ ਉਦਾਸ। ਘੱਟ ਹਸਦੈ। ਸਾਲ ਵਿਚ ਦੋ ਤਿੰਨ ਵਾਰ ਬਸ ਤਿਓਹਾਰਾਂ ਦੇ ਦਿਨੀਂ ਹੱਸ ਪੈਂਦੈ। ਮੇਰੇ ਪਿੰਡ ਵਿਚ ਸਾਰਾ ਕੁਝ ਈ ਸੁਹਣੈ ਪਰ ਮੈਨੂੰ ਹਵਾਵਾਂ ਦੀ ਇਕ ਆਦਤ ਚੰਗੀ ਨੀਂ ਲਗਦੀ। ਉਹ ਦੀਵਿਆਂ ਨਾਲ ਲੁਕਣ-ਮੀਟੀ ਦੀ ਖੇਡ ਕਿਉਂ ਖੇਡਦੀਆਂ ਹਨ? ਕਦੀ ਕਦੀ ਤਾਂ ਮੈਨੂੰ ਇਉਂ ਲਗਦਾ ਹੈ ਜਿਵੇਂ ਮੇਰਾ ਪਿੰਡ ਬਣਵਾਸ ਭੋਗਦਾ ਹੋਇਆ ਰਾਜਾ ਰਾਮਚੰਦਰ ਹੋਵੇ।

ਮੈਂ ਰੇਲ ਰਾਹੀਂ ਦੂਰ ਦੱਖਣ ਵਲ ਜਾ ਰਿਹਾ ਸਾਂ। ਮਨ ਉਪਰ ਕਿਸ ਦਾ ਵਸ? ਕੀ ਪਤਾ ਕਦ ਹਾਸਾ ਆ ਜਾਵੇ, ਕਦ ਉਦਾਸੀ। ਅਚਾਨਕ ਮੇਰੀਆਂ ਅੱਖਾਂ ਭਰ ਆਈਆਂ ਤਾਂ ਸਾਹਮਣੇ ਬੈਠੇ ਮੁਸਾਫਰ ਨੇ ਪੁੱਛਿਆ, ਕਿਆ ਬਾਤ ਹੁਈ ਭਾਈ ਸਾਹਿਬ?

ਮੈਂ ਕੀ ਦਸਦਾ? ਅਜਨਬੀ ਨਾਲ ਕੀ ਵਾਰਤਾ? ਮੈਂ ਕਿਹਾ, ਪੁਰਾਣੀ ਗੱਲ ਯਾਦ ਆ ਗਈ ਸੀ ਇਕ। ਮੈਨੂੰ ਉਸ ਗੁਨਾਹ ਦੀ ਸਜ਼ਾ ਮਿਲੀ ਜਿਹੜਾ ਮੈਂ ਕੀਤਾ ਨਹੀਂ ਸੀ।

ਉਹ ਹੱਸ ਪਿਆ, ਆਪ ਸ੍ਰੀ ਰਾਮਚੰਦਰ ਜੀ ਸੇ ਭੀ ਬੜੇ ਹੋ? ਕਿਆ ਪਾਪ ਕੀਆ ਥਾ? ਚੌਦਹ ਸਾਲ ਕਾ ਬਨਵਾਸ ਮਿਲਾ। ਭਗਵਾਨ ਸਜਾਓਂ ਸੇ ਨਹੀਂ ਬਚ ਪਾਏ, ਹਮ ਕਿਆ ਚੀਜ਼ ਹੈਂ ਭਾਈ। ਭਗਵਾਨ ਕਾ ਨਾਮ ਲੋ। ਰਾਮ ਰਾਮ।

## ਜਾਚ-ਏ-ਜ਼ਿੰਦਗੀ

ਹਿੰਮਤ ਦੇ ਨਾਲ ਯਾਰੀ ਰੱਖੀਂ।
ਆਲਸ ਸਦਾ ਵਿਸਾਰੀ ਰੱਖੀਂ।
ਮੰਜ਼ਿਲ ਹੋਵੇ ਦੂਰ ਕਿੰਨੀ ਵੀ,
ਚੱਲਣਾ ਸਦਾ ਹੀ ਜਾਰੀ ਰੱਖੀਂ।

ਵੇਖੀ ਮਨ ਨਾ ਮੱਠਾ ਪੈ'ਜੇ,
ਮੱਤ ਦੀ ਚੋਟ ਕਰਾਰੀ ਰੱਖੀਂ।
ਰਹੀਂ ਸਦਾ ਜ਼ਮੀਨ ਉਤੇ ਹੀ,
ਅਕਾਸ਼ੀਂ ਭਾਵੇਂ ਉਡਾਰੀ ਰੱਖੀਂ।

ਨਫਰਤਾਂ ਦੀ ਬਦਬੂ ਨਾ ਆ'ਜੇ,
ਪਿਆਰ-ਖੁਸ਼ਬੂ ਖਿਲਾਰੀ ਰੱਖੀਂ।
ਜੋ ਚੜਦੇ ਸੂਰਜ ਵਾਂਗੂ ਚਮਕੇ,
ਉਚੀ-ਸੁੱਚੀ ਸਰਦਾਰੀ ਰੱਖੀਂ।

ਸਮੇਂ ਨਾਲ ਹੋਰ ਹੋਵੇ ਗੂੜੀ,
ਗੁਣਾਂ ਨਾਲ ਐਸੀ ਯਾਰੀ ਰੱਖੀਂ।
'ਦਵਿੰਦਰਾ' ਸਭ ਦੀ ਚਿੰਤਾ ਉਹਨੂੰ,
ਨਾ ਫਿਕਰਾਂ ਦੀ ਪਾ ਪੰਜਾਲੀ ਰੱਖੀਂ।

**-ਦਵਿੰਦਰ ਸਿੰਘ ਸੇਖੋਂ**
**ਫੀਨਿਕਸ, ਐਰੀਜ਼ੋਨਾ।**

## ਗੁਰ ਤੇ ਗਿਆਨੁ ਪਾਏ ਜਨੁ ਕੋਇ

### ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ ੩**
ਗੁਰ ਤੇ ਗਿਆਨੁ ਪਾਏ ਜਨੁ ਕੋਇ॥
ਗੁਰ ਤੇ ਬੂਝੈ ਸੀਝੈ ਸੋਇ॥
ਗੁਰ ਤੇ ਸਹਜੁ ਸਾਚੁ ਬੀਚਾਰੁ॥
ਗੁਰ ਤੇ ਪਾਏ ਮੁਕਤਿ ਦੁਆਰੁ॥੧॥
ਪੂਰੈ ਭਾਗਿ ਮਿਲੈ ਗੁਰੁ ਆਇ॥
ਸਾਚੈ ਸਹਜਿ ਸਾਚਿ ਸਮਾਇ॥੧॥ਰਹਾਉ॥
ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ॥
ਗੁਰ ਤੇ ਸਾਂਤਿ ਵਸੈ ਮਨਿ ਆਏ॥
ਗੁਰ ਤੇ ਪਵਿਤ ਪਾਵਨ ਸੁਚਿ ਹੋਇ॥
ਗੁਰ ਤੇ ਸਬਦਿ ਮਿਲਾਵਾ ਹੋਇ॥੨॥
ਬਾਝੁ ਗੁਰੂ ਸਭ ਭਰਮਿ ਭੁਲਾਈ॥
ਬਿਨੁ ਨਾਵੈ ਬਹੁਤਾ ਦੁਖੁ ਪਾਈ॥
ਗੁਰਮੁਖਿ ਹੋਵੈ ਸੁ ਨਾਮੁ ਧਿਆਈ॥
ਦਰਸਨਿ ਸਚੈ ਸਚੀ ਪਤਿ ਹੋਈ॥੩॥
ਕਿਸ ਨੋ ਕਹੀਐ ਦਾਤਾ ਇਕੁ ਸੋਈ॥
ਕਿਰਪਾ ਕਰੇ ਸਬਦਿ ਮਿਲਾਵਾ ਹੋਈ॥
ਮਿਲਿ ਪ੍ਰੀਤਮ ਸਾਚੇ ਗੁਣ ਗਾਵਾ॥
ਨਾਨਕ ਸਾਚੇ ਸਾਚਿ ਸਮਾਵਾ॥੪॥

ਸਤਿਗੁਰੂ ਪਿਤਾ ਜੀ ਆਖਦੇ ਹਨ- ਹੇ ਭਾਈ! ਕੋਈ ਵਡਭਾਗਾ ਜੀਵ ਗੁਰੂ ਦੀ ਮੱਤ ਲੈ ਕੇ ਉਸ ਮਿਹਰਵਾਨ ਪ੍ਰਭ ਨਾਲ ਆਪਣੀ ਸਾਂਝ ਪਾ ਲੈਂਦਾ ਹੈ। ਜਿਹੜਾ ਜੀਵ ਗੁਰੂ ਕੋਲੋਂ ਇਹ ਸੂਝ ਪ੍ਰਾਪਤ ਕਰ ਲੈਂਦਾ ਹੈ, ਉਹ ਜ਼ਿੰਦਗੀ ਦੀ ਖੇਡ ਵਿਚ ਕਾਮਯਾਬ ਹੋ ਜਾਂਦਾ ਹੈ। ਫਿਰ ਉਹ ਜੀਵ ਗੁਰੂ ਕੋਲੋਂ ਸਹਿਜ ਅਵਸਥਾ 'ਚ ਅਡੋਲਤਾ ਅਤੇ ਸੱਚੇ ਪ੍ਰਭੂ ਦੇ ਗੁਣਾਂ ਦੀ ਵਿਚਾਰ ਦੀ ਪ੍ਰਾਪਤ ਕਰ ਲੈਂਦਾ ਹੈ ਅਤੇ ਗੁਰੂ ਕੋਲੋਂ ਵਿਕਾਰਾਂ ਤੋਂ ਮੁਕਤੀ ਪਾਉਣ ਦਾ ਦਰਵਾਜ਼ਾ ਦੀ ਲੱਭ ਲੈਂਦਾ ਹੈ।

ਪੂਰੈ ਭਾਗਿ ਮਿਲੈ ਗੁਰੁ ਆਇ॥
ਸਾਚੈ ਸਹਜਿ ਸਾਚਿ ਸਮਾਇ॥੧॥ਰਹਾਉ॥

ਸ੍ਰੀ ਗੁਰੂ ਅਰਜਨ ਦੇਵ ਇਸ ਪਾਵਨ ਸ਼ਬਦ ਦੀ 'ਰਹਾਉ' ਵਾਲੀ ਪੰਕਤੀ ਵਿਚ ਆਖ ਰਹੇ ਹਨ-ਹੇ ਭਾਈ! ਵੱਡੇ ਭਾਗਾਂ ਨਾਲ ਜਿਸ ਵਡਭਾਗੇ ਜੀਵ ਨੂੰ ਗੁਰੂ ਆ ਕੇ ਮਿਲ ਪੈਂਦਾ ਹੈ; ਸਾਚੈ ਸਹਜਿ ਸਾਚਿ ਸਮਾਇ, ਫਿਰ ਉਹ ਜੀਵ ਸਦਾ ਹੀ ਅੱਟਲ ਅਤੇ ਥਿਰ ਰਹਿਣ ਵਾਲੇ ਉਸ ਮਾਲਕ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ ਅਤੇ ਆਤਮਿਕ ਅਡੋਲਤਾ ਵਿਚ ਸਦਾ ਲਈ ਟਿਕ ਜਾਂਦਾ ਹੈ।

ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ॥
ਗੁਰ ਤੇ ਸਾਂਤਿ ਵਸੈ ਮਨਿ ਆਏ॥
ਗੁਰ ਤੇ ਪਵਿਤ ਪਾਵਨ ਸੁਚਿ ਹੋਇ॥
ਗੁਰ ਤੇ ਸਬਦਿ ਮਿਲਾਵਾ ਹੋਇ॥੨॥

ਗੁਰਦੇਵ ਆਖਦੇ ਹਨ, ਹੇ ਭਾਈ! ਜੇ ਪੂਰਾ ਗੁਰੂ ਮਿਲ ਪਵੇ ਤਾਂ ਜੀਵ ਆਪਣੇ ਅੰਦਰੋਂ ਤ੍ਰਿਸ਼ਨਾ ਦੀ ਅੱਗ ਬੁਝਾ ਲੈਂਦਾ ਹੈ ਤੇ ਗੁਰੂ ਦੇ ਮਿਲਾਪ ਨਾਲ ਹੀ ਜੀਵ ਦੇ ਅੰਦਰ ਸ਼ਾਂਤੀ ਆ ਕੇ ਨਿਵਾਸ ਕਰ ਲੈਂਦੀ ਹੈ। ਹੇ ਭਾਈ! ਪੂਰੇ ਗੁਰੂ ਕੋਲੋਂ ਹੀ ਆਤਮਿਕ ਪਵਿੱਤਰਤਾ ਅਤੇ ਆਤਮਿਕ ਸੁੱਚ ਮਿਲਦੀ ਹੈ। ਗੁਰੂ ਰਾਹੀਂ ਹੀ ਜੀਵ ਦਾ ਗੁਰੂ ਦੇ ਸ਼ਬਦ ਨਾਲ ਜੁੜ ਕੇ ਪ੍ਰਭੂ ਨਾਲ ਮਿਲਾਪ ਹੁੰਦਾ ਹੈ।

ਬਾਝੁ ਗੁਰੂ ਸਭ ਭਰਮਿ ਭੁਲਾਈ॥
ਬਿਨੁ ਨਾਵੈ ਬਹੁਤਾ ਦੁਖੁ ਪਾਈ॥
ਗੁਰਮੁਖਿ ਹੋਵੈ ਸੁ ਨਾਮੁ ਧਿਆਈ॥
ਦਰਸਨਿ ਸਚੈ ਸਚੀ ਪਤਿ ਹੋਈ॥੩॥

ਹੇ ਭਾਈ! ਗੁਰੂ ਤੋਂ ਬਿਨਾਂ ਇਹ ਸਾਰੀ ਦੁਨੀਆਂ ਭਰਮ ਭਟਕਣਾ ਵਿਚ ਪੈ ਕੇ ਕੁਰਾਹੇ ਪਈ ਰਹਿੰਦੀ ਹੈ, ਪ੍ਰਭੂ ਦੇ ਨਾਮ ਤੋਂ ਬਿਨਾਂ ਦੁਨੀਆਂ ਬਹੁਤਾ ਦੁੱਖ ਪਾ ਰਹੀ ਹੈ; ਗੁਰਮੁਖਿ ਹੋਵੈ ਸੁ ਨਾਮੁ ਧਿਆਈ, ਜਿਹੜਾ ਭਾਗਾਂ ਵਾਲਾ ਜੀਵ ਗੁਰੂ ਦੀ ਸ਼ਰਨ ਪੈ ਜਾਂਦਾ ਹੈ, ਉਸ ਮਿਹਰਵਾਨ ਪ੍ਰਭ ਦਾ ਨਾਮ ਸਿਮਰਨ ਕਰਦਾ ਹੈ, ਉਸ ਨੂੰ ਪ੍ਰਭੂ ਦੇ ਦਰਸ਼ਨਾਂ ਵਿਚ ਲੀਨ ਹੋ ਕੇ ਸਦਾ ਲਈ ਸਤਿਕਾਰ ਮਿਲ ਜਾਂਦਾ ਹੈ।

ਕਿਸ ਨੋ ਕਹੀਐ ਦਾਤਾ ਇਕੁ ਸੋਈ॥
ਕਿਰਪਾ ਕਰੇ ਸਬਦਿ ਮਿਲਾਵਾ ਹੋਈ॥
ਮਿਲਿ ਪ੍ਰੀਤਮ ਸਾਚੇ ਗੁਣ ਗਾਵਾ॥
ਨਾਨਕ ਸਾਚੇ ਸਾਚਿ ਸਮਾਵਾ॥੪॥

ਗੁਰਦੇਵ ਆਖਦੇ ਹਨ, ਹੇ ਭਾਈ! ਉਸ ਮਿਹਰਵਾਨ ਪ੍ਰਭੂ ਦੇ ਨਾਮ ਦੀ ਦਾਤ ਵਾਸਤੇ ਭਲਾ ਉਸੇ ਪ੍ਰਭ ਤੋਂ ਬਿਨਾਂ ਹੋਰ ਕਿਸ ਨੂੰ ਬੇਨਤੀ ਕੀਤੀ ਜਾਵੇ, ਇਹ ਦਾਤ ਦੇਣ ਵਾਸਤੇ ਤਾਂ ਉਹ ਪ੍ਰਭੂ ਆਪ ਹੀ ਸਮਰੱਥ ਹੈ, ਜਿਸ ਜੀਵ ਉਤੇ ਉਹ ਆਪਣੀ ਮਿਹਰ ਕਰ ਦਿੰਦਾ ਹੈ, ਗੁਰੂ ਦੇ ਸ਼ਬਦ ਰਾਹੀਂ ਉਸ ਦਾ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ। ਨਾਨਕ ਦੀ ਵੀ ਅਰਦਾਸ ਹੈ ਕਿ ਗੁਰਦੇਵ ਪ੍ਰੀਤਮ ਨੂੰ ਮਿਲ ਕੇ ਸਦਾ ਅੱਟਲ ਰਹਿਣ ਵਾਲੇ ਪ੍ਰਭੂ ਦੇ ਗੁਣ ਗਾਵਾਂ ਅਤੇ ਉਸੇ ਵਿਚ ਹੀ ਲੀਨ ਹੋ ਜਾਵਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਐਮਰਜੈਂਸੀ ਅਤੇ 'ਕੱਖ-ਕਾਨਾਂ' ਦੀ ਵਾਰੀ-2

# ਲੱਗ ਗਈਆਂ ਹੱਥਕੜੀਆਂ

***'ਐਮਰਜੈਂਸੀ ਤੇ ਕੱਖ-ਕਾਨਾਂ ਦੀ ਵਾਰੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਐਮਰਜੈਂਸੀ ਨਾਲ ਜੁੜੀਆਂ ਯਾਦਾਂ ਦਾ ਵਰਕਾ ਫਰੋਲਿਆ ਹੈ। ਉਹ ਅਜਿਹਾ ਵਕਤ ਸੀ ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਬੰਦ ਕਰਨ ਦਾ ਹੀਲਾ ਕੇਂਦਰ ਸਰਕਾਰ ਨੇ ਕੀਤਾ ਸੀ। ਬਹੁਤ ਸਾਰੇ ਆਗੂਆਂ, ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਉਤੇ ਵੱਖ-ਵੱਖ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਨਾਮੀ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਇਸ ਲੰਮੀ ਲੇਖ ਲੜੀ ਵਿਚ ਇਸ ਜੇਲ੍ਹ ਯਾਤਰਾ ਦੇ ਹਵਾਲੇ ਨਾਲ ਆਪਣੇ ਸਮਾਜ ਅਤੇ ਸਿਸਟਮ ਬਾਰੇ ਸਾਰਥਕ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਵਿਚ ਬਤੌਰ ਲੇਖਕ ਉਨ੍ਹਾਂ ਆਵਾਮ ਦੇ ਸਰੋਕਾਰ ਸਾਂਝੇ ਕੀਤੇ ਹਨ। 'ਲੱਗ ਗਈਆਂ ਹੱਥਕੜੀਆਂ' ਵਿਚ ਉਨ੍ਹਾਂ ਪੁਲਿਸ ਦੇ ਕਿਰਦਾਰ ਅਤੇ ਕਾਰਵਾਈਆਂ ਬਾਰੇ ਖੁਲਾਸਾ ਕੀਤਾ ਹੈ। -ਸੰਪਾਦਕ***

ਰਾਤ ਪੈ ਗਈ ਸੀ। ਪੁਲਿਸ ਵੱਲੋਂ ਲਿਆਂਦੀ ਰੋਟੀ ਖਾਧੀ ਅਤੇ ਲੇਟ ਗਏ। ਰਘਬੀਰ ਨੂੰ ਤਾਂ ਉਸ ਦੇ ਘਰੋਂ ਸਭ ਦੇ ਸਾਹਮਣੇ ਲਿਆਏ ਸਨ, ਪਰ ਮੇਰੇ ਘਰਦਿਆਂ ਨੂੰ ਤਾਂ ਪਤਾ ਹੀ ਨਹੀਂ ਸੀ। ਮੈਨੂੰ ਇਕਦਮ ਗੁੰਮ ਹੋ ਗਿਆ ਜਾਣ ਕੇ ਉਨ੍ਹਾਂ ਦੀ ਕੀ ਹਾਲਤ ਹੋਵੇਗੀ! ਰਘਬੀਰ ਤਾਂ ਉਂਜ ਵੀ ਛੜਾ-ਛਾਂਟ ਸੀ। ਮੇਰੇ ਸਿਰ 'ਤੇ ਤਾਂ ਪਰਿਵਾਰ ਦੀ ਜ਼ਿੰਮੇਵਾਰੀ ਸੀ। ਮੈਂ ਬੱਚੀ ਅਤੇ ਪਤਨੀ ਬਾਰੇ ਪਲ ਭਰ ਲਈ ਫ਼ਿਕਰਮੰਦ ਹੋਇਆ, ਫਿਰ 'ਆਪੇ ਜੋ ਹੋਊ ਵੇਖੀ ਜਾਊ' ਸੋਚ ਕੇ ਅਗਲੇ ਹਾਲਾਤ ਲਈ ਆਪਣੇ ਆਪ ਨੂੰ ਤਿਆਰ ਕਰ ਲਿਆ। ਹੌਲੀ-ਹੌਲੀ ਮੈਨੂੰ ਗੂੜ੍ਹੀ ਨੀਂਦ ਨੇ ਘੇਰ ਲਿਆ।

ਤੜਕੇ ਜਾਗ ਆਈ ਤਾਂ ਇੱਕ ਬਜ਼ੁਰਗ ਸਿਪਾਹੀ ਨੇ ਆਪਣੀ ਸਫ਼ੈਦ ਦਰਸ਼ਨੀ ਦਾੜ੍ਹੀ ਠਾਠੀ ਨਾਲ ਬੰਨ੍ਹੀ ਹੋਈ ਸੀ ਅਤੇ 'ਜਪੁ ਜੀ ਸਾਹਿਬ' ਦਾ ਪਾਠ ਕਰ ਰਿਹਾ ਸੀ। ਮੈਂ ਆਪਣੇ ਲਾਗੇ ਲੇਟੇ



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

ਰਘਬੀਰ ਨੂੰ ਕਿਹਾ, "ਵੇਖ ਲੈ, ਪੁਲਿਸ ਵਿਚ ਵੀ ਇਸ ਤਰ੍ਹਾਂ ਦੇ ਗੁਰਮੁਖ ਬੰਦੇ ਹੈਗੇ ਨੇ।"

"ਰਾਤ ਵਾਲੇ ਨਾਕੇ ਦੀ ਸੁਣਾ।" 'ਸੁੰਦਰ' ਨੇ ਪਾਠੀ ਸਿਪਾਹੀ ਦਾ ਨਾਂ ਲੈ ਕੇ ਉਸ ਤੋਂ ਪੁੱਛਿਆ ਪਰ ਉਹ ਉਸ ਵੱਲ ਧਿਆਨ ਦਿੱਤੇ ਬਿਨਾਂ ਪਾਠ ਕਰੀ ਗਿਆ।

ਮੈਂ ਧਾਰਮਿਕ ਬੰਦਾ ਨਹੀਂ ਤੇ ਨਾ ਹੀ ਕਦੀ ਪਾਠ-ਪੂਜਾ ਕੀਤੀ ਹੈ ਪਰ ਉਸ ਬਜ਼ੁਰਗ ਸਿਪਾਹੀ ਦੀ ਨਿਸ਼ਠਾ ਮੈਨੂੰ ਚੰਗੀ ਲੱਗੀ।

"ਉਏ! ਸੁਣਾ ਰਾਤ ਵਾਲੇ ਨਾਕੇ ਦੀ!" 'ਸੁੰਦਰ' ਨੇ ਫਿਰ ਪੁੱਛਿਆ। ਜ਼ਾਹਿਰ ਸੀ ਕਿ ਉਹ ਰਾਤੀਂ ਕਿਸੇ ਨਾਕੇ 'ਤੇ ਡਿਊਟੀ ਦੇਣ ਗਿਆ ਸੀ ਅਤੇ ਸਵੇਰੇ ਨਾਕੇ ਤੋਂ ਪਰਤ ਕੇ ਨਿੱਤ-ਕਿਰਿਆ ਤੋਂ ਵਿਹਲਾ ਹੋ ਕੇ ਪਾਠ ਕਰ ਰਿਹਾ ਸੀ।

ਉਸ ਨੇ ਇਸ ਵਾਰੀ ਵੀ 'ਸੁੰਦਰ' ਦੀ ਪੁੱਛ ਦਾ ਕੋਈ ਉਤਰ ਨਾ ਦਿੱਤਾ। 'ਪਵਨ ਗੁਰੂ ਪਾਣੀ ਪਿਤਾ' ਤੱਕ ਪੁੱਜਦਿਆਂ 'ਸੁੰਦਰ' ਨੇ ਆਪਣਾ ਸਵਾਲ ਤਿਹਰਾ ਦਿੱਤਾ।

"...ਗਏ ਮੁਸੱਕਤਿ ਘਾਲ। ਨਾਨਕ ਤੇ ਮੁਖ ਉਜਲੇ ਕੇਤੀ ਛੁੱਟੀ ਨਾਲ", ਆਖ ਕੇ ਪਹਿਲਾਂ ਤਾਂ ਉਸ ਨੇ ਤੁਰਤ 'ਵਾਗੁਰ ਜੀ ਕੀ ਫ਼ਤਿਹ' ਬੋਲੀ ਅਤੇ ਫਿਰ ਪੈਂਦਿਆਂ ਹੀ ਛੁੱਟ ਪਿਆ: "ਨਾਕਾ ਲਾਇਆ ਸੀ ਇਨ੍ਹਾਂ ਦੀ ਭੈਣ...। ਆਪਾਂ ਚਿੱਤੜਾਂ ਪਿੱਛੇ ਬੋਤਲ ਅੜਾ ਕੇ ਲੈ ਗਏ ਸਾਂ। ਪੀ ਕੇ, ਟੁੰਨ ਹੋ ਕੇ ਨਾਕੇ ਦੇ ਇੱਕ ਪਾਸੇ ਸੁੱਤੇ ਰਹੇ ਆਂ ਸਾਰੀ ਰਾਤ। ਇਹ ਮੁਨਸ਼ੀ...ਆਪਣੇ ਆਪ ਨੂੰ ਬਹੁਤਾ ਚਾਤਰ ਸਮਝਦੈ। ਆਪਾਂ ਇਹੋ ਜਿਹੇ ਸੌ ਖਾਧੇ ਪੀਤੇ। ਕੱਲ੍ਹ ਦੇ ਛੋਕਰੇ ਦੋ ਜਮਾਤਾਂ ਪੜ੍ਹ ਕੇ ਮੁਨਸ਼ੀ ਬਣੇ ਫਿਰਦੇ ਆ। ਅੰਗਰੇਜ਼ ਕੋਈ ਫੂਦੂ ਸੀ! ਸਰਦਾਰ ਜੀ! ਓਨਾ ਚਿਰ ਉਹ ਅਗਲੇ ਨੂੰ ਮੁਨਸ਼ੀ ਨਹੀਂ ਸੀ ਬਣਾਉਂਦੇ, ਜਿੰਨਾ ਚਿਰ ਅਗਲੇ ਦੀਆਂ...ਨਾ ਚਿੱਟੀਆਂ ਹੋ ਜਾਣ!"

ਉਸ ਦੀ ਧਾਰਮਿਕਤਾ ਪਿੱਛੇ ਲੁਕਿਆ ਉਸ ਦਾ ਮਨ ਅਤੇ ਉਸ ਦੀ 'ਪੁਲਿਸੀ ਭਾਸ਼ਾ' ਇਕਦਮ ਪ੍ਰਗਟ ਹੋ ਗਏ। ਕਿੰਨਾ ਚਿਰ ਅਸੀਂ ਸਿਪਾਹੀਆਂ ਨਾਲ ਮਿਲ ਕੇ ਇਸ ਨਿਵੇਕਲੀ 'ਭਾਸ਼ਾ ਵੰਨਗੀ' ਉਤੇ ਹੱਸਦੇ ਰਹੇ। ਹਾਸੇ ਹਾਸੇ ਵਿਚ ਹੀ ਅਸੀਂ ਆਪਣੇ ਆਪ ਨੂੰ ਅੱਗਿਉਂ ਵਾਪਰਨ ਵਾਲੀ ਹੋਣੀ ਲਈ ਤਿਆਰ ਕਰ ਲਿਆ।

ਦੇਰ ਰਾਤ ਕਿਤੇ ਡੀ.ਐਸ.ਪੀ. ਥਾਣੇ ਵਿਚ ਆਇਆ। ਫ਼ੈਸਲੇ ਮੁਤਾਬਕ ਭਿੱਖੀਵਿੰਡ ਚੌਕ ਵਿਚ ਮੱਛੀ ਅਤੇ ਫ਼ਲ ਵੇਚਣ ਵਾਲੇ ਦੋ ਪੱਕੇ ਪੁਲਿਸ-ਟਾਊਟਾਂ ਦੀ 'ਰਿਪੋਰਟ' 'ਤੇ ਸਾਡੇ ਖ਼ਿਲਾਫ਼ ਐਫ਼.ਆਈ.ਆਰ. ਦਰਜ ਕੀਤੀ ਗਈ। ਉਨ੍ਹਾਂ ਟਾਊਟਾਂ ਨੇ 'ਸਾਨੂੰ ਕਿਸੇ ਪਸਿੱਤੇ ਥਾਂ ਲੋਕਾਂ ਦੇ ਇਕੱਠ ਨੂੰ ਸਰਕਾਰ ਖ਼ਿਲਾਫ਼ ਬਗ਼ਾਵਤ ਲਈ ਉਕਸਾਉਂਦਿਆਂ ਅਤੇ ਵੱਡੀ ਸਾਜ਼ਿਸ਼ ਰਚਦਿਆਂ ਸੁਣਿਆ ਸੀ। ਅਜਿਹੇ 'ਦੇਸ਼-ਗਦਾਰਾਂ' ਦੇ ਨਾਪਾਕ ਇਰਾਦਿਆਂ ਦੇ ਪੂਰੇ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਦੀ 'ਦੇਸ਼-ਭਗਤੀ' ਦੀ 'ਪਵਿੱਤਰ ਭਾਵਨਾ' ਉਨ੍ਹਾਂ ਟਾਊਟਾਂ ਨੂੰ ਪੁਲਿਸ ਕੋਲ ਖਿੱਚ ਲਿਆਈ ਸੀ ਤਾਂ ਕਿ ਮੁਲਕ ਨੂੰ ਹੋਣ ਵਾਲੀ ਕਿਸੇ 'ਵੱਡੀ ਬਗ਼ਾਵਤ' ਦੇ ਨੁਕਸਾਨ ਤੋਂ ਜਿਵੇਂ-ਕਿਵੇਂ ਬਚਾ ਲਿਆ ਜਾਵੇ!'


ਕਾਗ਼ਜ਼ੀ ਕਾਰਵਾਈ ਪੂਰੀ ਕਰਦਿਆਂ ਲੌਢਾ ਵੇਲਾ ਹੋ ਗਿਆ। ਸਾਨੂੰ ਦੋਹਾਂ ਨੂੰ ਹੱਥਕੜੀਆਂ ਲਾ ਕੇ ਅਦਾਲਤ ਵਿਚ ਪੇਸ਼ ਕਰਨ ਲਈ ਪੁਲਿਸ ਕਰਮਚਾਰੀ ਲੈ ਤੁਰੇ। 'ਪੱਟੀ' ਨੂੰ ਜਾਣ ਵਾਲੀ ਬੱਸ ਅਜੇ ਆਉਣ ਵਾਲੀ ਸੀ। ਚੌਕ ਵਿਚ ਲੱਕੜ ਦੇ ਤਖ਼ਤਪੋਸ਼ 'ਤੇ ਅਸੀਂ ਬੈਠੇ ਸਾਂ। ਇਸ ਚੌਕ ਵਿਚ ਅਸੀਂ ਲੋਕਾਂ ਦੇ ਜਾਣੇ ਪਛਾਣੇ ਬੰਦੇ ਸਾਂ। ਆਪੋ ਆਪਣੇ ਸਕੂਲਾਂ ਤੋਂ ਛੁੱਟੀ ਹੋਣ ਤੋਂ ਬਾਅਦ ਅਸੀਂ ਅਕਸਰ ਇਸ ਚੌਕ ਵਿਚ ਇਕੱਠੇ ਹੁੰਦੇ ਰਹਿੰਦੇ ਸਾਂ। ਦੂਜੇ ਅਧਿਆਪਕ ਸਾਥੀਆਂ ਨੂੰ ਮਿਲਦੇ। ਲਾਟੀ ਦੀ ਦੁਕਾਨ 'ਤੇ ਬੈਠ ਕੇ ਚਾਹ-ਪਾਣੀ ਛਕਦੇ। ਅਧਿਆਪਕਾਂ, ਸਮਾਜ ਅਤੇ ਮੁਲਕ ਦੇ ਮਸਲਿਆਂ ਬਾਰੇ ਚਰਚਾ ਕਰਦੇ। ਅਸੀਂ ਭਿਖੀਵਿੰਡ ਵਿਚ ਸਾਹਿਤ ਕੇਂਦਰ ਵੀ ਬਣਾਇਆ ਹੋਇਆ ਸੀ। ਹਾਈ ਸਕੂਲ ਵਿਚ ਉਸ ਦੀਆਂ ਮੀਟਿੰਗਾਂ ਕਰਦੇ। ਵੱਡੇ ਸਾਹਿਤਕਾਰਾਂ ਨੂੰ ਇਨ੍ਹਾਂ ਮੀਟਿੰਗਾਂ ਵਿਚ ਸੱਦਦੇ। ਲੋਕ ਮੈਨੂੰ ਲੇਖਕ ਵਜੋਂ ਵੀ ਜਾਣਦੇ-ਪਛਾਣਦੇ ਸਨ। ਉਨ੍ਹਾਂ ਲੋਕਾਂ ਵਿਚ ਅਸੀਂ ਆਦਰ ਸਤਿਕਾਰ ਦੇ ਪਾਤਰ ਸਾਂ, ਪਰ ਹੁਣ ਅਸੀਂ ਹੱਥਕੜੀਆਂ ਵਿਚ ਜਕੜੇ ਉਨ੍ਹਾਂ ਸਾਹਮਣੇ ਬੈਠੇ ਸਾਂ।

ਨੇੜਲੇ ਜਾਣੂ ਲੋਕਾਂ ਨੂੰ ਛੱਡ ਕੇ ਉਨ੍ਹਾਂ ਸਭ ਨੂੰ ਕੀ ਪਤਾ ਕਿ ਸਾਨੂੰ ਕਿਉਂ ਗ੍ਰਿਫ਼ਤਾਰ ਕੀਤਾ ਗਿਆ ਸੀ! ਲੋਕ ਜਗਿਆਸੂ ਨਜ਼ਰਾਂ ਨਾਲ ਸਾਨੂੰ ਜਾਚਦੇ ਹੋਏ ਆਪਸ ਵਿਚ ਘੁਸਰ-ਮੁਸਰ ਕਰਦੇ। ਮੈਂ ਆਪਣੇ ਆਪ ਨੂੰ ਗੁਨਾਹਗਾਰ ਸਮਝਦਿਆਂ ਸੋਚਣ ਲੱਗਾ ਕਿ ਇਸ ਚੌਕ ਵਿਚ ਦੁਕਾਨਾਂ ਵਾਲੇ ਇੰਨੇ ਜਾਣੂ ਹੋਣ ਦੇ ਬਾਵਜੂਦ ਕੋਈ ਸਾਡੇ ਕੋਲ ਕਿਉਂ ਨਹੀਂ ਸੀ ਆਇਆ! ਕੀ ਉਹ ਸਾਡਾ ਪਤਾ ਲੱਗਣ 'ਤੇ ਦੂਰੋਂ ਹੀ ਪਾਸਾ ਵੱਟ ਕੇ ਲੰਘ ਗਏ ਹੋਣਗੇ? ਕੀ ਅਸੀਂ ਲੋਕਾਂ ਨਾਲੋਂ ਇੰਨੇ ਹੀ ਟੁੱਟੇ ਅਤੇ ਨਿੱਖੜੇ ਹੋਏ ਹਾਂ! ਕੀ ਐਮਰਜੈਂਸੀ ਦੀ ਦਹਿਸ਼ਤ ਹੀ ਇੰਨੀ ਹੈ ਕਿ ਹਰ ਕੋਈ ਪਹਿਲਾਂ ਆਪਣਾ ਬਚਾਅ ਵੇਖਦਾ ਹੈ! ਕੀ ਲੋਕ ਇੰਨੇ ਹੀ ਸੌਂ ਗਏ ਹਨ!

ਵੇਖਣ ਵਾਲੇ ਤਾਂ ਇਹੋ ਸਮਝਦੇ ਹੋਣਗੇ ਕਿ ਅਸਾਂ ਜ਼ਰੂਰ ਕੋਈ ਵੱਡਾ 'ਗੁਨਾਹ' ਕੀਤਾ ਹੋਵੇਗਾ! ਅਧਿਆਪਕ ਬਾਰੇ ਲੋਕਾਂ ਦੇ ਮਨ ਵਿਚ ਇਹੋ ਜਿਹਾ ਮਾੜਾ ਮੋਟਾ ਵਿਚਾਰ ਗੁਜ਼ਰਨਾ ਵੀ ਮੇਰੇ ਲਈ ਵੱਡੀ ਸ਼ਰਮ ਅਤੇ ਨਮੋਸ਼ੀ ਵਾਲੀ ਗੱਲ ਸੀ। ਇਸੇ ਵੇਲੇ ਸਕੂਲ ਵਿਚ ਛੁੱਟੀ ਹੋ ਗਈ। ਕੁੜੀਆਂ ਮੁੰਡਿਆਂ ਦੀ ਭੀੜ ਸਾਡੇ ਦੁਆਲੇ ਇਕੱਠੀ ਹੋ ਗਈ। ਇਸ ਸਕੂਲ ਵਿਚ ਅਸੀਂ ਅਕਸਰ ਆਪਣੀਆਂ ਮੀਟਿੰਗਾਂ ਕਰਦੇ ਸਾਂ। ਇਸੇ ਸਕੂਲ ਵਿਚ ਚਾਨਣ ਸਿੰਘ ਚੀਮੇ ਵਰਗੇ ਯਾਰ ਪੜ੍ਹਾਉਂਦੇ ਸਨ ਜਿਨ੍ਹਾਂ ਕੋਲ ਅਸੀਂ ਅਕਸਰ ਤੁਰੇ ਰਹਿੰਦੇ। ਬਹੁਤ ਸਾਰੇ ਵਿਦਿਆਰਥੀ ਸਾਨੂੰ ਪਛਾਣਦੇ ਸਨ। ਆਪਣੀ ਨਮੋਸ਼ੀ ਵਿਚੋਂ ਉਭਰਨ ਲਈ ਮੇਰੇ ਅੰਦਰਲਾ ਗੁੱਸਾ ਹੁੰਗਾਰਿਆ। ਮੈਂ ਹੱਥਕੜੀਆਂ ਸਮੇਤ ਤਖ਼ਤਪੋਸ਼ ਉਤੇ ਖਲੋ ਗਿਆ ਅਤੇ ਬੋਲਣਾ ਸ਼ੁਰੂ ਕਰ ਦਿੱਤਾ:

"ਦੋਸਤੋ! ਤੁਸੀਂ ਹੈਰਾਨ ਹੁੰਦੇ ਹੋਵੋਗੇ ਕਿ ਪਤਾ ਨਹੀਂ ਅਸੀਂ ਕੀ ਗੁਨਾਹ ਕਰ ਦਿੱਤਾ ਹੈ ਕਿ

***ਕੁੜੀਆਂ ਮੁੰਡਿਆਂ ਦੀ ਭੀੜ ਸਾਡੇ ਦੁਆਲੇ ਇਕੱਠੀ ਹੋ ਗਈ।... ਆਪਣੀ ਨਮੋਸ਼ੀ ਵਿਚੋਂ ਉਭਰਨ ਲਈ ਮੇਰੇ ਅੰਦਰਲਾ ਗੁੱਸਾ ਹੁੰਗਾਰਿਆ। ਮੈਂ ਹੱਥਕੜੀਆਂ ਸਮੇਤ ਤਖ਼ਤਪੋਸ਼ ਉਤੇ ਖਲੋ ਗਿਆ ਅਤੇ ਬੋਲਣਾ ਸ਼ੁਰੂ ਕਰ ਦਿੱਤਾ: "ਦੋਸਤੋ! ਤੁਸੀਂ ਹੈਰਾਨ ਹੁੰਦੇ ਹੋਵੋਗੇ ਕਿ ਪਤਾ ਨਹੀਂ ਅਸੀਂ ਕੀ ਗੁਨਾਹ ਕਰ ਦਿੱਤਾ ਹੈ ਕਿ ਸਾਨੂੰ ਹੱਥਕੜੀਆਂ ਵਿਚ ਜਕੜਿਆ ਹੋਇਆ ਹੈ।... ਅਸੀਂ ਆਪਣੇ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਬੰਦੇ ਹਾਂ ਅਤੇ ਇਹ ਸਰਕਾਰ ਲੋਕਾਂ ਦੀ ਹੱਕ-ਸੱਚ ਦੀ ਆਵਾਜ਼ ਨੂੰ ਬੰਦ ਕਰਨਾ ਚਾਹੁੰਦੀ ਹੈ।... ਅਸੀਂ ਕੋਈ ਲੁੱਚੇ-ਲਫੰਗੇ ਜਾਂ ਗੁੰਡੇ-ਬਦਮਾਸ਼ ਨਹੀਂ; ਇਸ ਦੇ ਉਲਟ ਸਗੋਂ ਇਹ ਸਰਕਾਰੀ ਰਾਜ ਗੁੰਡਾ-ਰਾਜ ਹੈ ਜੋ ਸਾਡੇ ਵਰਗੇ ਲੋਕਾਂ ਨੂੰ ਹੱਥਕੜੀਆਂ ਲਾਉਂਦਾ ਹੈ।"***



ਸਾਨੂੰ ਹੱਥਕੜੀਆਂ ਵਿਚ ਜਕੜਿਆ ਹੋਇਆ ਹੈ। ਤੁਸੀਂ ਸਭ ਜਾਣਦੇ ਹੋ ਕਿ ਅਸੀਂ ਸਕੂਲ ਅਧਿਆਪਕ ਹਾਂ। ਜਿਨ੍ਹਾਂ ਪਿੰਡਾਂ ਵਿਚ ਅਸੀਂ ਪੜ੍ਹਾਉਂਦੇ ਹਾਂ, ਉਹ ਲੋਕ ਅਤੇ ਸਾਥੋਂ ਪੜ੍ਹਨ ਵਾਲੇ ਵਿਦਿਆਰਥੀ ਸਾਡੀ ਇਮਾਨਦਾਰੀ ਅਤੇ ਲਗਨ ਦੇ ਗਵਾਹ ਹਨ। ਸਾਡੇ ਅਧਿਆਪਕ ਸਾਥੀ ਜਾਣਦੇ ਹਨ ਕਿ ਅਸੀਂ ਅਧਿਆਪਕ ਮੰਗਾਂ ਲਈ ਲਗਾਤਾਰ ਲੜਨ ਵਾਲੇ ਲੋਕ ਹਾਂ। ਸਿਆਸੀ ਰੁਚੀਆਂ ਵਾਲੇ ਲੋਕ ਜਾਣਦੇ ਹਨ ਕਿ ਅਸੀਂ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਦੀ ਡਟ ਕੇ ਮੁਖ਼ਾਲਫ਼ਤ ਕਰਨ ਵਾਲੇ ਲੋਕ ਹਾਂ। ਅਸੀਂ ਆਪਣੇ ਦੁਖੀ ਅਤੇ ਗ਼ਰੀਬ ਲੋਕਾਂ ਦੇ ਹੱਕਾਂ ਲਈ ਵੱਖ-ਵੱਖ ਤਰੀਕਿਆਂ ਨਾਲ ਆਵਾਜ਼ ਬੁਲੰਦ ਕਰਨ ਵਾਲੇ ਬੰਦੇ ਹਾਂ ਅਤੇ ਇਹ ਸਰਕਾਰ ਲੋਕਾਂ ਦੀ ਹੱਕ-ਸੱਚ ਦੀ ਆਵਾਜ਼ ਨੂੰ ਬੰਦ ਕਰਨਾ ਚਾਹੁੰਦੀ ਹੈ, ਉਨ੍ਹਾਂ ਦਾ ਗਲ਼ਾ ਘੁੱਟ ਕੇ ਆਪਣੀਆਂ ਮਨ ਆਈਆਂ ਜਾਰੀ ਰੱਖਣਾ ਚਾਹੁੰਦੀ ਹੈ। ਅਸੀਂ ਇਸ ਸਰਕਾਰ ਦੀਆਂ ਲੋਕ-ਮਾਰੂ ਨੀਤੀਆਂ ਦਾ ਗੱਜ-ਵੱਜ ਕੇ ਵਿਰੋਧ ਕਰਦੇ ਹਾਂ। ਅਸੀਂ ਕੋਈ ਲੁੱਚੇ-ਲਫੰਗੇ ਜਾਂ ਗੁੰਡੇ-ਬਦਮਾਸ਼ ਨਹੀਂ; ਇਸ ਦੇ ਉਲਟ ਸਗੋਂ ਇਹ ਸਰਕਾਰੀ ਰਾਜ ਗੁੰਡਾ-ਰਾਜ ਹੈ ਜੋ ਸਾਡੇ ਵਰਗੇ ਲੋਕਾਂ ਨੂੰ ਹੱਥਕੜੀਆਂ ਲਾਉਂਦਾ ਹੈ।"

ਰਘਬੀਰ ਨੇ ਵੀ ਇਸ ਤਰ੍ਹਾਂ ਦੇ ਸ਼ਬਦ ਆਖੇ। ਅਸੀਂ ਐਮਰਜੈਂਸੀ ਅਤੇ ਇੰਦਰਾ ਗਾਂਧੀ ਦੇ ਖ਼ਿਲਾਫ ਜ਼ੋਰਦਾਰ ਨਾਅਰੇ ਲਾਏ। ਇੰਨੇ ਨਾਲ ਸਾਡੇ ਅੰਦਰਲੀ ਨਮੋਸ਼ੀ ਧੋਤੀ ਗਈ। ਸਾਡੇ ਭਾਸ਼ਣਾਂ ਦੀ ਖ਼ਬਰ ਥਾਣੇ ਵੀ ਪਹੁੰਚ ਗਈ। ਉਥੋਂ ਬੰਦਾ ਭੱਜਾ ਆਇਆ ਅਤੇ ਸਾਡੇ ਨਾਲ ਜਾਣ ਵਾਲੇ ਪੁਲਿਸ ਕਰਮੀਆਂ ਨੂੰ ਝਾੜਿਆ, "ਤੁਸੀਂ ਇਨ੍ਹਾਂ ਨੂੰ ਲੈ ਕੇ ਜਾਂਦੇ ਕਿਉਂ ਨਹੀਂ? ਆਪਣੇ ਪਿਓਆਂ ਦੇ ਭਾਸ਼ਣ ਕਰਵਾਉਣ ਡਹੇ ਜੇ! ਉਤੇ ਪਤਾ ਲੱਗ ਗਿਆ ਤਾਂ ਸਾਰਾ ਠਾਣਾ ਵਖ਼ਤ ਨੂੰ ਫੜਿਆ ਜਾਊ!"

ਤੁਰਤ ਟੈਂਪੂ ਕੀਤਾ ਅਤੇ ਉਸ ਵਿਚ ਬਿਠਾ ਕੇ ਸਾਨੂੰ ਪੱਟੀ ਕਚਿਹਿਰੀਆਂ ਲੈ ਗਏ। ਜਾਂਦਿਆਂ ਨੂੰ ਛੁੱਟੀ ਦਾ ਸਮਾਂ ਹੋ ਗਿਆ ਸੀ। ਹੁਣ ਸਾਨੂੰ ਸਵੇਰੇ ਹੀ ਪੇਸ਼ ਕੀਤਾ ਜਾ ਸਕਦਾ ਸੀ। ਵਾਪਸ ਲਿਜਾਣ ਦੀ ਥਾਂ ਸਾਨੂੰ ਰਾਤ ਪੱਟੀ ਥਾਣੇ ਵਿਚ 'ਜਮ੍ਹਾਂ' ਕਰਵਾ ਦਿੱਤਾ ਗਿਆ। ਪੁਰਾਣੇ ਕਿਲ੍ਹੇ ਵਿਚ ਬਣੇ ਇਸ ਥਾਣੇ ਵਿਚ ਲਿਜਾ ਕੇ ਸਾਨੂੰ ਹਵਾਲਾਤ ਵਿਚ ਬੰਦ ਕਰ ਦਿੱਤਾ ਗਿਆ। ਅਸੀਂ ਵੇਖਿਆ, ਥਾਣੇ ਦਾ ਮੁਨਸ਼ੀ ਸਾਡੇ ਨੇੜਲੇ ਅਧਿਆਪਕ ਦੋਸਤ ਦਾ ਭਰਾ ਸੀ। ਅਸੀਂ ਖ਼ੁਸ਼ ਹੋਏ ਕਿ ਚਲੋ ਇਸ ਰਾਹੀਂ ਸਾਡਾ ਸੁਨੇਹਾ ਸਾਡੇ ਘਰਦਿਆਂ ਤੱਕ ਪਹੁੰਚ ਸਕਦਾ ਹੈ ਤੇ ਉਹ ਵਕੀਲ ਕਰ ਕੇ ਸਵੇਰੇ ਸਾਡੇ ਪੇਸ਼ ਹੋਣ ਸਮੇਂ ਤੱਕ ਅਦਾਲਤ ਵਿਚ ਪਹੁੰਚ ਜਾਣਗੇ, ਪਰ ਉਹ ਤਾਂ ਸਾਡੇ ਨਾਲ ਅੱਖ ਵੀ ਨਹੀਂ ਸੀ ਮਿਲਾ ਰਿਹਾ। ਅੱਖ ਬਚਾ ਕੇ ਉਹ ਸਾਡੀ ਹਵਾਲਾਤ ਅੱਗਿਉਂ ਲੰਘਣ ਲੱਗਾ ਤਾਂ ਅਸੀਂ ਉਚੀ ਆਵਾਜ਼ ਮਾਰ ਕੇ ਰੋਕ ਲਿਆ ਅਤੇ ਇਹ ਜਾਣਦਿਆਂ ਵੀ ਕਿ ਉਹ ਸਾਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਹੈ, ਅਸੀਂ ਉਹਨੂੰ ਦੱਸਿਆ ਕਿ ਅਸੀਂ ਉਸ ਦੇ ਵੱਡੇ ਭਰਾ ਦੇ ਬੜੇ ਨਜ਼ਦੀਕੀ ਮਿੱਤਰ ਹਾਂ! ਉਸ ਨੇ ਅੱਗਿਉਂ ਕੋਈ ਹੁੰਗਾਰਾ ਵੀ ਨਾ ਭਰਿਆ ਅਤੇ ਬਿਨਾਂ ਕੁਝ ਬੋਲਿਆਂ ਚਲਿਆ ਗਿਆ। ਅਸੀਂ ਉਸ ਦੀ ਇਸ ਹਾਲਤ 'ਤੇ ਅਤੇ ਆਪਣੇ 'ਇੰਨੇ ਖ਼ਤਰਨਾਕ' ਹੋਣ 'ਤੇ ਹੱਸਣ ਲੱਗੇ।

ਥਾਣੇ ਵਾਲਿਆਂ ਵੱਲੋਂ ਦਿੱਤੀ ਰੋਟੀ ਖਾ ਕੇ ਅਸੀਂ ਫ਼ਰਸ਼ ਸਾਫ਼ ਕਰ ਕੇ ਲੇਟ ਗਏ। ਹਵਾਲਾਤ ਵਾਲੇ ਕੰਬਲ ਇੰਨੇ ਗੰਦੇ ਅਤੇ ਬਦਬੂਦਾਰ ਸਨ ਕਿ ਮੇਰਾ ਉਨ੍ਹਾਂ ਨੂੰ ਥੱਲੇ ਉਤੇ ਲੈਣ ਨੂੰ ਦਿਲ ਨਾ ਕੀਤਾ। ਪਾਲ਼ਾ ਹੋਣ ਲੱਗਾ ਤਾਂ ਰਘਬੀਰ ਨੇ ਕੰਬਲ ਉਤੇ ਲੈਂਦਿਆਂ ਚੇਤਾ ਕਰਵਾਇਆ ਕਿ ਹੁਣ ਤੋਂ ਹੀ ਇਹੋ ਜਿਹੇ ਕੰਬਲ ਲੈਣ ਦੀ ਆਦਤ ਪਾਉਣੀ ਚਾਹੀਦੀ ਹੈ। ਉਹਦੀ ਗੱਲ ਠੀਕ ਸੀ; ਅਗਲੇ ਦਿਨਾਂ ਵਿਚ ਸਾਨੂੰ ਕੋਈ ਰੇਸ਼ਮੀ ਵਿਛਾਉਣੇ ਨਹੀਂ ਸਨ ਮਿਲਣੇ!

ਅੱਧੀ ਕੁ ਰਾਤ ਨਾਲ ਠੰਢ ਜ਼ਿਆਦਾ ਹੋ ਗਈ। ਮੈਂ ਕੰਬਲ ਪੈਰਾਂ 'ਤੇ ਕਰ ਲਿਆ। ਫਿਰ ਗੋਡਿਆਂ ਤੱਕ। ਠੰਢ ਵਧਣ ਲੱਗੀ; ਸਰੀਰ ਕੁੰਗੜਨ ਲੱਗਾ। ਕੰਬਲ ਲੱਕ ਤੱਕ ਆ ਗਿਆ। ਦਿਨੇ ਜਾਗ ਆਈ ਤਾਂ ਮੈਨੂੰ ਕੰਬਲ 'ਚ ਮੂੰਹ ਸਿਰ ਲਪੇਟੀ ਸੁੱਤਾ ਵੇਖ ਕੇ ਰਘਬੀਰ ਹੱਸਣ ਲੱਗਾ। ਰਾਤ ਰਾਤ 'ਚ ਹੀ ਮੇਰੀ 'ਨਜ਼ਾਕਤ ਅਤੇ ਨਾਜ਼ੁਕਤਾ' ਉਡ ਪੁੱਡ ਗਈ। ਮੈਂ ਆਪਣੀ ਹੋਣੀ ਨੂੰ ਸਵੀਕਾਰ ਕਰ ਲਿਆ ਸੀ।

ਦਿਨ ਚੜ੍ਹੇ ਦਸ ਕੁ ਵਜੇ 'ਸੁੰਦਰ' ਹੁਰੀਂ ਸਾਨੂੰ ਹੱਥਕੜੀਆਂ ਲਾ ਕੇ ਕਚਹਿਰੀਆਂ ਵਿਚ ਲੈ ਗਏ। ਅਦਾਲਤ ਕੰਪਲੈਕਸ ਦੇ ਬਰਾਂਡੇ ਵਿਚ ਮੇਰੀ ਪਤਨੀ ਗਰਮ ਸ਼ਾਲ ਦੀ ਬੁੱਕਲ ਮਾਰੀ ਬੈਠੀ ਸੀ। ਪੀਲਾ-ਭੂਕ ਰੰਗ। ਦੁੱਖ, ਮਾਯੂਸੀ ਅਤੇ ਉਦਾਸੀ ਨਾਲ ਝੰਬਿਆ ਚਿਹਰਾ! ਮੈਨੂੰ ਵੇਖ ਕੇ ਜਿਵੇਂ ਉਸ ਵਿਚ ਜਾਨ ਪੈ ਗਈ। ਬੈਂਚ ਤੋਂ ਉਠ ਕੇ ਮੇਰੇ ਵੱਲ ਵਧੀ। ਉਹਦੇ ਪਿੱਛੇ ਮੇਰੀ ਭੂਆ ਖਲੋਤੀ ਹੋਈ ਸੀ। ਭੂਆ ਨੂੰ 'ਸਤਿ ਸ੍ਰੀ ਅਕਾਲ' ਕਹਿ ਕੇ ਮੈਂ ਪਤਨੀ ਨੂੰ ਕਿਹਾ, "ਤੂੰ ਇਸ ਹਾਲਤ ਵਿਚ ਕਾਹਨੂੰ ਆਉਣਾ ਸੀ!"

ਉਹਦੀ ਜ਼ਬਾਨ ਦੀ ਥਾਂ ਉਸ ਦੀਆਂ ਅੱਖਾਂ ਵਿਚ ਉਮਡ ਆਏ ਅੱਥਰੂ ਹੀ ਬੋਲੇ।

ਪਿੱਛੋਂ ਜਦੋਂ ਕਦੀ ਅਸੀਂ ਉਨ੍ਹਾਂ ਦਿਨਾਂ ਦੀ ਗੱਲ ਕਰਦੇ ਤਾਂ ਮੇਰੀ ਪਤਨੀ ਰਜਵੰਤ ਲੰਮਾ ਹਉਕਾ ਭਰਦੀ।

"ਤੁਹਾਡੀ ਜ਼ਿੰਦਗੀ ਵਿਚ ਆਉਣ ਤੋਂ ਬਾਅਦ ਤੁਹਾਡੇ ਨਾਂ ਅਤੇ ਸ਼ਖ਼ਸੀਅਤ ਸਦਕਾ ਮੈਨੂੰ ਬਹੁਤ ਕੁਝ ਮਿਲਿਆ ਹੈ। ਆਦਰ-ਮਾਣ ਦੀ ਘਾਟ ਨਹੀਂ ਰਹੀ। ਉਸ ਪਰਮਾਤਮਾ ਦਾ ਲੱਖ ਲੱਖ ਸ਼ੁਕਰ ਹੈ! ਪਰ ਤੁਸੀਂ ਮੈਨੂੰ ਦੁੱਖ ਵੀ ਬੜੇ ਵਿਖਾਏ! ਉਸ ਦਿਨ ਜਦੋਂ ਤੁਸੀਂ ਕਿੰਨਾ ਚਿਰ ਘਰ ਨਾ ਮੁੜੇ ਤਾਂ ਮੈਂ ਬੜੀ ਫ਼ਿਕਰਮੰਦ ਹੋਈ। ਬਾਪੂ ਜੀ ਵੀ ਘਰ ਨਹੀਂ ਸਨ। ਕਿਸ ਨੂੰ ਪੁੱਛਾਂ? ਕਿਵੇਂ ਪੁੱਛਾਂ? ਖ਼ੈਰ ਕਿਵੇਂ ਨਾ ਕਿਵੇਂ ਪਤਾ ਲੱਗ ਗਿਆ ਕਿ ਤੁਹਾਨੂੰ ਪੁਲਿਸ ਫੜ ਕੇ ਲੈ ਗਈ ਹੈ। ਹੁਣ ਕੀ ਕਰਾਂ! ਮੇਰੀ ਮਦਦ ਕਰਨ ਵਾਲਾ ਘਰ ਦਾ ਆਪਣਾ ਕੋਈ ਵੀ ਕੋਲ ਨਹੀਂ ਸੀ। ਆਂਢ-ਗੁਆਂਢ ਦੀਆਂ ਜ਼ਨਾਨੀਆਂ 'ਅਫ਼ਸੋਸ' ਕਰਨ ਆਉਣ ਲੱਗੀਆਂ। ਤਾਏ ਲਾਭ ਚੰਦ ਦੀ ਘਰਵਾਲੀ ਕਹਿੰਦੀ, 'ਪੁੱਤ! ਸਰਕਾਰ ਨਾਲ ਕਾਹਨੂੰ ਮੱਥਾ ਲਾਉਣਾ ਸੀ!' ਭੂਆ ਜੀ ਉਸੇ ਸ਼ਾਮ ਨੂੰ ਆ ਗਏ ਸਨ। ਸਵੇਰੇ ਬੀ ਜੀ ਅਤੇ ਛਿੰਦਾ ਵੀ, ਸੁਣ ਕੇ ਖੇਤਾਂ ਵਿਚੋਂ ਆ ਗਏ। ਮੈਂ ਸਭ ਦੇ ਤਰਲੇ ਲਵਾਂ ਕਿ ਇੱਕ ਵਾਰ ਤੁਹਾਨੂੰ ਮਿਲਾਉਣ ਲੈ ਜਾਣ, ਪਰ ਮੇਰੇ ਨਾਲ ਕੋਈ ਨਾ ਤੁਰੇ। ਅਖੇ, 'ਤੂੰ ਢਿੱਲੀ ਏਂ! ਜਾ ਕੇ ਵੀ ਕੀ ਕਰ ਲਏਂਗੀ!' ਇਹ ਤਾਂ ਸਾਰੇ ਸਮਝਦੇ ਤੇ ਆਖਦੇ ਸਨ ਕਿ ਤੁਹਾਡਾ ਇੰਨੀ ਛੇਤੀ ਛੁੱਟ ਸਕਣਾ ਸੰਭਵ ਨਹੀਂ। ਮੇਰੇ ਰੋਂਦਿਆਂ ਕੁਰਲਾਉਂਦਿਆਂ ਦਿਨ ਲੰਘ ਗਿਆ।

ਮੈਨੂੰ ਹੌਲ਼ ਪੈਂਦੇ, ਤੁਹਾਡੇ ਬਿਨਾਂ ਮੈਂ ਇਸ ਘਰ ਵਿਚ ਇਕੱਲੀ ਕਿਵੇਂ ਰਹੂੰ! ਭੂਆ ਆਖੇ, ਇਹਨੂੰ ਕੁਝ ਹੋ ਜਾਊ। ਇਹਨੂੰ ਵਰਿਆਮ ਨੂੰ ਮਿਲਾ ਲਿਆਓ। ਕੋਈ ਹੁੰਗਾਰਾ ਨਾ ਮਿਲਦਾ ਵੇਖ ਉਹ ਆਪ ਮੇਰੇ ਨਾਲ ਜਾਣ ਲਈ ਤਿਆਰ ਹੋ ਗਈ।"

"ਅਗਲੇਰੇ ਦਿਨ ਸਵੇਰੇ ਨਾਨੀ ਨੇ ਪਰਾਉਂਠੇ ਪਕਾਏ। ਛਿੰਦਾ ਉਤੇ ਮੱਖਣ ਰੱਖ ਕੇ ਪਰਾਉਂਠੇ ਖਾ ਰਿਹਾ ਸੀ। ਮੈਂ ਬੜੇ ਤਰਲੇ ਲਏ-'ਵੇ ਛਿੰਦਿਆ! ਮੈਨੂੰ ਸਾਈਕਲ 'ਤੇ ਬਿਠਾ ਕੇ ਬੱਸ ਅੱਡੇ ਤੱਕ ਈ ਛੱਡ ਆ। ਮੈਥੋਂ ਤੁਰਿਆ ਨਹੀਂ ਜਾਂਦਾ।' ਰੂਪ ਹੋਈ ਨੂੰ ਅਜੇ ਪੰਜ-ਛੇ ਦਿਨ ਹੀ ਤਾਂ ਹੋਏ ਸਨ। ਕਹਿੰਦਾ, 'ਤੁਸੀਂ ਤੁਰ ਕੇ ਬਜ਼ਾਰ ਨਿਕਲੋ। ਮੈਂ ਤੁਹਾਡੇ ਮਗਰੇ-ਮਗਰ ਆਇਆ।' ਮੈਂ ਤੇ ਭੂਆ ਜੀ ਤੁਰ ਪਈਆਂ। ਬੱਸ ਅੱਡੇ ਤੱਕ ਪਹੁੰਚਣ ਲਈ ਮੈਂ ਕਈ ਵਾਰ ਬੈਠ ਕੇ ਸਾਹ ਲਿਆ, ਪਰ ਛਿੰਦਾ ਨਹੀਂ ਆਇਆ। ਰਾਹ ਵਿਚ ਹਰਬੰਸ ਨਰਸ ਮਿਲੀ। ਆਖਣ ਲੱਗੀ-'ਹੈ ਹਾਇ! ਤੂੰ ਕਿਉਂ ਇਸ ਹਾਲਤ ਵਿਚ ਬਾਹਰ ਨਿਕਲੀ ਏਂ! ਜੇ ਕੁਝ ਹੋ ਗਿਆ!' ਪਰ ਮੇਰੇ ਮਨ ਵਿਚ ਆਵੇ ਕਿ ਤੁਹਾਨੂੰ ਇੱਕ ਵਾਰੀ ਸੁੱਖੀ ਸਾਂਦੀ ਵੇਖ ਲਵਾਂ! ਪਤਾ ਲੱਗ ਗਿਆ ਸੀ ਕਿ ਤੁਹਾਨੂੰ ਪੱਟੀ ਲੈ ਗਏ ਨੇ। ਪੱਟੀ ਪਹੁੰਚ ਤਾਂ ਗਈਆਂ ਪਰ ਪਤਾ ਨਾ ਲੱਗੇ ਕਿ ਕੀਹਨੂੰ ਪੁੱਛੀਏ! ਅਸੀਂ ਕਿਹੜੇ ਇਹ ਕੰਮ ਅੱਗੇ ਵੇਖੇ ਸਨ! ਸੋਚਿਆ, ਜੇਲ੍ਹ ਵਿਚ ਹੀ ਲੈ ਕੇ ਜਾਣਗੇ। ਅਸੀਂ ਉਥੇ ਜਾ ਕੇ ਪੁੱਛਿਆ ਤਾਂ ਉਹ ਕਹਿੰਦੇ ਕਿ ਕੱਲ੍ਹ ਤੁਹਾਨੂੰ ਪੇਸ਼ ਨਹੀਂ ਸੀ ਕੀਤਾ, ਅੱਜ ਕਰਨਗੇ। 'ਅਸੀਂ ਜਾ ਕੇ ਕਚਹਿਰੀਆਂ ਵਿਚ ਖਲੋ ਜਾਈਏ। ਸਾਹਮਣੇ ਆਉਂਦੇ ਤੁਸੀਂ ਦਿਸ ਜਾਓਗੇ!' ਕਮਜ਼ੋਰੀ ਤੇ ਫ਼ਿਕਰ ਕਰ ਕੇ ਮੇਰੀ ਬੁਰੀ ਹਾਲਤ ਸੀ। ਭਾ ਜੀ ਅਜਾਇਬ ਨੇ ਤਾਂ ਮੈਨੂੰ ਪਛਾਣਿਆਂ ਵੀ ਨਹੀਂ ਸੀ।"

***ਥਾਣੇ ਵਾਲਿਆਂ ਵੱਲੋਂ ਦਿੱਤੀ ਰੋਟੀ ਖਾ ਕੇ ਅਸੀਂ ਫ਼ਰਸ਼ ਸਾਫ਼ ਕਰ ਕੇ ਲੇਟ ਗਏ। ਹਵਾਲਾਤ ਵਾਲੇ ਕੰਬਲ ਇੰਨੇ ਗੰਦੇ ਅਤੇ ਬਦਬੂਦਾਰ ਸਨ ਕਿ ਮੇਰਾ ਉਨ੍ਹਾਂ ਨੂੰ ਥੱਲੇ ਉਤੇ ਲੈਣ ਨੂੰ ਦਿਲ ਨਾ ਕੀਤਾ। ਪਾਲ਼ਾ ਹੋਣ ਲੱਗਾ ਤਾਂ ਰਘਬੀਰ ਨੇ ਕੰਬਲ ਉਤੇ ਲੈਂਦਿਆਂ ਚੇਤਾ ਕਰਵਾਇਆ ਕਿ ਹੁਣ ਤੋਂ ਹੀ ਇਹੋ ਜਿਹੇ ਕੰਬਲ ਲੈਣ ਦੀ ਆਦਤ ਪਾਉਣੀ ਚਾਹੀਦੀ ਹੈ। ਉਹਦੀ ਗੱਲ ਠੀਕ ਸੀ; ਅਗਲੇ ਦਿਨਾਂ ਵਿਚ ਸਾਨੂੰ ਕੋਈ ਰੇਸ਼ਮੀ ਵਿਛਾਉਣੇ ਨਹੀਂ ਸਨ ਮਿਲਣੇ!... ਅੱਧੀ ਕੁ ਰਾਤ ਨਾਲ ਠੰਢ ਜ਼ਿਆਦਾ ਹੋ ਗਈ। ਮੈਂ ਕੰਬਲ ਪੈਰਾਂ 'ਤੇ ਕਰ ਲਿਆ। ਫਿਰ ਗੋਡਿਆਂ ਤੱਕ। ਠੰਢ ਵਧਣ ਲੱਗੀ; ਸਰੀਰ ਕੁੰਗੜਨ ਲੱਗਾ। ਕੰਬਲ ਲੱਕ ਤੱਕ ਆ ਗਿਆ। ਦਿਨੇ ਜਾਗ ਆਈ ਤਾਂ ਮੈਨੂੰ ਕੰਬਲ ਵਿਚ ਮੂੰਹ ਸਿਰ ਲਪੇਟੀ ਸੁੱਤਾ ਵੇਖ ਕੇ ਰਘਬੀਰ ਹੱਸਣ ਲੱਗਾ। ਰਾਤ ਰਾਤ ਵਿਚ ਹੀ ਮੇਰੀ 'ਨਜ਼ਾਕਤ ਅਤੇ ਨਾਜ਼ੁਕਤਾ' ਉਡ ਪੁੱਡ ਗਈ।***


# ਬਾਵਾ ਬਲਵੰਤ

*ਸ਼ਾਇਰ ਬਾਵਾ ਬਲਵੰਤ ਬਾਰੇ ਬਲਵੰਤ ਗਾਰਗੀ ਦਾ ਇਹ ਲੇਖ ਉਦੋਂ ਦਾ ਲਿਖਿਆ ਹੋਇਆ ਹੈ, ਜਦੋਂ ਉਹ ਇਸ ਫਾਨੀ ਸੰਸਾਰ ਤੋਂ ਰੁਖਸਤ ਨਹੀਂ ਸਨ ਹੋਏ। ਕਰਾਰੇ ਰੇਖਾ ਚਿੱਤਰ ਲਿਖਣ ਲਈ ਮਸ਼ਹੂਰ ਗਾਰਗੀ ਨੇ ਬਾਵਾ ਬਲਵੰਤ ਦੇ ਇਸ ਰੇਖਾ ਚਿੱਤਰ ਵਿਚ ਵੀ ਆਪਣੇ ਹਿਸਾਬ ਨਾਲ ਰੰਗ ਭਰਨ ਦਾ ਹੀਲਾ ਕੀਤਾ ਹੈ, ਪਰ ਇਸ ਵਿਚੋਂ ਜਿਹੜਾ ਬਾਵਾ ਬਲਵੰਤ ਸਾਹਮਣੇ ਆਉਂਦਾ ਹੈ, ਉਹ ਬਹੁਤ ਆਸਾਨੀ ਨਾਲ ਪਾਠਕ ਦੇ ਦਿਲ ਦੇ ਨੇੜੇ ਆਣ ਬੈਠਦਾ ਹੈ। ਅਸਲ ਵਿਚ ਇਹ ਬਾਵਾ ਬਲਵੰਤ ਦੀ ਫਕੀਰੀ ਹੀ ਸੀ ਜਿਹੜੀ ਸਭ ਨੂੰ ਖਿੱਚਦੀ ਸੀ ਅਤੇ ਇਸ ਫੱਕਰਪੁਣੇ ਦਾ ਖਿੱਚਿਆ ਗਾਰਗੀ ਵੀ ਇਸ ਸ਼ਖਸ ਬਾਰੇ ਰੇਖਾ ਚਿੱਤਰ ਦਾ ਜੁਗਾੜ ਕਰਨ ਲਈ ਅਹੁਲਿਆ। ਬਾਵਾ ਬਲਵੰਤ (1915-1972) ਦੀ ਜਨਮ ਸ਼ਤਾਬਦੀ ਮੌਕੇ ਇਕ ਬਲਵੰਤ ਦਾ ਦੂਜੇ ਬਲਵੰਤ ਬਾਰੇ ਲਿਖਿਆ ਇਹ ਰੇਖਾ ਚਿੱਤਰ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ*

ਬਾਵਾ ਬਲਵੰਤ ਦੇ ਨਾਂ ਤੋਂ ਇਉਂ ਜਾਪਦਾ ਹੈ, ਜਿਵੇਂ ਡਾਕੂ ਬੰਤਾ ਸਿੰਘ ਕਈ ਸਾਲ ਡਾਕੇ ਮਾਰ ਕੇ ਸਾਧ ਹੋ ਗਿਆ ਹੋਵੇ।

ਪਰ ਉਸ ਨੂੰ ਮਿਲੋ: ਦਾੜ੍ਹੀ ਸਫ਼ਾ ਚੱਟ, ਮੁੰਨੀਆਂ ਹੋਈਆਂ ਮੁੱਛਾਂ ਦੀ ਜਾਲੀਦਾਰ ਕਾਤਰ, ਸਾਫ਼ ਬਿਸਕੁਟੀ ਦੰਦ, ਚੌੜਾ ਮੱਥਾ, ਚੋਪੜੇ ਹੋਏ ਵਾਲ, ਖੱਦਰ ਦਾ ਕੁਰਤਾ-ਪਜਾਮਾ ਅਤੇ ਗਲ ਵਿਚ ਗੁਲੂਬੰਦ। ਇਹ ਬਾਵਾ ਬਲਵੰਤ ਹੈ। ਕਿਸੇ ਕਚਹਿਰੀ ਦਾ ਮੁਨਸ਼ੀ ਜਾਪਦਾ ਹੈ। ਥੋੜ੍ਹੀ ਦੇਰ ਉਸ ਨਾਲ ਗੱਲਾਂ ਕਰੋ ਤਾਂ ਤੁਸੀਂ ਆਖੋਗੇ: ਨਹੀਂ, ਇਸ ਵਿਚ ਮੁਨਸ਼ੀਆਂ ਵਾਲਾ ਕੋਈ ਵਲ-ਛਲ ਨਹੀਂ। ਇਹ ਤਾਂ ਭਗਤ ਲੋਕ ਹੈ ਜਿਸ ਦਾ ਦੁਨੀਆਂ ਜਾਂ ਸਮਾਜ ਨਾਲ ਕੋਈ ਸਬੰਧ ਨਹੀਂ। ਥੋੜ੍ਹਾ ਚਿਰ ਹੋਰ ਗੱਲਾਂ ਕਰੋ ਤਾਂ ਤੁਸੀਂ ਚੌਂਕ ਪਉਗੇ ਕਿ ਇਹ ਤਾਂ ਬੜਾ ਇਨਕਲਾਬੀ ਸ਼ਾਇਰ ਹੈ-ਜੋਸ਼ ਨਾਲ ਭਰਿਆ ਹੋਇਆ, ਸਮਾਜ ਤੇ ਵਰਤਮਾਨ ਰਾਜ ਪ੍ਰਬੰਧ ਦਾ ਨੁਕਤਾਚੀਨ।

ਪਹਿਲੇ ਪਹਿਲ ਮੈਂ ਉਸ ਦਾ ਨਾਂ 1943 ਵਿਚ ਸੁਣਿਆ। ਉਸ ਦੀਆਂ ਪੁਸਤਕਾਂ 'ਮਹਾਂ ਨਾਚ' ਤੇ 'ਜਵਾਲਾਮੁਖੀ' ਛਪ ਕੇ ਆਈਆਂ ਸਨ। ਮੇਰੇ ਉਤੇ ਬੜਾ ਪ੍ਰਭਾਵ ਪਿਆ। ਉਸ ਪਿਛੋਂ ਮੈਂ ਉਸ ਦੀਆਂ ਟਾਵੀਆਂ-ਟਾਵੀਆਂ ਗੱਲਾਂ ਸੁਣੀਆਂ, ਪਰ ਮਿਲਿਆ ਕਦੇ ਵੀ ਨਾ। ਦਿੱਲੀ



**ਬਲਵੰਤ ਗਾਰਗੀ**

ਆ ਕੇ ਵੀ ਜਿਥੇ ਬਾਕੀ ਸਾਹਿਤਕਾਰਾਂ ਨਾਲ ਦੋਸਤੀਆਂ ਅਤੇ ਦੁਸ਼ਮਣੀਆਂ ਬੱਝੀਆਂ, ਬਾਵਾ ਜੀ ਇਸ ਤੋਂ ਬਚੇ ਰਹੇ।

ਕਈ ਵਾਰ ਮੈਂ ਹੈਰਾਨ ਹੁੰਦਾ ਕਿ ਬਾਵਾ ਬਲਵੰਤ ਗੁਜ਼ਾਰਾ ਕਿਵੇਂ ਕਰਦਾ ਹੈ? ਕੌਣ ਇਸ ਨੂੰ ਪੈਸੇ ਦਿੰਦਾ ਹੈ? ਇਸ ਦੀ ਆਮਦਨ ਕੀ ਹੈ? ਜਦੋਂ ਇਹ ਸ਼ਾਹਦਰੇ ਤੋਂ ਦਿੱਲੀ ਆਉਂਦਾ ਹੈ ਤਾਂ ਬੱਸ ਦਾ ਕਿਰਾਇਆ ਕਿਵੇਂ ਖਰਚਦਾ ਹੈ? ਇਕ ਦਿਨ ਇਕ ਦੋਸਤ ਨੂੰ ਪੁੱਛਿਆ, "ਬਾਵਾ ਜੀ ਦੀ ਆਮਦਨੀ ਕਿਤਨੀ ਕੁ ਹੈ?"

"ਕੁਝ ਨਹੀਂ।"

"ਖਰਚ ਕਿਤਨਾ ਹੈ।"

"ਕੁਝ ਨਹੀਂ।"

ਇਹ ਗੱਲ ਠੀਕ ਸੀ। ਬਾਵਾ ਜੀ ਦਾ ਰੋਕੜ ਤੇ ਖਾਤਾ ਮਿਲਦਾ ਸੀ। ਜਿਤਨੀ ਆਮਦਨੀ, ਉਤਨਾ ਹੀ ਖਰਚ। ਮੇਰੇ ਵਰਗੇ ਖਰਚ ਵਧਾ ਕੇ ਆਮਦਨ ਵਧਾਉਣ ਦਾ ਹੀਲਾ ਕਰਦੇ ਹਨ, ਪਰ ਬਾਵਾ ਜੀ ਨੇ ਖਰਚ ਘਟਾ ਕੇ ਆਮਦਨ ਘਟਾਉਣ ਦਾ ਜਤਨ ਕੀਤਾ।

ਉਹ ਜਮਨਾ ਪਾਰ ਰਹਿੰਦੇ ਹਨ। ਮਰਘਟ ਤੇ ਰੇਤੇ ਦੇ ਤਟ 'ਤੇ ਰੂੜੀਆਂ ਤੇ ਬਸਤੀਆਂ ਲੰਘ ਕੇ ਉਨ੍ਹਾਂ ਦਾ ਡੇਰਾ ਆਉਂਦਾ ਹੈ। ਪਹਿਲਾਂ ਬਾਵਾ ਜੀ ਦੋ ਛੜਿਆਂ ਕੋਲ ਰਹਿੰਦੇ ਸਨ, ਜਿਨ੍ਹਾਂ ਵਿਚੋਂ ਇਕ ਸੰਪਾਦਕ ਹੈ ਅਤੇ ਦੂਜਾ ਨਿੱਕਾ ਜਿਹਾ ਕਵੀ। ਜਿਥੇ ਵੀ ਉਹ ਪਰਵੇਸ਼ ਕਰਦੇ ਹਨ, ਉਹ ਅਸਥਾਨ ਛੜਿਆਂ ਦਾ ਡੇਰਾ ਬਣ ਜਾਂਦਾ ਹੈ। ਉਂਜ ਉਹ ਭਾਵੇਂ ਕੱਟੜ ਨਾਸਤਕ ਹਨ, ਪਰ ਸਰੀਰਕ ਤੌਰ 'ਤੇ ਬਜਰੰਗ ਬਲੀ ਦੇ ਭਗਤ ਹਨ। ਉਨ੍ਹਾਂ ਦੇ ਸਾਥੀਆਂ ਤੇ ਚੇਲਿਆਂ-ਚਾਟੜਿਆਂ ਉਤੇ ਉਨ੍ਹਾਂ ਦੇ ਬ੍ਰਹਮਚਾਰੀਆ ਬਲ ਦਾ ਬੜਾ ਪ੍ਰਭਾਵ ਹੈ।

ਬਾਵਾ ਲੰਗੋਟ ਦਾ ਪੱਕਾ ਹੈ, ਜਤੀ-ਸਤੀ। ਉਸ ਨੇ ਸਾਰੀ ਉਮਰ ਵਿਆਹ ਨਹੀਂ ਕੀਤਾ। ਸੁਣਿਆ ਹੈ, ਇਕ ਵਾਰ ਉਸ ਦਾ ਵਿਆਹ ਹੋ ਵੀ ਗਿਆ ਸੀ, ਪਰ ਉਹ ਬਚ ਗਿਆ। ਕਿਸੇ ਪਹਿਲਵਾਨ ਦੀ ਭਤੀਜੀ ਨਾਲ ਉਸ ਦੀ ਮੰਗਣੀ ਕੀਤੀ ਗਈ ਤੇ ਫੇਰੇ ਪੜ੍ਹੇ ਗਏ, ਪਰ ਉਸ ਪਿਛੋਂ ਫੌਰਨ ਹੀ ਬਾਵਾ ਰੂਪੋਸ਼ ਹੋ ਗਿਆ, ਜਿਵੇਂ ਉਸ ਨੇ ਕੋਈ ਖੂਨ ਕੀਤਾ ਹੋਵੇ। ਕੁੜੀ ਵਾਲਿਆਂ ਨੇ ਪੁਲਿਸ ਦੀ ਮਦਦ ਲੀਤੀ ਕਿ ਉਹ ਕਿਸੇ ਤਰ੍ਹਾਂ ਉਸ ਨੂੰ ਢੂੰਡ ਸਕਣ, ਪਰ ਉਹ ਹੱਥ ਨਾ ਆਇਆ।

ਬਾਵਾ ਪਰਲੇ ਦਰਜੇ ਦਾ ਭਗੌੜਾ ਹੈ। ਉਹ ਤੀਵੀਂ ਤੋਂ, ਤਾਰੀਫ਼ ਤੋਂ, ਸਿਗਰਟ ਤੋਂ, ਸਨਮਾਨ ਤੋਂ ਦੌੜਦਾ ਹੈ। ਇਕ-ਦੋ ਵਾਰ ਉਸ ਨੂੰ ਜ਼ਬਰਦਸਤੀ ਫੜ ਕੇ ਉਸ ਦਾ ਸਨਮਾਨ ਕੀਤਾ ਗਿਆ ਅਤੇ ਬਾਵੇ ਦੀ ਹਾਲਤ ਵਿਆਹ ਕਰਵਾਉਣ ਤੋਂ ਵੀ ਭੈੜੀ ਸੀ। ਉਸ ਦੇ ਯਾਰ-ਦੋਸਤ ਖੁਸ਼ ਸਨ, ਪਰ ਉਹ ਗਮ ਵਿਚ ਡੁੱਬਿਆ ਹੋਇਆ ਸੀ। ਬਰਾਤੀ ਹੱਸ ਰਹੇ ਸਨ, ਲਾੜਾ ਰੋ ਰਿਹਾ ਸੀ।

ਜੇ ਤੁਸੀਂ ਬਾਵੇ ਨੂੰ ਮੋਟਰ ਵਿਚ ਬਿਠਾ ਕੇ ਕਿਸੇ ਥਾਂ ਲਿਜਾ ਰਹੇ ਹੋਵੋ ਜਿਥੇ ਉਸ ਦਾ ਸਨਮਾਨ ਹੋਣਾ ਹੋਵੇ, ਤਾਂ ਨਾਲ ਪੁਲਿਸ ਦੇ ਦੋ ਸਿਪਾਹੀ ਵੀ ਲੈ ਜਾਵੋ। ਇਹ ਬਿਲਕੁਲ ਮੁਮਕਿਨ ਹੈ ਕਿ ਰਸਤੇ ਵਿਚ ਬਾਵਾ ਮੋਟਰ ਰੋਕ ਕੇ ਪਿਸ਼ਾਬ ਕਰਨ ਲਈ ਉਤਰੇ, ਤੇ ਦੌੜ ਜਾਏ।

ਇਕ ਵਾਰ ਪੰਜਾਬ ਦੇ ਭਾਸ਼ਾ ਵਿਭਾਗ ਨੇ ਬਾਵਾ ਜੀ ਦਾ ਸਨਮਾਨ ਰਚਾਇਆ। ਇਸ ਲਈ ਉਨ੍ਹਾਂ ਨੂੰ ਪਟਿਆਲੇ ਜਾਂ ਚੰਡੀਗੜ੍ਹ ਜਾਣਾ ਪੈਣਾ ਸੀ। ਆਦਤ ਅਨੁਸਾਰ ਉਹ ਨਾ ਗਏ। ਸਰਕਾਰੀ ਫੈਸਲਾ ਸੀ, ਇਸ ਲਈ ਗਿਆਰਾਂ ਸੌ ਰੁਪਏ ਦੀ ਥੈਲੀ (ਜਾਂ ਚੈੱਕ) ਉਨ੍ਹਾਂ ਦੇ ਘਰ ਸ਼ਾਹਦਰੇ ਆ ਗਈ। ਇਤਨਾ ਰੁਪਿਆ ਪਹਿਲੀ ਵਾਰ ਇਕੱਠਾ ਆਇਆ। ਸਾਰੇ ਯਾਰਾਂ-ਦੋਸਤਾਂ ਨੂੰ ਫਿਕਰ ਪਿਆ ਕਿ ਇਸ ਰੁਪਏ ਦੀ ਪੂਰੀ ਤਰ੍ਹਾਂ ਦੇਖ-ਭਾਲ ਕੀਤੀ ਜਾਵੇ ਤੇ ਬਾਵਾ ਜੀ ਨੂੰ ਹੁਣ ਚੰਗਾ ਘਰ ਵੀ ਲੈ ਦਿੱਤਾ ਜਾਵੇ ਤਾਂ ਕਿ ਉਹ ਆਪਣਾ ਸਮਾਂ ਲਿਖਣ-ਪੜ੍ਹਨ ਤੇ ਕਵਿਤਾ ਰਚਣ ਵਿਚ ਗੁਜ਼ਾਰਨ। ਭਾਪਾ ਪ੍ਰੀਤਮ ਸਿੰਘ, ਪਿਆਰਾ ਸਿੰਘ ਦਾਤਾ, ਸਵਰਨ, ਕ੍ਰਿਪਾਲ ਸਿੰਘ ਆਜ਼ਾਦ ਅਤੇ ਹੋਰ ਬਹੁਤ ਸਾਰੇ ਸਾਹਿਤਕਾਰ ਇਸ ਉਤਸਵ ਉਤੇ ਇਕੱਠੇ ਹੋਏ। ਸਭਨਾਂ ਨੇ ਸਲਾਹ ਪਕਾਈ ਕਿ ਇਸ ਸ਼ੁਭ ਅਵਸਰ ਉਤੇ ਲਗਦੇ ਹੱਥ ਬਾਵਾ ਜੀ ਲਈ ਜਨਤਾ ਵੱਲੋਂ ਵੀ ਗਿਆਰਾਂ ਸੌ ਰੁਪਏ ਦੀ ਥੈਲੀ ਪੇਸ਼ ਹੋ ਜਾਵੇ। ਸਵਰਨ ਤੇ ਕ੍ਰਿਪਾਲ ਸਿੰਘ ਆਜ਼ਾਦ ਗੁਆਂਢੀਆਂ ਤੋਂ ਕੌਲੀਆਂ ਤੇ ਚਾਂਦਨੀਆਂ ਇਕੱਠੀਆਂ ਕਰਦੇ ਫਿਰਦੇ ਸਨ।

ਬਾਵਾ ਜੀ ਨੇ ਆਖਿਆ, "ਛੱਡੋ ਜੀ, ਏਸ ਗੇੜ ਵਿਚ ਨਾ ਪਉ। ਕੀ ਲੋੜ ਹੈ ਇਸ ਦੀ।"

ਦੋਸਤਾਂ ਆਖਿਆ, "ਜੀ ਰੁਪਏ ਦੀ ਤਾਂ ਲੋੜ ਹੈ ਹੀ। ਅਸੀਂ ਚਾਹੁੰਦੇ ਹਾਂ ਕਿ...।"

ਬਾਵਾ ਜੀ ਨੇ ਗੱਲ ਟੁੱਕ ਕੇ ਆਖਿਆ, "ਆਪੇ ਕੋਈ ਗੇੜ ਹੋ ਜਾਊ। ਰਹਿਣ ਦਿਓ ਤੁਸੀਂ ਇਸ ਖੇਚਲ ਨੂੰ।"

ਦੋਸਤਾਂ ਨੇ ਜ਼ਿੱਦ ਕੀਤੀ, ਬਾਵਾ ਜੀ ਨੇ ਅੜੀ ਕੀਤੀ। ਫਿਰ ਸਭ ਨੂੰ ਇਹ ਖਿਆਲ ਹੋ ਗਿਆ, ਕਿਤੇ ਬਾਵਾ ਜੀ ਦੌੜ ਨਾ ਜਾਣ। ਇਸ ਲਈ ਸਭ ਚੁਕੰਨੇ ਹੋ ਗਏ ਤੇ ਉਗਰਾਹੀ ਦਾ ਖਿਆਲ ਛੱਡ ਦਿੱਤਾ। ਸ਼ਾਮ ਨੂੰ ਦੋਸਤਾਂ ਨੇ ਜਸ਼ਨ ਕੀਤਾ। ਇਸ ਜਸ਼ਨ ਵਿਚ ਮਿੱਟੀ ਦੇ ਕਸੋਰਿਆਂ ਤੇ ਪੱਤਲਾਂ ਦੀ ਸਾਦਗੀ ਸੀ। ਇਉਂ ਲਗਦਾ ਸੀ ਜਿਵੇਂ ਸਾਧਾਂ ਦੀ ਜੰਞ ਹੋਵੇ। ਸਭ ਕੁਝ ਸਾਦਾ-ਸਾਦਾ, ਮੋਟਾ-ਮੋਟਾ ਤੇ ਕੋਰਾ-ਕੋਰਾ ਸੀ। ਦੋਸਤ ਰੰਗੀਨੀ ਚਾਹੁੰਦੇ ਸਨ, ਪਰ ਬਾਵਾ ਜੀ ਦੀ ਸ਼ਖ਼ਸੀਅਤ ਕਰ ਕੇ ਸਾਰੇ ਸਾਦਗੀ ਦਾ ਰੂਪ ਬਣੇ ਹੋਏ ਸਨ।

ਸਭਨਾਂ ਨੇ ਸਰਕਾਰ ਵੱਲੋਂ ਆਈ 1100 ਰੁਪਏ ਦੀ ਥੈਲੀ ਨੂੰ ਸਾਂਭ ਕੇ ਰੱਖਣ ਦੀ ਚਿਤਾਵਨੀ ਕੀਤੀ। ਜਿਥੇ ਬਾਵਾ ਜੀ ਰਹਿੰਦੇ ਸਨ, ਉਹ ਥਾਂ ਤਾਂ ਖੁੱਲ੍ਹੇ ਟਰੰਕ ਵਾਂਗ ਸੀ। ਇਥੇ ਕੀ ਹਿਫ਼ਾਜ਼ਤ ਹੋ ਸਕਦੀ ਸੀ? ਸਲਾਹ ਕਰ ਕੇ ਬਾਵਾ ਜੀ ਨੂੰ ਆਖਿਆ ਗਿਆ ਕਿ ਉਹ ਕਿਸੇ ਬੈਂਕ ਵਿਚ ਆਪਣਾ ਖਾਤਾ ਖੁਲ੍ਹਵਾਉਣ। ਕਈ ਦਿਨਾਂ ਤੀਕ ਬੈਂਕਾਂ ਦੀ ਪੜਤਾਲ ਹੁੰਦੀ ਰਹੀ। ਅੰਗਰੇਜ਼ਾਂ ਦਾ ਵੱਡਾ ਬੈਂਕ ਠੀਕ ਨਹੀਂ ਸੀ, ਕਿਉਂਕਿ ਸਾਮਰਾਜੀ ਤਾਕਤ ਟੁੱਟ ਰਹੀ ਸੀ। ਇਹ ਬੈਂਕ ਕਿਸੇ ਦਿਨ ਵੀ ਫੇਲ੍ਹ ਹੋ ਸਕਦਾ ਸੀ। ਪੰਜਾਬ ਨੈਸ਼ਨਲ ਬੈਂਕ ਵੀ ਬਾਵਾ ਜੀ ਨੇ ਰੱਦ ਕਰ ਦਿੱਤਾ ਕਿਉਂਕਿ ਇਸ ਵਿਚ ਬਹੁਤਾ ਕਰ ਕੇ ਮੋਟੇ-ਮੋਟੇ ਸਰਮਾਇਦਾਰਾਂ ਦਾ ਰੁਪਿਆ ਸੀ। ਸਰਕਾਰ ਦੇ ਬੈਂਕ ਵੀ ਔਖੇ ਸਨ।


ਬਾਵਾ ਜੀ ਕਈ ਦਿਨ ਸੋਚਦੇ ਰਹੇ। ਕਿਹੜਾ ਬੈਂਕ ਹੈ ਜਿਸ ਦਾ ਭਵਿੱਖ ਮਜ਼ਬੂਤ ਅਤੇ ਸਥਾਈ ਹੋਵੇ?

ਆਖਿਰ ਬਹੁਤ ਛਾਣ-ਬੀਣ ਕਰ ਕੇ ਉਨ੍ਹਾਂ ਨੇ ਕੇਰਲਾ ਦੇ ਪਲਾਈ ਬੈਂਕ ਵਿਚ ਆਪਣਾ ਸਾਰਾ ਰੁਪਿਆ ਜਮ੍ਹਾਂ ਕਰਵਾ ਦਿੱਤਾ। ਕੇਰਲਾ ਨਾਲ ਬਾਵਾ ਜੀ ਦਾ ਜਜ਼ਬਾਤੀ ਸਬੰਧ ਵੀ ਸੀ। ਇਹ ਜਜ਼ਬਾ ਉਨ੍ਹਾਂ ਦੀ ਰਾਜਸੀ ਤੇ ਸਮਾਜਕ ਪ੍ਰਵਿਰਤੀਆਂ ਤੋਂ ਉਤਪੰਨ ਹੋਇਆ ਸੀ। ਉਨ੍ਹਾਂ ਨੂੰ ਕੇਰਲਾ ਦੀ ਹਰ ਚੀਜ਼ ਪਸੰਦ ਸੀ-ਹਕੂਮਤ, ਨਾਚ, ਲੋਕ।

ਇਕ ਦਿਨ ਬਾਵਾ ਜੀ ਸਵੇਰੇ ਸਵੇਰੇ ਮੰਜਨ ਕਰ ਕੇ ਜਦੋਂ ਹਲਵਾਈ ਦੀ ਦੁਕਾਨ ਉਤੇ ਚਾਹ ਪੀਣ ਗਏ ਤਾਂ ਉਨ੍ਹਾਂ ਨੇ ਅਖਬਾਰ ਪੜ੍ਹਿਆ। ਪਹਿਲੇ ਸਫ਼ੇ ਉਤੇ ਵੱਡੀ ਸਾਰੀ ਸੁਰਖੀ ਸੀ: 'ਪਲਾਈ ਬੈਂਕ ਫੇਲ੍ਹ ਹੋ ਗਿਆ'। ਬਾਵਾ ਜੀ ਨੇ ਇਹ ਖਬਰ ਪੜ੍ਹ ਕੇ ਬੜੇ ਇਤਮਿਨਾਨ ਨਾਲ ਚਾਹ ਦਾ ਘੁੱਟ ਭਰਿਆ ਅਤੇ ਬੜੀ ਦਿਲਚਸਪੀ ਨਾਲ ਅਕਾਲੀ ਮੋਰਚੇ ਦਾ ਹਾਲ ਪੜ੍ਹਨ ਲੱਗੇ। ਇਸ ਪਿਛੋਂ ਉਨ੍ਹਾਂ ਨੇ ਮੰਡੀਆਂ ਦੇ ਭਾਅ, ਨੌਜਵਾਨ ਕੁੜੀ ਦਾ ਕਤਲ, ਸ਼ਾਹਦਰੇ ਵਿਚ ਬਾਲਟੀਆਂ ਬਣਾਉਣ ਵਾਲੀ ਫੈਕਟਰੀ ਦੇ ਮਜ਼ਦੂਰਾਂ ਦੀ ਹੜਤਾਲ ਅਤੇ ਰੂਸੀ ਸਪੂਤਨਿਕ ਦੀਆਂ ਖਬਰਾਂ ਪੜ੍ਹੀਆਂ। ਬੈਂਕ ਦੇ ਟੁੱਟ ਜਾਣ ਉਤੇ ਉਨ੍ਹਾਂ ਦੀ ਸ਼ਕਲ, ਉਨ੍ਹਾਂ ਦੀ ਰਫ਼ਤਾਰ ਅਤੇ ਉਨ੍ਹਾਂ ਦੀ ਗੱਲਬਾਤ ਵਿਚ ਕੋਈ ਫਰਕ ਨਾ ਪਿਆ। ਉਨ੍ਹਾਂ ਨੇ ਵਾਪਸ ਆ ਕੇ ਨਿੱਤ ਵਾਂਗ ਉਸੇ ਤਰ੍ਹਾਂ ਮਾਲਿਸ਼ ਕੀਤੀ, ਸ਼ੀਸ਼ ਆਸਣ ਲਾਇਆ, ਮੁੱਛਾਂ ਮੁੰਨੀਆਂ, ਅਸ਼ਨਾਨ ਕੀਤਾ ਅਤੇ ਸਿਰ ਦੇ ਵਾਲਾਂ ਦੇ ਕੁੰਡਲ ਬਣਾਏ। ਨਿੱਤ ਵਾਂਗ ਚਾਰ ਵਜੇ ਆਪਣੀ ਕਾਲੀ ਛਤਰੀ ਖੋਲ੍ਹੀ ਤੇ ਦਿੱਲੀ ਵੱਲ ਤੁਰ ਪਏ ਜਿਥੇ ਉਨ੍ਹਾਂ ਨੇ ਯਾਰਾਂ-ਦੋਸਤਾਂ ਨੂੰ ਮਿਲਣਾ ਹੁੰਦਾ ਹੈ।

ਕਈ ਮਹੀਨਿਆਂ ਪਿੱਛੋਂ ਇਸ ਗੱਲ ਦੀ ਰਤਾ ਕੁ ਭਾਫ਼ ਨਿਕਲੀ ਕਿ ਬੈਂਕ ਦੇ ਫੇਲ੍ਹ ਹੋਣ ਉਤੇ ਉਨ੍ਹਾਂ ਦਾ ਸਾਰਾ ਰੁਪਿਆ ਜਾਂਦਾ ਰਿਹਾ। ਦੋਸਤਾਂ ਨੇ ਜਦ ਪੁੱਛਿਆ ਤਾਂ ਉਨ੍ਹਾਂ ਨੇ ਸਿਰਫ਼ ਇਹੋ ਆਖਿਆ, "ਬਈ ਉਹਦਾ ਤਾਂ ਚਿਰੋਕਣਾ ਗੇੜ ਹੋ ਗਿਆ।"

ਬਾਵਾ ਇਕੋ ਸ਼ਬਦ ਵਿਚੋਂ ਕਈ ਅਰਥ ਕਢਣ ਦਾ ਧਨੀ ਹੈ। ਜਿਵੇਂ ਸਫੈਦ ਰੰਗ ਵਿਚ ਸੱਤੇ ਰੰਗ ਸੁੱਤੇ ਰਹਿੰਦੇ ਹਨ, ਇਸੇ ਤਰ੍ਹਾਂ ਬਾਵੇ ਦੇ ਇਕੋ ਸ਼ਬਦ 'ਗੇੜ' ਵਿਚ ਕਈ ਅਰਥ ਲੁਕੇ ਹੁੰਦੇ ਹਨ। ਬਾਵਾ ਜੀ ਕੋਈ ਕਵਿਤਾ ਲਿਖ ਲੈਣ ਜਾਂ ਉਨ੍ਹਾਂ ਦੀ ਛਤਰੀ ਖੋਈ ਜਾਵੇ ਜਾਂ ਰਾਤ ਨੂੰ ਮੱਛਰ ਕਟ ਜਾਵੇ-ਤਿੰਨਾਂ ਕੰਮਾਂ ਨੂੰ ਇਕੋ ਸ਼ਬਦਾਂ 'ਗੇੜ' ਨਾਲ ਭੁਗਤਾ ਦਿੰਦੇ ਹਨ।



*ਬਾਵਾ ਬਲਵੰਤ ਦੀ ਅਸਲ ਤਸਵੀਰ*

*ਬਾਵਾ ਅਨਪੜ੍ਹ ਹੋਣ 'ਤੇ ਵੀ ਪੜ੍ਹਿਆ-ਲਿਖਿਆ ਹੈ, ਜਿਵੇਂ ਕਈ ਪੜ੍ਹੇ-ਲਿਖੇ ਹੋਣ 'ਤੇ ਵੀ ਅਨਪੜ੍ਹ ਰਹਿ ਜਾਂਦੇ ਹਨ। ਉਹ ਕਿਸ ਵੇਲੇ ਪੜ੍ਹਦਾ ਹੈ, ਕਿਥੋਂ ਪੜ੍ਹਦਾ ਹੈ, ਇਸ ਦਾ ਘਟ ਹੀ ਲੋਕਾਂ ਨੂੰ ਪਤਾ ਹੈ। ਨਾਲ ਰਹਿਣ ਵਾਲੇ ਵੀ ਇਹ ਰਾਜ਼ ਨਹੀਂ ਜਾਣਦੇ। ਉਸ ਨਾਲ ਗੱਲ ਕਰੋ, ਉਹ ਪਿਕਾਸੋ ਦੇ ਪਹਿਲੇ ਪੱਖ ਦੀ ਚਿਤਰਕਲਾ ਜੋ ਗੁਲਾਬੀ ਤੇ ਨੀਲੇ ਕਾਲ ਵਿਚ ਵੰਡਿਆ ਹੈ, ਦਾ ਤੱਤ ਦੱਸੇਗਾ; ਇਟਲੀ ਦੇ ਚਿਤਰਕਾਰ ਮਦੁਗੁਲਿਆਨੀ ਦੀਆਂ ਲੰਮੀ ਗਰਦਨ ਵਾਲੀਆਂ ਸੁੰਦਰੀਆਂ ਨੂੰ ਸਲਾਹੇਗਾ ਤੇ ਫੇਰ ਫਰਾਂਸ ਦੇ ਨਾਵਲਿਸਟ ਐਲਬਰਟ ਕਾਮੂ ਦੀ ਕੋਈ ਸਤਰ ਸੁਣਾ ਦੇਵੇਗਾ। ਇਸ ਦੇ ਨਾਲ-ਨਾਲ ਉਸ ਨੂੰ ਦਿੱਲੀ ਵਿਚ ਇੱਟਾਂ ਦੇ ਭਾਅ ਦਾ ਵੀ ਪਤਾ ਹੋਵੇਗਾ।*



*ਬਾਵਾ ਬਲਵੰਤ ਦਾ ਚਿੱਤਰ*

ਬਾਵਾ ਅਨਪੜ੍ਹ ਹੋਣ ਉਤੇ ਵੀ ਪੜ੍ਹਿਆ-ਲਿਖਿਆ ਹੈ, ਜਿਵੇਂ ਕਈ ਪੜ੍ਹੇ-ਲਿਖੇ ਹੋਣ ਉਤੇ ਵੀ ਅਨਪੜ੍ਹ ਰਹਿ ਜਾਂਦੇ ਹਨ। ਉਹ ਕਿਸ ਵੇਲੇ ਪੜ੍ਹਦਾ ਹੈ, ਕਿਥੋਂ ਪੜ੍ਹਦਾ ਹੈ, ਇਸ ਦਾ ਘਟ ਹੀ ਲੋਕਾਂ ਨੂੰ ਪਤਾ ਹੈ। ਉਸ ਦੇ ਨਾਲ ਰਹਿਣ ਵਾਲੇ ਵੀ ਇਹ ਰਾਜ਼ ਨਹੀਂ ਜਾਣਦੇ। ਤੁਸੀਂ ਉਸ ਨਾਲ ਗੱਲ ਕਰੋ ਤਾਂ ਉਹ ਪਿਕਾਸੋ ਦੇ ਪਹਿਲੇ ਪੱਖ ਦੀ ਚਿਤਰਕਲਾ ਜੋ ਗੁਲਾਬੀ ਅਤੇ ਨੀਲੇ ਕਾਲ ਵਿਚ ਵੰਡਿਆ ਗਿਆ ਹੈ, ਦਾ ਤੱਤ ਦੱਸੇਗਾ; ਇਟਲੀ ਦੇ ਚਿਤਰਕਾਰ ਮਦੁਗੁਲਿਆਨੀ ਦੀਆਂ ਲੰਮੀ ਗਰਦਨ ਵਾਲੀਆਂ ਸੁੰਦਰੀਆਂ ਨੂੰ ਸਲਾਹੇਗਾ ਅਤ ਫੇਰ ਇਕਦਮ ਫਰਾਂਸ ਦੇ ਨਾਵਲਿਸਟ ਐਲਬਰਟ ਕਾਮੂ ਦੀ ਕੋਈ ਸਤਰ ਸੁਣਾ ਦੇਵੇਗਾ। ਇਸ ਦੇ ਨਾਲ-ਨਾਲ ਉਸ ਨੂੰ ਦਿੱਲੀ ਵਿਚ ਇੱਟਾਂ ਦੇ ਭਾਅ ਦਾ ਵੀ ਪਤਾ ਹੋਵੇਗਾ। ਉਹ ਤੁਰਕਮਾਨ ਗੇਟ ਵਿਚ ਰਹਿੰਦੇ ਕਲੀਗਰਾਂ ਅਤੇ ਰਜ਼ਾਈਆਂ ਦੇ ਚੰਦੇ ਠੋਕਣ ਵਾਲਿਆਂ ਦੀਆਂ ਤਫ਼ਸੀਲਾਂ ਵੀ ਦੇਵੇਗਾ। ਨਾਲ ਹੀ ਤੁਹਾਨੂੰ ਚਾਂਦਨੀ ਚੌਕ ਵਿਚ ਚੰਗੀਆਂ ਜਲੇਬੀਆਂ ਤਲਣ ਵਾਲੇ ਦਾ ਵੀ ਪਤਾ ਦੱਸੇਗਾ।

ਉਹ ਜ਼ਿੰਦਗੀ ਨੂੰ ਫੱਕਰਾਂ ਵਾਂਗ ਤੱਕਦਾ ਹੈ ਜਿਸ ਵਿਚ ਜ਼ਿੰਦਾ ਰਹਿਣ ਦਾ ਜਜ਼ਬਾ ਅਤੇ ਨਿਰਲੇਪਤਾ ਹੁੰਦੀ ਹੈ। ਉਹ ਹਰ ਦੋਸਤ ਦੀ ਆਓ-ਭਗਤ ਕਰਦਾ ਹੈ, ਉਸ ਨੂੰ ਚਾਹ ਪਿਲਾਉਂਦਾ ਹੈ ਅਤੇ ਇਹ ਸਭ ਕੁਝ ਇਉਂ ਹੁੰਦਾ ਹੈ ਜਿਵੇਂ ਉਹ ਅਸੀਸ ਦੇ ਰਿਹਾ ਹੋਵੇ।

ਮੈਂ ਜਦੋਂ ਵੀ ਉਸ ਨੂੰ ਮਿਲਿਆ, ਹਮੇਸ਼ਾ ਦੂਜਿਆਂ ਨਾਲ। ਕਦੇ ਟੀ ਹਾਊਸ ਵਿਚ, ਕਦੇ ਨਵਯੁਗ ਪ੍ਰੈਸ, ਕਦੇ ਕਿਸੇ ਪ੍ਰਦਰਸ਼ਨੀ ਵਿਚ। ਬਾਵਾ ਜੀ ਨੇ ਜੇ ਘੁਟ ਕੇ ਮੇਰੇ ਨਾਲ ਹੱਥ ਮਿਲਾਇਆ ਜਾਂ ਜੱਫ਼ੀ ਪਾਈ ਤਾਂ ਇਹ ਦੋਵੇਂ ਚੀਜ਼ਾਂ ਆਪਣੇ ਆਪ ਵਿਚ ਮੁਕੰਮਲ ਸਨ। ਹੱਥ ਮਿਲਾਉਣਾ ਕਿਸੇ ਗੱਲਬਾਤ ਦੀ ਭੂਮਿਕਾ ਨਹੀਂ ਸੀ, ਸਗੋਂ ਨਿੱਕੀ ਕਹਾਣੀ ਸੀ। ਹੱਥ ਮਿਲਾਇਆ ਤੇ ਗੱਲ ਖਤਮ। ਥੋੜ੍ਹੀ-ਥੋੜ੍ਹੀ ਤੇ ਮੁਖਤਸਿਰ ਮੁਲਾਕਾਤ।

ਮੈਂ ਉਨ੍ਹਾਂ ਨੂੰ ਹਮੇਸ਼ਾ ਦੂਰੋਂ-ਦੂਰੋਂ ਤੱਕਿਆ ਤੇ ਦੂਰੋਂ ਪੜ੍ਹਿਆ। ਬਾਵਾ ਜੀ ਦਾ ਪਾਤਰ ਮੇਰੇ ਲਈ ਹਮੇਸ਼ਾ ਮਿੱਲ ਦੇ ਘੁੱਗੂ ਵਾਂਗ ਰਿਹਾ ਹੈ।

ਇਕ ਦਿਨ ਬਾਵਾ ਜੀ ਮੈਨੂੰ ਟੀ ਹਾਊਸ ਮਿਲ ਗਏ। ਉਨ੍ਹਾਂ ਆਪਣੀ ਉਸੇ ਬਿਸਕੁਟੀ ਮੁਸਕਰਾਹਟ ਨਾਲ ਮੇਰਾ ਸੁਆਗਤ ਕੀਤਾ ਅਤੇ ਹੱਥ ਮਿਲਾਇਆ। ਜਦ ਮੈਂ ਇਹ ਆਖਿਆ ਕਿ ਮੈਂ ਕਿਸੇ ਦਿਨ ਉਨ੍ਹਾਂ ਦੇ ਘਰ ਆਵਾਂਗਾ ਤਾਂ ਆਖਣ ਲੱਗੇ, "ਬਹੁਤ ਦੂਰ ਏ ਮੇਰਾ ਘਰ। ਬਹੁਤ ਤਕਲੀਫ਼ ਹੋਵੇਗੀ। ਅਸੀਂ...ਇੱਥੇ ਹੀ ਕਿਤੇ ਮਿਲ ਲਵਾਂਗੇ। ਮੇਰਾ ਘਰ ਬਹੁਤ ਛੋਟਾ ਹੈ...ਬੱਸ ਬਹੁਤ ਹੀ ਛੋਟਾ ਤੇ ਤੰਗ ਤੇ ਉਥੇ...ਜੇ ਤੁਸੀਂ ਚਾਹੋ ਬਹੁਤ ਦੂਰ ਏ।"

ਮੈਂ ਆਖਿਆ, "ਜੇ ਦੂਰ ਐ ਤਾਂ ਕੀ ਹੋਇਆ। ਦਿੱਲੀ ਵਿਚ ਕੋਈ ਥਾਂ ਦੂਰ ਨਹੀਂ ਤੇ ਸਾਰੀਆਂ ਦੂਰ ਨੇ।" ਬਾਵਾ ਜੀ ਨੇ ਆਖਿਆ, "ਹੁਣ ਮੈਂ ਸ਼ਾਹਦਰੇ ਨਹੀਂ ਰਹਿੰਦਾ, ਕ੍ਰਿਸ਼ਨਾ ਨਗਰ ਚਲਾ ਗਿਆ ਹਾਂ। ਜਮਨਾ ਦਾ ਪੁਲ ਪਾਰ ਕਰ ਕੇ, ਗਾਂਧੀ ਨਗਰ ਤੇ ਕਈ ਬਸਤੀਆਂ ਲੰਘ ਕੇ ਮੇਰਾ ਘਰ ਆਉਂਦਾ ਹੈ। ਤੁਸੀਂ ਨਾ ਆਉਣਾ। ਮੈਂ ਹੀ ਆ ਜਾਵਾਂਗਾ। ਇੱਥੇ ਟੀ ਟਾਊਸ ਵਿਚ। ਕੱਲ੍ਹ ਚਾਰ ਵਜੇ। ਠੀਕ ਹੈ?"

ਮੈਂ ਆਖਿਆ, "ਅੱਛਾ।"

ਦੂਜੇ ਦਿਨ ਮੈਂ ਪੂਰੇ ਚਾਰ ਵਜੇ ਟੀ ਹਾਊਸ ਪੁੱਜਾ। ਬਾਹਰ ਲੂ ਚੱਲ ਰਹੀ ਸੀ। ਮੈਂ ਭਾਵੇਂ ਆਪਣੇ ਘਰ ਤੋਂ ਦਸ ਕਦਮ ਚੱਲ ਕੇ ਹੀ ਆਇਆ ਸਾਂ, ਪਰ ਗਰਮੀ ਨਾਲ ਮੇਰਾ ਸਿਰ ਘੁੰਮ ਰਿਹਾ ਸੀ। ਟੀ ਹਾਊਸ ਵਿਚ ਮੈਂ ਸਾਰੇ ਨਜ਼ਰ ਮਾਰੀ। ਇਕ ਚੱਕਰ ਲਾਇਆ, ਹਰ ਇਕ ਮੇਜ਼ ਦੇਖਿਆ, ਪਰ ਬਾਵਾ ਜੀ ਕਿਤੇ ਨਾ ਦਿਸੇ।

ਮੈਂ ਪਰੇਸ਼ਾਨ ਖੜ੍ਹਾ ਸਾਂ ਕਿ ਬਾਵਾ ਜੀ ਖੂੰਜੇ ਵਾਲੀ ਮੇਜ਼ ਦੁਆਲੇ ਇਕੱਲੇ ਬੈਠੇ ਨਜ਼ਰ ਆਏ। ਉਨ੍ਹਾਂ ਦੇ ਚਿਹਰੇ ਉਤੇ ਘਬਰਾਹਟ ਸੀ। ਉਹ ਹੱਥ ਵਿਚ ਆਪਣੀ ਛਤਰੀ ਘੁਟ ਕੇ ਫੜੀ ਬੈਠੇ ਸਨ। ਮੈਂ ਉਨ੍ਹਾਂ ਵੱਲ ਵਧਿਆ।

ਉਨ੍ਹਾਂ ਅਖਿਆ, "ਬੈਠੋ। ਅੱਜ ਮੇਰੀ ਤਬੀਅਤ ਬਹੁਤ ਖਰਾਬ ਸੀ। ਕੁਝ ਬੁਖਾਰ ਜਿਹਾ ਸੀ। ਬੱਸ ਇਹੋ ਆਖਣ ਆਇਆ ਹਾਂ ਕਿ ਮੁਲਾਕਾਤ ਕਿਸੇ ਹੋਰ ਦਿਨ ਰੱਖੀਏ।"

ਮੈਂ ਪੁੱਛਿਆ, "ਹੁਣ ਕਿਥੋਂ ਆਏ ਹੋ?"

"ਘਰੋਂ। ਸੋਚਿਆ ਤੁਸੀਂ ਇੰਤਜ਼ਾਰ ਕਰੋਗੇ। ਤੁਹਾਨੂੰ ਦੱਸਣ ਆਇਆ ਹਾਂ।"

ਉਨ੍ਹਾਂ ਦੇ ਚਿਹਰੇ ਉਤੇ ਘਬਰਾਹਟ ਸੀ। ਕੁਝ ਗਰਮੀ ਕਰ ਕੇ ਤੇ ਕੁਝ ਮੁਲਾਕਾਤ ਕਰ ਕੇ। ਉਹ ਮੁਲਾਕਾਤ ਕਰਨਾ ਵੀ ਚਾਹੁੰਦੇ ਸਨ ਤੇ ਨਹੀਂ ਵੀ। ਦੁਬਿਧਾ ਵਿਚ ਉਹ ਛਤਰੀ ਨੂੰ ਘੁਟ ਕੇ ਫੜੀ ਬੈਠੇ ਰਹੇ। ਇਹ ਨਹੀਂ ਸੀ ਪਤਾ ਲਗਦਾ ਕਿ ਹੁਣੇ ਆਏ ਹਨ ਕਿ ਉਨ੍ਹਾਂ ਨੇ ਹੁਣੇ ਜਾਣਾ ਹੈ।

ਮੈਂ ਆਖਿਆ, "ਤੁਸੀਂ ਕਿਉਂ ਤਕਲੀਫ਼ ਕੀਤੀ। ਬਹੁਤ ਕੜਾਕੇ ਦੀ ਧੁੱਪ ਹੈ। ਆਰਾਮ ਕਰਨਾ ਸੀ। ਇਤਨੀ ਦੂਰੋਂ ਆਏ, ਬੜੀ ਤਕਲੀਫ਼ ਹੋਈ।"

ਉਨ੍ਹਾਂ ਆਖਿਆ, "ਕੋਈ ਤਕਲੀਫ ਨਹੀਂ। ਜੇ ਨਾ ਆਉਂਦਾ ਤਾਂ ਤੁਹਾਨੂੰ ਤਕਲੀਫ ਹੁੰਦੀ। ਮੈਨੂੰ ਰਤਾ ਕੁ ਬੁਖਾਰ ਹੈ। ਮੈਂ ਹੁਣ ਘਰ ਜਾਵਾਂਗਾ। ਅਸੀਂ ਪਰਸੋਂ ਇਸੇ ਵੇਲੇ ਇੱਥੇ ਮਿਲਾਂਗੇ।"

ਮੈਂ ਆਖਿਆ, "ਪਰਸੋਂ ਤੁਸੀਂ ਨਾ ਆਉਣਾ, ਮੈਂ ਆਵਾਂਗਾ। ਆਪਣੇ ਘਰ ਦਾ ਪਤਾ ਦੱਸ ਦਿਓ, ਸਵੇਰੇ ਦਸ ਵਜੇ ਪਹੁੰਚ ਜਾਵਾਂਗਾ।"

ਮੇਰੇ ਬਹੁਤ ਜ਼ਿੱਦ ਕਰਨ ਉਤੇ ਉਨ੍ਹਾਂ ਨੇ

*ਬਾਵਾ ਲੰਗੋਟ ਦਾ ਪੱਕਾ ਹੈ, ਜਤੀ-ਸਤੀ। ਉਸ ਨੇ ਸਾਰੀ ਉਮਰ ਵਿਆਹ ਨਹੀਂ ਕੀਤਾ। ਸੁਣਿਆ ਹੈ, ਇਕ ਵਾਰ ਉਸ ਦਾ ਵਿਆਹ ਹੋ ਵੀ ਗਿਆ ਸੀ, ਪਰ ਉਹ ਬਚ ਗਿਆ। ਕਿਸੇ ਪਹਿਲਵਾਨ ਦੀ ਭਤੀਜੀ ਨਾਲ ਉਸ ਦੀ ਮੰਗਣੀ ਕੀਤੀ ਗਈ ਤੇ ਫੇਰੇ ਪੜ੍ਹੇ ਗਏ, ਪਰ ਉਸ ਪਿਛੋਂ ਫੌਰਨ ਹੀ ਬਾਵਾ ਰੂਪੋਸ਼ ਹੋ ਗਿਆ, ਜਿਵੇਂ ਉਸ ਨੇ ਕੋਈ ਖੂਨ ਕੀਤਾ ਹੋਵੇ। ਕੁੜੀ ਵਾਲਿਆਂ ਨੇ ਪੁਲਿਸ ਦੀ ਮਦਦ ਲੀਤੀ ਕਿ ਉਹ ਕਿਸੇ ਤਰ੍ਹਾਂ ਉਸ ਨੂੰ ਢੂੰਡ ਕੱਢਣ, ਪਰ ਉਹ ਹੱਥ ਨਾ ਆਇਆ।... ਬਾਵਾ ਪਰਲੇ ਦਰਜੇ ਦਾ ਭਗੌੜਾ ਹੈ। ਉਹ ਤੀਵੀਂ ਤੋਂ, ਤਾਰੀਫ਼ ਤੋਂ, ਸਿਗਰਟ ਤੋਂ, ਸਨਮਾਨ ਤੋਂ ਦੌੜਦਾ ਹੈ। ਇਕ-ਦੋ ਵਾਰ ਉਸ ਨੂੰ ਜ਼ਬਰਦਸਤੀ ਫੜ ਕੇ ਉਸ ਦਾ ਸਨਮਾਨ ਕੀਤਾ ਗਿਆ ਅਤੇ ਬਾਵੇ ਦੀ ਹਾਲਤ ਵਿਆਹ ਕਰਵਾਉਣ ਤੋਂ ਵੀ ਭੈੜੀ ਸੀ। ਉਸ ਦੇ ਯਾਰ-ਦੋਸਤ ਖੁਸ਼ ਸਨ, ਪਰ ਉਹ ਗਮ ਵਿਚ ਡੁੱਬਿਆ ਹੋਇਆ ਸੀ। ਬਰਾਤੀ ਹੱਸ ਰਹੇ ਸਨ, ਲਾੜਾ ਰੋ ਰਿਹਾ ਸੀ।*

(ਅਗਲੇ ਸਫੇ 'ਤੇ ਜਾਰੀ)

ਮੇਰਾ ਆਉਣਾ ਸਵੀਕਾਰ ਕਰ ਲਿਆ। ਮੈਂ ਉਨ੍ਹਾਂ ਤੋਂ ਘਰ ਦਾ ਪੂਰਾ ਨਕਸ਼ਾ ਸਮਝ ਲਿਆ।

ਬਥੇਰੀ ਕੋਸ਼ਿਸ਼ ਕੀਤੀ ਕਿ ਨੀਅਤ ਦਿਨ ਦਸ ਵਜੇ ਪੁੱਜ ਜਾਵਾਂ, ਪਰ ਇਹ ਨਾ ਹੋਇਆ। ਪੂਰੇ ਬਾਰਾਂ ਵਜੇ ਸਿਖਰ ਦੁਪਹਿਰੇ ਪੁੱਜਿਆ। ਰਾਹ ਵਿਚ ਅੱਧਾ ਘੰਟਾ ਤਾਂ ਜਮਨਾ ਦੇ ਪੁਲ ਉਤੇ ਹੀ ਲੱਗ ਗਿਆ, ਜਿੱਥੇ ਖੱਲਾਂ ਦਾ ਭਰਿਆ ਟਰੱਕ ਤੇ ਲੱਕੜਾਂ ਦਾ ਗੱਡਾ ਅੜੇ ਖਲੋਤੇ ਸਨ। ਉਸ ਪਿਛੋਂ ਤਿੰਨ ਬਸਤੀਆਂ ਵਿਚ ਦੀ ਲੰਘਿਆ, ਜਿਥੇ ਮਧ ਸ਼੍ਰੇਣੀ ਦੇ ਭੀੜੇ ਗੰਦੇ ਘਰ ਸਨ। ਮੱਖੀਆਂ ਨਾਲ ਭਰੀਆਂ ਹਲਵਾਈਆਂ ਦੀਆਂ ਦੁਕਾਨਾਂ ਅਤੇ ਰੇੜ੍ਹਿਆਂ ਤੇ ਖੋਂਚੇ ਵਾਲਿਆਂ ਨਾਲ ਭਰੀਆਂ ਗਲੀਆਂ। ਇਹ ਗਾਂਧੀ ਨਗਰ ਸੀ। ਕ੍ਰਿਸ਼ਨਾ ਨਗਰ ਦੀ ਸਾਰੀ ਬਸਤੀ ਲੰਘੀ। ਬਸ ਦੇ ਅਖੀਰੀ ਅੱਡੇ ਕੋਲ ਹਲਵਾਈ ਦੀ ਦੁਕਾਨ ਤੋਂ ਪੁੱਛਦਾ ਪੁਛਾਉਂਦਾ ਮੈਂ ਅੱਗੇ ਤੁਰਿਆ। ਗੰਨਿਆਂ ਦੇ ਛਿਲੜਾਂ ਦੇ ਢੇਰ, ਲੀਰਾਂ ਦੇ ਲੋਗੜ ਤੇ ਕੂੜੇ ਦੀਆਂ ਰੂੜੀਆਂ ਸਨ, ਜਿਥੇ ਦੋ ਕੁ ਦਰਜਨ ਸੂਰ ਮੂੰਹ ਮਾਰਦੇ ਫਿਰਦੇ ਸਨ। ਇਸ ਨਜ਼ਾਰੇ ਪਿਛੋਂ ਬਾਵਾ ਜੀ ਦੀ ਮਿਆਨੀ ਆਉਂਦੀ ਹੈ- ਸ਼ੁੱਧ, ਸਾਫ਼-ਸੁਥਰੀ ਜਿਵੇਂ ਕਿਸੇ ਰਿਸ਼ੀ ਦੀ ਕੁਟੀਆ ਹੋਵੇ।

ਮੈਂ ਬਾਹਰੋਂ ਆਵਾਜ਼ ਦਿੱਤੀ। ਉਨ੍ਹਾਂ ਨੇ ਮਿਆਨੀ ਵਿਚੋਂ ਸਿਰ ਬਾਹਰ ਕੱਢਿਆ ਤੇ ਹੱਥ ਦਾ ਇਸ਼ਾਰਾ ਕਰ ਕੇ ਥੱਲੇ ਉਤਰ ਆਏ।

ਮੈਂ ਟੁੱਟੀਆਂ-ਫੁੱਟੀਆਂ ਇੱਟਾਂ ਦੀ ਪੌੜ੍ਹੀ ਚੜ੍ਹ ਕੇ ਉਨ੍ਹਾਂ ਦੇ ਨਾਲ ਮਿਆਨੀ ਵਿਚ ਦਾਖਲ ਹੋਇਆ।

ਮਿਆਨੀ ਬਹੁਤ ਛੋਟੀ ਸੀ। ਇਤਨੀ ਛੋਟੀ ਕਿ ਮੰਜੀ ਉਤੇ ਬੈਠੇ ਬਾਵਾ ਜੀ ਹੱਥ ਵਧਾ ਕੇ ਹਰ ਚੀਜ਼ ਫੜ ਸਕਦੇ ਸਨ। ਕੰਧ ਉਤੇ ਲਟਕਦਾ ਝੋਲਾ, ਖੂੰਜੇ ਪਈ ਪਾਣੀ ਦੀ ਸੁਰਾਹੀ, ਦੂਰ ਕਿੱਲੀ ਨਾਲ ਟੰਗੀ ਛਤਰੀ।

ਮੇਰੇ ਆਉਣ ਤੋਂ ਪਹਿਲਾਂ ਉਹ ਕੁਝ ਲਿਖ ਰਹੇ ਸਨ। ਮੰਜੀ ਉਤੇ ਇਕ ਸੰਦੂਕੜੀ ਪਈ ਸੀ, ਸੰਦੂਕੜੀ ਉਤੇ ਹਰੀ ਕੰਨੀ ਵਾਲੀ ਧੋਤੀ, ਧੋਤੀ ਉਤੇ ਖੱਦਰ ਦੀ ਜਿਲਦ ਵਾਲੀ ਮੋਟੀ ਕਾਪੀ, ਕਾਪੀ ਉਤੇ ਪੱਖੀ ਅਤੇ ਪੱਖੀ ਉਤੇ ਨਿੱਕਾ ਜਿਹਾ ਸੰਖ।

ਖੱਦਰ ਦੀਆਂ ਵਾਸਕਟਾਂ ਤੇ ਕਈ ਪ੍ਰਕਾਰ ਦੇ ਝੋਲੇ ਕੰਧ ਉਤੇ ਲਟਕ ਰਹੇ ਸਨ। ਛੱਤ ਦੇ ਨੇੜੇ ਕੰਧ ਉਤੇ ਲੱਕੜ ਦੀ ਵਧਵੀਂ ਫੱਟੀ ਜੜੀ ਹੋਈ ਸੀ ਜਿਸ ਉਤੇ ਤਰ੍ਹਾਂ-ਤਰ੍ਹਾਂ ਦੇ ਡੱਬੇ, ਨਿੱਕੀਆਂ ਬੋਤਲਾਂ, ਸੁਰਮੇਦਾਨੀਆਂ, ਮੰਜਨ, ਨਿੱਕਾ ਜਿਹਾ ਖਰਲ ਵੱਟਾ, ਭਾਂਤ-ਭਾਂਤ ਦੇ ਚੂਰਨ ਤੇ ਦਵਾਈਆਂ ਦੀਆਂ ਸ਼ੀਸ਼ੀਆਂ ਪਈਆਂ ਸਨ। ਮੰਜੀ ਦੇ ਪੈਂਦ ਵਲ ਖੂੰਜੇ ਵਿਚ ਕਿਤਾਬਾਂ ਦੀਆਂ ਗਠੜੀਆਂ, ਖੇਸ, ਕੰਬਲ ਤੇ ਰਸਾਲਿਆਂ, ਅਖਬਾਰਾਂ ਦੇ ਥੱਬੇ, ਇਕ ਪਾਸੇ ਸ਼ੇਰ ਦੇ ਮੂੰਹ ਵਾਲੀ ਮਿੱਟੀ ਦੀ ਸੁਰਾਹੀ ਤੇ ਦੋ ਗਲਾਸ। ਮੰਜੀ ਦੇ ਹੇਠਾਂ ਵੀ ਚੀਜ਼ਾਂ-ਵਸਤਾਂ ਬੜੇ ਕਰੀਨੇ ਨਾਲ ਰੱਖੀਆਂ ਹੋਈਆਂ ਸਨ। ਮਿਆਨੀ ਭਰਿਆ-ਭਕੁੰਨਿਆ ਘਰ ਲਗਦੀ ਸੀ। ਇਤਨੀ ਛੋਟੀ ਅਤੇ ਅਨੇਕਾਂ ਵਸਤਾਂ ਨਾਲ ਭਰੀ ਹੋਣ ਦੇ ਬਾਵਜੂਦ ਇਸ ਨਿੱਕੀ ਜਿਹੀ ਮਿਆਨੀ ਵਿਚ ਉਠਣ-ਬੈਠਣ ਤੇ ਟਹਿਲਣ ਲਈ ਕਾਫ਼ੀ ਥਾਂ ਸੀ।

ਬਾਵਾ ਜੀ ਝੱਟ ਹੀ ਚਾਹ ਦਾ ਪ੍ਰਬੰਧ ਕਰਨ ਅਤੇ ਬਰਫ਼ ਲਿਆਉਣ ਚਲੇ ਗਏ ਤੇ ਮੈਂ ਮਿਆਨੀ ਵਿਚ ਕੁਝ ਚਿਰ ਇਕੱਲਾ ਬੈਠਾ ਰਿਹਾ। ਇਸ ਨਿੱਕੇ ਜਿਹੇ ਘਰ ਵਿਚ ਹਵਾ ਦੋਵਾਂ ਪਾਸਿਆਂ ਤੋਂ ਆਉਂਦੀ ਹੈ। ਬਾਵਾ ਜੀ ਇਨ੍ਹਾਂ ਦੋ ਦਰਵਾਜ਼ਿਆਂ ਨੂੰ ਪੂਰੀ ਤਰ੍ਹਾਂ ਖੋਲ੍ਹ ਕੇ ਜਾਂ ਅੱਧ-ਪਚੱਧਾ ਭੀੜ ਕੇ ਹਵਾ ਤੇ ਸੂਰਜ ਦੇ ਰੁਖ ਅਨੁਸਾਰ ਲੋੜੀਂਦਾ ਵਾਯੂਮੰਡਲ ਪੈਦਾ ਕਰ ਲੈਂਦੇ ਸਨ।

ਬਾਵਾ ਜੀ ਛੇਤੀ ਹੀ ਮੁੜ ਆਏ। ਅਸੀਂ ਚਾਹ ਪੀਤੀ ਤੇ ਸਾਹਿਤ, ਕਵਿਤਾ ਤੇ ਜੀਵਨ ਬਾਰੇ ਗੱਲਾਂ ਕਰਨ ਲੱਗੇ। ਬੜੀ ਦੇਰ ਤੀਕ ਆਰਥਿਕ ਤੇ ਸਭਿਆਚਾਰਕ ਮਸਲਿਆਂ ਉਤੇ ਵਿਚਾਰ ਹੁੰਦੇ ਰਹੇ।

ਉਹ ਬੋਲੇ, "ਦਿੱਲੀ ਵਿਚ ਕੋਈ ਤਰਤੀਬ ਨਹੀਂ। ਥਾਂ-ਥਾਂ 'ਤੇ ਕੂੜਾ, ਪਰ ਜੇ ਹਰ ਕੋਈ ਆਪਣਾ-ਆਪਣਾ ਘਰ ਸਾਫ਼ ਕਰ ਲਵੇ ਤਾਂ ਸਾਰੀ ਦੁਨੀਆਂ ਪਾਕ ਹੋ ਸਕਦੀ ਹੈ। ਇਹੋ ਗੱਲ ਗਾਂਧੀ ਜੀ ਨੇ ਵੀ ਆਖੀ। ਮਹਾਤਮਾ ਟਾਲਸਟਾਏ ਨੇ ਵੀ ਇਕ ਥਾਂ ਲਿਖਿਆ ਸੀ, ਪਰ ਸਾਡੇ ਲੋਕ ਇਸ ਗੱਲ ਨੂੰ ਨਹੀਂ ਸਮਝਦੇ।"

ਬਾਵਾ ਜੀ ਦੀ ਮਿਆਨੀ ਸਾਫ਼ ਹੈ, ਉਹ ਆਪਣੇ ਕੱਪੜੇ ਖੁਦ ਧੋਂਦੇ ਹਨ। ਉਹ ਸਵੈ-ਸ਼ੁੱਧੀ ਤੇ ਸਵੈ-ਗਤੀ ਵਿਚ ਵਿਸ਼ਵਾਸ ਰੱਖਦੇ ਹਨ। ਇਹ ਵਿਅਕਤਿਤਵ ਦਾ ਫਲਸਫਾ ਹੈ ਜਿਸ ਨੂੰ ਉਹ ਜੀਂਵਦੇ ਹਨ। ਆਤਮਕ ਤੌਰ 'ਤੇ ਉਹ ਗਾਂਧੀਵਾਦੀ ਹਨ, ਬੌਧਿਕ ਤੌਰ ਉਤੇ ਮਾਰਕਸਵਾਦੀ।

1932-34 ਵਿਚ ਬਾਵਾ ਬਲਵੰਤ ਅੰਮ੍ਰਿਤਸਰ ਦੇ ਝਟਕਈਆਂ ਵਾਲੇ ਬਾਜ਼ਾਰ ਵਿਚ ਕੰਮ ਕਰਦਾ ਸੀ। ਚੁਬਾਰੇ ਵਿਚ ਉਸ ਦੇ ਪਿਤਾ ਵੈਦਗੀ ਕਰਦੇ ਸਨ।

ਇਸ ਚੁਬਾਰੇ ਵਿਚ ਬੈਠੇ ਹੋਏ ਬਾਵੇ ਨੇ ਬਾਜ਼ਾਰ ਵਿਚੋਂ ਲੰਘਦੀ ਖਲਕਤ ਤੇ ਵੱਖ-ਵੱਖ ਕਿੱਤਿਆਂ ਵਾਲੇ ਕਾਮਿਆਂ ਤੇ ਕਾਰੀਗਾਰਾਂ ਨੂੰ ਤੱਕਿਆ। ਨੇੜੇ ਹੀ ਝਟਕੇ ਦੀਆਂ ਦੁਕਾਨਾਂ ਸਨ। ਅਫੀਮ, ਭੰਗ, ਚਰਸ ਤੇ ਸ਼ਰਾਬ ਦੇ ਠੇਕੇ ਸਨ। ਉਸ ਨੇ ਸ਼ਰਾਬੀਆਂ, ਪੋਸਤੀਆਂ ਤੇ ਜੁਆਰੀਆਂ ਨੂੰ ਬੜੀ ਨੇੜਿਉਂ ਤੱਕਿਆ।

ਉਨ੍ਹੀਂ ਦਿਨੀਂ ਕੌਮੀ ਆਜ਼ਾਦੀ ਦੀ ਲਹਿਰ ਦਾ ਜ਼ੋਰ ਸੀ। ਵੱਖ-ਵੱਖ ਸਭਾਵਾਂ ਤੇ ਪਾਰਟੀਆਂ ਆਪਣੇ ਜਲਸੇ ਕਰਦੀਆਂ ਸਨ। ਬਾਵਾ ਬਲਵੰਤ ਕਿਰਤੀ ਸਭਾ ਦੇ ਅਖਬਾਰ ਵੇਚਦਾ ਅਤੇ ਵਲਾਇਤੀ ਕੱਪੜੇ ਤੇ ਸ਼ਰਾਬ ਦੇ ਬਾਈਕਾਟ ਲਈ ਵਧ-ਚੜ੍ਹ ਕੇ ਹਿੱਸਾ ਲੈਂਦਾ। ਉਨ੍ਹੀਂ ਦਿਨੀਂ ਹੀ ਉਹਨੇ ਪੰਜਾਬੀ ਵਿਚ ਕਵਿਤਾ ਲਿਖਣੀ ਸ਼ੁਰੂ ਕੀਤੀ।

ਉਸ ਨੇ ਕਈ ਕਿੱਤੇ ਬਦਲੇ। ਸਭ ਤੋਂ ਪਹਿਲਾਂ ਮੁਨਿਆਰੀ ਦੀ ਹੱਟੀ ਖੋਲ੍ਹੀ। ਫਿਰ ਗੱਤੇ ਦੇ ਡੱਬੇ ਤੇ ਲਫਾਫ਼ੇ ਬਣਾਉਣ ਦਾ ਧੰਦਾ ਸਹੇੜਿਆ। ਫਿਰ ਚੰਦੇ ਤੇ ਕਢਾਈ ਦਾ ਕੰਮ ਕੀਤਾ। ਚੰਦੇ ਠੇਕਣੇ ਦੀ ਦੁਕਾਨ ਉਤੇ ਇਕ ਵਾਰ ਇਕ ਕੁੜੀ ਆਈ ਤੇ ਬਾਵਾ ਬਲਵੰਤ ਨੂੰ ਉਸ ਨਾਲ ਇਸ਼ਕ ਹੋ ਗਿਆ। ਮੈਂ ਪੁੱਛਿਆ, "ਬਾਵਾ ਜੀ, ਉਸ ਵੇਲੇ ਤੁਹਾਡੀ ਉਮਰ ਕੀ ਸੀ?"

"ਮੇਰੀ ਉਮਰ ਉਸ ਵੇਲੇ...ਗੱਲ ਇਹ ਹੈ ਕਿ...ਉਸ ਵੇਲੇ...ਮੈਂ...ਮੈਨੂੰ ਚੰਦੇ ਠੇਕਣ ਦਾ ਕੰਮ ਕਰਦਿਆਂ ਬਾਕੀ ਕੰਮਾਂ ਨਾਲੋਂ ਵਧੇਰੇ ਅਨੰਦ ਆਉਂਦਾ ਸੀ। ਚੰਦੇ ਠੇਕਦੇ ਨੂੰ ਹੀ ਰੰਗਾਂ ਤੇ ਲੀਕਾਂ ਦਾ ਗਿਆਨ ਹੋਇਆ ਤੇ ਚਿਤਰਕਾਰੀ ਵਿਚ



*ਬਾਵੇ ਦਾ ਪਿਛੋਕੜ ਉਰਦੂ ਤੇ ਫਾਰਸੀ ਦਾ ਹੈ ਤੇ ਉਸ ਉਤੇ ਸੂਫ਼ੀ ਕਵੀਆਂ ਤੇ ਕਿੱਸਾਕਾਰਾਂ ਦਾ ਪ੍ਰਭਾਵ ਹੈ। ਗੀਤਾਂ ਤੇ ਕਵਿਤਾਵਾਂ ਦਾ ਵਜ਼ਨ ਡੋਲਦਾ ਨਹੀਂ।... ਬਾਵਾ ਜੀ ਚੌਂਕੜੀ ਮਾਰ ਕੇ ਜਦ ਮੰਜੀ ਉਤੇ ਬੈਠਦੇ ਹਨ ਤੇ ਧੂਫ਼ ਜਗਾ ਕੇ ਕੰਮ ਕਰਦੇ ਹਨ ਤਾਂ ਉਨ੍ਹਾਂ ਦੀ ਸੰਦੂਕੜੀ ਉਨ੍ਹਾਂ ਦਾ ਲਿਖਣ ਵਾਲਾ ਮੇਜ਼ ਬਣ ਜਾਂਦੀ ਹੈ। ਨਿੱਕਾ ਜਿਹਾ ਸੰਖ ਪੇਪਰ ਵੇਟ ਬਣ ਜਾਂਦਾ ਹੈ। ਉਹ ਕਾਪੀ ਵਿਚ ਬੜੀ ਸਫ਼ਾਈ ਨਾਲ, ਬੜੇ ਠਰ੍ਹੰਮੇ ਨਾਲ, ਬੜਾ ਘੋਟ-ਘੋਟ ਕੇ ਲਿਖਦੇ ਹਨ। ਕਾਗਜ਼ਾਂ ਉਤੇ ਫੁੱਟੇ ਨਾਲ ਖੁਦ ਹੀ ਹਲਕੀਆਂ ਬਰੀਕ ਲੀਕਾਂ ਮਾਰਦੇ ਹਨ। ਸੁਰਮਈ, ਲਾਲ, ਹਰੇ ਰੰਗ ਦੀਆਂ। ਉਨ੍ਹਾਂ ਵਿਚ ਇਕ ਨਕਸ਼ਾ ਨਵੀਸ ਤੇ ਕਾਤਿਬ ਦਾ ਹੁਨਰ ਹੈ।*

ਦਿਲਚਸਪੀ ਹੋਈ। ਨੇੜੇ ਠਠਿਆਰਾਂ ਦੀਆਂ ਦੁਕਾਨਾਂ ਸਨ। ਭਾਂਡਿਆਂ ਨੂੰ ਠਾਹ-ਠਾਹ ਚਿਤਦੇ। ਭੱਠੀਆਂ ਦੇ ਧੂੰਏਂ ਨਾਲ ਧੁਆਂਖੇ ਉਹ ਕਾਲੇ ਭੂਤ ਬਣੇ ਹੋਏ ਜਦ ਬਾਹਰ ਨਿਕਲਦੇ ਤਾਂ ਮੈਂ ਬੜਾ...ਇਸ ਰੌਲੇ ਵਿਚ ਵੀ ਮੈਂ ਕਵਿਤਾ ਲਿਖਦਾ। ਕਈ ਵਾਰ ਰਾਤ ਨੂੰ ਜਦ ਸੈਰ ਕਰਨ ਜਾਂਦਾ ਤਾਂ ਉਚੇ ਪੁਲ ਉਤੇ ਬੈਠ ਕੇ ਕਵਿਤਾ ਲਿਖਦਾ। ਇਕ ਕਵਿਤਾ ਮੈਂ ਲਿਖੀ ਸੀ ਕ੍ਰਿਸ਼ਨਾ ਦੇ ਆਉਣ ਉਤੇ। ਇਨ੍ਹਾਂ ਕਵਿਤਾਵਾਂ ਵਿਚ ਪਿਆਰ ਦਾ ਗੇੜ ਸੀ। ਬਾਰਾਂ ਸਾਲ ਇਹ ਪਿਆਰ ਚਲਦਾ ਰਿਹਾ...।"

"ਬਾਵਾ ਜੀ, ਉਸ ਵੇਲੇ ਤੁਹਾਡੀ ਉਮਰ ਕੀ ਸੀ?" ਮੈਂ ਫਿਰ ਪੁੱਛਿਆ।

"ਉਸ ਵੇਲੇ ਮਮਮਮ...ਮੈਂ...ਮੇਰੀ ਉਮਰ...ਮਮਮਮ...ਅਸਲ ਵਿਚ ਗੱਲ ਇਹ ਹੋਈ ਕਿ ਉਹ ਕੁੜੀ...ਉਹ ਅਮੀਰ ਸਨ...ਤੇ ਉਨ੍ਹਾਂ ਦੀ...ਤੇ ਗੱਲ ਇਸ ਤਰ੍ਹਾਂ ਹੋਈ ਕਿ ਮੈਂ...ਜਦੋਂ ਉਸ ਨਾਲ ਪਿਆਰ ਹੋਇਆ, ਉਸ ਨੂੰ ਇਸ ਗੇੜ ਦਾ ਹਾਲ ਪਤਾ ਈ ਨਹੀਂ ਸੀ...ਉਹ ਮੇਰੇ ਲਈ ਉਤਸ਼ਾਹ ਦਾ ਸੋਮਾ ਸੀ। ਦੂਰ ਦੀ ਖੂਬਸੂਰਤੀ। ਕਈ ਵਾਰ ਉਹ ਆਪਣੀ ਮਾਂ ਨਾਲ ਮੇਰੀ ਹੱਟੀ ਉਤੇ ਰੁਮਾਲ ਠੁਕਵਾਉਣ ਆਈ। ਮੈਂ ਤਰ੍ਹਾਂ ਤਰ੍ਹਾਂ ਦੇ ਰੁਮਾਲ ਠੇਕ ਕੇ ਦੇਂਦਾ। ਉਨ੍ਹੀਂ ਦਿਨੀਂ ਮਖਮਲ ਦੀਆਂ ਗੱਦੀਆਂ ਉਤੇ ਡਿਜ਼ਾਇਨ ਠੇਕਣ ਦਾ ਫੈਸ਼ਨ ਸੀ। ਮੇਰੀ ਕਵਿਤਾ ਵਿਚ ਕ੍ਰਿਸ਼ਨਾ ਵਾਰ-ਵਾਰ ਆਈ। ਵਾਰਸ ਸਾਹ ਦੀ ਭਾਗਭਰੀ ਬਣ ਕੇ ਤੇ ਚੰਡੀਦਾਸ ਦੀ ਰਾਮੀ ਧੋਬਣ ਬਣ ਕੇ।"

ਇਹ ਗੱਲ ਠੀਕ ਹੀ ਸੀ। ਬਾਵਾ ਜੀ ਦੀ ਪੁਸਤਕ 'ਅਮਰਗੀਤ' (1942) ਵਿਚ 'ਪਰਦੇਸਣ ਕ੍ਰਿਸ਼ਨਾ ਨੂੰ' ਇਕ ਗੀਤ ਛਪਿਆ, ਅਤੇ 'ਬੰਦਰਗਾਹ' (1951) ਵਿਚ 'ਗਿਆਨ ਕ੍ਰਿਸ਼ਨਾ' ਜਿਸ ਵਿਚ ਅਫ਼ਲਾਤੂਨੀ ਪਿਆਰ ਦਾ ਹੜ੍ਹ ਹੈ। ਇਸ ਕਵਿਤਾ ਵਿਚ ਬਾਵਾ ਆਪਣੀ ਕ੍ਰਿਸ਼ਨਾ ਨੂੰ ਤੂਫ਼ਾਨਾਂ ਵਿਚ ਰਾਹ ਦਿਖਾਉਣ ਵਾਲਾ ਤਾਰਾ ਮੰਨਦਾ ਹੈ। ਕਾਲੀਆਂ ਖੱਡਾਂ ਤੇ ਮੌਨ ਡੂੰਘਾਈਆਂ ਵਿਚ ਕ੍ਰਿਸ਼ਨਾ ਦੇ ਡੇਰੇ ਹਨ। ਉਹ ਸੂਰਜ ਹੈ, ਉਹ ਤਾਰਾ ਹੈ। ਉਹ ਡੂੰਘੀ ਸ਼ਾਮ ਦਾ ਦੀਵਾ ਹੈ। ਕ੍ਰਿਸ਼ਨਾ ਦੇ ਪਿਆਰ ਦੀ ਕਿਰਨ ਅੰਧਕਾਰ ਨੂੰ ਜਗਮਗਾਉਂਦੀ ਹੈ। ਮਹਾਂ ਪਰਲੋ ਸਮੇਂ ਉਸ ਦੇ ਪਿਆਰ ਦੀ ਬੇੜੀ ਹੀ ਲੰਘਾਵੇਗੀ।

ਇਸ ਕਿਸਮ ਦੇ ਰਵਾਇਤੀ ਅਲੰਕਾਰਾਂ ਨਾਲ ਉਸ ਦੀ ਕਵਿਤਾ ਭਰੀ ਹੋਈ ਹੈ। ਵਾਰਸ ਸਾਹ ਨੂੰ ਜਿਸਮਾਨੀ ਪਿਆਰ ਦਾ ਡੂੰਘਾ ਗਿਆਨ ਸੀ, ਚੰਡੀਦਾਸ ਨੂੰ ਆਤਮਕ ਪਿਆਰ ਦਾ, ਪਰ ਬਾਵਾ ਬਲਵੰਤ ਨੂੰ ਸਿਰਫ਼ ਖਿਆਲੀ ਪਿਆਰ ਦਾ ਅਨੁਮਾਨ ਹੈ।

ਬਾਵਾ ਜੀ ਦੀਆਂ ਕਵਿਤਾਵਾਂ ਦਾ ਸੰਗ੍ਰਹਿ 'ਜੁਆਲਾ ਮੁਖੀ' (1933) ਫਾਸਿਸਟ ਤਾਕਤਾਂ ਵਿਰੁੱਧ ਸੀ। ਸਿਧਾਂਤਕ ਤੌਰ 'ਤੇ ਉਹ ਉਸ ਸਮੇਂ ਦੇ ਮਾਰਕਸਵਾਦੀ ਨਜ਼ਰੀਏ ਦੀ ਪ੍ਰੋੜ੍ਹਤਾ ਕਰਦਾ ਸੀ। 'ਬੰਦਰਗਾਹ' (1951) ਤੇ 'ਸੁਗੰਧ ਸਮੀਰ' (1959) ਵਿਚ ਵੀ ਸਾਮਰਾਜਵਾਦ ਦਾ ਨਾਅਰਾ ਹੈ ਅਤੇ ਅਫ਼ਲਾਤੂਨੀ ਪਿਆਰ ਦਾ ਪ੍ਰਗਟਾਵਾ।

ਬਾਵੇ ਦਾ ਪਿਛੋਕੜ ਉਰਦੂ ਤੇ ਫਾਰਸੀ ਦਾ ਹੈ ਅਤੇ ਉਸ ਉਤੇ ਸੂਫ਼ੀ ਕਵੀਆਂ ਤੇ ਕਿੱਸਾਕਾਰਾਂ ਦਾ ਪ੍ਰਭਾਵ ਹੈ। ਉਸ ਦੇ ਗੀਤਾਂ ਤੇ ਉਸ ਦੀਆਂ ਕਵਿਤਾਵਾਂ ਦਾ ਵਜ਼ਨ ਡੋਲਦਾ ਨਹੀਂ। ਇਹ ਗੱਲ ਜੋ ਉਰਦੂ ਦੇ ਘਟੀਆ ਤੋਂ ਘਟੀਆ ਸ਼ਾਇਰ ਵਿਚ ਵੀ ਨਿੱਖਰ ਕੇ ਆਉਂਦੀ ਹੈ ਅਤੇ ਇਸ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਜਾਂਦੀ, ਪੰਜਾਬੀ ਦੇ ਆਧੁਨਿਕ ਕਵੀਆਂ ਵਿਚ ਮਹੱਤਤਾ ਰੱਖਦੀ ਹੈ।

ਉਸ ਦੀਆਂ ਪੁਸਤਕਾਂ ਦੇ ਬਹੁਤੇ ਮੁਖ-ਚਿਤਰ ਆ ਤੇ ਟਾਈਟਲ ਕਵਰ ਅਬਦੁੱਲ ਰਹਿਮਾਨ ਚੁਗਤਾਈ ਨੇ ਬਣਾਏ ਹਨ-'ਮਹਾਂਨਾਚ', 'ਅਮਰਗੀਤ', 'ਬੰਦਰਗਾਹ'। ਮੈਂ 'ਬੰਦਰਗਾਹ' ਦੇ ਟਾਈਟਲ ਨੂੰ ਦੇਖਿਆ। ਇਸ ਚਿੱਤਰ ਵਿਚ ਸਮੁੰਦਰ ਦੀਆਂ ਲਹਿਰਾਂ ਸਨ। ਇਕ ਤੀਵੀਂ ਬੇੜੀ ਵਿਚ ਬੈਠੀ ਹੈ ਅਤੇ ਦੂਰ ਕਿਨਾਰੇ ਉਤੇ ਇਕ ਆਦਮੀ ਝੰਡਾ ਲਈ ਖੜ੍ਹਾ ਹੈ। ਬਾਵਾ ਜੀ ਨੇ ਮੈਨੂੰ ਸਮਝਾਇਆ, "ਇਹ ਚਿੱਤਰ ਬੜਾ ਕਲਪਨਾਮਈ ਹੈ। ਇਸ ਦੇ ਪ੍ਰਤੀਕ ਬੜੇ ਸੁੰਦਰ ਹਨ। ਦੇਖੋ, ਇਹ ਸੰਸਾਰ ਇਕ ਬੰਦਰਗਾਹ ਹੈ। ਬੇੜੀ ਇਨਸਾਨ ਦਾ ਚਿੰਨ੍ਹ ਹੈ। ਬੇੜੀ ਵਿਚ ਔਰਤ ਬੈਠੀ ਹੈ, ਯਾਨੀ ਜ਼ਿੰਦਗੀ ਬੈਠੀ ਹੈ। ਕਿਨਾਰੇ ਉਤੇ ਝੰਡਾ ਫੜੀ ਖੜ੍ਹਾ ਆਦਮੀ ਭਵਿੱਖ ਹੈ।"

ਇਹ ਆਖ ਕੇ ਉਨ੍ਹਾਂ ਨੇ ਆਪਣੀਆਂ ਸੁਰਮਈ ਅੱਖਾਂ ਘੁਮਾਈਆਂ ਤੇ ਪੁੱਛਿਆ, "ਠੀਕ ਹੈ ਕਿ ਨਹੀਂ?"

ਮੈਨੂੰ ਇਉਂ ਜਾਪਿਆ ਕਿ ਪੱਤਣ ਉਤੇ ਝੰਡਾ ਲਈ ਖੜ੍ਹਾ ਆਦਮੀ ਬਾਵਾ ਬਲਵੰਤ ਹੈ-ਨਾ ਇਸ ਦਾ ਸਬੰਧ ਲਹਿਰਾਂ ਨਾਲ, ਨਾ ਬੇੜੀ ਨਾਲ, ਨਾ ਤੀਵੀਂ ਨਾਲ।

ਬਾਵਾ ਜੀ ਨੇ ਇਕ ਮੋਟੀ ਕਾਪੀ ਖੋਲ੍ਹੀ ਜਿਸ ਵਿਚ ਪੰਜਾਬ ਦੇ ਪੁਰਾਣੇ ਗੁੱਝੇ ਕਵੀਆਂ ਦੇ ਜੀਵਨ ਅਤੇ ਉਨ੍ਹਾਂ ਦੇ ਕੰਮ ਉਤੇ ਪੜਚੋਲ ਭਰੇ ਲੇਖ ਹਨ। ਇਨ੍ਹਾਂ ਕਵੀਆਂ ਨੂੰ ਆਮ ਲੋਕ ਭੁੱਲ ਚੁੱਕੇ ਹਨ। ਇਨ੍ਹਾਂ ਦੀਆਂ ਲਿਖਤਾਂ ਅੱਜ ਕੱਲ੍ਹ ਨਹੀਂ ਮਿਲਦੀਆਂ। ਬਾਵਾ ਜੀ ਨੇ ਪਤਾ ਨਹੀਂ ਕਿਥੋਂ-ਕਿਥੋਂ ਪੁਰਾਣੇ ਅਖਬਾਰ, ਲਾਇਬ੍ਰੇਰੀਆਂ ਤੇ ਆਪਣੀ ਕਿਸੇ ਪੁਰਾਣੀ ਨੋਟ ਬੁੱਕ ਵਿਚੋਂ ਯਾਦਾਸ਼ਤਾਂ ਲੱਭ ਕੇ ਇਨ੍ਹਾਂ ਉਤੇ ਲੜੀਵਾਰ ਲੇਖ ਲਿਖੇ: ਡਾਕਟਰ ਦੇਵੀਦਾਸ 'ਹਿੰਦੀ', ਸ਼ਾਮ ਲਾਲ 'ਆਜਿਜ਼', ਗੁਰਾਂ ਦਿਤਾ ਖੰਨਾ, ਵਾਰਾਂ ਲਿਖਣ ਵਾਲਾ ਹਰਸਾ ਸਿੰਘ 'ਚਾਤਰ', ਹਾਸਰਸੀਆ ਮਾਸਟਰ ਅਜ਼ੀਜ਼-ਉਦ-ਦੀਨ 'ਸ਼ਰਮ', ਕਵੀ ਸਾਈਂ ਅਤੇ ਉਸ ਦੇ ਸ਼ਾਗਿਰਦ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਪ੍ਰਸਿੱਧ ਅੰਗਰੇਜ਼ੀ ਲੇਖਕ ਰਾਲਫ਼ ਫਾਕਸ ਜੋ ਸਪੇਨ ਦੀ ਜੰਗ (1936) ਵਿਚ ਸ਼ਹੀਦ ਹੋਏ, ਉਤੇ ਵੀ ਲੇਖ ਲਿਖਿਆ ਸੀ। ਇਸ ਦੇ ਇਲਾਵਾ ਅਰਬੀ ਕਵੀ ਖਲੀਲ ਜਿਬਰਾਨ, ਆਧੁਨਿਕ ਯੂਨਾਨੀ ਕਵੀ ਕਵਾਫ਼ੀ, ਚਾਰਲੀ ਚੈਪਲਿਨ, ਇਬਸਨ ਅਤੇ ਚੈਖੋਵ ਉਤੇ ਛਪੇ ਤੇ ਅਣਛਪੇ ਲੇਖ ਸਨ।

ਅਸੀਂ ਚਿਤਰਕਾਰਾਂ ਦੀਆਂ ਗੱਲਾਂ ਛੋਹੀਆਂ ਤਾਂ ਉਨ੍ਹਾਂ ਨੇ ਅਬਦੁੱਲ ਰਹਿਮਾਨ ਚੁਗਤਾਈ, ਅੰਮ੍ਰਿਤਾ ਸ਼ੇਰਗਿੱਲ ਤੇ ਪੱਛਮੀ ਭਾਵਵਾਦੀ ਚਿਤਰਕਾਰਾਂ ਦੇ ਜੀਵਨ, ਉਨ੍ਹਾਂ ਦੇ ਇਸ਼ਕ ਤੇ ਉਨ੍ਹਾਂ ਦੀ ਕਲਾ ਬਾਰੇ ਤਫ਼ਸੀਲਾਂ ਬਿਆਨ ਕੀਤੀਆਂ। ਮੈਂ ਪੈਰਿਸ ਤੇ ਰੋਮ ਦਾ ਜ਼ਿਕਰ ਛੇੜਿਆ ਤਾਂ ਉਨ੍ਹਾਂ ਨੇ ਉਥੋਂ ਦੀਆਂ ਗਲੀਆਂ, ਕਾਹਵਾ ਘਰਾਂ ਤੇ ਸ਼ਰਾਬਖਾਨਿਆਂ ਦਾ ਇਉਂ ਵਰਣਨ ਕੀਤਾ ਜਿਵੇਂ ਉਹ ਉਥੇ ਰਹਿ ਚੁੱਕੇ ਹੋਣ। ਜਦ ਗਾਮਾ ਪਹਿਲਵਾਨ ਅਤੇ ਅਮਾਮ ਬਖਸ਼ ਦੀ ਗੱਲ ਛਿੜੀ, ਤਾਂ ਬਾਵਾ ਜੀ ਨੇ ਅਖਾੜੇ, ਕਸਰਤ ਤੇ ਪਹਿਲਵਾਨੀ ਦੇ ਦਾਓ-ਪੇਚ ਬੜੇ ਵਲ-ਵਲੇ ਨਾਲ ਬਿਆਨ ਕੀਤੇ। ਨਟਾਂ ਤੇ ਬਾਜ਼ੀਗਰਾਂ ਦੇ ਵੱਖ-ਵੱਖ ਕਬੀਲਿਆਂ ਨੂੰ ਘੋਖ ਕੇ ਦੱਸਿਆ। ਕੁਸ਼ਤੀਆਂ ਤੇ ਦੰਗਲਾਂ ਦੇ ਕਈ ਨਮੂਨੇ ਤੇ ਵੰਨਗੀਆਂ ਦੱਸੀਆਂ। ਤਲੀ ਤੇ ਸੈਂਚੀ ਪੱਕੀ ਖੇਡਣ ਦੇ ਜਲਵੇ ਬੜੇ ਚਸਕੇ ਨਾਲ ਉਘਾੜੇ।

ਉਨ੍ਹਾਂ ਨੇ ਇਕ ਗੁਲਾਬੀ ਜਿਹੀ ਫਾਈਲ ਖੋਲ੍ਹੀ। ਇਸ ਵਿਚ ਸ਼ਾਸਤ੍ਰੀ ਨ੍ਰਿਤ ਤੇ ਸੰਗੀਤ ਦਾ ਵਰਣਨ ਸੀ। ਮੈਂ ਉਨ੍ਹਾਂ ਦੀਆ ਗੱਲਾਂ ਸੁਣਦਾ ਗਿਆ। ਉਹ ਕੱਥਕ ਨਾਚ ਦੇ ਗਤ-ਤੋੜੇ ਤੇ ਤਬਲੇ ਦੇ ਬੋਲ ਉਚਾਰ ਕੇ ਦੱਸ ਰਹੇ ਸਨ। ਕ੍ਰਿਸ਼ਨ ਤੇ ਰਾਧਾ ਦੇ ਪ੍ਰੇਮ ਦੀ ਗੱਲ ਸੁਣਾ ਰਹੇ ਸਨ। ਸੰਗੀਤ ਦੀ ਲੈਅ ਤੇ ਦੁਗੁਣ-ਚੌਗੁਣ ਦੀ ਗਤੀ ਦੱਸ ਰਹੇ ਸਨ। ਭਰਤ-ਨਾਟਯਮ ਤੇ ਦੇਵਦਾਸੀਆਂ ਦੇ ਭੇਤ ਖੋਲ੍ਹ ਰਹੇ ਸਨ। ਦੇਵ-ਮਾਲਾਈ ਨਾਇਕਾ ਅਤੇ ਬਲਕਾਰੀ ਯੋਧਿਆਂ ਦੀ ਕਥਾ ਸੁਣਾ ਰਹੇ ਸਨ। ਵਿਚ-ਵਿਚ ਉਨ੍ਹਾਂ ਨੇ ਚੂਰਨ ਦੀਆਂ ਗੋਲੀਆਂ ਤੇ ਉਨ੍ਹਾਂ ਦੇ ਸਰਵਾਂਗੀ ਗੁਣਾਂ ਨੂੰ ਵੀ ਦੱਸਿਆ। ਉਦਾਹਰਣ ਵਜੋਂ ਉਨ੍ਹਾਂ ਨੇ ਮੈਨੂੰ ਗੋਲੀ ਚੂਸਣ ਲਈ ਦਿੱਤੀ।

ਬਾਵਾ ਬਲਵੰਤ ਦਾ ਗਿਆਨ-ਪਸਾਰਾ ਵਿਸ਼ਾਲ ਹੈ ਭਾਵੇਂ ਇਨ੍ਹਾਂ ਵਿਚੋਂ ਬਹੁਤੀਆਂ ਚੀਜ਼ਾਂ ਦਾ ਬਰੀਕ ਅਧਿਅਨ ਨਹੀਂ। ਕਈਆਂ ਵਿਸ਼ਿਆਂ ਦਾ ਉਸ ਨੂੰ ਗਿਆਨ ਹੈ, ਅਨੁਭਵ ਨਹੀਂ। ਕਈਆਂ ਦਾ ਅਨੁਭਵ ਹੈ, ਗਿਆਨ ਨਹੀਂ। ਉਸ ਨੇ ਪੱਛਮੀ ਤੇ ਪੂਰਬੀ ਸਾਹਿਤਕਾਰਾਂ, ਵਿਦਵਾਨਾਂ, ਚਿੱਤਰਕਾਰਾਂ, ਸ਼ਿਲਪਕਾਰਾਂ ਤੇ ਉਨ੍ਹਾਂ ਦੇ ਕਲਾ ਭਵਨਾਂ ਨੂੰ ਇਉਂ ਤੱਕਿਆ ਹੈ ਜਿਵੇਂ ਕੋਈ ਗੁਬਾਰੇ ਵਿਚ ਬੈਠ ਕੇ ਉਨ੍ਹਾਂ ਦੇ ਉਤੋਂ ਦੀ ਝਾਤ ਪਾਉਂਦਾ ਲੰਘ ਜਾਵੇ।

ਬਾਵਾ ਜੀ ਚੌਂਕੜੀ ਮਾਰ ਕੇ ਜਦ ਮੰਜੀ ਉਤੇ ਬੈਠਦੇ ਹਨ ਤੇ ਧੂਫ਼ ਜਗਾ ਕੇ ਕੰਮ ਕਰਦੇ ਹਨ ਤਾਂ ਉਨ੍ਹਾਂ ਦੀ ਸੰਦੂਕੜੀ ਲਿਖਣ ਵਾਲਾ ਮੇਜ਼ ਬਣ ਜਾਂਦੀ ਹੈ। ਗਰਮੀ ਹੋਵੇ ਤਾਂ ਪੱਖੀ ਝੱਲਣ ਦੇ ਕੰਮ ਆਉਂਦੀ ਹੈ। ਨਿੱਕਾ ਜਿਹਾ ਸੰਖ ਪੇਪਰ ਵੇਟ ਬਣ ਜਾਂਦਾ ਹੈ। ਉਹ ਕਾਪੀ ਵਿਚ ਬੜੀ ਸਫ਼ਾਈ ਨਾਲ, ਬੜੇ ਠਰ੍ਹੰਮੇ ਨਾਲ, ਬੜਾ ਘੋਟ-ਘੋਟ ਕੇ ਲਿਖਦੇ ਹਨ। ਕਾਗਜ਼ਾਂ ਉਤੇ ਫੁੱਟੇ ਨਾਲ ਖੁਦ ਹੀ ਹਲਕੀਆਂ ਬਰੀਕ ਲੀਕਾਂ ਮਾਰਦੇ ਹਨ। ਸੁਰਮਈ, ਲਾਲ, ਹਰੇ ਰੰਗ ਦੀਆਂ। ਉਨ੍ਹਾਂ ਵਿਚ ਇਕ ਨਕਸ਼ਾ ਨਵੀਸ ਤੇ ਕਾਤਿਬ ਦਾ ਹੁਨਰ ਹੈ। ਬਾਵਾ ਜੀ ਸੰਵਾਰ ਕੇ ਹੌਲੀ-ਹੌਲੀ ਕਵਿਤਾਵਾਂ ਕਾਗਜ਼ ਉਤੇ ਉਤਾਰਦੇ ਹਨ।

ਕਮਰੇ 'ਚ ਪਈ ਹਰ ਨਿੱਕੀ ਮੋਟੀ ਚੀਜ਼ ਬਾਵਾ ਜੀ ਨੇ ਮੈਨੂੰ ਦਿਖਾਈ, ਪਰ ਸੰਦੂਕੜੀ ਬਾਰੇ ਕੋਈ ਗੱਲ ਨਾ ਕੀਤੀ। ਮੈਨੂੰ ਇਕ ਮਿੱਤਰ ਨੇ ਦੱਸਿਆ ਸੀ ਕਿ ਬਾਵਾ ਜੀ ਇਹ ਸੰਦੂਕੜੀ ਕਿਸੇ ਨੂੰ ਨਹੀਂ ਦਿਖਾਉਂਦੇ। ਕੀ ਇਸ ਵਿਚ ਉਨ੍ਹਾਂ ਦੀਆਂ ਕਵਿਤਾਵਾਂ ਸਨ ਜਾਂ ਪੁਰਾਣੇ ਇਸ਼ਕੀਆ ਖਤ ਜਾਂ ਕੋਈ ਖਾਨਦਾਨੀ ਸੁਗਾਤ? ਕੀ ਸੀ ਇਸ ਸੰਦੂਕੜੀ ਵਿਚ?

ਮੇਰੀ ਉਤਸੁਕਤਾ ਵਧਦੀ ਗਈ। ਆਖਿਰ ਮੈਂ ਪੁੱਛਿਆ, "ਬਾਵਾ ਜੀ, ਇਸ ਸੰਦੂਕੜੀ ਵਿਚ ਕੀ ਹੈ?"

ਉਨ੍ਹਾਂ ਨੇ ਮੋਟੀ ਕਾਪੀ ਇਕ ਪਾਸੇ ਰੱਖੀ, ਨਿੱਕੇ ਸੰਖ ਨੂੰ ਇਕ ਥਾਂ ਟਿਕਾਇਆ, ਹਰੀ ਕੰਨੀ ਵਾਲੀ ਧੋਤੀ ਝਾੜੀ, ਸੰਦੂਕੜੀ ਖੋਲ੍ਹੀ ਤੇ ਆਖਿਆ, "ਲਉ ਦੇਖ ਲਓ।"

ਸੰਦੂਕੜੀ ਵਿਚ ਇਕ ਸਾਵੀ ਨੋਟ ਬੁੱਕ ਸੀ ਤੇ ਤਰ੍ਹਾਂ-ਤਰ੍ਹਾਂ ਦੀਆਂ ਨਿੱਕੀਆਂ-ਵੱਡੀਆਂ ਡੱਬੀਆਂ, ਪਿਨਸਲਾਂ, ਅਗਰਬੱਤੀਆਂ, ਭੋਜ ਪੱਤਰ, ਬਟਨਾਂ ਦੇ ਪੱਤੇ, ਰੰਗਦਾਰ ਡੱਬੇ, ਕੈਂਚੀਆਂ, ਲਾਲ ਪੀਲੀਆਂ ਦਵਾਈਆਂ, ਲਫ਼ਾਫ਼ੇ, ਪੁੜੀਆਂ, ਖੁਸ਼ਬੂਦਾਰ ਸੁਪਾਰੀਆਂ ਆਦਿ।

ਮੈਂ ਸੰਦੂਕੜੀ ਅੰਦਰ ਝਾਕ ਕੇ ਆਖਿਆ, "ਇਹ ਸਾਵੀ ਨੋਟ ਬੁੱਕ ਤਾਂ ਵਾਹ-ਵਾਹ ਹੈ। ਇਸ ਵਿਚ ਕਵਿਤਾਵਾਂ ਲਿਖੀਆਂ?"

"ਨਹੀਂ, ਇਹ ਨੋਟ ਬੁੱਕ ਨਹੀਂ। ਇਹ ਤਾਂ ਡੱਬਾ ਹੈ। ਮੈਂ ਇਸ ਦਾ ਡਿਜ਼ਾਇਨ ਹੀ ਇਸ ਤਰ੍ਹਾਂ ਦਾ ਬਣਾਇਆ ਹੈ ਕਿ ਵੇਖਣ ਵਾਲੇ ਨੂੰ ਕਿਤਾਬ ਜਾਪੇ।"

ਇਹ ਆਖ ਕੇ ਉਨ੍ਹਾਂ ਨੋਟ ਬੁੱਕ ਦਾ ਸਾਵਾ ਢੱਕਣਾ ਖੋਲ੍ਹਿਆ। ਵਿਚੋਂ ਭਾਂਤ-ਭਾਂਤ ਦੇ ਸੁਰਮੇ ਤੇ ਸੁਰਮਚੂ ਨਿਕਲੇ। ਨੌਂ ਪ੍ਰਕਾਰ ਦਾ ਸੁਰਮਾ ਸੀ-ਭੀਮ ਸੈਨੀ, ਕੰਵਲ ਨੈਣੀ, ਐਨਕ ਤੋੜ, ਚਿੱਟਾ, ਕਾਲਾ ਤੇ ਭੂਰਾ ਸੁਰਮਾ। ਇਕ ਬਹੁਤ ਨਿੱਕਾ ਜਿਹਾ ਕਾਕੜਾ ਸੀ ਜਿਸ ਵਿਚ ਸਿਰਫ਼ ਇਕ ਰੱਤੀ ਸੁਰਮਾ ਆਉਂਦਾ ਸੀ। ਇਹ ਸੁਰਮਾ ਦੋ ਸੌ ਰੁਪਏ ਤੋਲਾ ਸੀ। ਨਿਗ੍ਹਾ ਨੂੰ ਤੇਜ਼ ਕਰਨ ਲਈ ਤੇ ਬਿਮਾਰੀਆਂ ਨੂੰ ਦੂਰ ਕਰਨ ਲਈ ਇਹ ਖਾਸ ਚੀਜ਼ ਸੀ।

ਬਾਵਾ ਜੀ ਨੇ ਆਖਿਆ, "ਚਾਂਦੀ ਦਾ ਸੁਰਮਚੂ ਠੰਢਾ ਹੁੰਦਾ ਹੈ। ਜੇ ਅੱਖ ਗਰਮ ਹੋਵੇ ਤਾਂ ਠੰਢਾ ਸੁਰਮਚੂ ਚੰਗਾ, ਪਰ ਆਮ ਤੌਰ 'ਤੇ ਜਿਸਤ ਤੇ ਤਾਂਬੇ ਦਾ ਸੁਰਮਚੂ ਕੰਮ ਆਉਂਦਾ ਹੈ। ਇਸ ਸੁਰਮੇ ਦੀ ਇਕ ਸਿਲਾਈ ਨਿੱਤ ਰਾਤ ਪਾ ਕੇ ਸੌਂ ਜਾਵੇ ਤਾਂ ਕਦੇ ਅੱਖ ਦੀ ਕੋਈ ਬਿਮਾਰੀ ਨੇੜੇ ਨਹੀਂ ਆਵੇਗੀ, ਪਰ ਚੰਗੇ ਸੁਰਮੇ ਨੂੰ ਚੰਗੇ ਖਰਲ ਵਿਚ ਹੀ ਰਗੜਨਾ ਚਾਹੀਦਾ ਹੈ। ਮੇਰੇ ਪਿਤਾ ਜੀ ਕੋਲ ਇਕ ਵਾਰੀ ਇਕ ਮਰੀਜ਼ ਆਇਆ। ਉਨ੍ਹਾਂ ਨੇ ਛੇ ਮਾਸੇ ਮੋਤੀ ਪੀਹ ਕੇ ਇਕ ਨੁਸਖੇ ਵਿਚ ਪਾਉਣ ਲਈ ਆਖਿਆ। ਮਰੀਜ਼ ਨੇ ਜਿਸ ਦੁਕਾਨਦਾਰ ਤੋਂ ਮੋਤੀ ਲਏ, ਉਸੇ ਥਾਂ ਤੋਂ ਉਨ੍ਹਾਂ ਨੂੰ ਪਿਸਵਾ ਵੀ ਲਿਆ। ਦੁਕਾਨਦਾਰ ਨੇ ਆਮ ਪੱਥਰ ਦੀ ਖਰਲ ਵਿਚ ਮੋਤੀ ਪੀਸੇ ਤਾਂ ਛੇ ਮਾਸੇ ਦੀ ਥਾਂ ਦਸ ਮਾਸੇ ਹੋ ਗਏ। ਚਾਰ ਮਾਸੇ ਪੱਥਰ ਘਸ ਕੇ ਵਿਚ ਰਲ ਗਿਆ। ਮੋਤੀ ਬੇਕਾਰ ਹੋ ਗਏ। ਮੇਰੇ ਕੋਲ ਵਧੀਆ ਖਰਲ ਏ-ਘਸਵੱਟੀ ਦਾ ਖਰਲ ਜੋ ਮੈਂ ਰਿਸ਼ੀਕੇਸ਼ ਤੋਂ ਲਿਆਂਦਾ ਸੀ।

ਬਾਵੇ ਨਾਲ ਗੱਲਾਂ ਕਰਦੇ ਸੁਰਮਿਆਂ, ਮੰਜਨਾਂ, ਦਵਾਈਆਂ, ਅਗਰਬੱਤੀਆਂ ਅਤੇ ਵੈਦਕ ਦੀ ਭੇਤਾਂ ਭਰੀ ਦੁਨੀਆਂ ਸਾਖਸ਼ਾਤ ਹੋ ਗਈ। ਨਿੱਕੀ ਜਿਹੀ ਸੰਦੂਕੜੀ ਵਿਚੋਂ ਉਸ ਨੇ ਮੈਨੂੰ ਖੁਸ਼ਬੂ ਵਾਲੀ ਸੁਪਾਰੀ ਦਿੱਤੀ ਤੇ ਚੂਸਣ ਲਈ ਆਖਿਆ। ਇਕ ਗੋਲ ਡੱਬੇ ਵਿਚ ਕੈਂਚੀਆਂ, ਨਹੇਰਨੇ, ਸੂਈਆਂ ਪਈਆਂ ਸਨ। ਕੰਧੂਈ ਸੂਈ, ਨਟ ਦੀ ਸੂਈ, ਸਟੀਫ਼ਲ ਦੀ ਸੂਈ, ਤਰ੍ਹਾਂ-ਤਰ੍ਹਾਂ ਦੇ ਨਿੱਬ ਸਨ-ਛੋਟਾ ਵੱਡਾ, ਮੋਟਾ ਪਤਲਾ, ਤਿੱਖਾ। ਰੰਗ-ਬਰੰਗੀਆਂ ਪਿਨਸਲਾਂ ਦਾ ਕੋਈ ਓੜ ਨਹੀਂ ਸੀ। ਇਹ ਸੰਦੂਕੜੀ ਕੀ ਸੀ, ਕ੍ਰਿਸ਼ਨ ਮਹਾਰਾਜ ਨੇ ਮੂੰਹ ਖੋਲ੍ਹ ਕੇ ਤਰਲੋਕੀ ਦੇ ਦਰਸ਼ਨ ਕਰਵਾ ਦਿੱਤੇ ਸਨ।

ਬਾਵਾ ਕੀਮਤੀ ਸੁਰਮਾ ਪਾਉਂਦਾ ਹੈ, ਕੀਮਤੀ ਸੁਪਾਰੀ ਚੱਬਦਾ ਹੈ, ਕੀਮਤੀ ਧੂਫ ਬਾਲਦਾ ਹੈ ਅਤੇ ਕੀਮਤੀ ਪਿਨਸਲ ਤੇ ਕਾਗਜ਼ ਵਰਤਦਾ ਹੈ। ਇਨ੍ਹਾਂ ਚਾਰਾਂ ਚੀਜ਼ਾਂ ਦਾ ਸਿੱਧੇ ਤੌਰ 'ਤੇ ਆਪਸ ਵਿਚ ਕੋਈ ਸਬੰਧ ਨਹੀਂ, ਪਰ ਅੰਦਰੋਂ ਗਹਿਰਾ ਰਿਸ਼ਤਾ ਹੈ। ਲਿਖਣ ਲਈ ਚਾਰੇ ਚੀਜ਼ਾਂ ਜ਼ਰੂਰੀ ਹਨ-ਸੁਰਮਾ ਨਜ਼ਰ ਕਾਇਮ ਰੱਖਣ ਲਈ, ਸੁਪਾਰੀ ਖਿਆਲਾਂ ਨੂੰ ਚਬਾਉਣ ਲਈ, ਧੂਫ਼ ਵਾਯੂਮੰਡਲ ਉਸਾਰਨ ਲਈ, ਅਤੇ ਪਿਨਸਲ ਕਲਪਨਾ ਦੀ ਦੁਨੀਆਂ ਨੂੰ ਉਜਾਗਰ ਕਰਨ ਲਈ।

ਬਾਵਾ ਜੀ ਦੀਆਂ ਦੋਸਤੀਆਂ ਵਿਚ ਛੋਟੇ-ਵੱਡੇ ਮਾੜੇ-ਚੰਗੇ ਤੇ ਉਚੇ-ਨੀਵੇਂ ਕਲਾਕਾਰ ਦਾ ਕੋਈ ਵਿਤਕਰਾ ਨਹੀਂ। ਜਦ ਉਹ ਲਾਹੌਰ ਰਹਿੰਦੇ ਸਨ ਤਾਂ ਅਬਦੁੱਲ ਰਹਿਮਾਨ ਚੁਗਤਾਈ ਉਨ੍ਹਾਂ ਦਾ ਪ੍ਰੇਮੀ ਸੀ। ਈਸ਼ਵਰ ਚਿਤਰਕਾਰ ਤੇ ਜਸਵੰਤ ਸਿੰਘ ਆਰਟਿਸਟ ਉਨ੍ਹਾਂ ਦੇ ਮਿੱਤਰ ਸਨ। ਨਾਲ ਅਬਦੁੱਲ ਕਰੀਮ ਬੋਰਡ ਪੇਂਟਰ, ਤਰਲੋਚਨ ਸਿੰਘ ਦੀਪਕ ਤੇ ਫਜ਼ਲੂ ਰੰਗਸਾਜ਼ ਨਾਲ ਵੀ ਉਨ੍ਹਾਂ ਦੀ ਯਾਰੀ ਸੀ। ਸਾਹਿਤਕਾਰਾਂ ਵਿਚ ਵੀ ਉਨ੍ਹਾਂ ਨੇ ਕੋਈ ਸ਼੍ਰੇਣੀ ਵੰਡ ਨਹੀਂ ਕੀਤੀ, ਭਾਵੇਂ ਰਾਤ-ਦਿਨ ਸ਼੍ਰੇਣੀ ਘੋਲ ਵਿਚ ਜੁਟੇ ਰਹਿੰਦੇ ਹਨ। ਉਹ ਪ੍ਰੋਫੈਸਰ ਮੋਹਨ ਸਿੰਘ ਤੇ ਸੰਸਾਰ ਸਿੰਘ 'ਗਰੀਬ' ਨਾਲ ਇਕੋ ਵੇਲੇ ਉਸੇ ਨਿਰਲੇਪ ਉਦਾਰਤਾ ਨਾਲ ਗੱਲਾਂ ਕਰਨਗੇ ਤੇ ਚਾਹ ਪੀਣਗੇ।

ਬਾਵਾ ਪੁਰਾਣੇ ਕਵੀਆਂ ਚਰਨ ਸਿੰਘ ਸ਼ਹੀਦ, ਧਨੀ ਰਾਮ 'ਚਾਤ੍ਰਿਕ' ਦਾ ਬੇਲੀ ਰਿਹਾ ਸੀ। ਇਸ ਪਿਛੋਂ ਦੂਜੀ ਪੀੜ੍ਹੀ ਦੇ ਲੇਖਕਾਂ ਦਾ ਵੀ ਸਾਥੀ ਰਿਹਾ। ਹੁਣ ਨਵੇਂ ਪੋਚ ਵਿਚ ਵੀ ਉਹ ਘੁਲ-ਮਿਲ ਕੇ ਰਹਿ ਰਿਹਾ ਹੈ। ਉਹ ਤਿੰਨਾਂ ਸਾਹਿਤਕ ਪੀੜ੍ਹੀਆਂ ਵਿਚ ਵਿਚਰ ਰਿਹਾ ਹੈ। ਤਿੰਨਾਂ ਵਿਚ ਭਿਜਿਆ ਰਿਹਾ ਹੈ, ਪਰ ਤਿੰਨਾਂ ਤੋਂ ਹੀ ਅਲੱਗ-ਥਲੱਗ ਰਿਹਾ ਹੈ। ਜਦੋਂ ਅਸੀਂ ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਗੱਲਾਂ ਕਰਦੇ ਹਾਂ ਤਾਂ ਬਾਵਾ ਬਲਵੰਤ ਨੂੰ ਇਕ ਪਾਸੇ ਰੱਖ ਦੇਂਦੇ ਹਾਂ। ਹਰਿਭਜਨ ਸਿੰਘ ਤੇ ਤਾਰਾ ਸਿੰਘ ਦੀਆਂ ਗੱਲਾਂ ਛੋਂਹਦੇ ਹਾਂ ਤਾਂ ਵੀ ਉਹ ਲਾਂਭੇ ਰਹਿ ਜਾਂਦਾ ਹੈ। ਤੇ ਜੇ ਸ਼ਿਵ ਕੁਮਾਰ ਅਤੇ ਹੋਰ ਸਟੇਜੀ ਕਵੀਆਂ ਦੀਆਂ ਗੱਲਾਂ ਕਰੀਏ ਤਾਂ ਵੀ ਬਾਵਾ ਜੀ ਇਕ ਪਾਸੇ ਹੀ ਹੁੰਦੇ ਹਨ। ਜਦ ਅਸੀਂ ਬਾਵਾ ਜੀ ਦੀਆਂ ਗੱਲਾਂ ਕਰੀਏ ਤਾਂ ਵੀ ਬਾਵਾ ਜੀ ਇਕ ਪਾਸੇ ਹੀ ਹੁੰਦੇ ਹਨ।

ਇਕ ਦਿਨ ਮੈਂ ਪੁੱਛਿਆ, "ਬਾਵਾ ਜੀ, ਹੁਣ ਨਹੀਂ ਤੁਹਾਡਾ ਕਦੇ ਕੋਈ ਇਸ਼ਕ ਹੋਇਆ?"

"ਹੈਂ?" ਬਾਵਾ ਜੀ ਨੀਂਦ ਵਿਚੋਂ ਚੌਂਕੇ।

"ਇਸ਼ਕ!" ਮੈਂ ਦੁਹਰਾਇਆ।

ਉਹ ਚੁੱਪ ਹੋ ਗਏ।

ਮੈਂ ਪੁੱਛਿਆ, "ਜਵਾਬ ਨਹੀਂ ਦਿੱਤਾ ਤੁਸੀਂ?"

ਉਨ੍ਹਾਂ ਦੇ ਚਿਹਰੇ ਉਤੇ ਬਿਸਕੁਟੀ ਮੁਸਕਰਾਹਟ ਆਈ ਤੇ ਫਿਰ ਡੁੱਬ ਗਈ। ਉਨ੍ਹਾਂ ਆਖਿਆ, "ਛੱਡੋ ਜੀ, ਇਹ ਤਾਂ ਪੁਰਾਣੇ ਗੇੜ ਨੇ।"

# ਨਾਲ ਸਬਰ ਦੇ ਹੋਣ ਬਰਕਤਾਂ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਰਾਏ ਸਿੰਘ ਖੂਹ ਵਾਲੇ ਦੇ ਤਿੰਨ ਪੁੱਤਰ ਸਨ-ਤਰਲੋਕ, ਸੰਤੋਖ ਤੇ ਮਾਘੀ ਅਤੇ ਇਕ ਧੀ ਬਸੰਤੋ। ਮਾਪਿਆਂ ਦਾ ਉਹ ਇਕਲੌਤਾ ਪੁੱਤਰ ਸੀ। ਪੰਦਰਾਂ ਕਿੱਲੇ ਜ਼ਮੀਨ ਸੀ, ਉਹ ਵੀ ਇਕੋ ਥਾਂ ਸੂਏ ਦੇ ਮੋਘੇ ਮੂਹਰੇ। ਖੂਹ ਤੇ ਨਹਿਰੀ ਪਾਣੀ ਖੁੱਲ੍ਹਾ ਹੋਣ ਕਰ ਕੇ ਪੰਜੇ ਉਂਗਲਾਂ ਘਿਓ ਵਿਚ ਸਨ। ਬਲਦਾਂ ਦੀ ਚੰਗੀ ਜੋੜੀ ਤੇ ਦੂਜਾ ਵਧੀਆ ਨਸਲ ਦਾ ਬੋਤਾ। ਪੈਸੇ ਦੀ ਬਰਕਤ ਅਤੇ ਨਾਲ ਲਗਦੇ ਪਿੰਡਾਂ ਵਿਚ ਬੰਦੇ ਦੀ ਚੜ੍ਹਾਈ ਹੋਵੇ, ਤਾਂ ਮਾਈ ਦਾ ਲਾਲ ਵਿਰਲਾ-ਟਾਂਵਾਂ ਹੀ ਹਓਮੈ ਤੋਂ ਬਚ ਸਕਦਾ ਹੈ। ਪਰ ਰਾਏ ਸਿੰਘ ਨੇ ਹਮੇਸ਼ਾ ਨਿਰਮਾਣ ਰਹਿ ਕੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ।

ਰਾਏ ਸਿੰਘ ਦਾ ਤੀਜਾ ਪੁੱਤਰ ਮਾਘੀ, ਪੈਰਾਂ ਵੱਲੋਂ ਠੀਕ ਨਹੀਂ ਸੀ। ਉਂਜ, ਉਹ ਕੰਮ ਬਥੇਰਾ ਕਰਦਾ। ਰਾਏ ਸਿੰਘ ਦੇ ਤਿੰਨੇ ਪੁੱਤਰ ਜ਼ਿਆਦਾ ਪੜ੍ਹ-ਲਿਖ ਨਾ ਸਕੇ। ਮਸਾਂ ਪ੍ਰਾਇਮਰੀ ਹੀ ਟੱਪੇ, ਪਰ ਖੇਤੀਬਾੜੀ ਦਾ ਕੰਮ ਉਹ ਡਟ ਕੇ ਕਰਦੇ ਸਨ। ਹੌਲੀ-ਹੌਲੀ ਉਨ੍ਹਾਂ ਪੰਦਰਾਂ ਕਿੱਲੇ ਬੈਅ ਲੈ ਲਏ। ਸਮੇਂ ਨਾਲ ਤਰਲੋਕ ਤੇ ਸੰਤੋਖ ਤਾਂ ਵਿਆਹੇ ਗਏ, ਪਰ ਮਾਘੀ ਦੇ ਪੈਰਾਂ ਵਿਚ ਨੁਕਸ ਹੋਣ ਕਰ ਕੇ ਰਿਸ਼ਤੇ ਦੀ ਗੱਲ ਨਾ ਬਣੀ। ਕੁਝ ਕੁ ਦੋਹਾਂ ਭਰਾਵਾਂ ਦੇ ਲਾਲਚ ਨੇ ਗੇੜਾ ਦਿੱਤਾ। ਉਨ੍ਹਾਂ ਦੀ ਅੱਖ ਜ਼ਮੀਨ ਉਤੇ ਸੀ।

ਦੋਵੇਂ ਭਰਾਵਾਂ ਦੇ ਇਸ ਲਾਲਚ ਦੀ ਭਿਣਕ ਰਾਏ ਸਿੰਘ ਨੂੰ ਪੈ ਗਈ। ਉਸ ਨੇ ਮਾਘੀ ਨੂੰ ਬਰਾਬਰ ਦਾ ਕਰਨ ਲਈ ਆਪਣੇ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਰਿਸ਼ਤੇ ਬਾਰੇ ਕਿਹਾ। ਉਹਦੀ ਮਾਸੀ ਦੇ ਮੁੰਡੇ ਨੇ ਆਖਰ ਰਿਸ਼ਤਾ ਲੱਭ ਲਿਆ। ਕੁੜੀ ਲੱਤੋਂ ਲੰਗੜੀ ਸੀ। ਸੋਹਣੀ-ਸੁਨੱਖੀ ਸੀ, ਪਰ ਦਿਮਾਗ ਐਨਾ ਚੁਸਤ-ਚਲਾਕੀ ਵਾਲਾ ਨਹੀਂ ਸੀ। ਮਾਘੀ ਡੋਲੀ ਲੈ ਆਇਆ। ਬਾਕੀ ਪਰਿਵਾਰ ਨੇ ਮੱਥੇ ਤਿਊੜੀਆਂ ਪਾ ਕੇ ਸ਼ਗਨਾਂ ਦੇ ਲੱਡੂ ਲੰਘਾਏ।

ਤਰਲੋਕ ਦੇ ਤਿੰਨ ਧੀਆਂ ਹੋਈਆਂ ਤੇ ਇਕ ਪੁੱਤ ਅਤੇ ਸੰਤੋਖ ਦੇ ਇਕ ਪੁੱਤ ਤੇ ਧੀ ਹੋਈ। ਮਾਘੀ ਦੀ ਘਰਵਾਲੀ ਦਾ ਪੈਰ ਭਾਰੀ ਹੋ ਗਿਆ। ਜਦੋਂ ਵੱਡੇ ਭਰਾਵਾਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਦੀ ਹਿੱਕ 'ਤੇ ਨਾਗ ਲੇਟਣ ਲੱਗ ਪਏ। ਲਾਲਚ ਨੇ ਉਨ੍ਹਾਂ ਦੀਆਂ ਅੱਖਾਂ 'ਤੇ ਫਿਰ ਪੱਟੀ ਬੰਨ੍ਹ ਦਿੱਤੀ। ਤਰਲੋਕ ਦੀ ਘਰਵਾਲੀ ਨੇ ਗਰਮ ਕਾੜ੍ਹਾ ਮਾਘੀ ਦੀ ਘਰ ਵਾਲੀ ਨੂੰ ਪਿਲਾ ਦਿੱਤਾ। ਦੂਜੇ-ਤੀਜੇ ਦਿਨ ਉਹ ਪੇਟੋਂ ਖਾਲੀ ਹੋ ਗਈ। ਮਾਘੀ ਨੂੰ ਪਤਾ ਲੱਗਿਆ ਤਾਂ ਉਹ ਧਾਹੀਂ ਰੋ ਪਿਆ। ਫਿਰ ਕਈ ਸਾਲ ਲੰਘ ਗਏ। ਮਾਘੀ ਦੀ ਘਰਵਾਲੀ ਨੂੰ ਦਿਨ ਨਾ ਟੱਪੇ। ਭਰਾ-ਭਰਜਾਈਆਂ ਖੁਸ਼ ਸਨ। ਹੁਣ ਇਨ੍ਹਾਂ ਦੀ ਜ਼ਮੀਨ ਦੇ ਹੱਕਦਾਰ ਵੀ ਉਨ੍ਹਾਂ ਦੇ ਪੁੱਤਰ ਹੀ ਹੋਣਗੇ। ਮਾਘੀ ਦੀ ਘਰਵਾਲੀ ਖਾਲੀ ਪੇਟ 'ਤੇ ਹੱਥ ਫੇਰ ਕੇ ਵਾਹਿਗੁਰੂ ਅੱਗੇ ਹੱਥ ਜੋੜ ਲੈਂਦੀ; ਆਖਦੀ-ਮੁੰਡਾ ਨਹੀਂ ਦੇਣਾ ਤਾਂ ਨਾ ਸਹੀ, ਰੱਬਾ ਝੋਲੀ ਵਿਚ ਕੁੜੀ ਦੀ ਦਾਤ ਹੀ ਪਾ ਦੇ!

ਖੂਹ ਦੀ ਥਾਂ ਮੋਟਰਾਂ ਅਤੇ ਬਲਦਾਂ ਦੀ ਥਾਂ ਟਰੈਕਟਰ ਆ ਗਏ। ਝੋਨੇ ਦੀ ਫਸਲ ਨਾਲ ਕਿਸਾਨਾਂ ਨੇ ਹੱਥ ਰੰਗ ਲਏ। ਹੌਲੀ-ਹੌਲੀ ਹਰ ਜ਼ਿਮੀਂਦਾਰ ਪੈਰਾਂ ਸਿਰ ਹੋ ਗਿਆ। ਵੱਡੇ ਭਰਾਵਾਂ ਨੇ ਦੋ ਖੁੱਲ੍ਹੇ-ਡੁੱਲ੍ਹੇ ਘਰ ਬਣਾ ਲਏ, ਪਰ ਮਾਘੀ ਨੂੰ ਪੁਰਾਣੀ ਬੈਠਕ ਨਾਲ ਹੀ ਸਬਰ ਕਰਨਾ ਪਿਆ। ਉਸ ਨੇ ਆਪਣਾ ਘਰ ਬਣਾਉਣ ਲਈ ਕਿਹਾ ਤਾਂ ਦੋਵੇਂ ਭਰਾ ਡਾਂਗਾਂ ਲੈ ਕੇ ਪੈ ਗਏ।

ਕਣਕ ਦੀ ਬਿਜਾਈ ਤੋਂ ਬਾਅਦ ਮਾਘੀ ਦੀ ਘਰਵਾਲੀ ਪੇਕੇ ਚਲੀ ਗਈ। ਉਸ ਦੀ ਭਰਜਾਈ ਉਸ ਨੂੰ ਸ਼ਹਿਰ ਨਰਸਿੰਗ ਹੋਮ ਲੈ ਗਈ। ਨਰਸ ਨੇ ਚੈੱਕਅਪ ਕਰ ਕੇ ਦੱਸਿਆ ਕਿ ਨਾਲੇ ਪੁੱਤ-ਧੀ ਭਾਲਦੀ ਹੈਂ ਤੇ ਨਾਲੇ ਗਰਭ-ਰੋਕੂ ਗੋਲੀਆਂ ਖਾ ਰਹੀ ਹੈਂ। ਮਾਘੀ ਦੀ ਘਰਵਾਲੀ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਜਦੋਂ ਨਰਸ ਦੇ ਦੱਸੇ ਨੁਸਖਿਆਂ 'ਤੇ ਚੱਲੀ ਤਾਂ ਪਤਾ ਲੱਗ ਗਿਆ ਕਿ ਦੋਵੇਂ ਜੇਠਾਣੀਆਂ ਉਸ ਨੂੰ ਦੁੱਧ ਵਿਚ ਘੋਲ ਕੇ ਗਰਭ-ਰੋਕੂ ਗੋਲੀਆਂ ਪਿਲਾਉਂਦੀਆਂ ਸਨ। ਉਸ ਨੇ ਦੁੱਧ ਪੀਣਾ ਛੱਡ ਦਿੱਤਾ। ਚਾਹ ਵੀ ਆਪ ਬਣਾਉਣ ਲੱਗ ਗਈ। ਅਗਲੇ ਮਹੀਨੇ ਉਹਦੇ ਦਿਨ ਟੱਪ ਗਏ। ਉਸ ਨੇ ਕਿਸੇ ਨੂੰ ਨਾ ਦੱਸਿਆ ਤੇ ਨਾ ਹੀ ਕਿਸੇ ਦੇ ਹੱਥੋਂ ਕੁਝ ਲੈ ਕੇ ਪੀਤਾ। ਚੌਥੇ ਮਹੀਨੇ ਸੱਸ ਨੂੰ ਦੱਸ ਦਿੱਤਾ। ਧੀ ਨੇ ਜਨਮ ਲਿਆ। ਮਾਘੀ ਨੇ ਘਰ ਦੀ ਕੱਢੀ ਦਾਰੂ ਯਾਰਾਂ-ਮਿੱਤਰਾਂ ਨੂੰ ਪਿਲਾਈ। ਸਭ ਨੇ ਜਸ਼ਨ ਮਨਾਏ, ਪਰ ਦੋਵੇਂ ਵੱਡੇ ਭਰਾਵਾਂ ਨੂੰ ਮਾਘੀ ਦਾ ਜਵਾਈ ਉਨ੍ਹਾਂ ਦੇ ਪੁੱਤਾਂ ਦੇ ਗਲ ਅੰਗੂਠਾ ਦਿੰਦਾ ਦਿੱਸਣ ਲੱਗਿਆ।

ਤਰਲੋਕ ਤੇ ਸੰਤੋਖ ਦੇ ਬੱਚੇ ਪੜ੍ਹ-ਲਿਖ ਗਏ। ਪਹਿਲਾਂ ਤਰਲੋਕ ਨੇ ਤਿੰਨੇ ਕੁੜੀਆਂ ਵਿਆਹੀਆਂ। ਮੁੰਡਾ ਕਾਲਜ ਦਾਖਲ ਹੋ ਗਿਆ। ਸੰਤੋਖ ਦੇ ਬੱਚੇ ਪੜ੍ਹ ਹਟੇ ਸਨ ਤੇ ਦੋਵੇਂ ਘਰਾਂ ਦਾ ਕੰਮ ਕਰਵਾ ਦਿੰਦੇ ਸਨ। ਤਰਲੋਕ ਦੇ ਮੁੰਡੇ ਦੇ ਨਿੱਤ ਉਲਾਂਭੇ ਆਉਣ ਲੱਗੇ, ਉਹ ਕਈ ਵਾਰ ਥਾਣੇ ਜਾ ਆਇਆ ਸੀ। ਫਿਰ ਤਰਲੋਕ ਨੇ ਉਸ ਨੂੰ ਪਿੰਡੋਂ ਕੱਢਣ ਦਾ ਮਨ ਬਣਾ ਲਿਆ। ਕਿਸੇ ਏਜੰਟ ਨੂੰ ਪੈਸੇ ਦੇ ਕੇ ਅਮਰੀਕਾ ਵੱਲ ਚਾੜ੍ਹ ਦਿੱਤਾ। ਕਈ ਮਹੀਨੇ ਰਾਹਾਂ ਵਿਚ ਖੱਜਲ-ਖੁਆਰ ਹੋ ਕੇ ਉਹ ਅਮਰੀਕਾ ਪਹੁੰਚ ਗਿਆ।

ਅਮਰੀਕਾ ਆ ਕੇ ਵੀ ਉਹ ਨਾ ਸੁਧਰਿਆ। ਕੰਮ ਉਤੇ ਜਾਂਦਾ ਨਹੀਂ ਸੀ ਤੇ ਖਰਚੇ ਲਈ ਪਿੰਡੋਂ ਰੁਪਏ ਮੰਗਵਾਉਂਦਾ। ਆਵਾਰਾਗਰਦੀ ਕਰਦੇ ਨੂੰ ਪੰਡਤਾਂ ਦੀ ਪੰਜਾਬਣ ਕੁੜੀ ਮਿਲ ਗਈ ਜਿਸ ਦੇ ਪਿਆਰ ਨੇ ਉਸ ਨੂੰ ਸੁਧਾਰ ਦਿੱਤਾ, ਉਹ ਪੱਕਾ ਵੀ ਹੋ ਗਿਆ ਅਤੇ ਉਸ ਨੇ ਕੁੜੀ ਨਾਲ ਪੱਕਾ ਵਿਆਹ ਕਰਵਾ ਲਿਆ। ਤਰਲੋਕ ਨੇ ਵੀ ਸੁੱਖ ਦਾ ਸਾਹ ਲਿਆ ਕਿ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਸੰਤੋਖ ਨੇ ਦੋਵੇਂ ਬੱਚੇ ਵਿਆਹ ਦਿੱਤੇ ਸਨ। ਦੋਵਾਂ ਵੱਡੇ ਭਰਾਵਾਂ ਦਾ ਪਰਿਵਾਰ ਖੁਸ਼ੀਆਂ ਨਾਲ ਰਹਿ ਰਿਹਾ ਸੀ। ਫਿਰ ਵੀ ਉਹ ਅੰਦਰੋ-ਅੰਦਰੀ ਤੌੜੀ ਪਏ ਸਾਗ ਵਾਂਗ ਰਿੱਝੀ ਜਾਂਦੇ ਸਨ।

ਸਮਾਂ ਬੀਤਦਾ ਗਿਆ। ਰਾਏ ਸਿੰਘ ਨੇ ਜ਼ਮੀਨ ਦੀ ਵਸੀਅਤ ਤਿੰਨਾਂ ਪੁੱਤਰਾਂ ਦੇ ਨਾਂ ਕਰਵਾ ਦਿੱਤੀ। ਉਸ ਦੀ ਮੌਤ ਪਿੱਛੋਂ ਮਾਘੀ ਕਾਨੂੰਨੀ ਤੌਰ 'ਤੇ ਆਪਣੇ ਹਿੱਸੇ ਦਾ ਮਾਲਕ ਬਣ ਗਿਆ, ਪਰ ਦੋਵੇਂ ਵੱਡੇ ਭਰਾ ਇਸ ਮਾਲਕੀ ਨੂੰ ਕਿਵੇਂ ਜਰ ਸਕਦੇ ਸਨ! ਉਹ ਜ਼ਮੀਨ ਹਥਿਆਉਣ ਲਈ ਚਾਲਾਂ ਚੱਲਣ ਲੱਗੇ।

ਮਾਘੀ ਦੀ ਧੀ ਵੀ ਮੁਟਿਆਰ ਹੋ ਗਈ। ਉਸ ਲਈ ਵਰ ਲੱਭਣ ਦਾ ਸਮਾਂ ਆ ਗਿਆ ਸੀ। ਦੋਵੇਂ ਵੱਡੇ ਭਰਾਵਾਂ ਨੇ ਸਲਾਹ ਬਣਾਈ ਕਿ ਮਾਘੀ ਨੂੰ ਪਿਆਰ ਨਾਲ ਸਮਝਾ ਕੇ ਉਸ ਦੀ ਜ਼ਮੀਨ ਨਾਂ ਕਰਵਾ ਲਵਾਂਗੇ। ਬਦਲੇ ਵਿਚ ਥੋੜ੍ਹੇ ਪੈਸੇ ਦੇ ਦੇਵਾਂਗੇ, ਤੇ ਬਾਅਦ ਵਿਚ ਉਹ ਵੀ ਕਢਵਾ ਲਵਾਂਗੇ।

ਤਰਲੋਕ ਦੇ ਪੁੱਤ ਨੂੰ ਵੀ ਆਪਣੇ ਪਿਤਾ ਦੇ ਲਾਲਚੀ ਹੋਣ ਦੀ ਖਬਰ ਮਿਲ ਗਈ ਸੀ। ਉਸ ਨੇ ਪਿਓ ਨੂੰ ਸਮਝਾਇਆ ਕਿ ਇਹ ਸਭ ਕੁਝ ਇਥੇ ਰਹਿ ਜਾਣਾ ਹੈ, ਚਾਚੇ ਨਾਲ ਧੱਕਾ ਨਾ ਕਰ, ਪਰ ਤਰਲੋਕ ਰੱਬ ਭੁੱਲ ਬੈਠਾ ਸੀ। ਦੋਹਾਂ ਭਰਾਵਾਂ ਨੇ ਦਸ ਲੱਖ ਰੁਪਏ ਵਿਚ ਮਾਘੀ ਤੋਂ ਦਸ ਕਿੱਲਿਆਂ ਦੀ ਰਜਿਸਟਰੀ 'ਤੇ ਦਸਤਖਤ ਕਰਵਾ ਲਏ। ਉਸ ਦੇ ਕੰਨ ਵਿਚ ਕਹਿ ਦਿੱਤਾ-ਨਹੀਂ ਤਾਂ ਤੇਰਾ ਜਵਾਈ ਸਾਰੀ ਜ਼ਮੀਨ ਲੈ ਜਾਊ। ਮਾਘੀ ਵਿਚਾਰਾ ਲੂੰਬੜ ਚਾਲਾਂ ਵਿਚ ਫਸ ਗਿਆ। ਜਦੋਂ ਉਸ ਨੂੰ ਭਰਾਵਾਂ ਵੱਲੋਂ ਪਿੱਠ ਵਿਚ ਛੁਰੀ ਮਾਰਨ ਦੀ ਵਿਉਂਤ ਸਮਝ ਆਈ ਤਾਂ ਪਾਣੀ ਪੁਲਾਂ ਥੱਲਿਓਂ ਲੰਘ ਚੁੱਕਾ ਸੀ। ਮਾਘੀ ਨੇ ਧੀ ਦਾ ਵਿਆਹ ਕਰ ਦਿੱਤਾ। ਦਸ ਕਿੱਲੋ ਗੋਭੀ ਦੇ ਪਕੌੜੇ ਜੰਜ ਨੂੰ ਖੁਆ ਕੇ ਭਰਾਵਾਂ ਨੇ ਆਖ ਦਿੱਤਾ ਕਿ ਤਿੰਨ ਲੱਖ ਲੱਗ ਗਏ ਹਨ।

ਤਰਲੋਕ ਦੇ ਪੁੱਤ ਨੇ ਸਿਟੀਜ਼ਨ ਹੋ ਕੇ ਆਪਣੀਆਂ ਭੈਣਾਂ ਦੇ ਪੇਪਰ ਭਰ ਦਿੱਤੇ। ਤਰਲੋਕ ਨੂੰ ਵੀ ਸੱਦ ਲਿਆ। ਪੁੱਤ ਨੇ ਤਰਲੋਕ (ਬਾਪੂ) ਨਾਲ ਜਿੰਨੀ ਕੁੱਤੇ ਖਾਣੀ ਕੀਤੀ, ਸ਼ਰਮ ਵਾਲਾ ਤਾਂ ਨਹਿਰ ਵਿਚ ਛਾਲ ਮਾਰ ਕੇ ਮਰ ਜਾਂਦਾ, ਪਰ ਉਹ ਨੀਵੀਂ ਪਾ ਕੇ ਸਾਰ ਗਿਆ; ਸਗੋਂ ਪੁੱਤ ਨੂੰ ਡਰਾਵਾ ਦਿੱਤਾ, ਜੇ ਤੂੰ ਬੰਦਾ ਨਾ ਬਣਿਆ ਤਾਂ ਮੈਂ ਸਾਰੀ ਜ਼ਮੀਨ ਆਪਣੀਆਂ ਧੀਆਂ ਦੇ ਨਾਂ ਲਵਾ ਦੇਣੀ ਹੈ।

"ਜਦੋਂ ਚਾਚੇ ਦੀ ਧੀ ਦੀ ਗੱਲ ਚੱਲੀ ਸੀ ਤਾਂ ਉਸ ਸਮੇਂ ਕਹਿ ਦਿੱਤਾ ਸੀ ਕਿ ਮਾਘੀ ਦਾ ਜਵਾਈ ਸਾਡੀ ਜ਼ਮੀਨ ਕਿਵੇਂ ਲੈ ਜਾਊ। ਹੁਣ ਨਹੀਂ ਤੇਰੇ ਜਵਾਈ, ਤੇਰੀ ਜ਼ਮੀਨ ਲਿਜਾਣਗੇ। ਨਾਲੇ ਮੈਨੂੰ ਤੇਰੀ ਜ਼ਮੀਨ ਨਹੀਂ ਚਾਹੀਦੀ, ਤੂੰ ਚਾਚੇ ਦੀ ਜ਼ਮੀਨ ਧੋਖੇ ਨਾਲ ਆਪਣੇ ਨਾਂ ਕਰਵਾਈ ਹੈ। ਮੈਨੂੰ ਤਾਂ ਸ਼ਰਮ ਆਉਂਦੀ ਹੈ, ਤੈਨੂੰ ਬਾਪ ਕਹਿੰਦੇ ਨੂੰ।" ਪੁੱਤ ਨੇ ਤਰਲੋਕ ਦੀ ਚੰਗੀ ਤਹਿ ਲਾਈ।

"ਇਹ ਸਭ ਕੁਝ ਮੈਂ ਤੇਰੇ ਲਈ ਕੀਤਾ ਸੀ। ਮੈਂ ਹਿੱਕ 'ਤੇ ਰੱਖ ਕੇ ਨਹੀਂ ਲਿਜਾਣੀ ਜ਼ਮੀਨ।" ਤਰਲੋਕ ਗਰਮੀ ਖਾ ਗਿਆ।

"ਬਾਪੂ! ਇਸੇ ਲਈ ਮੈਂ ਕਹਿੰਦਾ ਹਾਂ ਕਿ ਜਦੋਂ ਜ਼ਮੀਨ ਤੇਰੇ ਜਾਂ ਮੇਰੇ ਨਾਲ ਨਹੀਂ ਜਾਣੀ, ਤਾਂ ਉਸ ਵਿਚਾਰੇ ਮਾਘੀ ਨੂੰ ਜਿਉਂਦਿਆ ਕਿਉਂ ਮਾਰ ਦਿੱਤਾ? ਜੇ ਉਸ ਦੀ ਧੀ ਜ਼ਮੀਨ ਲਿਜਾਂਦੀ ਤਾਂ ਕੋਈ ਗੈਰਕਾਨੂੰਨੀ ਨਹੀਂ ਸੀ। ਹੁਣ ਜੇ ਤੂੰ ਲਾਲਚ ਨਾ ਤਿਆਗਿਆ ਤਾਂ ਮੈਂ ਤੈਨੂੰ ਹੀ ਤਿਆਗ ਦਿੰਦਾ ਹਾਂ। ਅੱਜ ਤੋਂ ਤੂੰ ਮੇਰਾ ਪਿਓ ਨਹੀਂ ਤੇ ਮੈਂ ਤੇਰਾ ਪੁੱਤ ਨਹੀਂ।"

ਤਰਲੋਕ ਨੇ ਆਪਣੀਆਂ ਤਿੰਨਾਂ ਧੀਆਂ ਨਾਲ ਸਲਾਹ ਕੀਤੀ, ਉਹ ਕਹਿੰਦੀਆਂ, ਸਾਡਾ ਵੀਰ ਸੱਚ ਕਹਿੰਦਾ ਹੈ। ਜੇ ਤੂੰ ਚਾਹੁੰਦਾ ਹੈਂ ਕਿ ਧੀਆਂ ਤੇ ਪੁੱਤ ਤੇਰਾ ਨਾਂ ਸਤਿਕਾਰ ਨਾਲ ਲੈਣ ਤਾਂ ਚਾਚੇ ਦੀ ਜ਼ਮੀਨ ਮੋੜ ਦੇ।

ਤਰਲੋਕ ਵਾੜ ਵਿਚ ਬਿੱਲੇ ਵਾਂਗ ਫਸ ਗਿਆ ਸੀ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਕੀ ਕਰੇ। ਉਸ ਦੇ ਦਿਮਾਗ ਵਿਚ ਇਕੋ ਗੱਲ ਘੁੰਮਣ ਲੱਗੀ- ਜਿਨ੍ਹਾਂ ਖਾਤਰ ਸਾਰੀ ਉਮਰ ਲਾਲਚ ਦੀ ਤਲਵਾਰ ਲੈ ਕੇ ਭਰਾ ਮਗਰ ਭੱਜਦਾ ਰਿਹਾ, ਉਨ੍ਹਾਂ ਨੇ ਮੈਨੂੰ ਬੇਰਾਂ ਵੱਟੇ ਵੀ ਨਹੀਂ ਪਛਾਣਿਆ। ਫਿਰ ਉਸ ਨੇ ਆਪਣੇ ਭਰਾ ਸੰਤੋਖ ਨਾਲ ਗੱਲ ਕੀਤੀ। ਉਹ ਕਹਿੰਦਾ, "ਵੀਰ, ਇਹ ਸਭੇ ਚਾਲਾਂ ਤੇਰੀਆਂ ਸਨ, ਮੈਂ ਤਾਂ ਹੁੰਗਾਰੇ ਹੀ ਭਰੇ ਸਨ।" ਫਿਰ ਦੋਵੇਂ ਸੋਚਣ ਲੱਗੇ ਕਿ ਥੁੱਕ ਕੇ ਤਾਂ ਚੱਟਿਆ ਨਹੀਂ ਜਾਣਾ। ਉਨ੍ਹਾਂ ਮਾਘੀ ਦੀ ਧੀ ਤੇ ਜਵਾਈ ਨੂੰ ਸੱਦ ਕੇ ਦਸ ਕਿੱਲੇ ਜ਼ਮੀਨ ਬੈਅ ਲਿਖਾਉਣ ਲਈ ਕਿਹਾ, ਬਗੈਰ ਰੁਪਏ ਤੋਂ।

ਮਾਘੀ ਦੀ ਧੀ ਕਹਿੰਦੀ, "ਤਾਇਆ ਜੀ, ਸਾਨੂੰ ਜ਼ਮੀਨ ਨਹੀਂ ਚਾਹੀਦੀ। ਮੈਨੂੰ ਤਾਂ ਮੇਰਾ ਪੇਕਾ ਪਿੰਡ ਚਾਹੀਦਾ। ਮੈਂ ਆਪਣੇ ਦੋਵਾਂ ਭਰਾਵਾਂ ਨਾਲ ਸਾਰੀ ਜ਼ਿੰਦਗੀ ਵਰਤਣਾ ਚਾਹੁੰਦੀ ਹਾਂ। ਤੁਸੀਂ ਇਕ ਵਾਰੀ ਸਿਰ 'ਤੇ ਹੱਥ ਰੱਖ ਕੇ ਕਹਿ ਦੇਵੋ ਕਿ ਤੈਨੂੰ ਤੇਰਾ ਪੇਕਾ ਪਿੰਡ ਸਾਰੀ ਉਮਰ ਲਈ ਦੇ ਦਿੱਤਾ।" ਮਾਘੀ ਦੀ ਧੀ ਦੀਆਂ ਸਿਆਣੀਆਂ ਗੱਲਾਂ ਸੁਣ ਕੇ ਦੋਵੇਂ ਭਰਾ ਧਾਹੀਂ ਰੋ ਪਏ। ਸੋਚਿਆ, ਅਸੀਂ ਸਾਰੀ ਉਮਰ ਪੁੱਤਾਂ ਲਈ ਜ਼ਮੀਨ ਦਾ ਘੋਰਾ ਵੱਡਾ ਕਰਦੇ ਰਹੇ, ਪਰ ਇਸ ਧੀ ਨੇ ਵੱਡਾ ਦਿਲ ਕਰ ਕੇ ਉਨ੍ਹਾਂ ਦੀ ਸੋਚ ਨੂੰ ਛੋਟਾ ਕਰ ਦਿੱਤਾ ਹੈ।

## ਕਾਵਿ-ਕਿਆਰੀ

### ਸਿੱਖ ਸੋਚ

ਭਲਾ ਸਰਬੱਤ ਵਾਲਾ ਸੋਚਦੀ ਸੀ ਸੋਚ ਜਿਹੜੀ,
ਸੋਚੇ ਅੱਜ ਆਪ ਕਿੰਜ ਬਚਣਾ ਖੁਆਰੀ ਤੋਂ।
ਵਰਗਾਂ ਦੀ ਘੜੀ ਮਰਿਆਦਾ ਕੋਲੋਂ ਬਾਗੀ ਹੋ ਕੇ,
ਲੁੱਟ-ਕੁੱਟ ਵਾਲੀ ਲੀਕ ਲੀਡਰਾਂ ਦੀ ਮਾਰੀ ਤੋਂ।
ਪੰਥ-ਪੰਥ ਆਖ ਕੇ ਵੀ ਪੰਥ ਦੇ ਵਿਰੁਧ ਰਹਿੰਦੀ,
ਰਹਿੰਦੀ ਬੇ-ਧਿਆਨੀ ਰਾਜਨੀਤੀ ਦੀ ਮਕਾਰੀ ਤੋਂ।
ਏਕਤਾ ਦੇ ਨਾਮ ਉਤੇ ਰੈਲੀਆਂ 'ਚ ਪੁੱਜ ਜਾਂਦੀ,
ਭਾਵੇਂ ਪਛਤਾਉਂਦੀ ਪਿੱਛੋਂ ਉਥੇ ਹੋਈ ਖੁਆਰੀ ਤੋਂ।
ਵਾਰ-ਵਾਰ ਧੋਖਾ ਖਾ ਕੇ ਹਰ ਵਾਰ ਭੁੱਲ ਜਾਂਦੀ,
ਝੱਟ ਪਿੱਛੇ ਲੱਗ ਜਾਂਦੀ ਥੋੜ੍ਹਾ ਪੁਚਕਾਰੀ ਤੋਂ।
ਸਿੱਖ ਸੋਚ ਕਦੇ ਕੁਰਬਾਨੀ ਤੋਂ ਨਾ ਪਿੱਛੇ ਰਹਿੰਦੀ,
ਲੀਡਰ ਨਾ ਰਹਿੰਦੇ ਪਿੱਛੇ ਕਦੇ ਵੀ ਗੱਦਾਰੀ ਤੋਂ।
ਭਾਵੇਂ ਨਹੀਂ ਜਾਗੀ ਪਰ ਅੰਗੜਾਈ ਲੈ ਰਹੀ ਏ,
ਮਜ਼ਹਬੀ ਜਨੂੰਨ ਵਾਲੀ ਨੀਤੀ ਦੀ ਖੁਮਾਰੀ ਤੋਂ।
ਬੰਦਿਆਂ ਨੂੰ ਛੱਡ ਕੇ ਵਿਚਾਰ ਜਦੋਂ ਆਗੂ ਬਣੇ,
'ਬੇਗਮਪੁਰੇ' ਦੀ ਕਿਹੜਾ ਰੋਕ'ਲੂ ਉਸਾਰੀ ਤੋਂ?

-ਡਾ. ਗੁਰਮੀਤ ਸਿੰਘ ਬਰਸਾਲ ਕੈਲੀਫੋਰਨੀਆ।

### ਪਰਵਾਸੀ ਬਿਰਹਾ !

ਦਿਨ ਮਹੀਨੇ ਸਾਲ ਹੁਣ ਗੁਜ਼ਰੇ ਨੇ ਇਸ ਤਰ੍ਹਾਂ
ਰੇਤੇ ਨੂੰ ਮੁੱਠ 'ਚ ਘੁਟਦਿਆਂ ਕਿਰ ਜਾਵੇ ਜਿਸ ਤਰ੍ਹਾਂ।
ਵਕਤ ਦਾ ਹੀ ਜ਼ੋਰ ਸੀ ਮੈਂ ਖੁਦ ਨਹੀਂ ਸੀ ਚਿਤਵਿਆ
ਉਮਰਾਂ ਦੇ ਕਿਹੜੇ ਮੋੜ 'ਤੇ ਛੱਡਣਾ ਪਿਆ ਗਿਰਾਂ।
ਜਿਸ ਦਾ ਸੀ ਜਿੰਨਾ ਤਾਣ ਉਹ ਉਨਾ ਹੀ ਦੌੜਿਆ
ਪਿਛੇ ਵੀ ਰਹਿ ਗਿਆ ਹਾਂ ਜੇ, ਹਉਕਾ ਕਿਉਂ ਭਰਾਂ?
ਭੁੱਬਲ 'ਚ ਦੱਬ ਗਿਆ ਹੈ ਸਭ ਬੁਝਿਆ ਨਹੀਂ ਅਜੇ
ਹਵਾ ਨਾ ਕਿਧਰੇ ਫੋਲ ਦਏ ਗੱਲ ਏਸ ਤੋਂ ਡਰਾਂ।
ਮੈਨੂੰ ਇਹ ਕੋਈ ਸਮਝ ਨਹੀਂ ਕੀ ਹੈ ਸਿਲਸਿਲਾ
ਸਾਗਰ ਇਹ ਰਿਸ਼ਤਿਆਂ ਦਾ ਦੱਸ ਕਿਸ ਤਰ੍ਹਾਂ ਤਰਾਂ।
ਮੰਜ਼ਿਲ 'ਤੇ ਪਹੁੰਚ ਕੇ ਵੀ ਜਦ ਕੋਈ ਨਹੀਂ ਆਰਾਮ
ਸਹਿਜੇ ਤੁਰਾਂਗਾ 'ਬੀਸਲੇ' ਕਿਉਂ ਟੁੱਟ ਟੁੱਟ ਮਰਾਂ!

-ਹਰਿੰਦਰ ਸਿੰਘ ਬੀਸਲਾ, ਫੋਨ: 562-726-7674

## ਸੰਪਾਦਕ ਦੀ ਡਾਕ

### ਬੋਲਿਆਂ ਦੀ ਵਿਥਿਆ ਬਕਲਮ-ਖੁਦ ਬਾਸੀ

'ਪੰਜਾਬ ਟਾਈਮਜ਼' ਖੋਲ੍ਹ ਕੇ ਮੈਂ ਸਭ ਤੋਂ ਪਹਿਲਾਂ ਜਿਹੜਾ ਕਾਲਮ ਪੜ੍ਹਦਾ ਹਾਂ, ਉਹ ਬਲਜੀਤ ਬਾਸੀ ਦਾ 'ਸ਼ਬਦ ਝਰੋਖਾ' ਹੁੰਦਾ ਹੈ, ਬਿਨਾ ਸ਼ੱਕ ਬਾਕੀ ਪੇਪਰ ਆਪਣੀ ਮਿਸਾਲ ਆਪ ਹੈ। ਇਸ ਵਾਰ ਬੋਲਿਆਂ ਦੇ ਹੱਕ ਵਿਚ ਉਸ ਨੇ ਹਾਅ ਦਾ ਨਾਅਰਾ ਮਾਰਿਆ ਹੈ। ਇਥੇ ਦਿਲਚਸਪ ਮਸਲਾ ਇਹ ਉਠਿਆ ਹੈ ਕਿ ਅੰਨ੍ਹੇ, ਲੰਗੜੇ ਉਤੇ ਤਰਸ ਆਉਂਦਾ ਹੈ ਪਰ ਬੋਲੇ ਉਤੇ ਤਰਸ ਕਰਨ ਦੀ ਥਾਂ ਲੋਕ ਹਸਦੇ ਹਨ, ਅਜਿਹਾ ਕਿਉਂ?

ਹੁੰਦਾ ਇਹ ਹੈ ਕਿ ਬੋਲੇ ਨੂੰ ਜਦੋਂ ਕੁਝ ਪੁਛਿਆ ਜਾਵੇ, ਉਹ ਗੱਲ ਦਾ ਉਤਰ ਗਲਤ ਦਿੰਦਾ ਹੈ ਕਿਉਂਕਿ ਗੱਲ ਉਸ ਨੂੰ ਸੁਣੀ ਨਹੀਂ, ਸਮਝ ਆਈ ਨਹੀਂ ਹੁੰਦੀ। ਇਸ ਕਾਰਨ ਉਸ ਨੂੰ ਮੂਰਖ ਜਾਣਿਆਂ ਜਾਂਦਾ ਹੈ ਜਦ ਕਿ ਮੂਰਖ ਉਹ ਹੈ ਨਹੀਂ। ਪਾਠਕਾਂ ਨੇ ਦੋ ਬੋਲਿਆਂ ਦੇ ਸੰਵਾਦ ਵਾਲਾ ਮਜ਼ਾਕ ਸੁਣਿਆ ਹੋਵੇਗਾ,

ਪਹਿਲਾ ਬੋਲਾ-ਭਾਈ ਸਾਹਿਬ, ਕੀ ਤੁਹਾਡਾ ਨਾਮ ਧੰਨਾ ਸਿੰਘ ਹੈ?

ਦੂਜਾ ਬੋਲਾ-ਨਾ ਜੀ ਨਾ, ਮੇਰਾ ਨਾਮ ਤਾਂ ਧੰਨਾ ਸਿੰਘ ਹੈ।

ਪਹਿਲਾ-ਅੱਛਾ ਅੱਛਾ, ਮੈਂ ਸੁਣਿਆਂ ਸੀ ਤੁਹਾਡਾ ਨਾਮ ਧੰਨਾ ਸਿੰਘ ਹੈ।

ਮੇਰੇ ਵਿਭਾਗ ਵਿਚਲੇ ਮੁਖੀ ਡਾ. ਏ.ਐਨ. ਸਿਨਹਾ ਨੂੰ ਉਚਾ ਸੁਣਦਾ ਸੀ। ਕੋਈ ਵਿਦੇਸ਼ੀ ਵਿਦਵਾਨ ਆਇਆ, ਉਸ ਨੇ ਸਿਨਹਾ ਨੂੰ ਪੁਛਿਆ ਕੁਝ ਹੋਰ, ਉਤਰ ਕੁਝ ਹੋਰ ਮਿਲਿਆ। ਵਿਦੇਸ਼ੀ ਮੇਰੇ ਵੱਲ ਦੇਖਣ ਲੱਗਾ। ਮੈਂ ਆਪਣੇ ਕੰਨ ਉਪਰ 2-3 ਵਾਰ ਉਂਗਲ ਮਾਰ ਕੇ ਸਮਝਾਇਆ ਕਿ ਇਨ੍ਹਾਂ ਨੂੰ ਉਚਾ ਸੁਣਾਈ ਦਿੰਦਾ ਹੈ। ਅਜਨਬੀ ਨੇ ਸਮਝਿਆ ਮੈਂ ਕਹਿ ਰਿਹਾ ਹਾਂ ਕਿ ਇਸ ਦਾ ਦਿਮਾਗ ਖਰਾਬ ਹੈ। ਉਹ ਚੁਪ ਚਾਪ ਤੁਰਦਾ ਬਣਿਆ।

-ਹਰਪਾਲ ਸਿੰਘ ਪੰਨੂ

### ਕਲਾ ਪਰਿਕਰਮਾ ਤੇ ਫਿਲਮੀ ਸਫਿਆਂ ਦਾ ਰੰਗ

'ਪੰਜਾਬ ਟਾਈਮਜ਼' ਬਹੁਤ ਸਾਰੀਆਂ ਚੀਜ਼ਾਂ ਕਰ ਕੇ ਵੱਖਰਾ ਅਤੇ ਨਿਆਰਾ ਹੈ। ਹਰ ਅੰਕ 'ਚ ਕੁਝ ਨਾ ਕੁਝ ਨਵਾਂ ਹੁੰਦਾ ਹੈ। 'ਕਲਾ ਪਰਿਕਰਮਾ' ਵਾਲਾ ਸਫਾ ਹਰ ਵਾਰ ਅਨੋਖੀ ਜਾਣਕਾਰੀ ਨਾਲ ਲੈਸ ਹੁੰਦਾ ਹੈ। ਇਸੇ ਤਰ੍ਹਾਂ ਫਿਲਮੀ ਸਫਾ ਹੈ। ਹਰ ਅਖਬਾਰ ਆਮ ਕਰ ਕੇ ਗੱਪ-ਮਾਰਕਾ ਫਿਲਮੀ ਲੇਖਾਂ ਨਾਲ ਭਰੇ ਹੁੰਦੇ ਹਨ, ਪਰ 'ਪੰਜਾਬ ਟਾਈਮਜ਼' ਵਿਚ ਫਿਲਮਾਂ ਅਤੇ ਫਿਲਮੀ ਹਸਤੀਆਂ ਬਾਰੇ ਕੀਤੀ ਜਾਂਦੀ ਚਰਚਾ ਕਈ ਤਰ੍ਹਾਂ ਦੇ ਸਵਾਲ ਦਿਲ ਅੰਦਰ ਪੈਦਾ ਕਰਦੀ ਹੈ। ਮੈਂ ਤਾਂ ਆਪਣੇ ਬੱਚਿਆਂ ਨੂੰ ਵੀ ਇਹ ਲੇਖ ਪੜ੍ਹਨ ਲਈ ਪ੍ਰੇਰਦਾ ਰਹਿੰਦਾ ਹਾਂ। ਇਸ ਵਾਰ ਦੇ ਅੰਕ ਨੰਬਰ 50 ਵਿਚ ਫਿਲਮੀ ਸਫੇ ਉਤੇ ਸਆਦਤ ਹਸਨ ਮੰਟੋ ਬਾਰੇ ਲੇਖ ਪੜ੍ਹਿਆ, ਅਨੰਦ ਆ ਗਿਆ। ਕੁਲਦੀਪ ਕੌਰ ਦੇ ਫਿਲਮਾਂ ਬਾਰੇ ਲੇਖ ਬੜੇ ਚੰਗੇ ਹੁੰਦੇ ਹਨ। ਖੁਸ਼ੀ ਹੈ ਕਿ ਤੁਸੀਂ ਇਸ ਤਰ੍ਹਾਂ ਦੇ ਲੇਖਕ ਆਪਣੇ ਕਾਫਲੇ ਵਿਚ ਜੋੜੇ ਹੋਏ ਹਨ।

-ਗੁਰਜੰਟ ਸਿੰਘ ਵਿਰਕ
ਨਿਊ ਯਾਰਕ।

### ਪਿੰਕੀ ਕੈਟ ਅਤੇ ਬਾਦਲ ਸਰਕਾਰ

'ਪੰਜਾਬ ਟਾਈਮਜ਼' ਦੇ ਨਵੇਂ ਅੰਕ (12 ਦਸੰਬਰ 2015, ਅੰਕ ਨੰਬਰ 50) ਵਿਚ ਪੁਲਿਸ ਕੈਟ ਗੁਰਮੀਤ ਸਿੰਘ ਪਿੰਕੀ ਦੇ ਹਵਾਲੇ ਨਾਲ ਦੋ ਲੇਖ ਛਪੇ ਹਨ। ਇਕ ਦਲਜੀਤ ਅਮੀ ਅਤੇ ਦੂਜਾ ਬੂਟਾ ਸਿੰਘ ਦਾ। ਇਨ੍ਹਾਂ ਲੇਖਕਾਂ ਦੇ ਲੇਖ ਮੈਂ ਬੜੇ ਧਿਆਨ ਨਾਲ ਪੜ੍ਹਦੀ ਹਾਂ। ਇਨ੍ਹਾਂ ਲੇਖਾਂ ਵਿਚ ਬੜੀਆਂ ਨਵੀਆਂ ਗੱਲਾਂ ਸਿੱਖਣ ਅਤੇ ਸਮਝਣ ਨੂੰ ਮਿਲਦੀਆਂ ਹਨ। ਐਤਕੀਂ ਵਾਲੇ ਲੇਖਾਂ ਵਿਚ ਵੀ ਲੇਖਕਾਂ ਨੇ ਸਤਹੀ ਪੱਧਰ ਦੀ ਚਰਚਾ ਦੀ ਥਾਂ ਮਸਲੇ ਦੀ ਜੜ੍ਹ ਬਾਰੇ ਤੱਥ ਪੇਸ਼ ਕੀਤੇ ਹਨ। ਇਕ ਅਖਬਾਰੀ ਬਿਆਨ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਾਵੇਂ ਇਹ ਕਹਿ ਦਿੱਤਾ ਹੈ ਕਿ ਪਿੰਕੀ ਦੇ ਖੁਲਾਸਿਆਂ ਬਾਰੇ ਪੜਤਾਲ ਹੋ ਸਕਦੀ ਹੈ, ਪਰ ਸਭ ਜਾਣਦੇ ਹਨ ਕਿ ਜਿਹੜੇ ਲੋਕ ਅਜਿਹੇ ਜ਼ਾਲਮਾਂ ਨੂੰ ਬਚਾਉਂਦੇ ਆ ਰਹੇ ਹੋਣ, ਉਹ ਨਿਆਂ ਕਿਸ ਤਰ੍ਹਾਂ ਕਰ ਸਕਦੇ ਹਨ। ਨਾਲੇ ਝੂਠੇ ਪੁਲਿਸ ਮੁਕਾਬਲਿਆਂ ਦਾ ਸੱਚ ਤਾਂ ਬਾਦਲ ਨਾਲ ਬਹੁਤ ਚਿਰਾਂ ਦਾ ਜੁੜਿਆ ਹੋਇਆ ਹੈ। ਪੰਜਾਬ ਵਿਚ ਸ਼ਾਇਦ ਝੂਠੇ ਪੁਲਿਸ ਮੁਕਾਬਲਿਆਂ ਦੀ ਪਿਰਤ ਬਾਦਲ ਨੇ ਹੀ ਸ਼ੁਰੂ ਕੀਤੀ ਸੀ ਜਦੋਂ ਨਕਸਲੀ ਲਹਿਰ ਦੌਰਾਨ ਤਕਰੀਬਨ 81 ਜਣਿਆਂ ਨੂੰ ਫੜ-ਫੜ ਕੇ ਮਾਰ ਦਿੱਤਾ ਗਿਆ ਸੀ। ਹੁਣ ਜੇ ਝੂਠੇ ਮੁਕਾਬਲਿਆਂ ਦੀ ਪੁਣ-ਛਾਣ ਹੀ ਹੋਣੀ ਹੈ ਤਾਂ ਉਸ ਦੌਰ ਨੂੰ ਵੀ ਇਸ ਵਿਚ ਸ਼ਾਮਲ ਕਰਨਾ ਚਾਹੀਦਾ ਹੈ।

-ਪਰਮਜੀਤ ਕੌਰ ਗਿੱਲ, ਡੈਲਸ।

### ਕਾਨਾ ਸਿੰਘ ਦਾ ਲੇਖ

ਕਾਨਾ ਸਿੰਘ ਦੇ ਲੇਖ 'ਚੰਪਕ ਛਤਰੀ ਚੰਪਕ ਵਿਹੜਾ' (12 ਦਸੰਬਰ 2015) ਨੇ ਧੰਨ-ਧੰਨ ਕਰਵਾ ਦਿੱਤੀ। ਅਮਰੀਕਾ ਆਉਣ ਤੋਂ ਪਹਿਲਾਂ ਸਾਡੇ ਵਿਹੜੇ ਵਿਚ ਚੰਪਾ ਦਾ ਇਹ ਰੁੱਖ ਲੱਗਿਆ ਹੋਇਆ ਸੀ। ਇਸ ਬਾਰੇ ਕਦੀ ਇਸ ਤਰ੍ਹਾਂ ਦਾ ਖਿਆਲ ਦਿਲ ਵਿਚ ਆਇਆ ਹੀ ਨਹੀਂ ਸੀ ਜੋ ਕਾਨਾ ਸਿੰਘ ਨੇ ਬਿਆਨ ਕੀਤਾ ਹੈ। ਲੇਖ ਪੜ੍ਹ ਕੇ ਇਸ ਰੁੱਖ ਨਾਲ ਆਪ-ਮੁਹਾਰੇ ਨੇੜਤਾ ਹੋਣ ਗਈ ਹੈ। ਠੀਕ ਹੀ ਕਹਿੰਦੇ ਹਨ ਕਿ ਲੇਖਕ ਦੀ ਨਿਗ੍ਹਾ ਆਮ ਬੰਦੇ ਨਾਲੋਂ ਵੱਖਰੀ ਹੁੰਦੀ ਹੈ। ਉਹ ਅਜਿਹੀਆਂ ਚੀਜ਼ਾਂ ਵੀ ਦੇਖ ਲੈਂਦਾ ਹੈ ਜੋ ਆਮ ਬੰਦੇ ਦੇ ਖਿਆਲ ਵਿਚ ਨਹੀਂ ਉਭਰਦੀਆਂ। ਮਹੀਪ ਸਿੰਘ ਦੀ ਕਹਾਣੀ 'ਪੁਲ ਤੇ ਪਾਣੀ' ਨੇ ਸੰਤਾਲੀ ਵਾਲਾ ਦਰਦ ਫਿਰ ਚੇਤੇ ਕਰਵਾ ਦਿੱਤਾ। ਬਾਪੂ ਜੀ ਇਸ ਤਰ੍ਹਾਂ ਦੇ ਕਿੱਸੇ ਬਹੁਤ ਗਮਗੀਨ ਆਵਾਜ਼ ਵਿਚ ਸੁਣਾਉਂਦੇ ਹੁੰਦੇ ਸਨ।

-ਰਣਜੀਤ ਸਿੰਘ ਹੋਠੀ, ਸੈਨ ਹੋਜ਼ੇ

# ਅਰਬਦ ਨਰਬਦ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਗੁਰੂ ਨਾਨਕ ਦੇਵ ਨੇ ਮਾਰੂ ਰਾਗ ਵਿਚ ਸ੍ਰਿਸ਼ਟੀ ਦੀ ਉਤਪਤੀ ਬਾਰੇ ਇਕ ਬਹੁਤ ਹੀ ਖ਼ੂਬਸੂਰਤ ਸ਼ਬਦ ਉਚਾਰਿਆ ਹੈ ਜਿਸ ਦਾ ਅਰੰਭ ਇਸ ਤਰ੍ਹਾਂ ਹੈ:

ਅਰਬਦ ਨਰਬਦ ਧੁੰਧੂਕਾਰਾ॥
ਧਰਣੁ ਨ ਗਗਨਾ ਹੁਕਮੁ ਅਪਾਰਾ॥...

ਇਸ ਤੁਕ ਦਾ ਮੁਖ ਭਾਵ ਬਣਦਾ ਹੈ ਕਿ ਕਈ ਯੁੱਗ ਤੱਕ ਧੁੰਦਲਕੇ ਦਾ ਪਸਾਰਾ ਰਿਹਾ। ਉਦੋਂ ਧਰਤੀ-ਆਕਾਸ਼ ਕੁਝ ਨਹੀਂ ਸੀ, ਬੱਸ ਰੱਬ ਦਾ ਹੁਕਮ ਚੱਲ ਰਿਹਾ ਸੀ।

ਸ੍ਰਿਸ਼ਟੀ ਦੀ ਉਤਪਤੀ ਬਾਰੇ ਅਸੀਂ ਗੁਰੂ ਸਾਹਿਬ ਦੇ ਵਿਚਾਰਾਂ ਬਾਰੇ ਤਰਕ ਨਹੀਂ ਕਰਨਾ ਕਿਉਂਕਿ ਇਹ ਜਟਿਲ ਦਾਰਸ਼ਨਿਕ/ਵਿਗਿਆਨਕ ਵਿਸ਼ਾ ਹੈ। ਨਾਲੇ ਸਾਡਾ ਮੁਖ ਸਰੋਕਾਰ ਸ਼ਬਦਾਂ ਦੀ ਪੜਤਾਲ ਕਰਨਾ ਹੈ। ਕੁਝ ਟੀਕੇ ਅਤੇ ਕੋਸ਼ ਫਰੋਲ ਕੇ ਮੈਂ ਜਾਣਿਆ ਹੈ ਕਿ ਅਰਬਦ ਤੇ ਨਰਬਦ ਸ਼ਬਦਾਂ ਜਾਂ 'ਅਰਬਦ ਨਰਬਦ' ਸ਼ਬਦ ਜੁੱਟ ਬਾਰੇ ਬਹੁਤ ਧੁੰਧੂਕਾਰਾ ਹੋਇਆ ਪਿਆ ਹੈ। ਕੁਝ ਇਕ ਤਾਂ ਗੱਲ ਨੂੰ ਹੋਰ ਹੀ ਪਾਸੇ ਲੈ ਗਏ ਲਗਦੇ ਹਨ। 'ਮਹਾਨ ਕੋਸ਼' ਤੋਂ ਚਰਚਾ ਸ਼ੁਰੂ ਕਰਦੇ ਹਾਂ। ਇਸ ਦੇ 'ਅਰਬਦ' ਇੰਦਰਾਜ ਦੇ ਪਹਿਲੇ ਅਰਥ ਵਿਚ ਲਿਖਿਆ ਮਿਲਦਾ ਹੈ, "ਦੇਖੋ ਅਰਬੁਦ।" ਅਰਬੁਦ 'ਤੇ ਜਾਂਦਿਆਂ ਇਹ ਅਰਥ ਹਾਸਿਲ ਹੁੰਦੇ ਹਨ, "(1) ਦਸ ਕਰੋੜ। (2) ਰਾਜਪੂਤਾਨੇ ਵਿਚ ਇੱਕ ਪਹਾੜ ਦੀ ਧਾਰਾ, ਅਰਾਵਲੀ ਅਰਵਲੀ। (3) ਆਬੂ ਪਹਾੜ। (4) ਬੱਦਲ। (5) ਵੈਦਯਕ ਅਨੁਸਾਰ ਇੱਕ ਰੋਗ, ਸ਼ਰੀਰ 'ਤੇ ਗਿਲਟੀਆਂ ਦਾ ਹੋਣਾ, ਰਸੌਲੀ ਆਦਿ। (6) ਇੱਕ ਨੇਤ੍ਰ ਰੋਗ।" ਪਰ ਇਨ੍ਹਾਂ ਵਿਚੋਂ ਕਿਸੇ ਅਰਥ ਨੂੰ 'ਅਰਬਦ ਨਰਬਦ' ਵਿਚਲੇ ਅਰਬਦ 'ਤੇ ਢੁਕਾਇਆ ਨਹੀਂ ਗਿਆ। ਜੋ ਢੁਕਾਇਆ ਗਿਆ ਹੈ, ਉਹ 'ਅਰਬਦ' ਹੀ ਹੈ ਜਿਸ ਨੂੰ 'ਮਹਾਨ ਕੋਸ਼' ਵਿਚ ਸੰਸਕ੍ਰਿਤ ਆਰਬਧ ਦਾ ਰੁਪਾਂਤਰ ਦਰਸਾਇਆ ਗਿਆ ਹੈ ਤੇ ਜਿਸ ਦਾ ਅਰਥ 'ਅਰੰਭ ਹੋਇਆ' ਕੀਤਾ ਗਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੰਸਕ੍ਰਿਤ ਵਿਚ ਆਰਬਧ ਸ਼ਬਦ ਇਨ੍ਹਾਂ ਹੀ ਅਰਥਾਂ ਵਿਚ ਮੌਜੂਦ ਹੈ ਤੇ ਜੋ ਅਰੰਭ ਸ਼ਬਦ ਨਾਲ ਸਬੰਧਤ ਹੈ।

ਇਸ ਤਰ੍ਹਾਂ ਪੂਰੇ 'ਅਰਬਦ ਨਰਬਦ ਧੁੰਧੂਕਾਰਾ' ਦਾ ਅਰਥਾਪਣ ਇਸ ਪ੍ਰਕਾਰ ਕੀਤਾ ਮਿਲਦਾ ਹੈ, "ਆਰੰਭ ਕਾਲ ਵਿੱਚ ਨਰ ਆਰਬਧ ਧੁੰਧੂਕਾਰ ਸੀ। ਦੇਖੋ ਨਰਬਦ ਜਿਸ ਨੂੰ ਆਦਮੀ ਕਥਨ ਨਹੀਂ ਕਰ ਸਕਦਾ।" ਨਰਬਦ 'ਤੇ ਜਾਣ ਨਾਲ ਇਹ ਵਿਆਖਿਆ ਮਿਲਦੀ ਹੈ, "ਨਰ-ਅਵਦ ਜਿਸ ਨੂੰ ਆਦਮੀ ਤੋਂ ਜੋ ਨਾ ਬਯਾਨ (ਬਿਆਨ) ਕੀਤਾ ਜਾ ਸਕੇ, ਇਨਸਾਨ ਦੀ ਕਥਨ-ਸ਼ਕਤਿ ਤੋਂ ਬਾਹਰ।" ਮੇਰੀ ਜਾਚੇ ਇਥੇ 'ਨਰ-ਅਵਦ' ਆਪੂੰ ਘੜਿਆ ਬਨਾਉਟੀ ਸ਼ਬਦ ਹੈ ਜਿਸ ਦਾ ਅਰਥ ਬਣਾਇਆ ਗਿਆ ਹੈ, 'ਇਨਸਾਨ (ਨਰ) ਦੇ ਕਥਨ ਤੋਂ ਬਾਹਰਾ'। ਇਸੇ ਬਿਨਾ 'ਤੇ 'ਮਹਾਨ ਕੋਸ਼' ਦੀ ਵਿਆਖਿਆ ਬੇਥਵ੍ਹੀ ਲਗਦੀ ਹੈ।

ਸੰਤ ਸਿੰਘ ਖਾਲਸਾ ਅਤੇ ਮਨਮੋਹਨ ਸਿੰਘ ਦੇ ਅੰਗਰੇਜ਼ੀ ਅਨੁਵਾਦਾਂ ਅਨੁਸਾਰ ਦੋਹਾਂ ਸ਼ਬਦਾਂ ਦਾ ਇਕੱਠਾ ਅਰਥ 'ਅਣਗਿਣਤ ਯੁੱਗ' ਕੀਤਾ ਗਿਆ ਹੈ। ਐਸਜੀਜੀਐਸ ਕੋਸ਼ ਨੇ ਅਰਬਦ ਦਾ ਮਤਲਬ 10 ਕਰੋੜ ਦੱਸਿਆ ਹੈ ਤੇ ਨਰਬਦ ਨੂੰ ਨ+ਅਰਬਦ ਤੋਂ ਬਣਿਆ ਦੱਸ ਕੇ ਅਰਥ ਕੀਤਾ ਹੈ, 'ਅਰਬਾਂ ਤੋਂ ਪਰੇ ਭਾਵ ਬੇਅੰਤ।' ਸਪੱਸ਼ਟ ਹੈ ਕਿ ਇਥੇ 'ਅਰਬਦ' ਤੋਂ ਪਹਿਲਾਂ ਲੱਗੇ 'ਨ' ਅਗੇਤਰ ਨੂੰ ਨਾਂਹ-ਸੂਚਕ ਸਮਝਿਆ ਗਿਆ ਹੈ। ਫਰੀਦਕੋਟ ਵਾਲੇ ਟੀਕੇ ਨੇ ਇਸ ਤੁਕ ਦਾ ਅਰਥ ਇਸ ਪ੍ਰਕਾਰ ਕਰਕੇ, '(ਅਰਬਦ) ਗਿਣਤੀ ਤੇ (ਨਰਬਦ) ਅਗਿਣਤ ਕਾਲ ਭਾਵ ਬਹੁਤ ਕਾਲ ਧੁੰਧੂਕਾਰ ਰਹਿਆ' ਅਰਬਦ ਨੂੰ ਗਿਣਤੀ ਅਤੇ ਨਰਬਦ ਨੂੰ ਅਣਗਿਣਤ ਬਣਾ ਦਿੱਤਾ ਹੈ। ਪਰ ਸਾਡੇ ਲਈ ਮਹੱਤਵਪੂਰਨ ਟੀਕਾ ਹੈ ਸਾਹਿਬ ਸਿੰਘ ਦਾ। ਉਨ੍ਹਾਂ ਅਨੁਸਾਰ ਪੂਰੀ ਵਿਆਖਿਆ ਇਸ ਪ੍ਰਕਾਰ ਹੈ, "ਅਰਬਦ=ਦਸ ਕਰੋੜ (ਸਾਲ)। ਨਰਬਦ=ਨ ਅਰਬਦ, ਜਿਸ ਵਾਸਤੇ ਲਫ਼ਜ਼ 'ਅਰਬਦ' ਭੀ ਨਾਂਹ ਵਰਤਿਆ ਜਾ ਸਕੇ, ਗਿਣਤੀ ਤੋਂ ਪਰੇ। ਧੁੰਧੂਕਾਰਾ=ਘੁੱਪ ਹਨੇਰਾ {ਨੋਟ: ਘੁੱਪ ਹਨੇਰੇ ਵਿਚ ਪਤਾ ਨਹੀਂ ਲੱਗ ਸਕਦਾ ਕਿ ਇਥੇ ਕੀਹ ਕੁਝ ਪਿਆ ਹੈ} ਉਹ ਹਾਲਤ ਜਿਸ ਦੀ ਬਾਬਤ ਕੋਈ ਭੀ ਮਨੁੱਖ ਕੁਝ ਨਹੀਂ ਦੱਸ ਸਕਦਾ। (ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਜਿਸ ਦੀ ਗਿਣਤੀ ਦੇ ਵਾਸਤੇ) ਅਰਬਦ ਨਰਬਦ (ਲਫ਼ਜ਼ ਭੀ ਨਹੀਂ ਵਰਤੇ ਜਾ ਸਕਦੇ, ਐਸੀ) ਘੁੱਪ ਹਨੇਰੇ ਦੀ ਹਾਲਤ ਸੀ (ਭਾਵ, ਅਜਿਹੀ ਹਾਲਤ ਸੀ ਜਿਸ ਦੀ ਬਾਬਤ ਕੁਝ ਭੀ ਦੱਸਿਆ ਨਹੀਂ ਜਾ ਸਕਦਾ)।"

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਾਹਿਬ ਸਿੰਘ ਨੇ ਪਹਿਲਾਂ ਫਰੀਦਕੋਟ ਵਾਲੇ ਟੀਕੇ ਵਾਂਗੂੰ ਨਰਬਦ ਨੂੰ ਕੁਝ ਇਸ ਤਰ੍ਹਾਂ ਬਣਾ ਦਿੱਤਾ ਕਿ ਇਹ ਪਹਿਲਾਂ ਵਰਤੇ ਨਿਸ਼ਚਿਤ ਅਰਥਾਂ ਵਾਲੇ ਸ਼ਬਦ 'ਅਰਬਦ' ਨੂੰ ਹੀ ਰੱਦ ਕਰਦਾ ਹੈ। ਜਿਵੇਂ ਗੁਰੂ ਸਾਹਿਬ ਕਹਿ ਰਹੇ ਹੋਣ ਕਿ 'ਅਰਬਾਂ ਯੁੱਗ ਪਹਿਲਾਂ, ਨਹੀਂ ਅਰਬਾਂ ਯੁੱਗ ਪਹਿਲਾਂ ਵੀ ਨਹੀਂ।' ਫਿਰ ਇਹ ਕਹਿ ਕੇ ਕਿ 'ਅਰਬਦ ਨਰਬਦ (ਲਫ਼ਜ਼ ਭੀ ਨਹੀਂ ਵਰਤੇ ਜਾ ਸਕਦੇ..) ਹੋਰ ਘਚੋਲਾ ਪਾ ਦਿੱਤਾ ਹੈ।



ਨੋਟ ਕਰਨ ਵਾਲੀ ਗੱਲ ਹੈ ਕਿ ਸਿਵਾਏ 'ਮਹਾਨ ਕੋਸ਼' ਦੇ ਸਭ ਟੀਕਾਕਾਰਾਂ ਨੇ ਅਰਬਦ ਸ਼ਬਦ ਦਾ ਅਰਥ ਕੁਝ ਹੱਦ ਤੱਕ ਠੀਕ ਕੀਤਾ ਹੈ ਪਰ ਨਰਬਦ ਬਾਰੇ ਸਾਰਿਆਂ ਵਿਚ ਭੰਬਲਭੂਸਾ ਹੈ। ਦਰਅਸਲ ਅਰਬਦ ਤੇ ਨਰਬਦ ਦੋਨੋਂ ਸ਼ਬਦ ਵਿਸ਼ੇਸ਼ ਨਿਸ਼ਚਿਤ ਸੰਖਿਆ ਵੱਲ ਸੰਕੇਤ ਕਰਦੇ ਹਨ। ਸਕੂਲੀ ਦਿਨਾਂ ਵਿਚ ਹੀ ਅਸੀਂ ਪੜ੍ਹਿਆ ਕਰਦੇ ਸਾਂ ਕਿ ਕਰੋੜ ਤੋਂ ਬਾਅਦ 'ਅਰਬ' ਸੰਖਿਆ ਆਉਂਦੀ ਹੈ ਜੋ ਸੌ ਕਰੋੜ ਦੇ ਬਰਾਬਰ ਹੁੰਦੀ ਹੈ। ਅਰਬਦ ਇਹੀ ਸੰਖਿਆ ਹੈ ਜੋ ਮੁਢਲੇ ਤੌਰ 'ਤੇ ਸੰਸਕ੍ਰਿਤ ਦਾ ਸ਼ਬਦ ਹੈ। ਭਾਰਤ ਵਿਚ ਗਿਣਤੀ ਦੀ ਪ੍ਰਣਾਲੀ ਤੇ ਸੰਖਿਆਵਾਂ ਦਾ ਨਾਮਕਰਣ ਹਜ਼ਾਰਾਂ ਸਾਲ ਪਹਿਲਾਂ ਹੀ ਵਿਕਸਿਤ ਕਰ ਲਏ ਗਏ ਸਨ। ਇਸ ਦਾ ਵੱਡਾ ਕਾਰਨ ਭਾਰਤ ਵਿਚ ਬਹੁਤ ਪਹਿਲਾਂ ਸਿਫਰ ਦੀ ਕਾਢ ਤੇ ਦਸ਼ਮਲਵ ਪ੍ਰਣਾਲੀ ਦਾ ਚਾਲੂ ਹੋ ਜਾਣਾ ਹੈ। ਯੂਰਪ ਵਿਚ ਅਜੇ ਮਿਲੀਅਨ ਤੱਕ ਦੀ ਗਿਣਤੀ ਦੇ ਸ਼ਬਦ ਸਨ ਜਦ ਕਿ ਭਾਰਤੀਆਂ ਨੇ 10 ਨੂੰ ਚੌਦਾਂ ਵਾਰੀ ਆਪਸ ਵਿਚ ਗੁਣਾਂ ਕਰਕੇ ਹਾਸਿਲ ਆਉਂਦੀਆਂ ਸੰਖਿਆਵਾਂ ਲਈ ਵੀ ਸ਼ਬਦ ਘੜ ਲਏ ਸਨ। ਕੁਝ ਗ੍ਰੰਥਾਂ ਵਿਚ ਤਾਂ 10 ਦੀ 53 ਤੱਕ ਸ਼ਕਤੀ ਲਈ ਵੀ ਸ਼ਬਦ ਮਿਲਦੇ ਹਨ। ਹਾਂ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਇਹ ਸਾਰੇ ਸ਼ਬਦ ਅਕਸਰ ਸਿਧਾਂਤਕ ਸੰਭਾਵਨਾਵਾਂ ਹੀ ਹਨ, ਇਨ੍ਹਾਂ ਦਾ ਪ੍ਰਮਾਣੀਕਰਣ ਵੀ ਨਹੀਂ ਹੋਇਆ ਤੇ ਇਨ੍ਹਾਂ ਦੀ ਵਿਹਾਰਕ ਵਰਤੋਂ ਵੀ ਘਟ ਹੀ ਹੋਈ ਹੈ। ਤਾਂ ਹੀ ਬਹੁਤੇ ਗ੍ਰੰਥ ਕਰੋੜ ਤੋਂ ਅੱਗੇ ਗਿਣਤੀ ਦੇ ਨਾਂਵਾਂ ਲਈ ਅਤੇ ਸੰਕੇਤਕ ਸੰਖਿਆ ਲਈ ਇਕ ਮਤ ਨਹੀਂ ਹਨ।

ਇਕ ਸਰੋਤ ਅਨੁਸਾਰ ਭਾਰਤੀ ਸੰਖਿਆ ਪ੍ਰਣਾਲੀ ਅਨੁਸਾਰ ਵੱਡੀਆਂ ਸੰਖਿਆਵਾਂ ਦੇ ਨਾਂਵਾਂ ਦਾ ਵੇਰਵਾ ਦੇਣਾ ਕੁਥਾਂ ਨਹੀਂ ਹੋਵੇਗਾ: ਦਸ਼ (10), ਸ਼ਤ (ਸੌ, 100), ਸਹਸਤਰ (ਹਜ਼ਾਰ, 1000), ਅਯੁਤ (ਦਸ ਹਜ਼ਾਰ) ਨਿਯੁਤ (ਇਕ ਲੱਖ), ਅਰਬਦ (ਕਰੋੜ), ਨਿਅਰਬੁਦ (ਦਸ ਕਰੋੜ), ਵ੍ਰਿੰਦ (ਇਕ ਅਰਬ), ਪਰ (ਦਸ ਅਰਬ), ਖਰਵ (ਖਰਬ), ਨਿਖਰਬ (ਦਸ ਖਰਬ), ਸੰਖ (ਦਸ ਨਿਖਰਬ), ਪਦਮ (ਦਸ ਸੰਖ), ਸਮੁੰਦਰ (ਦਸ ਪਦਮ), ਮਧਯਮ (ਦਸ ਸਮੁੰਦਰ), ਪਰਾਰਧ (ਦਸ ਮਧਯਮ)। ਕੁਝ ਸਰੋਤਾਂ ਵਿਚ ਇਸ ਤੋਂ ਵੀ ਅੱਗੇ ਮਿਲਦੀਆਂ ਸੰਖਿਆਵਾਂ ਦੇ ਨਾਂ ਗਿਣਾਉਣ ਲੱਗਾਂ ਤਾਂ ਤੁਸੀਂ ਪਹਿਲੀਆਂ ਗਿਣਤੀਆਂ ਵੀ ਭੁਲ ਜਓਗੇ। ਯੂਰਪੀ ਵਿਦਵਾਨ ਇਸ ਗੱਲ 'ਤੇ ਹੈਰਾਨ ਹਨ ਕਿ ਗਿਣਤੀ ਦੇ ਸਬੰਧ ਵਿਚ ਭਾਰਤੀ ਕਲਪਨਾ ਕਿੰਨੀ ਦੂਰ ਤੱਕ ਜਾਂਦੀ ਹੈ ਜਦ ਕਿ ਪਛਮੀ ਵਿਦਵਤਾ ਸਥੂਲ ਪ੍ਰਸ਼ਨਾਂ ਵੱਲ ਹੀ ਰੁਚਿਤ ਰਹੀ। ਵੱਡੀਆਂ ਵੱਡੀਆਂ ਗਿਣਤੀਆਂ ਦੀ ਵਰਤੋਂ ਧਾਰਮਿਕ ਪ੍ਰਸੰਗ ਤੇ ਭਾਰਤ ਵਿਚ ਵਿਕਸਿਤ ਜਿਓਤਿਸ਼ ਸ਼ਾਸਤਰ ਵਿਚ ਕੀਤੀ ਜਾਂਦੀ ਸੀ। ਸ੍ਰਿਸ਼ਟੀ, ਬ੍ਰਹਮਾ ਦੀ ਉਮਰ ਤੇ ਕਲਪਾਂ ਆਦਿ ਦੇ ਪ੍ਰਸੰਗ ਜੇ ਭਾਰਤੀ ਦਰਸ਼ਨ ਵਿਚ ਦੇਖੇ ਜਾਣ ਤਾਂ ਪਤਾ ਲਗਦਾ ਹੈ ਕਿ ਇਥੇ ਕਲਪਨਾ ਨੂੰ ਵੱਡੀਆਂ-ਵੱਡੀਆਂ ਸੰਖਿਆਵਾਂ ਦੁਆਰਾ ਪ੍ਰਗਟ ਕੀਤਾ ਜਾਂਦਾ ਰਿਹਾ ਹੈ। ਬਾਈਬਲ ਅਨੁਸਾਰ ਤਾਂ ਇਸ ਸ੍ਰਿਸ਼ਟੀ ਦੀ ਉਮਰ ਕੋਈ ਦਸ ਕੁ ਹਜ਼ਾਰ ਸਾਲ ਹੀ ਬਣਦੀ ਹੈ।

ਯਜੁਰਵੇਦ ਦੇ ਇਕ ਮੰਤਰ ਦੀ ਮਿਸਾਲ ਦੇਣੀ ਚਾਹਾਂਗਾ, "ਹੇ ਅਗਨੀਦੇਵ (ਹਵਨ) ਦੀਆਂ ਇਹ ਇਸ਼ਟਕਾਵਾਂ (ਸੂਖਮ ਸਮੱਗਰੀ) ਗਊਆਂ ਬਰਾਬਰ ਬਣ ਜਾਣ। ਇਹ ਇਸ਼ਟਕਾਵਾਂ ਇਕ ਤੋਂ ਦਸ ਗੁਣਾ ਹੋ ਕੇ ਦਸ ਬਣ ਜਾਣ, ਦਸ ਤੋਂ ਦਸ ਗੁਣਾ ਹੋ ਕੇ ਸੌ, ਸੌ ਤੋਂ ਦਸ ਗੁਣਾ ਹੋ ਕੇ ਸਹਸਤਰ, ਸਹਸਤਰ ਤੋਂ ਦਸ ਗੁਣਾ ਹੋ ਕੇ ਅਯੁਤ, ਅਯੁਤ ਤੋਂ ਦਸ ਗੁਣਾ ਹੋ ਕੇ ਨਿਯੁਤ, ਨਿਯੁਤ ਤੋਂ ਦਸ ਗੁਣਾ ਹੋ ਕੇ ਪ੍ਰਯੁਤ, ਪ੍ਰਯੁਤ ਤੋਂ ਦਸ ਗੁਣਾ ਹੋ ਕੇ ਕੋਟੀ, ਕੋਟੀ ਤੋਂ ਦਸ ਗੁਣਾ ਹੋ ਕੇ ਅਰਬੁਦ, ਅਰਬੁਦ ਤੋਂ ਦਸ ਗੁਣਾ ਹੋ ਕੇ ਨਿਅਰਬਦ...।" ਇਸ ਤਰ੍ਹਾਂ ਹੋਰ ਅੱਗੇ ਦਸ ਦਸ ਗੁਣਾ ਕਰਕੇ ਵਧਦੀਆਂ ਸੰਖਿਆਵਾਂ ਖਰਵ, ਪਦਮ, ਮਹਾਂਪਦਮ, ਸੰਖ, ਸਮੁੰਦਰ, ਮਧਯ, ਅੰਤ, ਪ੍ਰਾਰਧ, ਤੱਕ ਬਣ ਜਾਂਦੀਆਂ ਹਨ।

ਉਪਰੋਕਤ ਚਰਚਾ ਦਾ ਪਿਛੋਕੜ ਆਪਣੇ ਵਿਸ਼ੇ 'ਤੇ ਢੁਕਾਈਏ। ਸਾਡੀ ਜਾਚੇ 'ਅਰਬਦ ਨਰਬਦ' ਵੀ 'ਹਜ਼ਾਰਾਂ ਲੱਖਾਂ', 'ਲੱਖਾਂ ਕਰੋੜਾਂ', 'ਅਰਬਾਂ ਖਰਬਾਂ' ਆਦਿ ਦੀ ਤਰ੍ਹਾਂ ਇਕ ਸ਼ਬਦ ਜੁੱਟ ਹੈ ਜੋ ਗੁਰੂ ਸਾਹਿਬ ਨੇ ਬਹੁਤ ਵੱਡੀ ਗਿਣਤੀ ਦਰਸਾਉਣ ਲਈ ਵਰਤਿਆ ਹੈ। ਇਸ ਸ਼ਬਦ ਜੁੱਟ ਵਿਚਲੇ ਦੋਨੋਂ ਘਟਕ, ਅਰਬਦ ਤੇ ਨਰਬਦ ਇਕ ਨਿਸ਼ਚਿਤ ਸੰਖਿਆ ਦੇ ਸੂਚਕ ਹਨ ਭਾਵੇਂ ਕਿ ਉਨ੍ਹਾਂ ਦਾ ਪ੍ਰਮਾਣੀਕਰਣ ਨਹੀਂ ਹੋਇਆ। ਮੈਂ ਹਾਲ ਦੀ ਘੜੀ ਦੋਨਾਂ ਸ਼ਬਦਾਂ ਦੀ ਵਿਉਤਪਤੀ ਵੱਲ ਨਹੀਂ ਜਾ ਰਿਹਾ। ਹਾਂ, ਏਨਾ ਜ਼ਰੂਰ ਕਹਿ ਸਕਦਾ ਹਾਂ ਕਿ ਅਰਬਦ ਸ਼ਬਦ ਵਿਚ ਵਧਣ, ਫੁਲਣ, ਫੈਲਣ ਆਦਿ ਦੇ ਭਾਵ ਹਨ।

ਨਰਬਦ ਵਿਚਲਾ 'ਨ' ਅਗੇਤਰ ਨਾਂਹ-ਸੂਚਕ ਨਹੀਂ ਹੈ, ਇਹ ਅਗੇਤਰ 'ਚੰਗੀ ਤਰ੍ਹਾਂ' ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਨਰਬਦ ਦਾ ਅਰਥ 'ਚੰਗੀ ਤਰ੍ਹਾਂ ਦਾ ਅਰਬਦ' ਅਰਥਾਤ ਅਰਬ ਤੋਂ ਵੀ ਵੱਡਾ ਹੈ। ਸੰਖਿਆਵਾਂ ਲਈ ਵਰਤੇ ਜਾਂ ਘੜੇ ਗਏ ਸ਼ਬਦ ਮੁਢਲੇ ਤੌਰ 'ਤੇ ਕਿਸੇ ਸਥੂਲ ਸਥਿਤੀ ਦੇ ਸੰਕੇਤਕ ਹਨ। ਗਿਆਨ ਸਮੂਰਤ ਤੋਂ ਅਮੂਰਤ ਵੱਲ ਵਧਦਾ ਹੈ, ਸ਼ਬਦਾਂ ਦਾ ਵਿਕਾਸ ਵੀ ਐਨ ਇਸੇ ਤਰ੍ਹਾਂ ਹੁੰਦਾ ਹੈ। ਮੇਰੀ ਜਾਚੇ ਅਰਬਦ ਸ਼ਬਦ ਦੇ ਹੋਰ ਅਰਥਾਂ ਤੋਂ ਇਸ ਵਿਚਲੇ ਵਧਣ, ਫੁਲਣ, ਫੈਲਣ ਆਦਿ ਦੇ ਭਾਵ ਸੌਖਿਆਂ ਹੀ ਸਪੱਸ਼ਟ ਕੀਤੇ ਜਾ ਸਕਦੇ ਹਨ। ਚਲੋ 'ਮਹਾਨ ਕੋਸ਼' ਵਲੋਂ ਇਸ ਸ਼ਬਦ ਦੇ ਦੱਸੇ ਅਰਥਾਂ ਨੂੰ ਇਸ ਸੰਕਲਪ ਤੇ ਢੁਕਾਈਏ: ਦਸ ਹਜ਼ਾਰ ਇਕ ਵੱਡੀ ਫੁੱਲੀ ਹੋਈ ਸੰਖਿਆ ਹੈ; (ਆਰਾਵਲੀ) ਪਹਾੜ ਦੂਰ ਤੱਕ ਫੈਲਿਆ ਤੇ ਉਭਰਿਆ ਭੂਗੋਲਿਕ ਵਰਤਾਰਾ ਹੈ; ਬੱਦਲਾਂ ਦਾ ਵੀ ਖੂਬ ਪਸਾਰਾ ਹੁੰਦਾ ਹੈ; ਰਸੌਲੀ ਸਰੀਰ ਦੇ ਵਧੇ ਹੋਏ ਹਿੱਸੇ ਨੂੰ ਹੀ ਕਹਿੰਦੇ ਹਨ।

ਖੇਦ ਹੈ ਕਿ ਖੁਦ 'ਮਹਾਨ ਕੋਸ਼' ਨੇ ਇਸ ਸ਼ਬਦ ਦੇ ਅਜਿਹੇ ਅਰਥਾਂ ਨੂੰ 'ਅਰਬਦ ਨਰਬਦ ਧੁੰਧੂਕਾਰਾ' ਉਤੇ ਲਾਗੂ ਕਰ ਕੇ ਨਹੀਂ ਦੇਖਿਆ।

# ਖਾਮੋਸ਼ ਕਿਉਂ ਏ ਦਿੱਲੀ?

## ਦੁਖਦੀ ਰਗ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਭਾਰਤ ਦੀ ਰਾਜਧਾਨੀ ਦਿੱਲੀ ਦੇ ਉੱਤਮ ਨਗਰ ਇਲਾਕੇ ਦੀ 15 ਸਾਲਾ ਕੁੜੀ ਨਾਲ ਤਿੰਨ ਦਰਿੰਦੇ ਤੇਰਾਂ ਦਿਨ ਜ਼ਬਰਦਸਤੀ ਕਰਦੇ ਰਹੇ। ਨਾ ਕੋਈ ਰੌਲਾ ਪਿਆ, ਨਾ ਖਬਰਾਂ ਬਣੀਆਂ ਅਤੇ ਨਾ ਹੀ ਕੋਈ ਉਸ ਮਾਸੂਮ ਦੇ ਹੱਕ ਵਿਚ ਸੜਕਾਂ 'ਤੇ ਆਇਆ, ਪਰ ਉਹ ਧਰਤੀ ਜਿੱਡੇ ਜਿਗਰੇ ਵਾਲੀ ਕੁੜੀ ਅਜੇ ਜਿਉਂਦੀ ਹੈ ਤੇ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੀ ਹੈ।

ਆਮ ਪਰਿਵਾਰ ਦੀ ਇਹ 15 ਸਾਲਾ ਬਾਲੜੀ 22 ਨਵੰਬਰ 2015 ਦੀ ਸਵੇਰ ਮੁਹੱਲੇ ਦੀ ਦੁਕਾਨ ਤੋਂ ਦੁੱਧ ਲੈਣ ਗਈ ਤੇ ਘਰ ਨਾ ਪਰਤੀ। ਉਸ ਦੇ ਮਾਪੇ ਅਤੇ ਗਲੀ-ਮੁਹੱਲੇ ਵਾਲੇ ਉਸ ਦੀ ਭਾਲ ਕਰਦੇ ਰਹੇ, ਪਰ ਕੁੜੀ ਦਾ ਕੋਈ ਅਤਾ-ਪਤਾ ਨਹੀਂ ਲੱਗਿਆ। ਹਾਰ ਕੇ ਸ਼ਾਮ ਨੂੰ ਉੱਤਮ ਨਗਰ ਦੇ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ, ਪਰ ਪੁਲਿਸ ਟੱਸ ਤੋਂ ਮਸ ਨਹੀਂ ਹੋਈ। ਉਧਰ, ਤਿੰਨ ਨੌਜਵਾਨ ਇਸ ਕੁੜੀ ਨੂੰ ਕਾਰ ਵਿਚ ਸੁੱਟ ਕੇ ਗਰੇਟਰ ਨੋਇਡਾ ਦੇ ਪਿੰਡ ਦੁਗਲਪੁਰ ਨੇੜੇ ਬਣੇ ਫਾਰਮ ਹਾਊਸ ਉਤੇ ਲੈ ਗਏ, ਜਿਥੇ 13 ਦਿਨਾਂ ਤੱਕ ਕੁੜੀ ਨੂੰ ਕਬਜ਼ੇ 'ਚ ਰੱਖਿਆ ਤੇ ਗੈਂਗਰੇਪ ਕੀਤਾ।

ਪੰਜ ਦਸੰਬਰ ਦੀ ਸ਼ਾਮ ਇਹ ਕੁੜੀ ਉਥੋਂ ਦੌੜਨ ਵਿਚ ਕਾਮਯਾਬ ਹੋ ਗਈ, ਪਰ ਰਾਤ ਦਾ ਹਨੇਰਾ, ਬਿਗਾਨਾ ਇਲਾਕਾ ਤੇ ਮੁਸੀਬਤਾਂ ਦੀ ਮਾਰੀ ਉਹ ਅਜੇ ਬਹੁਤੀ ਦੂਰ ਨਹੀਂ ਸੀ ਗਈ ਕਿ ਉਨ੍ਹਾਂ ਦਰਿੰਦਿਆਂ ਨੂੰ ਕੁੜੀ ਦੇ ਦੌੜਨ ਦੀ ਖਬਰ ਹੋ ਗਈ। ਉਨ੍ਹਾਂ ਨੇ ਕੁੜੀ ਨੂੰ ਫਿਰ ਜਾ ਦਬੋਚਿਆ ਤੇ ਮੂੰਹ-ਸਿਰ ਬੰਨ੍ਹ ਕੇ ਕਾਰ ਵਿਚ ਸੁੱਟ ਲਿਆ ਅਤੇ ਨੇੜੇ ਦੇ ਦੂਜੇ ਪਿੰਡ ਸਲੇਮਪੁਰ ਕੋਲ ਜਾ ਕੇ ਉਸ ਦੇ ਸੀਨੇ ਵਿਚ ਦੋ ਗੋਲੀਆਂ ਮਾਰੀਆਂ ਤੇ ਖੂਹ ਵਿਚ ਸੁੱਟ ਦਿੱਤਾ। ਉਥੇ ਉਹ ਕੁੜੀ ਸਾਰੀ ਰਾਤ ਦੁਹਾਈਆਂ ਪਾਉਂਦੀ ਰਹੀ। ਸਰਦੀ ਦਾ ਮੌਸਮ, ਸੁੰਨਸਾਨ ਇਲਾਕਾ, ਉਪਰੋਂ ਸੀਨੇ ਵਿਚ ਵੱਜੀਆਂ ਗੋਲੀਆਂ... ਪਰ ਕੁੜੀ ਨੇ ਹਿੰਮਤ ਨਾ ਹਾਰੀ ਤੇ ਬਚਾਅ ਲਈ ਹਾਕਾਂ ਮਾਰਦੀ ਰਹੀ। ਦਿਨ ਚੜ੍ਹਨ 'ਤੇ ਆਇਆ ਤਾਂ ਉਥੋਂ ਲੰਘਦੇ ਇਕ ਆਦਮੀ ਨੇ ਉਸ ਦੀ ਕੂਕਾਂ ਸੁਣੀਆਂ। ਉਹ ਆਦਮੀ ਦੌੜਦਾ ਪਿੰਡ ਗਿਆ ਤੇ ਲੋਕਾਂ ਨੂੰ ਨਾਲ ਲੈ ਆਇਆ। ਕਿਸੇ ਨੇ ਪੁਲਿਸ ਨੂੰ ਬੁਲਾ ਲਿਆ। ਕੁੜੀ ਨੂੰ ਖੂਹ ਵਿਚੋਂ ਬਾਹਰ ਕੱਢਿਆ ਅਤੇ ਹਸਪਤਾਲ ਦਾਖਲ ਕਰਵਾਇਆ ਜਿਥੇ ਉਸ ਦੀ ਹਾਲਤ ਗੰਭੀਰ ਹੈ।

ਇੰਨੀ ਪੀੜਾ ਤੇ ਤਕਲੀਫ ਦੇ ਬਾਵਜੂਦ ਉਸ ਸ਼ੇਰ ਦਿਲ ਲੜਕੀ ਨੇ ਪੁਲਿਸ ਨੂੰ ਬਿਆਨ ਦਰਜ ਕਰਵਾਇਆ। ਉਹ ਵਾਰ-ਵਾਰ ਆਖ ਰਹੀ ਹੈ ਕਿ ਉਹ ਜਿਉਣਾ ਚਾਹੁੰਦੀ ਹੈ ਤਾਂ ਜੋ ਉਨ੍ਹਾਂ ਦਰਿੰਦਿਆਂ ਨੂੰ ਸਜ਼ਾ ਦਿਵਾ ਸਕੇ। ਪਿਛਲੇ ਸਾਲ ਦਿੱਲੀ ਵਿਚ ਹੀ ਜਦ ਚੱਲਦੀ ਬੱਸ ਵਿਚ 'ਦਾਮਨੀ' ਨਾਲ ਗੈਂਗਰੇਪ ਹੋਇਆ ਸੀ ਤਾਂ ਰਾਜਧਾਨੀ ਵਿਚ ਭੂਚਾਲ ਆ ਗਿਆ ਸੀ। ਸਾਰੀ ਦਿੱਲੀ ਸੜਕਾਂ ਉਤੇ ਨਿਕਲ ਆਈ ਸੀ, ਪੂਰੇ ਹਿੰਦੁਸਤਾਨ ਵਿਚ ਇਸ ਜ਼ੁਲਮ ਖਿਲਾਫ ਮੁਜ਼ਾਹਰੇ ਹੋਏ, ਆਵਾਜ਼ਾਂ ਉਠੀਆਂ ਤੇ ਅਜਿਹੇ ਦਰਿੰਦਿਆਂ ਨੂੰ ਨੱਥ ਪਾਉਣ ਲਈ ਸਖਤ ਕਾਨੂੰਨ ਦੀ ਮੰਗ ਕੀਤੀ ਗਈ, ਪਰ ਆਹ ਜੋ 22 ਨਵੰਬਰ ਤੋਂ 5 ਦਸੰਬਰ ਤੱਕ ਕਾਲਾ ਕਾਰਨਾਮਾ ਹੋਇਆ, ਇਸ ਦੀ ਆਵਾਜ਼ ਪੂਰੇ ਮੁਲਕ ਵਿਚ ਕਿਸੇ ਨੇ ਵੀ ਨਹੀਂ ਸੁਣੀ। ਸਭ ਮੋਨ ਧਾਰੀ ਬੈਠੇ ਹਨ; ਜਿਵੇਂ ਹੁਣ ਲੋਕ ਇਹੋ ਜਿਹੀਆਂ ਖਬਰਾਂ ਦੇ ਆਦੀ ਹੋ ਚੁੱਕੇ ਹੋਣ! ਹੁਣ ਕਿਸੇ ਨੂੰ ਇਹੋ ਜਿਹੀ ਵਾਰਦਾਤ ਨਾਲ ਕੋਈ ਹੈਰਾਨੀ ਹੀ ਨਹੀਂ ਹੁੰਦੀ... ਹਰ ਰੋਜ਼ ਕਿਤੇ ਦੋ ਸਾਲ ਤੇ ਕਿਤੇ ਚਾਰ ਸਾਲ ਦੀ ਬੱਚੀ ਨਾਲ ਰੇਪ... ਕਿਤੇ ਦਸ ਸਾਲ ਤੇ ਕਿਤੇ ਪੰਦਰਾਂ ਸਾਲ ਦੀ ਬੱਚੀ ਨਾਲ ਜਬਰ ਜਨਾਹ... ਅੱਜ ਮੁਲਕ ਦਾ ਅੰਨ੍ਹਾ ਕਾਨੂੰਨ ਹੋਰ ਅੰਨ੍ਹਾ ਹੋ ਗਿਆ ਜਾਪਦਾ ਹੈ! ਤਿੰਨ ਦਰਿੰਦੇ ਕੁੜੀ ਨੂੰ ਜ਼ਖਮ ਦੇ ਕੇ ਅਤੇ ਗੋਲੀਆਂ ਮਾਰ ਕੇ ਖੂਹ ਵਿਚ ਸੁੱਟ ਗਏ; ਨਾ ਧਰਤੀ ਕੰਬੀ, ਨਾ ਆਸਮਾਨ ਰੋਇਆ, ਨਾ ਕੋਈ ਮੁਜ਼ਾਹਰਾ ਹੋਇਆ ਅਤੇ ਨਾ ਹੀ ਕੋਈ ਆਵਾਜ਼ ਉਠੀ! ਹੁਣ ਰਿਪੋਰਟ ਵਿਚ ਸਾਹਮਣੇ ਆਇਆ ਹੈ ਕਿ ਤਿੰਨ ਮੁੰਡਿਆਂ ਵਿਚ ਉਸ ਪੀੜਤ ਲੜਕੀ ਦਾ ਦੋਸਤ ਵੀ ਸ਼ਾਮਲ ਹੈ। ਹੈਰਾਨੀ ਹੈ ਕਿ ਲੜਕੀ ਦੇ ਪਰਿਵਾਰ ਵੱਲੋਂ ਥਾਣੇ ਵਿਚ ਦਰਜ ਕਰਵਾਈ ਰਿਪੋਰਟ ਤੋਂ ਬਾਅਦ ਵੀ ਕਾਨੂੰਨ ਸੁੱਤਾ ਰਿਹਾ ਤੇ ਦਰਿੰਦੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਰਹੇ। ਬਾਕੀ ਹੁਣ ਜੋ ਅਗਾਂਹ ਹੋਣਾ ਹੈ, ਸਭ ਨੂੰ ਪਤਾ ਹੈ...।

ਦਿੱਲੀ ਹੀ ਕਿਉਂ, ਸਾਡਾ ਪੰਜਾਬ ਤਾਂ ਇਸ ਮਾਮਲੇ ਵਿਚ ਬਦ ਤੋਂ ਵੀ ਬਦਤਰ ਹੈ। ਅਜੇ ਪਿਛਲੇ ਹਫਤੇ ਦੀ ਹੀ ਖਬਰ ਹੈ, ਫਰੀਦਕੋਟ ਵਿਚ ਸ਼ਰੁਤੀ ਅਗਵਾ ਕਾਂਡ ਦਾ ਦੋਸ਼ੀ ਨਿਸ਼ਾਨ ਸਿੰਘ ਗਲਤ ਨਾਂ ਉਤੇ ਪੇਪਰ ਬਣਵਾ ਕੇ ਜੇਲ੍ਹ ਵਿਚੋਂ ਪੈਰੋਲ ਉਤੇ ਬਾਹਰ ਆ ਗਿਆ ਤੇ ਸ਼ਰੁਤੀ ਦੇ ਘਰ ਦੇ ਦੁਆਲੇ ਫਿਰਦਾ ਵੇਖ ਲੋਕਾਂ ਨੇ ਠਾਣੇ ਅੱਗੇ ਜਾ ਕੇ ਸਿਆਪਾ ਕੀਤਾ। ਹੈਰਾਨੀ ਹੈ, ਇਹੋ ਜਿਹੇ ਕਾਂਡ ਦਾ ਸਜ਼ਾਯਾਫਤਾ ਬੰਦਾ ਪੈਰੋਲ ਉਤੇ ਕਿਵੇਂ ਬਾਹਰ ਨਿਕਲ ਆਇਆ ਹੈ?

ਅੱਜ ਹਰ ਕੋਈ ਹੈਰਾਨ ਹੈ ਕਿ ਗੁਨਾਹਗਾਰ ਕਾਨੂੰਨ ਨਾਲ ਖਿਲਵਾੜ ਕਿਵੇਂ ਕਰਦੇ ਹਨ, ਪਰ ਸਵਾਲ ਇਹ ਹੈ ਕਿ ਧੀਆਂ ਦੇ ਮਾਪੇ ਕੀ ਕਰਨ, ਕਿਥੇ ਜਾਣ? ਇਸ ਸਵਾਲ ਦਾ ਜਵਾਬ ਹੈ ਕਿ ਲੋਕ ਜਾਗਣ ਅਤੇ ਅਜਿਹੇ ਕਾਨੂੰਨ ਬਣਵਾਉਣ ਜਿਹੜੇ ਦੋਸ਼ੀ ਨੂੰ ਇਕ ਵਾਰ ਗਿੱਚੀ ਤੋਂ ਨੱਪ ਕੇ ਮੁੜ ਕੇ ਛੱਡਣ ਨਾ।

ਦਰਦ ਨਾਲ ਕੰਬਦੇ ਦਿਲ ਵਿਚੋਂ ਨਿਕਲਿਆ ਸ਼ਿਅਰ ਹੈ:

ਇਕ ਬੇਟੀ ਦਿਆਂ ਹੰਝੂਆਂ ਕੀਤਾ
ਨੀਲ ਸਮੁੰਦਰ ਖਾਰਾ।
ਅੱਜ ਧੀਆਂ ਦੀ ਅਜ਼ਮਤ ਨਾਲ
ਖੇਡ ਰਿਹਾ ਜੱਗ ਸਾਰਾ।
ਕਿਤੇ ਦਾਮਨੀ ਕਿਤੇ ਸ਼ਰੁਤੀ
ਜ਼ੁਲਮ ਦੀ ਭੇਟਾ ਚੜ੍ਹੀਆਂ,
ਕਿੰਜ 'ਸੁਰਜੀਤ' ਬਚਾਵਾਂ ਧੀਆਂ
ਚਲਦਾ ਨਹੀਂ ਕੋਈ ਚਾਰਾ।

## ਖੂਨ ਪੀਣੀਆਂ ਇੱਲਾਂ !

ਜਦੋਂ ਅਮਰੀਕਾ ਤੋਂ ਜੋਗਾ ਸਿੰਘ ਪਹਿਲੀ ਵਾਰ ਪਿੰਡ ਗਿਆ ਤਾਂ ਸੱਥ 'ਚ ਬੈਠੇ ਬਜ਼ੁਰਗਾਂ ਨੇ ਪੁਛਿਆ, ਯਾਰ ਤੂੰ ਅਮਰੀਕਾ 'ਚ ਪੰਜਾਬ ਦੀਆਂ ਇੱਲਾਂ ਵੀ ਵੇਖੀਆਂ ਜੋ ਕਹਿੰਦੇ ਨੇ, ਇਥੋਂ ਅਮਰੀਕਾ ਵਾਲੇ ਲੈ ਗਏ।

ਕੁਝ ਦੇਰ ਸੋਚਣ ਪਿਛੋਂ ਜੋਗਾ ਸਿੰਘ ਕਹਿੰਦਾ, ਮੈਂ ਟਰੱਕ ਡਰਾਈਵਰੀ ਕਰਦਿਆਂ ਸਾਰਾ ਅਮਰੀਕਾ ਗਾਹ ਮਾਰਿਆ ਪਰ ਮਾਸ ਖਾਣੀਆਂ ਇੱਲਾਂ ਨਹੀ ਵੇਖੀਆਂ। ਹਾਂ, ਖੂਨ ਪੀਣੀਆਂ ਇੱਥੋਂ ਗਈਆਂ ਇੱਲਾਂ ਜ਼ਰੂਰ ਵੇਖੀਆਂ ਹਨ।

ਖੂਨ ਪੀਣੀਆਂ ਇੱਲਾਂ ਦਾ ਨਾਂ ਸੁਣ ਕੇ ਸਾਰੇ ਹੈਰਾਨ ਹੋ ਗਏ ਤਾਂ ਜੋਗਾ ਸਿੰਘ ਨੇ ਭੇਤ ਖੋਲ੍ਹਿਆ, ਉਥੇ ਸਾਰੇ ਤਾਂ ਨਹੀਂ ਪਰ ਕਈ ਪੰਜਾਬੀ ਬੰਦੇ ਆਪਣੇ ਕੱਚੇ ਜਾਂ ਵਰਕ ਪਰਮਿਟ ਵਾਲੇ ਬੰਦਿਆਂ ਤੋਂ ਕੰਮ ਤਾਂ ਕਰਵਾ ਲੈਂਦੇ ਹਨ ਪਰ ਪੈਸੇ ਦੇਣ ਦੀ ਵਾਰੀ ਗੂਠਾ ਦਿਖਾ ਜਾਂਦੇ ਹਨ। ਇਹ ਗੱਲ ਸੁਣ ਕੇ ਕਈ ਬਜ਼ੁਰਗ ਸੋਚੀਂ ਪੈ ਗਏ ਜਿਨ੍ਹਾਂ ਨੇ ਆਪਣੇ ਪੁਤ-ਪੋਤੇ ਕਰਜ਼ਾ ਚੁੱਕ ਜਾਂ ਜ਼ਮੀਨ ਵੇਚ ਕੇ ਬਾਹਰਲੇ ਦੇਸ਼ਾਂ ਨੂੰ ਭੇਜੇ ਸਨ।

-ਸਤਵਿੰਦਰ ਬਾਂਦੀ ਦੌਲਤਪੁਰੀ

# ਇਕਬਾਲ ਸਿੰਘ ਅਟਵਾਲ

ਟੈਕਸੀਨਾਮਾ 14



ਹਰਪ੍ਰੀਤ ਸਿੰਘ ਸੇਖਾ
ਫੋਨ: 778-231-1189
hsekha@hotmail.com

*ਕੈਨੇਡਾ ਵੱਸਦੇ ਨੌਜਵਾਨ ਲੇਖਕ ਹਰਪ੍ਰੀਤ ਸੇਖਾ ਨੇ ਐਤਕੀਂ ਕੈਨੇਡਾ ਦੇ ਟੈਕਸੀ ਬਿਜ਼ਨੈਸ ਵਿਚ ਮੱਲਾਂ ਮਾਰਨ ਵਾਲੇ ਇਕਬਾਲ ਸਿੰਘ ਅਟਵਾਲ ਬਾਰੇ ਚਰਚਾ ਕੀਤੀ ਹੈ। ਮਨਬਚਨੀ ਦੇ ਸਟਾਈਲ ਵਿਚ ਲਿਖੇ ਇਸ ਲੇਖ ਵਿਚ ਪਹਿਲੀਆਂ ਵਿਚ ਪੰਜਾਬੀਆਂ ਨੂੰ ਦਰਪੇਸ਼ ਦਿੱਕਤਾਂ ਦੇ ਦਰਸ਼ਨ ਹੁੰਦੇ ਹਨ। ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਝਾਤੀ ਮਾਰੀ ਹੈ। -ਸੰਪਾਦਕ*

ਟੈਕਸੀ ਚਲਾਉਂਦਿਆਂ ਚਾਰ ਦਹਾਕੇ ਹੋ ਗਏ। 1972 'ਚ ਕੈਨੇਡਾ ਆਇਆ ਸੀ। ਬੱਸ, ਦੋ-ਤਿੰਨ ਮਹੀਨੇ ਬਾਅਦ ਟੈਕਸੀ ਚਲਾਉਣ ਲੱਗ ਪਿਆ। ਮੈਂ ਇੰਡੀਆ ਤੋਂ ਬੀ.ਐਸ. ਸੀ. ਮੈਡੀਕਲ ਕਰ ਕੇ ਆਇਆ ਸੀ। ਜਦੋਂ ਟੈਕਸੀ ਚਲਾਉਣ ਲੱਗਾਂ, ਉਦੋਂ ਕੋਈ ਟਰੇਨਿੰਗ ਨਹੀਂ ਸੀ ਹੁੰਦੀ। ਇਥੋਂ ਤੱਕ ਕਿ ਆਪਣਾ ਡਰਾਈਵਿੰਗ ਲਾਈਸੈਂਸ ਲੈਣ ਤੋਂ ਬਾਅਦ ਜਿਹੜੀ ਕਾਰ ਆਪਣੇ ਤੌਰ 'ਤੇ ਇਕੱਲਾ ਚਲਾਉਣ ਲੱਗਾ, ਉਹ ਟੈਕਸੀ ਹੀ ਸੀ।

ਉਦੋਂ ਵਿਤਕਰਾ (ਡਿਸਕ੍ਰਿਮੀਨੇਸ਼ਨ) ਬਹੁਤ ਹੁੰਦਾ ਸੀ। ਯੈਲੋ ਕੈਬ ਕੰਪਨੀ 'ਚ ਆਪਣੇ ਬੰਦੇ ਚਲਾ ਤਾਂ ਸਕਦੇ ਸੀ, ਪਰ ਆਪਣੀ ਨਹੀਂ ਸੀ ਖਰੀਦ ਸਕਦੇ। ਜੇ ਕੋਈ ਟੈਕਸੀ ਖਰੀਦਣ ਦੀ ਕੋਸ਼ਿਸ਼ ਕਰਦਾ, ਉਸ ਨੂੰ ਕੋਈ ਨਾ ਕੋਈ ਬਹਾਨਾ ਬਣਾ ਕੇ ਨੌਕਰੀਓਂ ਕੱਢ ਦਿੰਦੇ। ਮੈਥੋਂ ਪਹਿਲਾਂ ਕਈ ਬੰਦੇ ਯੈਲੋ 'ਚੋਂ ਫਾਇਰ ਹੋ ਕੇ ਬਲੈਕ ਟੌਪ ਟੈਕਸੀ 'ਚ ਗਏ ਸੀ। ਯੈਲੋ ਕੈਬ ਕੰਪਨੀ ਦਾ ਰੂਲ ਸੀ ਕਿ ਜਦੋਂ ਡਰਾਈਵਰ ਨੂੰ ਨੌਂ ਮਹੀਨੇ ਹੋ ਜਾਣ ਕੰਪਨੀ ਨਾਲ ਟੈਕਸੀ ਚਲਾਉਂਦਿਆਂ, ਤਾਂ ਉਹ ਟੈਕਸੀ ਖਰੀਦਣ ਵਾਸਤੇ ਅਪਲਾਈ ਕਰ ਸਕਦਾ ਸੀ। ਮੈਂ ਸਾਲ ਬਾਅਦ ਅਪਲਾਈ ਕਰ ਦਿੱਤਾ, ਪਰ ਉਨ੍ਹਾਂ ਨੇ ਜਵਾਬ ਦੇ ਦਿੱਤਾ। ਟੈਕਸੀ ਚਲਾਉਂਦਿਆਂ ਮੇਰੀ ਇਕ ਡਾਇਰੈਕਟਰ ਨਾਲ ਹੈਲੋ-ਹਾਏ ਹੋ ਗਈ। ਇਕ ਦਿਨ ਮੈਂ ਉਸ ਤੋਂ ਪੁੱਛਿਆ, ਕਾਰਨ ਕੀ ਐ? ਮੈਨੂੰ ਟੈਕਸੀ ਕਿਉਂ ਨਹੀਂ ਖਰੀਦਣ ਦਿੰਦੇ? ਉਸ ਦੱਸਿਆ, ਇਹ ਸੋਚਦੇ ਆ ਕਿ ਜੇ ਕਿਸੇ ਈਸਟ ਇੰਡੀਅਨ ਨੂੰ ਟੈਕਸੀ ਵੇਚ ਦਿੱਤੀ ਤਾਂ ਇਥੇ ਸਾਰੇ ਈਸਟ ਇੰਡੀਅਨ ਈ ਹੋ ਜਾਣੇ ਆਂ।

ਪਹਿਲਾਂ ਚੀਨਿਆਂ ਨੂੰ ਖੁੱਲ੍ਹ ਦੇ ਕੇ ਵੀ ਇੱਦਾਂ ਹੀ ਹੋਇਆ ਸੀ। ਸਾਲ ਕੁ ਬਾਅਦ ਮੈਂ ਸੋਚਿਆ ਕਿ ਮੈਨੂੰ ਫਿਰ ਟਰਾਈ ਕਰਨੀ ਚਾਹੀਦੀ ਆ ਆਪਣੀ ਟੈਕਸੀ ਖਰੀਦਣ ਲਈ। ਮੈਨੂੰ ਉਹ ਨੌਕਰੀਓਂ ਨਾ ਕੱਢ ਸਕੇ, ਉਨ੍ਹਾਂ ਨੂੰ ਕੋਈ ਬਹਾਨਾ ਨਹੀਂ ਸੀ ਲੱਭਾ। ਮੈਂ ਕੰਮ ਨਾਲ ਹੀ ਵਾਸਤਾ ਰੱਖਦਾ ਸੀ। ਕਦੇ ਮੌਕਾ ਨਹੀਂ ਦਿੱਤਾ ਕਿਸੇ ਨੂੰ ਕੁਝ ਕਹਿਣ ਦਾ, ਪਰ ਉਨ੍ਹਾਂ ਬਿਨਾਂ ਕੋਈ ਵਜ੍ਹਾ ਦੱਸੇ ਮੈਨੂੰ ਫਿਰ ਇਨਕਾਰ ਕਰ ਦਿੱਤਾ। ਅਸੀਂ ਫਿਰ ਕੁਝ ਬੰਦੇ ਇਕੱਠੇ ਹੋ ਕੇ ਵਕੀਲ ਹੁੰਦਾ ਸੀ ਇਕ, ਹੈਰੀ ਲਿੰਕਨ, ਉਹਨੂੰ ਮਿਲਣ ਗਏ। ਉਹ ਸਿਟੀ ਦਾ ਐਲਡਰਮੈਨ ਵੀ ਸੀ। ਇਟਾਲੀਅਨ ਮੂਲ ਦਾ ਸੀ। ਉਹ ਵੀ ਇਮੀਗਰੈਂਟ ਈ ਸੀ। ਉਸ ਨੂੰ ਸਾਡੇ ਨਾਲ ਹਮਦਰਦੀ ਸੀ। ਉਹਨੇ ਤਾਂ ਇੱਥੋਂ ਤੱਕ ਵੀ ਕਿਹਾ ਕਿ ਤੁਹਾਨੂੰ ਹੋਰ ਟੈਕਸੀਆਂ ਦੇ ਲਾਈਸੈਂਸ ਦਿਵਾਉਣ ਦੀ ਕੋਸ਼ਿਸ਼ ਕਰ ਲੈਨੇ ਆਂ, ਤੁਸੀਂ ਆਪਣੀ ਕੰਪਨੀ ਖੋਲ੍ਹ ਲਵੋ।

ਉਦੋਂ ਅਸੀਂ ਹਾਲੇ ਐਨੇ ਜੋਗੇ ਹੈ ਨ੍ਹੀਂ ਸੀ। ਅਸੀਂ ਸੋਚਦੇ ਸੀ ਕਿ ਕੰਪਨੀ ਵਿਚ ਹੀ ਆਪਣੀ ਟੈਕਸੀ ਹੋਵੇ। ਅਸੀਂ ਸਾਲ ਕੁ ਬਾਅਦ ਫਿਰ ਅਪਲਾਈ ਕੀਤਾ। ਉਦੋਂ ਹਿਊਮਨ ਰਾਈਟਸ ਕਮਿਸ਼ਨ ਬਣਿਆ ਹੀ ਸੀ। ਅਸੀਂ ਉਨ੍ਹਾਂ ਕੋਲ ਗਏ। ਉਨ੍ਹਾਂ ਯੈਲੋ ਕੈਬ ਨਾਲ ਗੱਲ ਕੀਤੀ ਤੇ ਕੰਪਨੀ ਨੇ ਸਾਨੂੰ ਟੈਕਸੀ ਖਰੀਦਣ ਦੀ ਇਜਾਜ਼ਤ ਦੇ ਦਿੱਤੀ। ਇਉਂ ਯੈਲੋ ਕੈਬ ਕੰਪਨੀ ਵਿਚ ਮੈਂ ਤੇ ਸੁਖਜਿੰਦਰ ਸਿੰਘ ਅਰੋੜਾ ਭਾਰਤੀ ਮੂਲ ਦੇ ਪਹਿਲੇ ਓਨਰ ਓਪਰੇਟਰ ਬਣੇ। ਸਾਥੋਂ ਪਹਿਲਾਂ ਚਾਈਨੀਜ਼ ਮੂਲ ਦੇ ਪੰਜ-ਸੱਤ ਓਨਰ ਓਪਰੇਟਰ ਸੀ। ਬਾਕੀ ਸਾਰੇ ਗੋਰੇ ਹੀ ਸਨ। ਕਿਸੇ ਕੋਲ ਤਿੰਨ ਟੈਕਸੀਆਂ ਸੀ, ਕਿਸੇ ਕੋਲ ਚਾਰ। ਦੋ-ਤਿੰਨ ਮਹਿਲਾ ਡਰਾਈਵਰ ਹੁੰਦੀਆਂ ਸਨ। ਉਨ੍ਹਾਂ ਨੂੰ ਟੈਕਸੀ ਚਲਾਉਂਦਿਆਂ ਦੇਖ ਸਾਨੂੰ ਹੈਰਾਨੀ ਵੀ ਹੁੰਦੀ। ਚੀਨੀਆਂ ਨੂੰ ਯੈਲੋ ਕੈਬ ਵਿਚ ਸਾਥੋਂ ਪਹਿਲਾਂ ਬਰੇਕ ਮਿਲ ਗਈ ਸੀ, ਪਰ ਜਦੋਂ ਸਾਨੂੰ ਬਰੇਕ ਮਿਲੀ, ਉਹ ਬਹੁਤੇ ਖੁਸ਼ ਨਹੀਂ ਸੀ ਹੋਏ।

ਉਦੋਂ ਛੋਟੀਆਂ-ਛੋਟੀਆਂ ਟੈਕਸੀ ਕੰਪਨੀਆਂ ਵੀ ਹੁੰਦੀਆਂ ਸਨ। ਮੇਰਾ ਭਰਾ ਮੈਥੋਂ ਸਾਲ ਪਹਿਲਾਂ ਆਇਆ ਸੀ। ਉਹ ਫੋਰਮ ਇੰਪ੍ਰੈੱਸ ਵਿਚ ਟੈਕਸੀ ਚਲਾਉਂਦਾ ਸੀ। ਇਹ ਹੇਸਟਿੰਗਜ਼ ਤੇ ਲੇਕਵੁੱਡ ਤੋਂ ਕੰਮ ਕਰਦੇ ਸੀ। ਇਕ-ਦੋ ਚਾਈਨਾ ਟਾਊਨ ਵਿਚ ਵੀ ਕੰਪਨੀਆਂ ਹੁੰਦੀਆਂ ਸਨ। ਬਾਅਦ ਵਿਚ ਉਹ ਯੈਲੋ 'ਚ ਈ ਰਲ ਗਈਆਂ। ਹੋਰ ਇਕ ਅਡਵਾਂਸ ਕੈਬ ਹੁੰਦੀ ਸੀ। ਉਹ ਆਪਣੇ ਬੰਦਿਆਂ ਨੂੰ ਡਰਾਈਵਰ ਵੀ ਨਹੀਂ ਸੀ ਰੱਖਦੇ, ਪਰ ਮਗਰੋਂ ਨੱਬੇਵਿਆਂ ਵਿਚ ਆ ਕੇ ਉਹ ਕੰਪਨੀ ਵੀ ਯੈਲੋ ਕੈਬ ਵਿਚ ਆਣ ਰਲੀ।

ਤੁਹਾਨੂੰ ਪਤਾ, ਪਹਿਲਾਂ ਆਪਣੇ ਬੰਦੇ ਮਿੱਲਾਂ 'ਚ ਕੰਮ ਕਰਦੇ ਸੀ। ਉਦੋਂ ਬਹੁਤੇ ਪੜ੍ਹੇ-ਲਿਖੇ ਲੋਕ ਨਹੀਂ ਸੀ ਆਉਂਦੇ ਇੰਡੀਆ ਤੋਂ। ਜਦੋਂ ਸੰਨ ਸੱਤਰ ਦੇ ਕਰੀਬ ਪੜ੍ਹੇ-ਲਿਖੇ ਆਉਣੇ ਸ਼ੁਰੂ ਹੋਏ, ਉਹ ਇੰਗਲਿਸ਼ ਵਿਚ ਗੱਲਬਾਤ ਕਰ ਲੈਂਦੇ ਸੀ। ਮਿੱਲਾਂ ਦੇ ਭਾਰੇ ਕੰਮ ਨਾਲੋਂ ਉਹ ਇਹ ਹੌਲਾ ਕੰਮ ਜ਼ਿਆਦਾ ਪਸੰਦ ਕਰਦੇ। ਜਦੋਂ ਫਿਰ ਆਪਣੇ ਲੋਕਾਂ ਨੂੰ ਟੈਕਸੀ ਖਰੀਦਣ ਦੀ ਬਰੇਕ ਮਿਲੀ ਤਾਂ ਬਹੁਤ ਸਾਰੇ ਆਪਣੇ ਲੋਕ ਟੈਕਸੀ ਕਾਰੋਬਾਰ ਵਿਚ ਆ ਗਏ। ਆਪਣੇ ਬੰਦੇ ਟੈਕਸੀ ਖਰੀਦਣ ਨੂੰ ਤਰਜੀਹ ਦਿੰਦੇ। ਇਉਂ ਟੈਕਸੀ ਪਲੇਟਾਂ ਦੀਆਂ ਕੀਮਤਾਂ ਵਧ ਗਈਆਂ। ਹੌਲੀ-ਹੌਲੀ ਗੋਰੇ ਮੁਨਾਫਾ ਕਮਾ ਕੇ ਵੇਚ ਗਏ ਤੇ ਆਪਣੇ ਬੰਦੇ ਜ਼ਿਆਦਾ ਹੋ ਗਏ। ਉਨ੍ਹਾਂ ਪੁਰਾਣੇ ਲੋਕਾਂ ਵਿਚੋਂ ਤਾਂ ਹੁਣ ਕੋਈ ਗੋਰਾ ਰਿਹਾ ਨਹੀਂ। ਹਾਂ, ਇਕ ਹੈਗਾ ਵਾਲਟਰ ਉਹ ਮੈਥੋਂ ਵੀ ਪਹਿਲਾਂ ਦਾ ਹੈ। ਉਹ ਬਜ਼ੁਰਗ ਆ। ਹਾਲੇ ਵੀ 55 ਨੰਬਰ ਟੈਕਸੀ ਦਾ ਮਾਲਕ ਆ, ਟੈਕਸੀ ਚਲਾਉਂਦਾ ਵੀ ਆ; ਜਾਂ ਫਿਰ ਪਹਿਲੇ ਬੰਦਿਆਂ ਵਿਚੋਂ ਜਿਸ ਬੰਦੇ ਨੇ ਯੈਲੋ ਕੈਬ ਸ਼ੁਰੂ ਕੀਤੀ ਸੀ ਟੋਮਸ ਸਕਾਰ, ਉਸ ਦਾ ਮੁੰਡਾ ਕਦੇ-ਕਦੇ ਹੁਣ ਵੀ ਟੈਕਸੀ ਚਲਾਉਂਦਾ ਹੈ। ਕਦੇ ਉਹ ਡਿਸਪੈਚ ਕਰਨ ਲਗਦਾ ਹੈ। ਬਾਕੀ ਵੇਚ-ਵੂਚ ਗਏ।

ਪੱਗ ਵਾਲੇ ਨੂੰ ਪਹਿਲਾਂ ਨਹੀਂ ਸੀ ਰੱਖਦੇ। ਇਹ ਤਾਂ ਜਦੋਂ ਆਪਣੇ ਬੰਦੇ ਬਹੁਤੀ ਗਿਣਤੀ ਵਿਚ ਡਾਇਰੈਕਟਰ ਹੁੰਦੇ ਸੀ, ਉਦੋਂ ਵੀ ਨਹੀਂ ਸੀ ਰੱਖਦੇ। ਪਹਿਲਾਂ ਆਪਣਾ ਇਕ-ਅੱਧਾ ਡਾਇਰੈਕਟਰ ਬਣਦਾ ਸੀ। ਫਿਰ ਹੌਲੀ-ਹੌਲੀ ਜਦੋਂ ਆਪਣੇ ਬੰਦੇ ਜ਼ਿਆਦਾ ਮਾਲਕ ਬਣ ਗਏ, ਤਾਂ ਆਪਣੇ ਬੰਦਿਆਂ ਦੀ ਗਿਣਤੀ ਡਾਇਰੈਕਟਰਾਂ 'ਚ ਵਧਦੀ ਗਈ। ਅਸੀਂ ਈਸਟ ਇੰਡੀਅਨ ਬੰਦੇ ਕਿਤੇ ਇਕੱਠੇ ਹੋ ਕੇ ਪਹਿਲਾਂ ਹੀ ਪਲੈਨ ਬਣਾ ਲੈਂਦੇ ਸੀ ਕਿ ਐਤਕੀਂ ਆਹ ਬੰਦੇ ਖੜ੍ਹੇ ਕਰਨੇ ਆ ਤੇ ਇਨ੍ਹਾਂ ਨੂੰ ਵੋਟਾਂ ਪਾਉਣੀਆਂ। ਫਿਰ ਇਹੋ ਜਿਹਾ ਟਾਈਮ ਆ ਗਿਆ ਕਿ ਸਾਰੇ ਆਪਣੇ ਹੀ ਡਾਇਰੈਕਟਰ ਹੋਣ ਲੱਗ ਪਏ। ਉਸ ਵੇਲੇ ਵੀ ਅਸੀਂ ਪੱਗਾਂ ਵਾਲਿਆਂ ਨੂੰ ਨਹੀਂ ਸੀ ਰੱਖਦੇ। ਉਦੋਂ ਇਹ ਡਰ ਹੁੰਦਾ ਸੀ ਕਿ ਪੱਗਾਂ ਵਾਲਿਆਂ ਕਰ ਕੇ ਕਿਤੇ ਬਿਜ਼ਨੈਸ ਨੂੰ ਨਾ ਫਰਕ ਪਵੇ। ਲੋਕ ਹੋਰ ਕੰਪਨੀਆਂ ਦੇ ਮਗਰ ਨਾ ਤੁਰ ਪੈਣ। ਵਿਚ-ਵਿਚ ਬੰਦੇ ਆਖਦੇ ਵੀ ਕਿ ਇਹ ਤਾਂ ਆਪਾਂ ਵਧੀਕੀ ਕਰਦੇ ਆਂ। ਫਿਰ ਹੌਲੀ-ਹੌਲੀ ਪੱਗਾਂ ਵਾਲਿਆਂ ਨੂੰ ਰੱਖਣ ਲੱਗ ਪਏ।

1973-74 ਵਿਚ 50-60 ਹਜ਼ਾਰ ਦੀ ਪਲੇਟ ਸੀ ਤੇ ਹੁਣ ਇਹ ਕੀਮਤ ਸਾਢੇ ਸੱਤ ਲੱਖ ਡਾਲਰ ਹੈ। ਉਦੋਂ ਰਾਤ ਦੀ ਪਲੇਟ ਦੀ ਕੀਮਤ ਜ਼ਿਆਦਾ ਹੁੰਦੀ ਸੀ, ਕਿਉਂਕਿ ਅਸੀਂ ਬਹੁਤੇ ਉਦੋਂ ਵਿਆਹੇ-ਵਰ੍ਹੇ ਨਹੀਂ ਸੀ ਹੁੰਦੇ ਤੇ ਰਾਤ ਨੂੰ ਟ੍ਰੈਫਿਕ ਵੀ ਨਹੀਂ ਸੀ ਹੁੰਦਾ। ਅਸੀਂ ਰਾਤਾਂ ਨੂੰ ਟੈਕਸੀ ਚਲਾਉਣ ਨੂੰ ਤਰਜੀਹ ਦਿੰਦੇ। ਫਿਰ ਜਦੋਂ ਡਰਾਈਵਰ ਪਰਿਵਾਰਾਂ ਵਾਲੇ ਤੇ ਆਪਣੀਆਂ ਟੈਕਸੀਆਂ ਦੇ ਮਾਲਕ ਬਣ ਗਏ ਤਾਂ ਉਹ ਦਿਨੇ ਚਲਾਉਣੀ ਪਸੰਦ ਕਰਨ ਲੱਗ ਪਏ। ਹੁਣ ਦਿਨ ਦੀ ਪਲੇਟ ਦੀ ਕੀਮਤ ਰਾਤ ਦੇ ਮੁਕਾਬਲੇ ਜ਼ਿਆਦਾ ਹੈ।

***ਉਦੋਂ ਵਧੀਕੀ (ਡਿਸਕ੍ਰਿਮੀਨੇਸ਼ਨ) ਬਹੁਤ ਹੁੰਦੀ ਸੀ। ਯੈਲੋ ਕੈਬ ਕੰਪਨੀ 'ਚ ਆਪਣੇ ਬੰਦੇ ਚਲਾ ਤਾਂ ਸਕਦੇ ਸੀ, ਪਰ ਆਪਣੀ ਨਹੀਂ ਸੀ ਖਰੀਦ ਸਕਦੇ। ਜੇ ਕੋਈ ਟੈਕਸੀ ਖਰੀਦਣ ਦੀ ਕੋਸ਼ਿਸ਼ ਕਰਦਾ, ਉਸ ਨੂੰ ਕੋਈ ਨਾ ਕੋਈ ਬਹਾਨਾ ਬਣਾ ਕੇ ਨੌਕਰੀਓਂ ਕੱਢ ਦਿੰਦੇ। ਮੈਥੋਂ ਪਹਿਲਾਂ ਕਈ ਬੰਦੇ ਯੈਲੋ 'ਚੋਂ ਫਾਇਰ ਹੋ ਕੇ ਬਲੈਕ ਟੌਪ ਟੈਕਸੀ 'ਚ ਗਏ ਸੀ... ਟੈਕਸੀ ਚਲਾਉਂਦਿਆਂ ਮੇਰੀ ਇਕ ਡਾਇਰੈਕਟਰ ਨਾਲ ਹੈਲੋ-ਹਾਏ ਹੋ ਗਈ ਸੀ। ਇਕ ਦਿਨ ਮੈਂ ਉਸ ਤੋਂ ਪੁੱਛਿਆ- ਕਾਰਨ ਕੀ ਐ, ਮੈਨੂੰ ਟੈਕਸੀ ਕਿਉਂ ਨਹੀਂ ਖਰੀਦਣ ਦਿੰਦੇ? ਉਸ ਦੱਸਿਆ- ਇਹ ਸੋਚਦੇ ਆ ਕਿ ਜੇ ਕਿਸੇ ਈਸਟ ਇੰਡੀਅਨ ਨੂੰ ਟੈਕਸੀ ਵੇਚ ਦਿੱਤੀ ਤਾਂ ਇਥੇ ਸਾਰੇ ਈਸਟ ਇੰਡੀਅਨ ਈ ਹੋ ਜਾਣੇ ਆਂ। ਪਹਿਲਾਂ ਚੀਨਿਆਂ ਨੂੰ ਖੁੱਲ੍ਹ ਦੇ ਕੇ ਵੀ ਇੱਦਾਂ ਹੀ ਹੋਇਆ ਸੀ।***

ਇੱਕ ਗੱਲ ਜਿਹੜੀ ਮੈਨੂੰ ਬਹੁਤ ਵਾਰ ਹੁਣ ਵੀ ਚੇਤੇ ਆਉਂਦੀ ਐ ਤੇ ਮੈਨੂੰ ਇਕਦਮ ਜੁਗਤ ਸੁੱਝਣ 'ਤੇ ਮਾਣ ਵੀ ਹੁੰਦੈ...ਰਾਤ ਦਾ ਮੌਕਾ ਸੀ। ਸ਼ਾਇਦ ਸ਼ੁਕਰਵਾਰ ਦੀ ਰਾਤ ਸੀ। ਬਾਹਰ ਮੀਂਹ ਪੈ ਰਿਹਾ ਸੀ। ਕੰਮ ਪੂਰਾ ਬਿਜ਼ੀ ਸੀ। ਸ਼ਰਾਬੀ ਬਾਰਾਂ 'ਚੋਂ ਨਿਕਲ ਰਹੇ ਸੀ। ਤੇ ਮੇਰੀ ਟੈਕਸੀ ਵਿਚ ਕੋਈ ਨੇਟਿਵ ਇੰਡੀਅਨ (ਕੈਨੇਡੀਅਨ ਮੂਲਵਾਸੀ) ਆਣ ਬੈਠਾ। ਕਹਿੰਦਾ, ਨਿਊਵੈਸਟ ਜਾਣੈ। ਟ੍ਰਿਪ ਲੰਮਾ ਸੀ। ਉਦੋਂ ਸਾਡੀ ਨਜ਼ਰ 'ਚ ਇਨ੍ਹਾਂ ਦਾ ਰਿਕਾਰਡ ਬਹੁਤਾ ਚੰਗਾ ਨਹੀਂ ਸੀ ਹੁੰਦਾ। ਕਈ ਵਾਰ ਇਉਂ ਹੋਣਾ ਕਿ ਕਿਰਾਇਆ ਨਹੀਂ ਸੀ ਦਿੰਦੇ ਇਹ ਸ਼ਰਾਬੀ ਹੋ ਕੇ। ਸੋ, ਮੈਨੂੰ ਡਰ ਲੱਗਾ ਕਿ ਇੰਨਾ ਬਿਜ਼ੀ ਕੰਮ ਐ ਤੇ ਇੰਨੀ ਦੂਰ ਜਾਣਾ। ਜੇ ਇਸ ਨੇ ਕਿਰਾਇਆ ਨਾ ਦਿੱਤਾ ਤਾਂ ਕੰਮ ਖਰਾਬ ਹੋ ਜਾਊ। ਮੈਂ ਤਰੀਕੇ ਜਿਹੇ ਨਾਲ ਉਸ ਨੂੰ ਕਿਹਾ ਕਿ ਕੰਪਨੀ ਦਾ ਅਸੂਲ ਹੈ ਕਿ ਜੇ ਰਾਤ ਨੂੰ ਲੰਮਾ ਟ੍ਰਿੱਪ ਹੈ ਤਾਂ ਕਿਰਾਇਆ ਪਹਿਲਾਂ ਦੇਣਾ ਪੈਂਦਾ ਹੈ, ਪਰ ਜੀ ਉਹ ਸ਼ਰਾਬੀ ਸੀ। ਗੁੱਸਾ ਕਰ ਗਿਆ। ਕਹਿੰਦਾ, ਤੁਸੀਂ ਸਾਡੇ ਦੇਸ਼ 'ਚ ਆ ਕੇ ਸਾਡੀਆਂ ਨੌਕਰੀਆਂ ਖੋਹੀ ਜਾਨੇ ਐਂ, ਨਾਲੇ ਸਾਡੀ ਬੇਇਜ਼ਤੀ ਕਰਦੇ ਆਂ। ਮੈਂ ਬਥੇਰਾ ਕਿਹਾ ਕਿ ਮੈਂ ਬੇਇਜ਼ਤੀ ਨਹੀਂ ਕਰਦਾ, ਮੈਂ ਤਾਂ ਤੈਨੂੰ ਕੰਪਨੀ ਦੀ ਪੌਲਿਸੀ ਦੱਸੀ ਆ, ਪਰ ਜੀ ਉਹ ਕਹਿੰਦਾ, ਹੁਣ ਮੈਂ ਰਾਈਡ ਵੀ ਲੈਣੀ ਆ ਤੇ ਪੈਸੇ ਵੀ ਨਹੀਂ ਦੇਣੇ। ਬਾਹਰ ਹੋਰ ਸਵਾਰੀਆਂ ਨੂੰ ਉਡੀਕਦੀਆਂ ਦੇਖ ਮੇਰਾ ਚਿੱਤ ਕਾਹਲਾ ਪੈਣ ਲੱਗਾ ਕਿ ਕਦੋਂ ਇਸ ਬੰਦੇ ਤੋਂ ਖਹਿੜਾ ਛੁੱਟੇ ਤੇ ਚਾਰ ਡਾਲਰ ਬਣਾਈਏ। ਮੈਂ ਉਸ ਨੂੰ ਧਮਕੀ ਦਿੱਤੀ ਕਿ ਕਾਰ 'ਚੋਂ ਨਿਕਲ ਜਾਵੇ, ਨਹੀਂ ਤਾਂ ਮੈਂ ਪੁਲਿਸ ਨੂੰ ਸੱਦਣ ਲੱਗਾਂ। ਉਹ ਹੋਰ ਚੌੜਾ ਹੋ ਗਿਆ। ਕਹਿੰਦਾ, ਤੂੰ ਪੁਲਿਸ ਨੂੰ ਸੱਦ ਲੈ, ਤੇ ਜਾਂ ਬਾਹਰ ਨਿਕਲ ਕੇ ਮੇਰੇ ਨਾਲ ਲੜਾਈ ਕਰ। ਮੈਂ ਮੁੱਢ ਤੋਂ ਹੀ ਲੜਾਈ ਤੋਂ ਦੂਰ ਰਹਿ ਕੇ ਰਾਜ਼ੀ ਹੁੰਨਾਂ। ਸੁਭਾਅ ਐ। ਮੈਨੂੰ ਪਤਾ ਸੀ ਕਿ ਜਦੋਂ ਨੂੰ ਪੁਲਿਸ ਨੇ ਅੱਪੜਨੈ, ਉਦੋਂ ਤੱਕ ਤਾਂ ਮੈਂ ਇਸ ਨੂੰ ਛੱਡ ਕੇ ਵੀ ਮੁੜ ਸਕਦਾਂ। ਸੋ, ਮੇਰੇ ਦਿਮਾਗ ਵਿਚ ਇਕਦਮ ਤਰਕੀਬ ਆਈ ਤੇ ਮੈਂ ਕਿਹਾ, ਆ ਜਾ ਫਿਰ ਵੇਖ ਈ ਲੈ ਝੁੱਟ। ਉਹ ਡੋਰ ਖੋਲ੍ਹ ਕੇ ਬਾਹਰ ਨਿਕਲਿਆ ਹੀ ਸੀ ਕਿ ਮੈਂ ਕਿੱਲੀ ਨੱਪ ਦਿੱਤੀ। ਪਿੱਛੋਂ ਉਹ ਚੀਟਰ-ਚੀਟਰ ਕਰਦਾ ਟੈਕਸੀ ਮਗਰ ਭੱਜਣ ਲੱਗਾ, ਪਰ ਮੈਂ ਛੁੱਟ ਆਇਆ ਸੀ।

ਹੁਣ ਮੈਂ ਸੱਤ ਵਜੇ ਸਵੇਰੇ ਤੋਂ ਸ਼ਾਮ ਦੇ ਚਾਰ ਵਜੇ ਤੱਕ ਟੈਕਸੀ ਚਲਾਉਨਾਂ, ਪਰ ਚਲਾਉਨਾ ਸੱਤੇ ਦਿਨ। ਪਹਿਲਾਂ ਛੁੱਟੀ ਕਰ ਲੈਂਦਾ ਸੀ ਜਦੋਂ ਨਿਆਣੇ ਛੋਟੇ ਸੀ। ਹੁਣ ਨਿਆਣੇ ਵੱਡੇ ਹੋ ਗਏ ਆ। ਇੱਕ ਦਾ ਵਿਆਹ ਹੋ ਗਿਐ। ਇੱਕ ਥੋੜ੍ਹੇ ਚਿਰ ਤੋਂ ਵ੍ਹੀਲ ਚੇਅਰ 'ਤੇ ਆ। ਜਦੋਂ ਦੀ ਉਸ ਨੂੰ ਪ੍ਰੌਬਲਮ ਪਈ ਆ, ਵਾਈਫ਼ ਨੂੰ ਕੰਮ ਛੱਡਣਾ ਪਿਆ। ਉਹ ਦਿਨੇ ਉਸ ਦੀ ਲੁੱਕ ਆਫ਼ਟਰ ਕਰਦੀ ਆ। ਸ਼ਾਮ ਨੂੰ ਕੰਮ ਤੋਂ ਆ ਕੇ ਮੈਂ ਉਸ ਨਾਲ ਸਮਾਂ ਬਿਤਾਉਨਾ।

ਕਦੇ-ਕਦੇ ਚਿੱਤ 'ਚ ਆਉਂਦਾ ਵੀ ਹੈ ਕਿ ਉਦੋਂ ਐਨਾ ਪੜ੍ਹ-ਲਿਖ ਗਏ ਸੀ, ਐਥੇ ਆ ਕੇ ਹੋਰ ਪੜ੍ਹ ਕੇ ਕਿਸੇ ਹੋਰ ਨੌਕਰੀ ਵਿਚ ਜਾਂਦੇ, ਪਰ ਜਦੋਂ ਦੇਖਦੇ ਆਂ ਕਿ ਬੱਚੇ ਪੜ੍ਹ-ਲਿਖ ਗਏ ਆ, ਚੰਗਾ ਖਾਣੇ-ਪੀਣੇ ਆਂ, ਵਧੀਆ ਘਰ ਐ, ਫਿਰ ਸੋਚਦੇ ਆਂ ਕਿ ਵਧੀਆ ਰਹੇ, ਟੈਕਸੀ 'ਚ ਬਹੁਤ ਕੁਝ ਸਿੱਖਣ ਨੂੰ ਮਿਲਿਆ।

## ਨਸ਼ੱਈਆਂ ਬਾਰੇ ਹਸਾਉਣੀਆਂ

ਦੋ ਅਮਲੀ ਤੁਰੇ ਜਾਂਦੇ ਸਨ। ਕੀ ਵੇਖਣ, ਅੱਗੇ ਬੜੀ ਭੀੜ ਇਕੱਠੀ ਹੋਈ ਹੋਈ ਹੈ। ਇਕ ਨੇ ਦੂਜੇ ਨੂੰ ਬਾਹੋਂ ਫੜ ਕੇ ਖਲ੍ਹਿਆਰ ਲਿਆ। ਦੂਜੇ ਨੇ ਪੁੱਛਿਆ, "ਕਿਉਂ, ਕੀ ਗੱਲ ਏ?"

ਪਹਿਲਾ ਬੋਲਿਆ, "ਵੇਖਦਾ ਨਹੀਂ, ਅੱਗੇ ਕਿੰਨੀ ਭੀੜ ਜੁੜੀ ਏ। ਜੇ ਅਸੀਂ ਵੀ ਉਥੇ ਚਲੇ ਗਏ ਤਾਂ ਧਰਤੀ ਉਲਰ ਜਾਊ।"

"ਹੱਛਾ!" ਦੂਜੇ ਨੇ ਕਿਹਾ। ਤੇ ਦੋਵੇਂ ਇਕ ਦੂਜੇ ਨੂੰ ਗਲਵੱਕੜੀ ਪਾ ਕੇ ਓਥੇ ਹੀ ਖਲੋ ਗਏ।

---

ਇਕ ਅਮਲੀ ਸੜਕ 'ਤੇ ਤੁਰਿਆ ਜਾਂਦਾ ਸੀ। ਪਿਛੋਂ ਦੀ ਇਕ ਟਾਂਗਾ ਆ ਗਿਆ। ਟਾਂਗੇ ਵਾਲੇ ਨੇ ਉਚੀ ਉਚੀ 'ਲਾਗੇ! ਲਾਗੇ!' ਦੀ ਚਿਤਾਵਨੀ ਭਰੀ ਆਵਾਜ਼ ਲਾਈ। ਅਮਲੀ ਨੇ ਸੋਚਿਆ, ਕੰਧ ਨਾਲ ਲੱਗ ਕੇ ਖਲੋ ਜਾਈਏ, ਇਨ੍ਹਾਂ ਟਾਂਗੇ ਵਾਲਿਆਂ ਦਾ ਕੋਈ ਇਤਬਾਰ ਨਹੀਂ, ਕਿਤੇ ਉਪਰ ਹੀ ਚੜ੍ਹਾ ਦੇਣ। ਪਰ ਲੋਰ ਵਿਚ ਕੰਧ ਨਾਲ ਲੱਗਣ ਦੀ ਬਜਾਏ ਉਥੇ ਕਿਸੇ ਬੰਦ ਦਰਵਾਜ਼ੇ ਅੱਗੇ ਪਿੱਠ ਨਾਲ ਲਾ ਕੇ ਖਲੋ ਗਿਆ। ਸਾਰੀ ਰਾਤ ਨਸ਼ੇ ਵਿਚ ਉਥੇ ਖਲੋਤਾ ਰਿਹਾ। ਸਵੇਰੇ ਜਦੋਂ ਉਸ ਘਰ ਦੇ ਲੋਕ ਜਾਗੇ ਤਾਂ ਉਨ੍ਹਾਂ ਦਰਵਾਜ਼ਾ ਖੋਲ੍ਹਿਆ, ਤਾਂ ਢੋਹ ਲਾ ਕੇ ਖੜ੍ਹਾ ਅਮਲੀ ਪਿਛੇ ਫਰਸ਼ 'ਤੇ ਜਾ ਡਿੱਗਾ। ਕਹਿਣ ਲੱਗਾ, "ਆਪਾਂ ਤਾਂ ਬਚਣ ਦੀ ਬੜੀ ਕੋਸ਼ਿਸ਼ ਕੀਤੀ ਪਰ ਇਹ ਟਾਂਗੇ ਵਾਲਾ ਵਿਚ ਵੱਜਣੋਂ ਨਾ ਟਲਿਆ।"

---

ਕੁਝ ਅਮਲੀ ਖੂਹ ਦੀ ਮਣ 'ਤੇ ਬੈਠੇ ਨਸ਼ਾ ਕਰ ਰਹੇ ਸਨ। ਝੱਟ ਕੁ ਨੂੰ ਖੂਹ ਉਤੇ ਧੁੱਪ ਆ ਗਈ। ਉਨ੍ਹਾਂ ਆਪ ਛਾਂਵੇਂ ਹੋਣ ਦੀ ਥਾਂ ਖੂਹ ਨੂੰ ਖਿੱਚ ਕੇ ਛਾਂਵੇਂ ਕਰਨ ਦੀ ਯੋਜਨਾ ਬਣਾ ਲਈ। ਸੋ, ਖੂਹ ਨੂੰ ਰੱਸੀ ਪਾ ਕੇ ਲੱਗੇ ਖਿੱਚਣ।

ਖਿੱਚਦਿਆਂ ਨੂੰ ਪੀਨਕ ਲੱਗ ਗਈ। ਕੁਝ ਚਿਰ ਮਗਰੋਂ ਇਕ ਦੀ ਪੀਨਕ ਖੁੱਲ੍ਹੀ। ਓਨੇ ਚਿਰ ਤੱਕ ਲਾਗਲੇ ਰੁੱਖਾਂ ਦਾ ਪਰਛਾਵਾਂ ਖੂਹ ਉਪਰ ਆ ਗਿਆ ਸੀ। ਉਸ ਇਹ ਵੇਖਿਆ ਤਾਂ ਰੌਲਾ ਪਾ ਦਿੱਤਾ, "ਬੱਸ ਹੋਰ ਨਾ ਖਿੱਚੋ, ਕੰਮ ਸਰ ਗਿਐ, ਖੂਹ ਛਾਂਵੇਂ ਆ ਗਿਐ।"

-ਜਸਵੰਤ ਸਿੰਘ ਨੇਕੀ

# ਨਵੇਂ ਵਰ੍ਹੇ 2016 ਨੂੰ "ਜੀ ਆਇਆਂ"

ਸੰਦੀਪ ਰਾਣਾ, ਬੁਢਲਾਡਾ
ਫੋਨ: 91-97801-51700

ਬਦਲਾਓ ਸਮੇਂ ਦਾ ਨਿਯਮ ਹੈ। ਇਹ ਸੰਸਾਰ ਕਦੋਂ ਹੋਂਦ ਵਿਚ ਆਇਆ ਹੋਵੇਗਾ, ਇਸ ਵਿਚ ਕੀ ਕੀ ਤਬਦੀਲੀਆਂ ਕਿਵੇਂ ਕਿਵੇਂ ਆਈਆਂ ਅਤੇ ਇਸ ਦੀ ਹੋਂਦ ਕਦੋਂ ਆਪਣੇ ਅੰਤਿਮ ਚਰਨ ਛੂਹ ਸਕੇਗੀ-ਕੋਈ ਨਹੀ ਜਾਣਦਾ। ਫੇਰ ਵੀ 'ਆਦਿ' ਸ਼ਬਦ ਦੀ ਮੌਜੂਦਗੀ ਤੋਂ ਇਹ ਅਹਿਸਾਸ ਜਰੂਰ ਹੁੰਦਾ ਹੈ ਕਿ ਸੰਸਾਰ ਦਾ 'ਆਦਿ' ਕਿਸੇ ਸਮੇਂ ਜਰੂਰ ਆਇਆ ਹੋਵੇਗਾ।

ਇਸੇ ਤਰ੍ਹਾਂ 'ਅੰਤ' ਸ਼ਬਦ ਤੋਂ ਜਾਹਰ ਹੈ ਕਿ ਸਮਾਂ ਆਉਣ 'ਤੇ ਇਸ ਦਾ ਅੰਤ ਵੀ ਜਰੂਰ ਹੋਵੇਗਾ। ਜੇ ਹੋਰ ਵੀ ਗਹਿਰਾਈ ਨਾਲ ਸੋਚਿਆ ਜਾਵੇ ਤਾਂ ਪ੍ਰਤੀਤ ਹੁੰਦਾ ਹੈ ਕਿ ਇਹ ਦੋਵੇਂ ਸ਼ਬਦ 'ਆਦਿ' ਅਤੇ 'ਅੰਤ' ਇਤਿਹਾਸ ਵਿਚ ਕਈ ਵਾਰ ਆ ਚੁੱਕੇ ਹੋਣਗੇ। ਕਈ ਆਦਿ ਅਤੇ ਕਈ ਅੰਤ ਦੀ ਮਰਿਆਦਾ ਪਤਾ ਨਹੀ ਕਿੰਨੀ ਵਾਰ ਦੁਹਰਾ ਚੁੱਕੇ ਹੋਣਗੇ। ਜਿਵੇਂ ਸੰਸਾਰ ਨੂੰ ਨਾ ਤਾਂ ਪੁਖਤਾ ਸਬੂਤ 'ਆਦਿ' ਬਾਰੇ ਮਿਲਦੇ ਹਨ ਅਤੇ ਨਾ ਹੀ 'ਅੰਤ' ਬਾਰੇ, ਲੇਕਿਨ ਇਹ ਗੱਲ ਹਰ ਕੋਈ ਮੰਨ ਲੈਂਦਾ ਹੈ ਕਿ ਜਿਸ ਦਾ 'ਆਦਿ' ਹੈ, ਉਸ ਦਾ 'ਅੰਤ' ਵੀ ਜਰੂਰ ਹੋਵੇਗਾ।

ਪਿਛਲੇ ਸਾਲਾਂ ਵਾਂਗ 2015 ਵੀ 31 ਦਸਬੰਰ ਦੀ ਰਾਤ ਨੂੰ ਪੂਰੇ 12:00 ਵਜੇ ਸਮਾਪਤ ਹੋ ਜਾਏਗਾ। ਹਰ ਵਰ੍ਹਾ ਜਾਣ ਸਮੇਂ ਸਾਡੇ ਪਾਸ ਬਹੁਤ ਸਾਰੀਆਂ ਕੋੜੀਆਂ-ਮਿਠੀਆਂ ਯਾਦਾਂ ਛੱਡ ਕੇ ਜਾਂਦਾ ਹੈ। ਅਸੀਂ ਹਰ ਵਰ੍ਹੇ ਹੀ ਇਨ੍ਹਾਂ ਕੋੜੀਆਂ ਯਾਦਾਂ ਨੂੰ ਭੁਲਾਉਣ ਲਈ ਨਵੀਆਂ ਨੂੰ ਆਪਣੇ ਮਨ ਅੰਦਰ ਵਸਾ ਲੈਂਦੇ ਹਾਂ ਤੇ ਅਗਲੇ ਸਾਲ 'ਤੇ ਆਸਾਂ ਲਾਉਂਦੇ ਹਾਂ ਕਿ ਇਹ ਸਾਡੇ ਲਈ ਖੁਸ਼ੀਆਂ ਭਰਿਆ ਹੋਵੇਗਾ। ਇਸੇ ਸੋਚ ਨਾਲ ਅਸੀਂ ਨਵੇਂ ਸਾਲ ਦਾ ਸਵਾਗਤ ਕਰਦੇ ਹਾਂ। ਲੇਕਿਨ ਸਮੇਂ ਦੀ ਚਾਲ ਬਾਰੇ ਕਿਸੇ ਨੂੰ ਨਹੀਂ ਪਤਾ ਕਿ ਆਉਣ ਵਾਲਾ ਸਾਲ ਕੀ ਗੁੱਲ ਖਿਲਾਏਗਾ।

ਜੇ ਅਸੀਂ ਪਿਛਲੇ ਸਮੇਂ ਵੱਲ ਝਾਤ ਮਾਰੀਏ ਤਾਂ ਸਾਡਾ ਇਹ ਵਹਿਮ ਆਪਣੇ ਆਪ ਦੂਰ ਹੋ ਜਾਂਦਾ ਹੈ, ਕਿਉਂਕਿ ਹਰ ਪਲ ਕਿਸੇ ਨਾ ਕਿਸੇ ਕੋੜੀ ਯਾਦ ਨੂੰ ਜਨਮ ਦੇ ਰਿਹਾ ਹੁੰਦਾ ਹੈ। ਫੇਰ ਵੀ ਸਾਡੀ ਮਾਨਸਿਕਤਾ ਇਹੋ ਜਿਹੀ ਹੀ ਹੈ ਕਿ ਆਉਣ ਵਾਲੇ ਸਾਲ ਦਾ ਅਸੀਂ ਪਲਕਾਂ ਵਿਛਾ ਕੇ ਸਵਾਗਤ ਕਰਦੇ ਹਾਂ। ਸ਼ਾਇਦ ਇਹੋ ਹੀ ਜ਼ਿੰਦਗੀ ਦਾ ਸਿਹਤਮੰਦ ਪਹਿਲੂ ਹੈ, ਕਿਉਂਕਿ ਦੁੱਖਾਂ ਨੂੰ ਭੁਲਾ ਕੇ ਹੀ ਸੁੱਖ ਦਾ ਅਹਿਸਾਸ ਮੁਮਕਿਨ ਹੁੰਦਾ ਹੈ। ਇਸ ਸਾਲ ਵਿਚ ਕੁੱਝ ਅਜਿਹੀਆਂ ਮਾਨਵਤਾ ਵਿਰੋਧੀ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੂੰ ਭੁਲਾਉਣਾ ਮੁਸ਼ਕਿਲ ਹੋਏਗਾ, ਚਾਹੇ ਪੇਸ਼ਾਵਰ ਵਿਚ ਸਕੂਲ ਦੇ ਬੱਚਿਆਂ ਨੂੰ ਮਾਰਨਾ, ਚਾਹੇ ਦੀਨਾਨਗਰ ਵਿਚ ਅਤਿਵਾਦੀ ਹਮਲਾ ਹੋਵੇ, ਜਾਂ ਨੇਪਾਲ ਦੇ ਭੁਚਾਲ ਵਿਚ ਹਜਾਰਾਂ ਲੋਕਾਂ ਦੀਆਂ ਜਾਨਾਂ ਗਈਆਂ ਹੋਣ ਅਤੇ ਭਾਵੇਂ ਫਰਾਂਸ ਜਾਂ ਅਮਰੀਕਾ ਵਿਚ ਅਤਿਵਾਦੀ ਹਮਲੇ ਵਿਚ ਬੇਕਸੂਰੇ ਲੋਕਾਂ ਦਾ ਮਾਰੇ ਜਾਣਾ ਹੋਵੇ।

ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵੀ ਕੋਈ ਘੱਟ ਦੁਖਦਾਈ ਨਹੀਂ ਸਨ। ਇਹ ਘਟਨਾਵਾਂ ਆਉਣ ਵਾਲੇ ਸਾਲਾਂ ਵਿਚ ਵੀ ਸਾਨੂੰ ਦੁੱਖੀ ਕਰਦੀਆਂ ਰਹਿਣਗੀਆਂ। ਜਿਹੜੇ ਪਰਿਵਾਰਾਂ ਨੂੰ ਇਨ੍ਹਾਂ ਘਟਨਾਵਾਂ ਦਾ ਨੇੜਿਓਂ ਸੇਕ ਲੱਗਾ ਹੋਵੇਗਾ, ਉਨ੍ਹਾਂ ਦੇ ਹਿਰਦਿਆਂ ਵਿਚ ਪਤਾ ਨਹੀਂ ਕਦੋਂ ਤਕ ਚੀਸ ਉਠਦੀ ਰਹੇਗੀ। ਸਮਾਂ ਹਰੇਕ ਦਰਦ ਦੀ ਦਵਾ ਹੈ ਅਤੇ ਸਮਾਂ ਇਨ੍ਹਾਂ ਜਖਮਾਂ 'ਤੇ ਮਲ੍ਹਮ ਲਾ ਹੀ ਦੇਵੇਗਾ। ਸੋ ਬੀਤੇ ਨੂੰ ਭੁਲਾ ਕੇ ਆਉਣ ਵਾਲੇ ਸਮੇਂ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਵਿਚ ਹੀ ਸਾਡਾ ਸਭ ਦਾ ਭਲਾ ਹੈ। ਸਮਾਂ ਮੁਢ-ਕਦੀਮ ਤੋਂ ਹੀ ਇਸੇ ਤਰ੍ਹਾਂ ਚਲਦਾ ਆਇਆ ਹੈ।

ਆਓ, ਆਉਣ ਵਾਲੇ ਸਾਲ ਦਾ ਸਵਾਗਤ ਕਰੀਏ ਤੇ ਸੰਸਾਰ ਨੂੰ ਬਿਹਤਰ ਬਣਾਉਣ ਲਈ ਯਤਨ ਕਰੀਏ, ਜਿਸ ਨਾਲ ਸਾਨੂੰ ਮਹਿਸੂਸ ਹੋਵੇ ਕਿ ਸਾਡੀ ਜ਼ਿੰਦਗੀ ਦਾ ਆਉਣ ਵਾਲਾ ਹਰ ਪਲ ਨਵਾਂ ਹੈ, ਅਤੇ ਹਰ ਆਉਣ ਵਾਲਾ ਪਲ ਖੁਸ਼ੀਆਂ ਭਰਿਆ ਹੈ।

ਕਹਾਣੀ

# ਯਾਰਾਂ ਦਾ ਯਾਰ

**ਜਸਵੰਤ ਸਿੰਘ ਵਿਰਦੀ**

***ਪੰਜਾਬ ਸਾਹਿਤ ਜਗਤ ਵਿਚ ਜਸਵੰਤ ਸਿੰਘ ਵਿਰਦੀ ਦੀ ਪਛਾਣ ਫੈਂਟਸੀ ਕਹਾਣੀਕਾਰ ਵਜੋਂ ਹੈ। ਉਹ ਕਲਪਨਾ ਦੇ ਸਹਾਰੇ ਅਜਿਹੀਆਂ ਗੱਲਾਂ ਆਪਣੀਆਂ ਰਚਨਾਵਾਂ ਵਿਚ ਕਹਿ-ਦੱਸ ਜਾਂਦਾ ਹੈ ਜਿਹੜੀਆਂ ਆਮ ਜੀਵਨ ਵਿਚ ਬੜਾ ਮਹੱਤਵ ਰੱਖਦੀਆਂ ਹਨ। ਕਹਾਣੀ 'ਯਾਰਾਂ ਦਾ ਯਾਰ' ਵਿਚ ਵੀ ਲੇਖਕ ਅਜਿਹੇ ਪਾਤਰ ਬਾਰੇ ਬਿਰਤਾਂਤ ਛੇੜ ਲੈਂਦਾ ਹੈ ਜਿਹੜਾ ਆਮ ਕਰ ਕੇ ਸਦਾ ਅਣਗੌਲਿਆ ਹੀ ਰਹਿੰਦਾ ਹੈ। ਕਹਾਣੀਕਾਰ ਗੱਲਾਂ-ਬਾਤਾਂ ਦੀ ਲੜੀ ਵਿਚੋਂ ਮਨੁੱਖੀ ਮਨ ਦੀਆਂ ਗੁੰਝਲਾਂ ਖੋਲ੍ਹੀ ਜਾਂਦਾ ਹੈ। -ਸੰਪਾਦਕ***

ਬਲੈਕ ਬਿਊਟੀ ਦੀ ਬੋਤਲ ਟੇਬਲ 'ਤੇ ਪਈ ਹੈ ਤੇ ਮੈਂ ਨਾਇਬ ਸੂਬੇਦਾਰ ਸੁੰਦਰ ਸਿੰਘ ਦੀ ਉਡੀਕ ਕਰ ਰਿਹਾ ਹਾਂ। ਘਣੇ ਕਾਲੇ ਬੱਦਲ ਮਹਿਕੇ ਹੋਏ ਨੇ ਤੇ ਮੇਰਾ ਜੀਅ ਬੜਾ ਕਰਦਾ ਹੈ ਕਿ ਉਹਦੇ ਆਉਣ ਤੋਂ ਪਹਿਲਾਂ ਇਕ ਪੈਗ ਭਰਾਂ ਤੇ ਹੌਲੀ-ਹੌਲੀ ਸਿੱਪ ਕਰਾਂ...। ਪਰ ਮੈਂ ਲਗਾਤਾਰ ਬੋਤਲ ਨੂੰ ਤੱਕੀ ਜਾ ਰਿਹਾ ਹਾਂ। ਉਹਨੂੰ ਉਡੀਕ ਰਿਹਾ ਹਾਂ।

ਉਹਨੂੰ ਬਹੁਤ ਪਹਿਲਾਂ ਆ ਜਾਣਾ ਚਾਹੀਦਾ ਹੈ। ਪਤਾ ਨਹੀਂ ਕਮਬਖ਼ਤ ਲੇਟ ਕਿਉਂ ਹੋ ਗਿਆ ਹੈ?

ਟੇਬਲ ਦੇ ਦੂਸਰੇ ਪਾਸੇ ਸਾਹਮਣੇ ਆਦਮ ਕੱਦ ਆਈਨਾ ਹੈ ਤੇ ਆਈਨੇ ਵਿਚ ਬਲੈਕ ਬਿਊਟੀ ਦਾ ਪ੍ਰਤੀਬਿੰਬ ਸਥਿਰ ਹੋ ਗਿਆ ਹੈ। ਉਸ ਤੋਂ ਪਰਲੇ ਪਾਸੇ ਮੇਰਾ ਅਕਾਰ ਥਿਰਕ ਰਿਹਾ ਹੈ। ਮੈਨੂੰ ਲੱਗ ਰਿਹਾ ਹੈ ਕਿ ਮੇਰੇ ਨਾਲ ਸੁੰਦਰ ਸਿੰਘ ਖੜ੍ਹਾ ਹੈ ਤੇ ਆਪਣੀਆਂ ਕੁੰਡੀਆਂ ਮੁੱਛਾਂ ਨੂੰ ਤਾਅ ਦੇ ਰਿਹਾ ਹੈ। ਪਤਾ ਨਹੀਂ ਕੀ ਗੱਲ ਹੈ, ਜਦੋਂ ਵੀ ਮੈਂ ਸੁੰਦਰ ਸਿੰਘ ਬਾਰੇ ਸੋਚਦਾ ਹਾਂ ਤਾਂ ਮੈਨੂੰ ਉਹਦੀਆਂ ਕੁੰਡੀਆਂ ਮੁੱਛਾਂ ਦਾ ਖਿਆਲ ਆਉਂਦਾ ਹੈ। ਉਹ ਮੈਨੂੰ ਵਾਰ-ਵਾਰ ਕਹਿੰਦਾ ਹੈ-"ਮਰਦ ਦੀ ਮੁੱਛ ਹੀ ਉਸ ਦੀ ਜ਼ਿੰਦਗੀ ਹੈ। ਮੁੱਛ ਬੰਦੇ ਦੀ ਅਣਖ ਦੀ ਨਿਸ਼ਾਨੀ...। ਪਲਟਨ ਵਿਚ ਮੇਰਾ ਕਪਤਾਨ ਸਾ'ਬ ਨਾਲ ਝਗੜਾ ਹੋ ਗਿਆ ਸੀ। ਉਸ ਨੇ ਕਿਹਾ, 'ਮਾਫ਼ੀ ਮੰਗ!' ਮੈਂ ਕਿਹਾ, 'ਮੇਰਾ ਕੋਈ ਕਸੂਰ ਹੀ ਨਹੀਂ। ਮਾਫ਼ੀ ਕਾਹਦੀ?' ਜਦ ਨੂੰ ਜੰਗ ਲੱਗ ਗਈ ਤੇ ਅਸੀਂ ਮੋਰਚੇ 'ਤੇ ਚਲੇ ਗਏ...। ਮੇਰੀਆਂ ਕੁੰਡੀਆਂ ਮੁੱਛਾਂ ਨਾ ਹੁੰਦੀਆਂ ਤਾਂ ਮੈਂ ਜ਼ਰੂਰ ਮਾਫੀ ਮੰਗ ਲਈ ਹੁੰਦੀ।"

ਸੁੰਦਰ ਸਿੰਘ ਨੂੰ ਇਕ ਨਜ਼ਰ ਵੇਖਿਆਂ ਬੰਦਾ ਸੋਚ ਸਕਦਾ ਹੈ ਕਿ ਇਹ ਚੋਬਰ ਜੱਟ ਜ਼ਰੂਰ ਮੁਸ਼ਟੰਡਾ ਹੋਵੇਗਾ, ਤਦ ਹੀ ਇਸ ਨੇ ਕੁੰਡੀਆਂ ਕੈੜੀਆਂ ਮੁੱਛਾਂ ਰੱਖੀਆਂ ਹੋਈਆਂ ਨੇ, ਪਰ ਉਹਦੀ ਸਾਰੀ ਪੁਰਖਲੂਸ ਜ਼ਿੰਦਗੀ ਦਾ ਭੇਤ ਇਨ੍ਹਾਂ ਮੁੱਛਾਂ ਵਿਚ ਹੀ ਛੁਪਿਆ ਹੋਇਆ ਹੈ...। ਇਹ ਗੱਲ ਬਹੁਤ ਘੱਟ ਲੋਕ ਜਾਣਦੇ ਨੇ।

ਉਹ ਸੱਚਾਈ ਖਾਤਰ ਡੁੱਬ ਮਰਨ ਲਈ ਵੀ ਤਿਆਰ ਹੋ ਜਾਂਦਾ ਹੈ। ਬਚਨ ਕਰ ਕੇ ਕਦੀ ਪਿਛੇ ਨਹੀਂ ਹਟਦਾ ਤੇ ਕਿਸੇ ਵੀ ਸੰਸਾਰੀ ਬੰਦੇ ਦਾ ਡਰ-ਭਉ ਨਹੀਂ ਰੱਖਦਾ। ਹਰ ਵੇਲੇ ਉਸ ਦੀ ਸਹਾਇਤਾ ਲਈ ਜਾ ਸਕਦੀ ਹੈ। ਉਹ ਕਦੀ ਵਿਸ਼ਵਾਸ ਨਹੀਂ ਤੋੜਦਾ।

ਪਲਟਨ ਵਿਚ ਉਹਨੂੰ ਬਹਾਦਰੀ ਦਾ ਖਿਤਾਬ ਮਿਲਿਆ ਸੀ ਤੇ ਉਹ ਸੂਬੇਦਾਰ ਹੋ ਕੇ ਰਿਟਾਇਰ ਹੁੰਦਾ, ਪਰ ਆਪਣੇ ਕਮੀਨੇ ਅਫ਼ਸਰ ਨਾਲ ਉਹ ਵਾਰ-ਵਾਰ ਖਹਿਸਰਦਾ ਰਿਹਾ ਤੇ ਤਰੱਕੀ ਤੋਂ ਵਾਂਝਾ ਰਹਿ ਗਿਆ। ਪਲਟਨ ਤੋਂ ਵਾਪਸ ਆ ਕੇ ਇਕ ਖ਼ੂਨੀ ਦੋਸਤ ਦੀ ਜ਼ਮਾਨਤ ਦੇ ਦਿੱਤੀ। ਉਹ ਦੋਸਤ ਫਰਾਰ ਹੋ ਗਿਆ ਤਾਂ ਸਰਕਾਰ ਨੇ ਉਸ ਦੀ ਸਾਰੀ ਜ਼ਮੀਨ ਗਹਿਣੇ ਪਾ ਲਈ ਤੇ ਅੱਜ ਤੱਕ ਗਹਿਣੇ ਪਈ ਹੋਈ ਹੈ। ਉਨ੍ਹਾਂ ਦਿਨਾਂ ਵਿਚ ਉਹ ਥਾਣੇਦਾਰ ਲੱਗਾ ਹੋਇਆ ਸੀ। ਇਸੇ ਚੱਕਰਬਾਜ਼ੀ ਵਿਚ ਥਾਣੇਦਾਰੀ ਵੀ ਗਈ। ਪੁੱਛੋ ਕਿਵੇਂ ਤਾਂ? ਤਾਂ ਝੱਟ ਕਹੇਗਾ, "ਇਕ ਯਾਰ ਗੁਨਾਹ ਕਰ ਆਇਆ ਸੀ ਤੇ ਅਸੀਂ ਬਖਸ਼ ਦਿੱਤਾ।"

"ਪਰ ਗੁਨਾਹ ਤਾਂ ਹੋਰ ਅਫ਼ਸਰ ਵੀ ਬਖਸ਼ ਦਿੰਦੇ ਨੇ।"

"ਹਾਂ, ਉਹ ਜਦੋਂ ਆਪਣੇ ਬੌਸ ਕੋਲ ਜਾਂਦੇ ਨੇ ਤਾਂ ਆਪਣੀਆਂ ਮੁੱਛਾਂ ਬੋਝੇ ਵਿਚ ਪਾ ਲੈਂਦੇ ਨੇ...। ਮੈਂ ਇਨ੍ਹਾਂ ਦੀ ਮੜ੍ਹਕ ਹੋਰ ਵੀ ਵਧਾ ਲੈਂਦਾ ਸਾਂ...।"

ਅਸੀਂ ਹੱਸ ਕੇ ਕਹਿੰਦੇ ਹਾਂ, "ਤੂੰ ਅਜੀਬ ਬੰਦਾ ਏਂ! ਯਾਰ ਦੀ ਯਾਰੀ ਵਿਚ ਥਾਣੇਦਾਰੀ ਵੀ ਗਈ ਤੇ ਜ਼ਿਮੀਂਦਾਰੀ ਵੀ ਗਈ।"

"ਹੋਇਆ ਕੀ?...ਮਰਦ ਦੀ ਜ਼ਬਾਨ ਹੁੰਦੀ ਹੈ। ਜ਼ਬਾਨ ਤੋਂ ਪਿਛੋਂ ਹਟਣਾ ਹੀਜੜਿਆਂ ਦਾ ਕੰਮ ਹੈ...। ਜ਼ਿੰਦਗੀ ਵਿਚ ਹੋਰ ਹੈ ਕੀ?" ਇਹ ਗੱਲ ਕਹਿੰਦਿਆਂ ਉਹਦੀਆਂ ਕੁੰਡੀਆਂ ਮੁੱਛਾਂ ਪਾਰੇ ਵਾਂਗ ਥਿਰਕਦੀਆਂ ਤੇ ਭਰਪੂਰ ਸਾਹ ਲੈਂਦੀਆਂ ਨੇ।

ਸਕੂਲ ਦੀ ਜ਼ਿੰਦਗੀ ਅਜੀਬ ਗਮੀਆਂ-ਖ਼ੁਸ਼ੀਆਂ ਨਾਲ ਭਰਪੂਰ ਹੈ। ਗਮੀ ਇਸ ਗੱਲ ਦੀ ਕਿ ਅਸੀਂ ਕਿਤੇ ਉਚੇ ਰੁਤਬੇ 'ਤੇ ਨਹੀਂ ਪਹੁੰਚ ਸਕੇ। ਖ਼ੁਸ਼ੀ ਇਸ ਗੱਲ ਦੀ ਕਿ ਸਾਨੂੰ ਯਾਰ-ਦੋਸਤ ਬੜੇ ਦਿਲਦਾਰ ਮਿਲੇ ਹੋਏ ਨੇ। ਕਿਸੇ ਕਿਸੇ ਵੇਲੇ ਜਦੋਂ ਗਮੀ ਤੇ ਉਦਾਸੀ ਦਾ ਦੌਰਾ ਪੈਂਦਾ ਹੈ ਤਾਂ ਸੁੰਦਰ ਸਿੰਘ ਝੱਟ ਕਹੇਗਾ, "ਬਈ ਅੱਜ ਤਾਂ ਇਉਂ ਲੱਗਦੈ, ਜਿਵੇਂ ਤੁਹਾਡੇ ਅੰਦਰ ਕੁਝ ਮਰ ਗਿਆ ਹੋਏ। ਉਏ ਬੁਰਡਿਉ, ਤੁਸੀਂ ਬੋਲਦੇ ਕਿਉਂ ਨਹੀਂ? ਮੈਂ ਕੱਢਾਂ ਦੋ-ਚਾਰ ਮਾਂ-ਭੈਣ ਦੀਆਂ ਗਾਲ੍ਹਾਂ? ਤੁਸੀਂ ਉਵੇਂ ਨਹੀਂ ਬੋਲਣਾ।"

ਫੇਰ ਉਹ ਕਿਸੇ ਨਾਲ ਟਿਚਰ ਕਰਦਾ ਹੈ, ਕਿਸੇ ਦੇ ਕਿਤੇ ਹੱਥ ਲਾਉਂਦਾ ਹੈ ਤੇ ਕਿਸੇ ਨੂੰ ਕਿਤਿਉਂ ਟੋਂਹਦਾ ਹੈ। ਉਸ ਵੇਲੇ ਸਾਡਾ ਉਮਰਾਂ ਦਾ ਭਿੰਨ-ਭੇਤ ਮਿਟ ਜਾਂਦਾ ਹੈ। ਉਹਦੇ ਬੁਢਿਆਏ ਹੱਥਾਂ ਵਿਚ ਕਮਾਲ ਦੀ ਫੁਰਤੀ ਤੇ ਚੰਚਲਤਾ ਹੈ। ਇਨ੍ਹਾਂ ਹੱਥਾਂ ਨੇ ਰਾਈਫ਼ਲਾਂ ਚਲਾਈਆਂ ਨੇ। ਹੁਣ ਇਹ ਬੱਚਿਆਂ ਨੂੰ ਪਲੋਸਦੇ ਨੇ ਤੇ ਯਾਰਾਂ ਨੂੰ ਖੁਸ਼ ਕਰਨ ਵਿਚ ਸਹਾਈ ਹੁੰਦੇ ਨੇ। ਉਹਦੀ ਇਹ ਆਦਤ ਸਟਾਫ ਤੱਕ ਹੀ ਮਹਿਦੂਦ ਨਹੀਂ। ਜਵਾਨ ਜਹਾਨ ਕੁੜੀਆਂ ਨਾਲ ਉਹ ਅਕਸਰ ਚੁਹਲਬਾਜ਼ੀ ਕਰਦਾ ਰਹਿੰਦਾ ਹੈ। ਇਕ ਵਾਰ ਉਹ ਤਿਲਕ ਨਗਰੋਂ ਬੱਸ ਵਿਚ ਚੜ੍ਹਿਆ। ਉਹਦੀ ਅਗਲੀ ਸੀਟ 'ਤੇ ਦੋਵੇਂ ਲੁਸ-ਲੁਸ ਕਰਦੀਆਂ ਕੁੜੀਆਂ ਬੜੀਆਂ ਬੁਝੀਆਂ-ਬੁਝੀਆਂ ਚੁੱਪ-ਚਾਪ ਬੈਠੀਆਂ ਸਨ। ਜਵਾਨ ਜਹਾਨ ਕੁੜੀਆਂ ਚੁੱਪ-ਚਾਪ। ਉਹਨੂੰ ਚੰਗਾ ਨਾ ਲੱਗਾ। ਉਹਨੇ ਝਟ ਇਕ ਨਢੀ ਦੇ ਸਲੀਵਲੈਸ ਡੌਲੇ 'ਤੇ ਆਪਣਾ ਖੁਰਦਰਾ ਹੱਥ ਫੇਰ ਦਿੱਤਾ। ਜਦੋਂ ਉਸ ਕੁੜੀ ਨੇ ਚੰਗਿਆੜੇ ਭਰੀਆਂ ਅੱਖਾਂ ਨਾਲ ਮੁੜ ਕੇ ਤੱਕਿਆ ਤਾਂ ਉਹ ਸਹਿਜ ਭਾਵ ਨਾਲ ਕਹਿਣ ਲੱਗਾ, "ਬੀਬੀ! ਬੜੀ ਜ਼ਹਿਰੀਲੀ ਕੀੜੀ ਜਾ ਰਹੀ ਸੀ। ਮੈਂ ਨਾ ਲਾਹੁੰਦਾ ਤਾਂ ਉਹਨੇ ਵੱਢ ਖਾਣਾ ਸੀ ਤੇ ਫੇਰ ਸਾਰੇ ਸਰੀਰ ਵਿਚ ਜ਼ਹਿਰ...।"

ਕੁੜੀ ਨੇ ਇਧਰੋਂ ਮੂੰਹ ਭੁਆ ਕੇ ਆਪਣੀ ਸਹੇਲੀ ਵੱਲ ਤੱਕਿਆ ਤੇ ਫੇਰ ਆਪਣੇ ਡੌਲੇ ਵੱਲ। ਫੇਰ ਦੋਵੇਂ ਹੀ ਖਿੜਖਿੜਾ ਕੇ ਹੱਸ ਪਈਆਂ। ਜ਼ਹਿਰ ਖਤਮ ਹੋ ਗਈ। ਉਨ੍ਹਾਂ ਦੇ ਨਾਲ ਸੁੰਦਰ ਸਿੰਘ ਵੀ ਹੱਸਣ ਲੱਗਾ। ਬੱਸ ਵਿਚ ਸਰ੍ਹੋਂ ਮਹਿਕਣ ਲੱਗੀ।

ਇਹ ਸਰ੍ਹੋਂ ਉਹਦੇ ਚਿਹਰੇ 'ਤੇ ਹਰ ਵੇਲੇ ਮਹਿਕਦੀ ਰਹਿੰਦੀ ਹੈ। ਜਦੋਂ ਕੋਈ ਟੀਚਰ ਕਿਸੇ ਮੁੰਡੇ ਨੂੰ ਰੱਜ ਕੇ ਘੂਰ ਲਵੇ ਅਤੇ ਉਹਦੀ ਮਾਂ ਲੋਹੀ-ਲਾਖੀ ਹੋਈ ਸਕੂਲੇ ਆਵੇ ਤਾਂ ਸੁੰਦਰ ਸਿੰਘ ਮੁੰਡਿਆਂ ਨੂੰ ਡਰਿੱਲ ਕਰਾਉਣੀ ਛੱਡ ਕੇ ਉਹਨੂੰ ਰਾਹ ਵਿਚੋਂ ਹੀ ਘੇਰ ਲੈਂਦਾ ਹੈ। ਕੋਈ ਵੀ ਤੀਵੀਂ ਦਾ ਪ੍ਰਭਾਵ ਮਹਿਸੂਸ ਕਰ ਕੇ ਉਹਦਾ ਰਡਾਰ ਹਰਕਤ ਵਿਚ ਆ ਜਾਂਦਾ ਹੈ। ਜਦੋਂ ਉਹਦਾ ਇਹ ਰਡਾਰ ਕੋਈ ਪ੍ਰਭਾਵ ਮਹਿਸੂਸ ਨਾ ਕਰੇ ਤਾਂ ਵਿਹਲੇ ਪੀਰੀਅਡ ਵਿਚ ਉਹ ਕਿਸੇ ਨਾਲ ਟਿਚਰ ਕਰਦਾ ਸਕੂਲ ਦੇ ਕਿਸੇ ਕੌਲੇ ਨਾਲ ਲੱਗਾ ਗਾਉਂਦਾ ਦਿਸੇਗਾ:

ਰੰਨਾਂ ਸੋਹਣੀਆਂ ਜਗਤ ਦੀਆਂ ਸਾਰੀਆਂ!
ਮਾਣ ਕਰੀਏ ਬੀਬਾ ਆਪਣੀ ਨਾਰ ਦਾ!

ਇਸ ਵੇਲੇ ਮੈਂ ਆਈਨੇ ਦੇ ਪਰਲੇ ਪਾਰ ਵੇਖ ਰਿਹਾ ਸਾਂ ਕਿ ਸੁੰਦਰ ਸਿੰਘ ਘਰੋਂ ਚੱਲ ਪਿਆ ਹੈ। ਰਾਹ ਵਿਚ ਕਿਤੇ ਦੰਗਾ-ਫ਼ਸਾਦ ਹੁੰਦਾ ਵੇਖ ਕੇ ਰੁਕ ਗਿਆ ਤੇ ਝੱਟ ਵਿਚ ਜਾ ਫਸਿਆ ਹੈ। ਇਨਸਾਫ਼ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਤੇ ਜਿਹੜੀ ਪਾਰਟੀ ਉਸ ਦੀ ਗੱਲ ਨਹੀਂ ਮੰਨ ਰਹੀ, ਉਹਦੇ ਨਾਲ ਲੋਹਾ-ਲਾਖਾ ਹੋ ਰਿਹਾ ਹੈ। ਸ਼ਾਇਦ ਘੁੱਟ ਪੀ ਕੇ ਹੀ ਤੁਰਿਆ ਹੋਵੇ। ਇਸ ਲਈ ਭੀੜ ਨੂੰ ਤੜੀ ਦੇ ਰਿਹਾ ਹੈ, "ਉਏ ਅਸੀਂ ਜੱਟ ਹੁੰਨੇ ਆਂ। ਇਕ ਮੈਂ ਮਿਲਟਰੀਮੈਨ, ਫੇਰ ਜੱਟ! ਇਕ ਮੈਂ ਐਕਸ-ਥਾਣੇਦਾਰ, ਫੇਰ ਜੱਟ! ਇਕ ਮੈਂ ਇਨਾਮੀ ਨੈਬ ਸੂਬੇਦਾਰ, ਫੇਰ ਜੱਟ! ਇਕ ਮੈਂ ਜੱਟ, ਫੇਰ ਜੱਟ! ਆਓ ਮੇਰੇ ਰਾਹ ਵਿਚ ਕੌਣ ਆਉਂਦਾ, ਧੀ ਦਾ...। ਮੈਂ ਬੜੀ ਕੌੜੀ ਚੀਜ਼ ਆਂ।" ਭੀੜ ਬਿਖਰ ਗਈ ਹੈ ਤੇ ਉਹ ਡਟਿਆ ਹੋਇਆ ਹੈ। ਗਾਲ੍ਹ-ਮੰਦੇ ਤੋਂ ਬਾਅਦ ਜਦੋਂ ਉਹਨੂੰ ਵਿਸ਼ਵਾਸ ਹੋ ਗਿਆ ਕਿ ਉਹਨੇ ਖਾਹਮਖਾਹ ਲੜਾਈ ਲੜੀ ਸੀ ਤਾਂ ਝੱਟ ਮਾਫ਼ੀ ਮੰਗ ਰਿਹਾ ਹੈ ਤੇ ਅੱਗਿਉਂ ਕਦੀ ਵੀ ਨਾ ਲੜਨ-ਭਿੜਨ ਦਾ ਪ੍ਰਣ ਕਰ ਰਿਹਾ ਹੈ, ਪਰ ਅਗਲੇ ਮੋੜ 'ਤੇ ਹੀ ਉਹ ਫੇਰ ਲੋਕਾਂ ਨਾਲ ਖਹਿਸਰ ਰਿਹਾ ਹੈ। ਉਹ ਲੋਕਾਂ ਨੂੰ ਠਿੱਠ ਕਰ ਕੇ ਤੇ ਉਨ੍ਹਾਂ ਕੋਲੋਂ ਆਪ ਠਿੱਠ ਹੋ ਕੇ ਬੜਾ ਖੁਸ਼ ਹੁੰਦਾ ਹੈ। ਇਹਦੇ ਨਾਲ ਉਹਦੀ ਸਿਹਤ ਠੀਕ ਰਹਿੰਦੀ ਹੈ। ਮੈਨੂੰ ਤੇ ਅਮਰ ਸਿੰਘ ਨੂੰ ਇਕੱਠਿਆਂ ਤੱਕ ਕੇ, ਸਰਕਾਰੀਆ, ਗਿੱਲ ਤੇ ਢਿੱਲੋਂ ਨੂੰ ਹੱਸਦਿਆਂ ਵੇਖ ਕੇ ਜਾਂ ਮੈਨੂੰ ਤੇ ਗਿੱਲ ਨੂੰ ਟਿਚਰ ਕਰਦਿਆਂ ਤੱਕ ਕੇ ਉਹ ਮੋਰ ਵਾਂਗ ਪੂਛ ਚੁੱਕਦਾ ਹੈ। ਬੜੇ-ਬੜੇ ਸਾਨ੍ਹਾਂ ਦੇ ਸਿੰਙ ਆਪ ਹੀ ਫਸਾਉਂਦਾ ਤੇ ਆਪ ਹੀ ਛੁਡਾ ਦਿੰਦਾ ਹੈ। ਉਨ੍ਹਾਂ ਲਈ ਆਪ ਹੀ ਚਾਹ ਮੰਗਾਉਂਦਾ ਤੇ ਬਿੱਲ ਤਾਰਦਾ ਹੈ।

ਪੰਚਤੰਤਰ ਵਿਚ ਇਕ ਕਹਾਣੀ ਪੜ੍ਹੀ ਸੀ, ਇਕ ਜ਼ਿਮੀਂਦਾਰ ਬ੍ਰਾਹਮਣ, ਨਾਗ ਨੂੰ ਦੁੱਧ ਪਿਆਇਆ ਕਰਦਾ ਸੀ ਤੇ ਨਾਗ ਉਹਨੂੰ ਹਰ ਰੋਜ਼ ਸੋਨੇ ਦੀ ਮੋਹਰ ਦਿੰਦਾ ਸੀ। ਇਕ ਦਿਨ ਬ੍ਰਾਹਮਣ ਪਿੰਡੋਂ ਬਾਹਰ ਚਲਾ ਗਿਆ ਤੇ ਉਹਨੇ ਨਾਗ ਨੂੰ ਦੁੱਧ ਪਿਆਉਣ ਦਾ ਫਰਜ਼ ਆਪਣੇ ਪੁੱਤਰ ਨੂੰ ਸੰਭਾਲ ਦਿੱਤਾ। ਪਹਿਲੇ ਦਿਨ ਮੁੰਡਾ ਦੁੱਧ ਪਿਆ ਕੇ ਮੋਹਰ ਲੈ ਆਇਆ। ਫੇਰ ਉਸ ਨੇ ਸੋਚਿਆ ਕਿ ਨਾਗ ਨੂੰ ਮਾਰ ਕੇ ਖ਼ਜ਼ਾਨਾ ਹੀ ਲੁੱਟ ਲਿਆ ਜਾਵੇ। ਅਗਲੇ ਦਿਨ ਉਹਨੇ ਦੁੱਧ ਪਿਆਂਦਿਆਂ ਨਾਗ ਦੇ ਡੰਡਾ ਮਾਰਿਆ ਤੇ ਉਹਦੀ ਸਿਰੀ ਜ਼ਖਮੀ ਕਰ ਦਿੱਤੀ। ਨਾਗ ਨੇ ਵੀ ਗੁੱਸੇ ਵਿਚ ਉਹਦੇ ਡੰਗ ਮਾਰਿਆ। ਮੁੰਡਾ ਮਰ ਗਿਆ। ਬ੍ਰਾਹਮਣ ਨੇ ਵਾਪਸ ਆ ਕੇ ਨਾਗ ਕੋਲੋਂ ਮਾਫ਼ੀ ਮੰਗੀ ਤੇ ਫਿਰ ਮਿੱਤਰ ਬਣ ਜਾਣ ਲਈ ਕਿਹਾ। ਨਾਗ ਨੇ ਕਿਹਾ, "ਬ੍ਰਾਹਮਣ! ਨਾ ਤੂੰ ਆਪਣੇ ਪੁੱਤਰ ਦੀ ਮੌਤ ਭੁੱਲ ਸਕਦਾ ਏਂ ਤੇ ਨਾ ਹੀ ਮੈਂ ਆਪਣੀ ਸਿਰੀ ਦਾ ਫੱਟ...ਅਸੀਂ ਮਿੱਤਰ ਨਹੀਂ ਰਹਿ ਸਕਦੇ।"

ਇਹ ਨੀਤੀ ਸ਼ਾਸਤਰ ਹੈ, ਪਰ ਸੁੰਦਰ ਸਿੰਘ ਇੰਨਾ ਜਜ਼ਬਾਤੀ ਆਦਮੀ ਹੈ ਕਿ ਉਹ ਹੁਣੇ ਹੀ ਸਾਡੇ ਨਾਲ ਲੜ ਰਿਹਾ ਹੁੰਦਾ ਹੈ ਤੇ ਹੁਣੇ ਹੀ ਸਾਡੇ ਨਾਲ ਚਾਹ ਪੀ ਰਿਹਾ ਨਜ਼ਰ ਆਉਂਦਾ ਹੈ। ਉਹਦੇ ਮਨ ਵਿਚ ਕਿਸੇ ਲਈ ਵੀ ਵੈਰ-ਵਿਰੋਧ ਨਹੀਂ। ਉਹ ਹਰ ਇਕ ਨੂੰ ਉਹਦੀ ਨਿੰਦਿਆ ਸਤੁਤੀ ਉਹਦੇ ਮੂੰਹ 'ਤੇ ਖਿੰਗਾਰਾਂ ਵਾਂਗ ਵਗਾਹ ਮਾਰਦਾ ਹੈ ਤੇ ਆਪਣੇ ਮੋਢਿਆਂ ਨੂੰ ਹੌਲਾ ਕਰ ਲੈਂਦਾ ਹੈ। ਉਹਦੀ ਇਹੋ ਗੱਲ ਮੈਨੂੰ ਮੋਂਹਦੀ ਹੈ ਤੇ ਅੱਜ ਸਾਡਾ ਮੈ-ਕਸ਼ੀ ਦਾ ਪ੍ਰੋਗਰਾਮ ਹੈ। ਮੈਂ ਉਹਨੂੰ ਉਡੀਕ ਰਿਹਾ ਹਾਂ।

ਬੜੀ ਦੇਰ ਤੱਕ ਮੈਂ ਉਹਨੂੰ ਉਡੀਕਦਾ ਰਿਹਾ। ਜਦੋਂ ਮੱਠੀਆਂ-ਮੱਠੀਆਂ ਕਣੀਆਂ ਲਹਿ ਆਈਆਂ ਤਾਂ ਮੈਂ ਬਲੈਕ ਬਿਊਟੀ ਦਾ ਪੈਗ ਭਰਿਆ ਤੇ ਸਿਪ ਕਰਨ ਲੱਗਾ, ਪਰ ਉਹ ਹਾਲੇ ਤੱਕ ਨਹੀਂ ਸੀ ਬਹੁੜਿਆ। ਮੈਂ ਪ੍ਰੇਸ਼ਾਨ ਹੋ ਗਿਆ। ਪਤਾ ਨਹੀਂ ਉਹ ਗਿੱਲ ਦੇ ਆਲ੍ਹਣੇ ਵਿਚ ਬੈਠਾ ਹੋਵੇ। ਖਵਰੇ ਢਿੱਲੋਂ ਦੀ ਕਾਰ ਵਿਚ ਸੈਰ ਕਰ ਰਿਹਾ ਹੋਵੇ...। ਪਤਾ ਨਹੀਂ ਉਹ ਕਿਸੇ ਨਾਲ ਸਿੰਙ ਫਸਾਈ ਬੈਠਾ ਹੋਵੇ। ਉਹਦੀਆਂ ਕੁੰਡੀਆਂ ਮੁੱਛਾਂ ਉਹਨੂੰ ਚੈਨ ਨਾਲ ਨਹੀਂ ਬੈਠਣ ਦਿੰਦੀਆਂ।...ਜਦੋਂ ਕੋਈ ਲੇਖਕ ਯਾਰ ਸਕੂਲ ਵਿਚ ਲੱਭਣ ਆਵੇ ਤਾਂ ਉਹ ਝੱਟ ਉਹਦੀ ਮਹਿਕ ਪਛਾਣ ਕੇ 'ਵਿਰਦੀ ਨੂੰ ਮਿਲਣਾ? ਚੱਲ ਮੇਰੇ ਨਾਲ!' ਆਖ ਕੇ ਹਰ ਟਿਕਾਣੇ 'ਤੇ ਮੈਨੂੰ ਲੱਭਦਾ ਫਿਰੇਗਾ ਤੇ ਕਪੂਰ ਕੇਫ ਵਿਚ ਤੱਕ ਕੇ ਕਹੇਗਾ, "ਉਏ ਵਿਰਦੀ! ਕਿਉਂ ਲੁਕਦਾ ਫਿਰਦਾ ਏਂ? ਚਾਹ ਖਾਤਰ? ਯਾਰ ਲਈ ਤਾਂ ਜਿੰਦਾਂ ਵਾਰ ਦਈਦੀਆਂ ਨੇ। ਓਏ ਚਾਹ ਬਦਲੇ ਕਮੀਨਗੀ? ਅੱਜ ਮੈਂ ਪਿਆਉਨਾਂ ਤੇਰੇ ਯਾਰਾਂ ਨੂੰ ਚਾਹ, ਵਾਹ ਬਈ ਵਾਹ! ਇਹ ਵੀ ਕੋਈ ਗੱਲ ਹੈ।" ਉਸ ਵੇਲੇ ਸਰ੍ਹੋਂ ਦੀ ਮਹਿਕ ਨਾਲ ਮਾਹੌਲ ਖੁਸ਼ ਗਵਾਰ ਬਣ ਜਾਂਦਾ ਹੈ।

ਹੁਣ ਜਦੋਂ ਮੈਂ ਹੌਲੀ-ਹੌਲੀ ਸਿਪ ਕਰ ਰਿਹਾ ਸਾਂ ਤਾਂ ਮੈਨੂੰ ਸੁੰਦਰ ਦੀ ਇਕ ਹੋਰ ਬੜੀ ਵਧੀਆ ਗੱਲ ਯਾਦ ਆ ਰਹੀ ਸੀ।...ਮੈਂ ਹਾਲੇ ਦਿੱਲੀ ਆਇਆ ਹੀ ਸਾਂ। ਉਹ ਮੈਨੂੰ ਇਕ ਦਿਨ ਆਪਣੇ ਘਰ ਲੈ ਗਿਆ। ਚਾਂਦ ਨਗਰ ਵਿਚ ਹੈ ਉਸ ਦਾ ਘਰ। ਖਾਣਾ ਖਾਣ ਲੱਗੇ ਤਾਂ ਉਹਨੇ ਮੇਰੇ ਸਾਹਮਣੇ ਡਬਲ ਕਰਾਊਨ ਦੀ ਬੋਤਲ ਰੱਖ ਦਿੱਤੀ। ਮੈਂ ਖੁਸ਼ੀ ਨਾਲ ਇਕ ਪੈਗ ਲੈ ਲਿਆ। ਉਹਦੇ ਇਸਰਾਰ ਕਰਨ 'ਤੇ ਜਦੋਂ ਦੂਸਰਾ ਵੀ ਚੱਖਿਆ ਤਾਂ ਤਾਰੇ ਨਜ਼ਰ ਆਉਣ ਲੱਗੇ। ਲੱਗਾ ਜਿਵੇਂ ਕੁਤਬ ਮੀਨਾਰ 'ਤੇ ਚੜ੍ਹ ਰਿਹਾ ਹੋਵਾਂ। ਇੰਨੇ ਵਿਚ ਸੁੰਦਰ ਸਿੰਘ ਆਪਣੀ ਪਿਸਟਲ ਕੱਢ ਲਿਆਇਆ ਤੇ ਮੇਰੀ ਕੰਡ 'ਤੇ ਰੱਖ ਦਿੱਤੀ। ਮੈਨੂੰ ਦਿਖਾਈ..."ਇਹ ਪਿਸਟਲ ਹੈ। ਮਿੱਠੀਆਂ ਗੱਲਾਂ ਨਾਲ ਦੁਸ਼ਮਣ ਨੂੰ ਮਾਰਨਾ ਹੋਵੇ ਤਾਂ ਇਹ ਬੜੀ ਕੰਮ ਆਉਂਦੀ ਹੈ" ਅਤੇ ਪਿਸਟਲ ਫੇਰ ਮੇਰੀ ਕੰਡ 'ਤੇ ਸੀ। ਮੈਂ ਡਰ ਗਿਆ, ਪਰ ਉਹ ਝੱਟ ਹੀ ਦੂਸਰੇ ਕਮਰੇ ਵਿਚ ਚਲਾ ਗਿਆ। ਹੁਣ ਜਦੋਂ ਫੇਰ ਮੇਰੇ ਸਾਹਮਣੇ ਆਇਆ ਤਾਂ ਉਹਦੇ ਹੱਥ ਵਿਚ ਰਿਵਾਲਵਰ ਸੀ।

ਰਿਵਾਲਵਰ ਉਹਨੇ ਮੇਰੀ ਵੱਖੀ ਵਿਚ ਟਿਕਾ ਦਿੱਤੀ, "ਇਹਦੇ ਇਕ ਵਾਰ ਨਾਲ ਹੀ ਦੁਸ਼ਮਣ ਕਿਤੇ ਦਾ ਕਿਤੇ ਜਾਂਦਾ...ਦੱਬਾਂ ਘੋੜਾ!" ਮੇਰਾ ਸਾਹ ਉਤੇ ਦਾ ਉਤੇ, ਥੱਲੇ ਦਾ ਥੱਲੇ। ਮੈਨੂੰ ਕੁਝ ਵੀ ਨਜ਼ਰ ਨਾ ਆਇਆ। ਹੁਣ ਮੈਂ ਵੇਖਿਆ ਸੁੰਦਰ ਸਿੰਘ ਦੇ ਹੱਥ ਵਿਚ ਰਾਈਫ਼ਲ ਸੀ ਤੇ ਉਹ ਕਹਿ ਰਿਹਾ ਸੀ, "ਇਹ ਮਰਦਾਂ ਵਾਲਾ ਹਥਿਆਰ ਹੈ। ਇਹ ਤੁਹਾਨੂੰ ਕਦੀ ਧੋਖਾ ਨਹੀਂ ਦੇਂਦੀ। ਨਾ ਹੀ ਦੁਸ਼ਮਣ ਨੂੰ ਧੋਖੇ ਵਿਚ ਰੱਖਦੀ ਹੈ।" ਫੇਰ ਉਹਨੇ ਕੁੰਡੀਆਂ ਮੁੱਛਾਂ ਨੂੰ ਪਲੋਸਿਆ ਤੇ ਘੋੜੇ ਤੇ ਹੱਥ ਰੱਖਦਿਆਂ ਕਿਹਾ, "ਮੰਨਦਾਂ ਕਿ ਨਹੀਂ?"

"ਪਹਿਲਾਂ ਹੀ ਮੰਨ ਗਿਆ ਸੀ।"

"ਚੱਲ ਠੀਕ ਹੈ, ਫੇਰ ਰੋਟੀ ਖਾਹ।"

"ਨਹੀਂ ਹੁਣ ਰੋਟੀ ਦੀ ਭੁੱਖ ਨਹੀਂ ਰਹੀ।"

"ਰੋਟੀ ਖਾਧੇ ਬਿਨਾਂ ਮੈਂ ਜਾਣ ਦੇਂਦਾ।"

"ਕਿਉਂ?"

"ਕਿਉਂ ਕੀ? ਮੇਰਾ ਅਸੂਲ ਹੈ ਕਿ ਚਾਹ ਦੇ ਟੈਮ ਤੇ ਜਿਹੜਾ ਆਵੇ, ਉਹਨੂੰ ਚਾਹ। ਰੋਟੀ ਦੇ ਟੈਮ ਤੇ ਜਿਹੜਾ ਆਵੇ, ਉਹਨੂੰ ਰੋਟੀ। ਵਸਦੇ ਰਸਦੇ ਘਰ ਦੀ ਇਹੋ ਨਿਸ਼ਾਨੀ ਹੈ...।"



ਇਸ ਤੋਂ ਬਾਅਦ ਉਹਨੇ ਜਦੋਂ ਵੀ ਮੈਨੂੰ ਘਰ ਬੁਲਾਇਆ, ਮੈਂ ਪਹਿਲਾਂ ਇਹ ਸ਼ਰਤ ਰੱਖੀ, "ਬਈ ਪਹਿਲਾਂ ਪਿਸਟਲ, ਰਿਵਾਲਵਰ ਤੇ ਰਾਈਫ਼ਲ ਵਾਲੀ ਪੇਟੀ ਦੀ ਚਾਬੀ ਮੇਰੇ ਹਵਾਲੇ ਕਰਦੇ, ਫੇਰ ਆਵਾਂਗਾ।"

ਅੱਜ ਤੱਕ ਨਾ ਉਹਨੇ ਮੇਰੀ ਇਹ ਸ਼ਰਤ ਮੰਨੀ ਤੇ ਨਾ ਹੀ ਮੈਂ ਉਹਦੇ ਘਰ ਗਿਆ। ਮੇਰੇ 'ਤੇ ਬਹੁਤਾ ਮਿਹਰਬਾਨ ਹੋਇਆ ਤਾਂ ਕਹਿਣ ਲੱਗਾ, "ਚੰਗਾ ਤੂੰ ਮੇਰੇ ਘਰ ਨਹੀਂ ਆਉਂਦਾ ਤਾਂ ਨਾ ਸਹੀ, ਮੈਂ ਤੇਰੇ ਘਰ ਆਵਾਂਗਾ ਸੁਦਰਸ਼ਨ ਪਾਰਕ! ਬੋਤਲ ਤਿਆਰ ਰੱਖੀਂ।"

ਤੇ ਅੱਜ ਬਲੈਕ ਬਿਊਟੀ ਟੇਬਲ 'ਤੇ ਉਹਦੀ ਉਡੀਕ ਕਰ ਰਹੀ ਹੈ।

ਮੈਂ ਪਹਿਲਾ ਪੈਗ ਹੀ ਹਾਲੇ ਹੌਲੀ-ਹੌਲੀ ਸਿਪ ਕਰ ਰਿਹਾ ਸਾਂ। ਬੱਦਲ ਖਿੰਡ-ਪੁੰਡ ਗਏ ਤੇ ਹਰ ਪਾਸੇ ਰੌਸ਼ਨੀ ਦੀਆਂ ਕਿਰਨਾਂ ਫੈਲ ਗਈਆਂ। ਦੂਜੇ ਪਲ ਸੁੰਦਰ ਸਿੰਘ ਮੇਰੇ ਸਾਹਮਣੇ ਸੀ ਜਿਵੇਂ ਕਾਲੇ ਸ਼ਾਹ ਬੱਦਲਾਂ ਨੂੰ ਚੀਰ ਕੇ ਪ੍ਰਗਟ ਹੋਇਆ ਹੋਵੇ! ਸਾਹੋ-ਸਾਹ! ਮੁੱਛਾਂ ਕੁੰਡੀਆਂ ਨਹੀਂ ਸਨ ਤੇ ਮੋਢੇ 'ਤੇ ਰਾਈਫ਼ਲ ਲਟਕ ਰਹੀ ਸੀ। ਚਿਹਰਾ ਪੀਲਾ। ਸਰੀਰ ਡਿਗੂੰ-ਡਿਗੂੰ ਕਰਦਾ। ਸਹਾਰੇ ਲਈ ਬਿਹਬਲ। ਮੈਂ ਹੱਥ ਵਧਾ ਕੇ ਉਹਨੂੰ ਬਿਠਾਇਆ ਤੇ ਸੋਚਿਆ, ਅੱਜ ਜ਼ਰੂਰ ਕੋਈ ਆਫ਼ਤ ਆਈ ਹੈ। ਪੁੱਛਿਆ, "ਸੁੰਦਰ ਸਿੰਘ! ਕੀ ਗੱਲ ਹੈ?"

ਉਹਨੇ ਪੰਜ-ਸੱਤ ਗਾਲ੍ਹਾਂ ਆਪਣੇ-ਆਪ ਨੂੰ ਕੱਢੀਆਂ। ਫੇਰ ਦੁਨੀਆਂ ਦੇ ਲੋਕਾਂ ਨੂੰ ਤੇ ਫੇਰ ਰੱਬ ਨੂੰ। ਫੇਰ ਖਿੜਕਦਾ ਹੋਇਆ ਕਹਿਣ ਲੱਗਾ, "ਡਰ ਸਤਿਗੁਰ ਦਾ। ਬੰਦੇ ਦਾ ਕਾਹਦਾ ਡਰ। ਰੋਟੀ ਸਤਿਗੁਰ ਨੇ ਦੇਣੀ ਹੈ...ਫੇਰ?"

ਉਹਦੇ ਲੰਬੂਤਰੇ ਚਿਹਰੇ 'ਤੇ ਇਕ ਰੰਗ ਆ ਰਿਹਾ ਸੀ, ਇਕ ਜਾ ਰਿਹਾ ਸੀ। ਉਹਦੀਆਂ ਤਿੱਖੀਆਂ, ਚਮਕਦੀਆਂ, ਮਸਤਾਨੀਆਂ, ਗੁਟਕਦੀਆਂ ਅੱਖਾਂ ਅੰਦਰ ਨੂੰ ਧਸ ਕੇ ਬੁਝ ਗਈਆਂ ਸਨ। ਨੱਕ ਦੀ ਨੋਕ ਹੋਰ ਲੰਮੀ ਹੋ ਗਈ ਸੀ। ਚਿੱਟੀ ਦਾੜ੍ਹੀ ਪੀਲੀ-ਪੀਲੀ ਲੱਗਦੀ ਸੀ।...ਇਕ ਪਲ ਵਿਚ ਉਹ ਫੇਰ ਖਲੋ ਗਿਆ ਤੇ ਅੱਖਾਂ ਫਾਇਰਿੰਗ ਕਰਨ ਲੱਗੀਆਂ। ਮੈਂ ਉਹਨੂੰ ਬਾਹੋਂ ਫੜ ਕੇ ਫੇਰ ਕੁਰਸੀ 'ਤੇ ਬਿਠਾਇਆ। ਪਾਣੀ ਪਿਆਇਆ ਤੇ ਪੈਗ ਭਰ ਕੇ ਉਹਦੇ ਹੱਥ ਫੜਾਉਣ ਦੀ ਕੋਸ਼ਿਸ਼ ਕੀਤੀ, ਪਰ ਉਹਨੇ ਪੈਗ ਫੜਿਆ ਨਹੀਂ।

"ਬੱਸ ਅੱਜ ਤੋਂ ਨਸ਼ਾ ਬੰਦ। ਮੇਰਾ ਮਨ ਵਿਰਾਗੀ ਹੋ ਗਿਆ।" ਉਹਨੇ ਮੁੱਛਾਂ ਬਿਲਕੁਲ ਨੀਵੀਂਆਂ ਕਰ ਲਈਆਂ।

"ਕਿਉਂ?"

"ਕਿਉਂ?...ਪੀ.ਟੀ. ਦੁਰਲੱਭ ਸਿੰਘ ਹੈ ਨਾ ਮੇਰਾ ਅਫ਼ਸਰ...।"

"ਉਹਨੂੰ ਕੀ ਹੋਇਆ?"

"ਉਹ ਮੇਰੇ ਨਾਲ ਐਵੇਂ ਔਖਾ-ਤੱਤਾ ਹੋ ਗਿਆ। ਮੇਰੀ ਅਣਖ ਨੇ ਫਿਟਕਾਰ ਪਾਈ। ਸਾਰੀ ਰਾਤ ਮੈਂ ਸੋਚਦਾ ਰਿਹਾ ਕਿ ਅੱਜ ਉਹਨੂੰ ਨਹੀਂ ਛੱਡਣਾ। ਐਤਵਾਰ ਦਾ ਦਿਨ। ਮੈਂ ਸਵੇਰੇ ਈ ਰਾਈਫ਼ਲ ਲੈ ਕੇ ਘਰੋਂ ਨਿਕਲ ਤੁਰਿਆ। ਕੁਝ ਖਾਧਾ-ਪੀਤਾ ਵੀ ਨਹੀਂ। ਸੋਚਿਆ, ਉਹਨੂੰ ਖਤਮ ਕਰ ਕੇ ਹੀ ਕੁਝ ਖਾਣਾ ਹੈ...।"

"ਆਖਿਰ ਕਿਉਂ?"

"ਮੈਂ ਅੱਜ ਤੱਕ ਦੁਨੀਆਂ ਵਿਚ ਕਿਸੇ ਦੀ ਸਰਦਾਰੀ ਨਹੀਂ ਮੰਨੀ। ਸਭ ਬੰਦੇ ਬਰਾਬਰ ਨੇ, ਪਰ ਉਹ ਮੇਰੇ 'ਤੇ ਅਫ਼ਸਰੀ ਦਾ ਰੋਹਬ ਪਾਉਣ ਲੱਗ ਪਿਆ...।"

"ਤੂੰ ਬੜਾ ਡਾਢਾ ਆਦਮੀ ਏਂ!" ਮੈਂ ਉਹਨੂੰ ਤੇ ਉਹਦੀ ਰਾਈਫ਼ਲ ਨੂੰ ਘੂਰ ਕੇ ਕਿਹਾ।

"ਤੂੰ ਮੇਰੀ ਗੱਲ ਸੁਣੇਂਗਾ ਕਿ ਮੈਂ ਜਾਵਾਂ?" ਉਹਨੇ ਬੜੀ ਤਲਖੀ ਨਾਲ ਕਿਹਾ। ਫੇਰ ਝੱਟ ਬੋਲਿਆ, "ਗੁੱਸਾ ਮਾਫ਼!"

"ਚੱਲ ਮਾਫ! ਗੱਲ ਦੱਸ।"

"ਗੱਲ ਕੀ! ਮੈਂ ਦੁਰਲੱਭ ਸਿੰਘ ਦੇ ਘਰ ਸਾਹਮਣੇ ਨਿਸ਼ਾਨਾ ਲਾ ਕੇ ਬੈਠ ਗਿਆ ਕਿ ਜਿਸ ਵੇਲੇ ਵੀ ਦਰਵਾਜ਼ੇ ਵਿਚ ਨਜ਼ਰ ਆਇਆ, ਸ਼ੂਟ! ਦੋ ਘੰਟੇ ਬੈਠਾ ਰਿਹਾ, ਪਰ ਉਹ ਬਾਹਰ ਨਾ ਨਿਕਲਿਆ। ਮੈਂ ਉਹਦੇ ਘਰ ਅੰਦਰ ਜਾ ਕੇ ਗੋਲੀ ਮਾਰ ਦਿੰਦਾ...। ਉਸੇ ਵੇਲੇ ਉਹਦੀ ਘਰਵਾਲੀ ਬਾਹਰ ਨਿਕਲੀ ਤੇ ਨਾਲ ਹੀ ਉਹਦੇ ਦੋ ਛੋਟੇ ਬੱਚੇ। ਮਾਸੂਮ ਬਾਲ! ਮਾਂ ਪੁੱਤਰ ਬੜੇ ਸੁਖੀ ਸਨ।...ਮੇਰੀ ਰਾਈਫ਼ਲ ਡੌਨ ਹੋ ਗਈ। ਮੈਂ ਸੋਚਿਆ, ਮਨਾਂ! ਤੂੰ ਕਿਉਂ ਵਸਦਾ-ਰਸਦਾ ਘਰ ਉਜਾੜਨ ਲੱਗਾ ਏਂ?...ਦਸ ਮੈਂ ਬੁਰਾ ਕੀਤਾ?"

"ਨਹੀਂ, ਤੂੰ ਬਹੁਤ ਚੰਗਾ ਕੀਤਾ।" ਮੈਂ ਉਹਦਾ ਹੱਥ ਘੁੱਟਦਿਆਂ ਕਿਹਾ, "ਲੈ ਫੜ ਹੁਣ ਗਲਾਸ, ਆਪਣੀ ਮਹਿਫ਼ਲ ਗਰਮ ਕਰੀਏ।"

"ਨਹੀਂ ਮੇਰਾ ਜੀ ਨਹੀਂ ਕਰਦਾ...।"

"ਕਿਉਂ?"

"ਇਹ ਹਾਲੇ ਵੀ ਦੁਰਲੱਭ ਸਿੰਘ ਦੇ ਘਰ ਫਿਰਦਾ...। ਰਾਈਫ਼ਲ ਵਿਚੋਂ ਗੋਲੀ ਕੱਢ ਕੇ ਮੈਂ ਉਹਦੇ ਘਰ ਅੰਦਰ ਚਲਾ ਗਿਆ ਤੇ ਦੁਰਲੱਭ ਸਿੰਘ ਨੂੰ ਸਾਰਾ ਕਿੱਸਾ ਦੱਸ ਦਿੱਤਾ...। ਉਹਨੇ ਮੈਨੂੰ ਚਾਹ ਪਿਆਈ। ਮੱਠੀਆਂ ਵੀ...। ਮੈਂ ਉਹਦਾ ਲੂਣ ਖਾ ਕੇ ਆਇਆ ਹਾਂ...।"

ਇਹ ਗੱਲ ਕਹਿੰਦਿਆਂ ਉਹਦੀਆਂ ਅੱਖਾਂ ਵਿਚ ਪਾਣੀ ਉਛਲਣ ਲੱਗਾ। ਚਿਹਰਾ, ਜਿਵੇਂ ਜਵਾਨੀ ਕਿਤੇ ਦੂਰ ਛੱਡ ਆਇਆ ਹੋਵੇ..."ਮੈਂ ਬੁੱਢਾ ਹੋ ਰਿਹਾ ਹਾਂ। ਮੇਰੇ ਸਰੀਰ ਵਿਚ ਉਹ ਤਾਕਤ ਨਹੀਂ ਰਹੀ, ਪਰ ਪਤਾ ਨਹੀਂ ਮੇਰਾ ਮਨ ਦਿਨੋ-ਦਿਨ ਕਿਉਂ ਚੰਚਲ ਹੁੰਦਾ ਜਾਂਦਾ। ਰੱਬ ਦੀ ਇਹ ਕੀ ਖੇਡ ਹੈ?"

ਮੈਂ ਕਿਸੇ ਵਿਦਵਾਨ ਦੀ ਗੱਲ ਦੁਹਰਾ ਦਿੱਤੀ, "ਜਦੋਂ ਸਭ ਕੁਝ ਬੁੱਢਾ ਹੋ ਜਾਂਦੈ ਤਾਂ ਜੀਣ ਦਾ ਲੋਭ ਹੋਰ ਵੀ ਜਵਾਨ ਹੋ ਜਾਂਦਾ...।"

"ਬੱਸ ਤੇਰੀ ਗੱਲ ਠੀਕ ਹੈ!" ਉਹਨੇ ਮੇਰੇ ਦੋਵੇਂ ਹੱਥ ਫੜ ਲਏ, "ਚੰਗਾ ਮੈਂ ਚੱਲਦਾਂ...। ਘਰ ਜਾ ਕੇ ਘਰ ਵਾਲੀ ਨੂੰ ਵੀ ਸਾਰੀ ਗੱਲ ਦੱਸਣੀ ਹੈ।"

"ਇਕ ਪੈਗ ਤਾਂ ਲਾ ਜਾ!" ਮੈਂ ਉਸ ਨੂੰ ਬਾਹੋਂ ਫੜ ਲਿਆ।

"ਚੰਗਾ ਮੈਂ ਆਪਣੇ ਯਾਰ ਨੂੰ ਵੀ ਕਿਵੇਂ ਨਾਰਾਜ਼ ਕਰ ਸਕਦਾਂ?"

ਬਦਲ ਫੇਰ ਘਿਰ ਆਏ ਤੇ ਕਣੀਆਂ ਵਸਣ ਲੱਗੀਆਂ। ਸਰ੍ਹੋਂ ਦੀ ਮਹਿਕ ਹਰ ਪਾਸੇ ਖਿੰਡ ਗਈ।

# ਮਸਤਾਨਾ ਸੁਨੇਹਾ

## ਇਤਿਹਾਸਕ ਕਿਰਦਾਰ, ਫਿਲਮਾਂ ਤੇ ਫਿਲਮਾਂ ਵਾਲੇ

ਇਤਿਹਾਸਕ ਕਿਰਦਾਰਾਂ ਬਾਰੇ ਫਿਲਮਾਂ ਤੋਂ ਵਿਵਾਦ ਉੱਠਣੇ ਸੁਭਾਵਿਕ ਹਨ। ਫਿਲਮਸਾਜ਼ਾਂ ਨੇ ਮਨੋਰੰਜਨ ਦੇ ਪਹਿਲੂ ਤੋਂ ਫਿਲਮਾਂ ਵਿਚ ਰੰਗ ਭਰਨਾ ਹੁੰਦਾ ਹੈ। ਅਜਿਹਾ ਕਰਨ ਵਾਸਤੇ ਉਹ ਸਿਰਜਣਾਤਮਿਕ ਆਜ਼ਾਦੀ ਦੇ ਨਾਂ ਉਤੇ ਫਿਲਮ ਵਿਚ ਅਜਿਹਾ ਮਸਾਲਾ ਭਰ ਦਿੰਦੇ ਹਨ ਜਿਸ ਦਾ ਕਿਰਦਾਰਾਂ ਦੇ ਅਸਲ ਜੀਵਨ ਨਾਲ ਵਜੋ ਵਾਸਤਾ ਨਹੀਂ ਹੁੰਦਾ। ਪੱਛਮੀ ਦੇਸ਼ਾਂ, ਖ਼ਾਸ ਕਰ ਕੇ ਹਾਲੀਵੁੱਡ ਵਿਚ ਵੀ ਅਜਿਹਾ ਵਰਤਾਰਾ ਰਿਹਾ ਹੈ, ਪਰ ਸੀਮਿਤ ਪੈਮਾਨੇ 'ਤੇ। ਭਾਰਤੀ ਸਿਨਮਾ ਦੀ ਗੀਤ-ਸੰਗੀਤ ਉਤੇ ਨਿਰਭਰਤਾ, ਇਤਿਹਾਸ ਆਧਾਰਿਤ ਫਿਲਮਾਂ ਦਾ ਸਰੂਪ ਵਿਗਾੜਨ ਦੀ ਮੁੱਖ ਵਜ੍ਹਾ ਰਹੀ ਹੈ। ਇਸ ਤੋਂ ਇਲਾਵਾ ਬਹੁਤੀ ਵਾਰ ਇਤਿਹਾਸਕ ਕਿਰਦਾਰਾਂ ਨੂੰ ਫਿਲਮੀ ਰਵਾਇਤਾਂ ਤੇ ਅੰਦਾਜ਼ ਮੁਤਾਬਿਕ ਚੰਗੀ ਜਾਂ ਮਾੜੀ ਰੌਸ਼ਨੀ ਵਿਚ ਵਿਖਾਉਣ ਦੀ ਫਿਲਮਸਾਜ਼ ਦੀ ਚਾਹਤ ਵੀ ਇਤਿਹਾਸ ਵਿਚ ਵਿਗਾੜ ਦੀ ਵਜ੍ਹਾ ਬਣ ਜਾਂਦੀ ਹੈ। ਸੰਜੇ ਲੀਲਾ ਭੰਸਾਲੀ ਦੀ ਤਾਜ਼ਾਤਰੀਨ ਫਿਲਮ 'ਬਾਜੀਰਾਓ ਮਸਤਾਨੀ' ਅਜਿਹੇ ਹੀ ਕੁਝ ਕਾਰਨਾਂ ਕਰ ਕੇ ਵਿਵਾਦ ਵਿਚ ਹੈ। ਇਸ ਫਿਲਮ ਖ਼ਿਲਾਫ਼ ਪੇਸ਼ਵਾ ਬਾਜੀਰਾਓ ਪ੍ਰਥਮ ਅਤੇ ਮਸਤਾਨੀ ਬੇਗਮ ਦੇ ਵੰਸ਼ਜਾਂ ਨੇ ਪੂਣੇ, ਜਬਲਪੁਰ ਤੇ ਇੰਦੌਰ ਦੀਆਂ ਅਦਾਲਤਾਂ ਵਿਚ ਮੁਕੱਦਮੇ ਦਾਇਰ ਕਰ ਦਿੱਤੇ ਹਨ।

ਸੁਰਿੰਦਰ ਸਿੰਘ ਤੇਜ
ਫੋਨ: +91-98555-01488

ਬਾਜੀਰਾਓ ਦੇ ਜਾਨਸ਼ੀਨਾਂ ਦੀ 9ਵੀਂ ਪੀੜ੍ਹੀ ਨਾਲ ਸਬੰਧਤ ਮਹੇਂਦਰ ਪੇਸ਼ਵਾ ਨੇ ਪੂਣੇ ਦੀ ਅਦਾਲਤ ਵਿਚ ਦਾਖ਼ਲ ਕੀਤੀ ਸ਼ਿਕਾਇਤ ਵਿਚ ਫਿਲਮ ਦੇ ਦੋ ਗੀਤਾਂ 'ਪਿੰਗਾ' ਅਤੇ 'ਮਲਹਾਰੀ' ਦੇ ਫਿਲਮਾਂਕਣ ਉੱਪਰ ਇਤਰਾਜ਼ ਕੀਤਾ ਹੈ। ਪਹਿਲੇ ਗੀਤ ਉਤੇ ਇਤਰਾਜ਼ ਦੀ ਵਜ੍ਹਾ ਹੈ ਕਿ ਇਸ ਵਿਚ ਮਸਤਾਨੀ ਅਤੇ ਬਾਜੀਰਾਓ ਦੀ ਪਹਿਲੀ ਪਤਨੀ ਕਾਸ਼ੀਬਾਈ ਦਰਮਿਆਨ ਨਿਰੱਤ ਦਾ ਮੁਕਾਬਲਾ ਦਿਖਾਇਆ ਗਿਆ ਹੈ ਜਦੋਂਕਿ ਹਕੀਕਤ ਇਹ ਹੈ ਕਿ ਕਾਸ਼ੀਬਾਈ ਪਹਿਲੇ ਬੱਚੇ ਦੇ ਜਨਮ ਸਮੇਂ ਤੋਂ ਗਠੀਆ ਤੇ ਤਪਦਿਕ ਨਾਲ ਪੀੜਿਤ ਰਹੀ ਅਤੇ ਨੱਚਣ ਦੀ ਹਾਲਤ ਵਿਚ ਹੀ ਨਹੀਂ ਰਹੀ। ਦੂਜਾ ਇਤਰਾਜ਼ ਇਹ ਹੈ ਕਿ ਸ਼ਾਹੀ ਜਾਂ ਕੁਲੀਨ ਪਰਿਵਾਰਾਂ ਦੀਆਂ ਔਰਤਾਂ, ਖ਼ਾਸ ਤੌਰ 'ਤੇ ਰਾਣੀਆਂ ਜੇ ਨਰਿੱਤ ਕਰਦੀਆਂ ਵੀ ਸਨ ਤਾਂ ਮਹਿਲਾਂ ਦੇ ਬੰਦ ਬੂਹਿਆਂ ਦੇ ਅੰਦਰ, ਜਨਤਾ ਦੇ ਸਾਹਮਣੇ ਨਹੀਂ, ਜਦਕਿ ਫਿਲਮ ਵਿਚ ਜਨਤਕ ਨਰਿੱਤ ਦਿਖਾਇਆ ਗਿਆ ਹੈ। ਸ਼ਿਕਾਇਤਕਰਤਾ ਦਾ ਦਾਅਵਾ ਹੈ ਕਿ 'ਮਲਹਾਰੀ' ਗੀਤ ਵਿਚ ਪੇਸ਼ਵਾ ਬਾਜੀਰਾਓ ਨੂੰ ਦੀਵਾਨਿਆਂ ਵਾਂਗ ਵਿਚਰਦਿਆਂ ਦਿਖਾਇਆ ਗਿਆ ਹੈ ਜਦੋਂਕਿ ਉਹ ਆਪਣੀ ਉਮਰ ਦੇ ਆਖ਼ਰੀ ਦਸ ਸਾਲਾਂ ਦੌਰਾਨ, ਜਦੋਂ ਉਹ ਮਸਤਾਨੀ ਸੰਗ ਵਿਆਹਿਆ ਹੋਇਆ ਸੀ, ਜੰਗਾਂ ਵਿਚ ਇੰਨਾ ਮਸਰੂਫ ਸੀ ਕਿ ਬੀਵੀ ਲਈ ਸਿੱਕਣ ਦੀ ਉਸ ਕੋਲ ਫ਼ੁਰਸਤ ਹੀ ਨਹੀਂ ਸੀ। ਪਹਿਲਾਂ ਪੇਸ਼ਵਾ ਪਰਿਵਾਰ ਦੇ ਇੱਕ ਮੈਂਬਰ ਪ੍ਰਸਾਦਰਾਓ ਪੇਸ਼ਵਾ ਨੇ ਇਸ ਪ੍ਰਸੰਗ ਵਿਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਪੱਤਰ ਲਿਖ ਕੇ ਅਜਿਹੇ ਹੀ ਇਤਰਾਜ਼ ਪ੍ਰਗਟਾਏ ਸਨ।


ਬਾਜੀਰਾਓ ਚਿਤਪਾਵਨ ਬ੍ਰਾਹਮਣ ਸੀ। ਇਹ ਮਹਾਰਾਸ਼ਟਰੀਅਨ ਬ੍ਰਾਹਮਣਾਂ ਦਾ ਉਹ ਅਖੌਤੀ ਕੁਲੀਨ ਵਰਗ ਹੈ ਜਿਸ ਉੱਪਰ ਹੋਰਨਾਂ ਜਾਤਾਂ ਤੋਂ ਇਲਾਵਾ ਬ੍ਰਾਹਮਣਾਂ ਦੀਆਂ ਹੋਰਨਾਂ ਸ਼੍ਰੇਣੀਆਂ ਨਾਲ ਰਚਣ-ਮਿਚਣ 'ਤੇ ਵੀ ਸਖ਼ਤ ਸਮਾਜਕ ਤੇ ਧਾਰਮਿਕ ਬੰਦਸ਼ਾਂ ਸਨ। ਇਹੀ ਕਾਰਨ ਸੀ ਕਿ ਬਾਜੀਰਾਓ ਤੇ ਮਸਤਾਨੀ ਦੇ ਵਿਆਹ ਦਾ ਮਰਾਠਾ ਸਾਮੰਤਾਂ ਤੇ ਧਰਮ ਗੁਰੂਆਂ ਵੱਲੋਂ ਤਿੱਖਾ ਵਿਰੋਧ ਹੋਇਆ ਸੀ। ਵਿਰੋਧ ਦੀ ਇੱਕ ਵਜ੍ਹਾ ਇਹ ਵੀ ਸੀ ਕਿ ਮਸਤਾਨੀ ਇਸਲਾਮ ਧਰਮ ਤਿਆਗਣ ਨੂੰ ਤਿਆਰ ਨਹੀਂ ਸੀ ਅਤੇ ਉਸ ਦਾ ਇਹ ਹਠ ਬ੍ਰਾਹਮਣੀ ਸਮਾਜ ਨੂੰ ਸਵੀਕਾਰ ਨਹੀਂ ਸੀ। ਲਿਹਾਜ਼ਾ, ਬਾਜੀਰਾਓ ਨੂੰ ਆਪਣੇ ਪਰਿਵਾਰ ਅਤੇ ਸਮਾਜ ਵਿਚ ਵਿਦਰੋਹ ਵਰਗੀ ਹਾਲਤ ਨਾਲ ਜੂਝਣਾ ਪਿਆ ਸੀ। ਪੇਸ਼ਵਾ ਤੋਂ ਭਾਵ ਹੈ ਪ੍ਰਧਾਨ ਮੰਤਰੀ; ਹਾਲਾਂਕਿ ਮਰਾਠਾ ਸਾਮਰਾਜ ਦੀ ਪੂਰੀ ਤਾਕਤ ਉਸ ਦੇ ਹੱਥਾਂ ਵਿਚ ਸੀ, ਫਿਰ ਵੀ ਮਹਾਰਾਜ ਤਾਂ ਛਤਰਪਤੀ ਸਾਹੂ ਜੀ ਸਨ। ਮਰਾਠੀ ਇਤਿਹਾਸਕਾਰ ਜੀਆਜੀਰਾਓ ਰਜਵਾੜੇ ਅਨੁਸਾਰ ਧਰਮ ਗੁਰੂਆਂ ਨੇ ਛਤਰਪਤੀ ਉੱਪਰ ਵੀ ਪੇਸ਼ਵਾ ਖ਼ਿਲਾਫ਼ ਕਾਰਵਾਈ ਲਈ ਦਬਾਅ ਪਾਇਆ, ਪਰ ਦਾਲ ਨਹੀਂ ਗਲੀ।

ਮਸਤਾਨੀ ਦੇ ਵੰਸ਼ਜ ਨਵਾਬ ਤਮਕੀਨ ਅਲੀ ਬਹਾਦਰ, ਜੋ ਮੱਧ ਪ੍ਰਦੇਸ਼ 'ਚ ਸੇਹੋਰ ਵਿਚ ਵਸੇ ਹੋਏ ਹਨ, ਤੇ ਆਫ਼ਾਕ ਅਲੀ ਬਹਾਦਰ ਨੂੰ 'ਬਾਜੀਰਾਓ ਮਸਤਾਨੀ' ਫਿਲਮ ਵਿਚ ਮਸਤਾਨੀ ਨੂੰ ਤਵਾਇਫ਼ ਦੇ ਤੌਰ 'ਤੇ ਦਿਖਾਏ ਜਾਣ ਉਤੇ ਇਤਰਾਜ਼ ਹੈ। ਉਨ੍ਹਾਂ ਦੀ ਫ਼ੌਜਦਾਰੀ ਸ਼ਿਕਾਇਤ ਮੁਤਾਬਿਕ ਮਸਤਾਨੀ ਨਾ ਤਵਾਇਫ਼ ਸੀ ਅਤੇ ਨਾ ਹੀ ਤਵਾਇਫ਼ ਦੀ ਧੀ। ਉਹ ਬੁੰਦੇਲਖੰਡ ਦੇ ਮਹਾਰਾਜ ਛਤਰਸਾਲ ਦੀ ਬੇਟੀ ਸੀ। ਉਸ ਦੀ ਮਾਂ ਰੂਹਾਨੀ ਬਾਈ ਇਰਾਨੀ ਸੀ ਅਤੇ ਮਾਂ ਦੀਆਂ ਇੱਛਾਵਾਂ ਮੁਤਾਬਿਕ ਮਸਤਾਨੀ ਨੇ ਇਸਲਾਮ ਧਰਮ ਅਪਣਾਇਆ। ਇਹ ਹਿੰਦੂ ਪਰਿਵੇਸ਼ ਵਿਚ ਰਹਿਣ ਦਾ ਅਸਰ ਸੀ ਕਿ ਉਹ ਕ੍ਰਿਸ਼ਨ ਭਗਤ ਵੀ ਸੀ ਅਤੇ ਕੱਥਕ ਦੀ ਮਾਹਿਰ ਵੀ। ਇਹ ਵੀ ਕਿਹਾ ਜਾਂਦਾ ਹੈ ਕਿ ਉਹ ਪ੍ਰਨਾਮੀ ਮੱਤ ਤੋਂ ਪ੍ਰੇਰਿਤ ਸੀ। ਛਤਰਸਾਲ ਨੇ ਅਲਾਹਾਬਾਦ ਦੇ ਮੁਗ਼ਲ ਸੂਬੇਦਾਰ ਮੁਹੰਮਦ ਖ਼ਾਨ ਬੰਗਾਸ਼ ਦੇ ਬੁੰਦੇਲਖੰਡ ਉਤੇ ਹਮਲੇ ਸਮੇਂ ਪੇਸ਼ਵਾ ਬਾਜੀਰਾਓ ਤੋਂ ਮਦਦ ਮੰਗੀ ਸੀ। ਇਸ ਮਦਦ ਸਦਕਾ ਬੰਗਾਸ਼ ਨੂੰ ਹੋਈ ਹਾਰ ਦੇ ਇਵਜ਼ ਵਿਚ ਛਤਰਸਾਲ ਨੇ ਪੇਸ਼ਵਾ ਨੂੰ ਆਪਣਾ ਮੂੰਹ-ਬੋਲਾ ਪੁੱਤ ਕਰਾਰ ਦੇ ਕੇ ਆਪਣੀ ਇੱਕ ਤਿਹਾਈ ਜਗੀਰ ਦੇਣ ਤੋਂ ਇਲਾਵਾ ਆਪਣੀ ਧੀ ਮਸਤਾਨੀ ਦਾ ਹੱਥ ਵੀ ਸੌਂਪਿਆ ਸੀ। ਮਸਤਾਨੀ ਤੋਂ ਬਾਜੀਰਾਓ ਦਾ ਇੱਕ ਪੁੱਤਰ ਵੀ ਹੋਇਆ ਜਿਸ ਦਾ ਨਾਮ ਸ਼ਮਸ਼ੇਰ ਜੰਗ ਬਹਾਦਰ ਸੀ। ਸ਼ਮਸ਼ੇਰ ਜੰਗ ਬਹਾਦਰ ਦੇ ਜਾਨਸ਼ੀਨ ਹੀ ਹੁਣ ਅੱਗੇ ਸੇਹੋਰ ਤੇ ਸਾਬਕਾ ਪੰਨਾ ਰਿਆਸਤ ਦੇ ਵੱਖ-ਵੱਖ ਹਿੱਸਿਆਂ ਵਿਚ ਵਸੇ ਹੋਏ ਹਨ।

ਬਾਜੀਰਾਓ ਮਸਤਾਨੀ ਦੀ ਪ੍ਰੇਮ ਕਹਾਣੀ ਦਾ ਅੰਤ ਪ੍ਰੇਮ ਕਹਾਣੀ ਵਰਗਾ ਰਿਹਾ। ਬਾਜੀਰਾਓ ਅਪਰੈਲ 1740 ਵਿਚ ਖਰਗੌਨ (ਹੁਣ ਮੱਧ ਪ੍ਰਦੇਸ਼ ਦਾ ਜ਼ਿਲ੍ਹਾ) ਵਿਚ ਆਪਣੀਆਂ ਜਗੀਰਾਂ ਦਾ ਮੁਆਇਨਾ ਕਰਦਿਆਂ ਅਚਾਨਕ ਬਿਮਾਰ ਹੋ ਗਿਆ ਅਤੇ 40 ਸਾਲ ਦੀ ਉਮਰ ਵਿਚ ਉਸ ਦੀ ਮੌਤ ਹੋ ਗਈ। ਦੰਦ ਕਥਾਵਾਂ ਅਨੁਸਾਰ ਮਸਤਾਨੀ ਨੂੰ ਜਦੋਂ ਇਹ ਖ਼ਬਰ ਮਿਲੀ ਤਾਂ ਉਸ ਨੇ ਹੀਰੇ ਦੀ ਅੰਗੂਠੀ ਚੱਟ ਕੇ ਖੁਦਕੁਸ਼ੀ ਕਰ ਲਈ। ਦੂਜੇ ਪਾਸੇ ਤਵਾਰੀਖੀ ਰਿਕਾਰਡ ਇਹ ਦੱਸਦਾ ਹੈ ਕਿ ਉਹ ਕਾਸ਼ੀਬਾਈ ਦੇ ਨਾਲ ਹੀ ਖਰਗੌਨ ਪਹੁੰਚੀ ਅਤੇ ਨਰਮਦਾ ਦਰਿਆ ਦੇ ਕੰਢੇ ਬਾਜੀਰਾਓ ਦੇ ਸਸਕਾਰ ਸਮੇਂ ਹਾਜ਼ਰ ਸੀ, ਪਰ ਕੁਝ ਦਿਨਾਂ ਬਾਅਦ ਉਸ ਦੀ ਵੀ ਬਿਮਾਰੀ ਕਾਰਨ ਮੌਤ ਹੋ ਗਈ। ਉਸ ਦੀ ਕਬਰ ਖਰਗੌਨ ਜ਼ਿਲ੍ਹੇ ਦੇ ਪਿੰਡ ਪਬਾਲ ਵਿਚ ਹੈ ਜੋ ਮਸਤਾਨੀ ਦੀ ਸਮਾਧੀ ਵਜੋਂ ਜਾਣੀ ਜਾਂਦੀ ਹੈ।

ਦਿਲਚਸਪ ਤੱਥ ਇਹ ਹੈ ਕਿ ਜਿੱਥੇ ਕਬਰ ਨੂੰ ਸਮਾਧੀ ਕਿਹਾ ਜਾਂਦਾ ਹੈ, ਉਥੇ ਇਸ ਦੀ ਦੇਖਭਾਲ ਇੱਕ ਮੁਸਲਿਮ ਮੱਜ਼ਾਵਰ ਮੁਹੰਮਦ ਇਨਾਮਦਾਰ ਵੱਲੋਂ ਕੀਤੀ ਜਾਂਦੀ ਹੈ। ਮਸਤਾਨੀ ਦੀ ਮੌਤ ਵੇਲੇ ਉਸ ਦਾ ਪੁੱਤਰ ਸ਼ਮਸ਼ੇਰ ਬਹਾਦਰ ਛੇ ਸਾਲਾਂ ਦਾ ਸੀ। ਉਸ ਨੂੰ ਕਾਸ਼ੀਬਾਈ ਨੇ ਗੋਦ ਲਿਆ ਅਤੇ ਨਾ ਸਿਰਫ਼ ਆਪਣੇ ਪੁੱਤਰ ਵਜੋਂ ਪਰਵਰਿਸ਼ ਕੀਤੀ ਬਲਕਿ ਉਸ ਦੇ ਧਰਮ ਪਰਿਵਰਤਨ ਉਤੇ ਵੀ ਜ਼ੋਰ ਨਹੀਂ ਦਿੱਤਾ। ਇਹ ਤੱਥ ਦਰਸਾਉਂਦੇ ਹਨ ਕਿ ਸਾਡੇ ਮੁਲਕ ਵਿਚ ਢਾਈ ਸਦੀਆਂ ਪਹਿਲਾਂ ਮਜ਼ਹਬੀ ਦੀਵਾਰਾਂ ਓਨੀਆਂ ਉੱਚੀਆਂ ਨਹੀਂ ਸਨ ਜਿੰਨੀਆਂ ਅੱਜ ਹਨ। ਸਹਿਣਸ਼ੀਲਤਾ ਵੀ ਵੱਧ ਮਿਕਦਾਰ ਵਿਚ ਮੌਜੂਦ ਸੀ। ਸ਼ਾਇਦ ਇਸੇ ਕਾਰਨ ਬਾਜੀਰਾਓ ਤੇ ਮਸਤਾਨੀ ਦੀ ਪ੍ਰੇਮ ਕਥਾ ਪ੍ਰਵਾਨ ਚੜ੍ਹੀ ਅਤੇ ਚਿਤਪਾਵਨ ਸਮਾਜ ਦੀ ਨਾਖੁਸ਼ੀ ਦੇ ਬਾਵਜੂਦ ਬਾਜੀਰਾਓ ਦੀ ਮਹਾਨਤਾ ਨੂੰ ਬਾਕੀ ਪਰਜਾ ਸਵੀਕਾਰਦੀ ਅਤੇ ਸਲਾਹੁੰਦੀ ਰਹੀ। ਅੱਜ ਵੀ ਉਸ ਨੂੰ ਮਰਾਠੀ ਲੋਕ ਨਾਇਕਾਂ ਵਿਚ ਉੱਚ ਸਥਾਨ ਹਾਸਲ ਹੈ। ਅੱਜ ਵਿਗਿਆਨ ਤੇ ਤਰਕ ਦੇ ਯੁੱਗ ਵਿਚ ਅਸੀਂ ਇਸ ਕਿਸਮ ਦੀ ਫਰਾਖ਼ਦਿਲੀ ਕਿਉਂ ਤਿਆਗ ਗਏ ਹਾਂ, ਇਸ ਸਵਾਲ ਦਾ ਜਵਾਬ ਗੰਭੀਰ ਮੰਥਨ ਮੰਗਦਾ ਹੈ।


ਦੀਪਿਕਾ ਪਾਦੂਕੋਣ






ਫਿਲਮ 'ਬਾਜੀਰਾਓ ਮਸਤਾਨੀ' ਦਾ ਪੋਸਟਰ ਅਤੇ (ਸੱਜੇ) ਫਿਲਮ ਦੇ ਇਕ ਦ੍ਰਿਸ਼ ਵਿਚ ਦੀਪਿਕਾ ਪਾਦੂਕੋਣ।

# ਕਬੀਰ ਬੇਦੀ ਦੇ ਕਿਆ ਕਹਿਣੇ...



ਮਿਸਾਲੀ ਅਦਾਕਾਰ ਕਬੀਰ ਬੇਦੀ ਇਕ ਵਾਰ ਫਿਰ ਨਗਾਰੇ ਦੀ ਚੋਟ ਨਾਲ ਫਿਲਮ ਸੰਸਾਰ ਵਿਚ ਆਣ ਧਮਕਿਆ ਹੈ। ਹਰ ਵਾਰ ਉਸ ਦਾ ਦਾਖਲਾ ਇਉਂ ਹੀ ਹੁੰਦਾ ਹੈ। ਇਸ ਵਾਰ ਉਹ 6 ਘੰਟਿਆਂ ਦੀ ਡੀ.ਵੀ.ਡੀ. 'ਸੰਦੋਕਨ' ਲੈ ਕੇ ਆਇਆ ਹੈ। ਬੁਨਿਆਦੀ ਰੂਪ ਵਿਚ 'ਸੰਦੋਕਨ' ਇਤਾਲਵੀ ਟੀ.ਵੀ. ਸੀਰੀਅਲ ਹੈ ਜਿਹੜਾ 1976 ਵਿਚ ਪ੍ਰਸਾਰਿਤ ਹੋਇਆ ਸੀ। ਉਸ ਵੇਲੇ ਇਹ ਸੀਰੀਅਲ ਇੰਨਾ ਹਿੱਟ ਹੋਇਆ ਕਿ ਸਮੁੱਚੇ ਯੂਰਪ ਅਤੇ ਲਾਤੀਨੀ ਅਮਰੀਕਾ ਵਿਚ ਕਬੀਰ ਬੇਦੀ ਦੀ ਬੱਲੇ-ਬੱਲੇ ਹੋ ਗਈ ਸੀ। ਹੁਣ ਹਿੰਦੀ ਵਿਚ ਡੱਬ ਕੀਤਾ ਗਿਆ ਇਹ ਸੀਰੀਅਲ ਨਵੇਂ ਸਿਰਿਉਂ ਰਿਲੀਜ਼ ਕੀਤਾ ਗਿਆ ਹੈ। ਸੀਰੀਅਲ ਦੀ ਡੀ.ਵੀ.ਡੀ. ਕਰਦਿਆਂ ਕਬੀਰ ਬੇਦੀ ਨੇ ਕਿਹਾ, "ਇਹ ਡੀ.ਵੀ.ਡੀ. ਰਿਲੀਜ਼ ਕਰਦਿਆਂ ਮੈਂ ਅਤਿਅੰਤ ਖੁਸ਼ ਹਾਂ। ਹੁਣ ਭਾਰਤ ਦੇ ਲੋਕਾਂ ਨੂੰ ਪਤਾ ਲੱਗੇਗਾ ਕਿ ਮੈਂ ਕਿਸ ਤਰ੍ਹਾਂ ਕੌਮਾਂਤਰੀ ਸਟਾਰ ਬਣਿਆ ਸਾਂ।" ਠੀਕ ਹੀ ਇਸ ਸੀਰੀਅਲ ਨਾਲ ਕਬੀਰ ਬੇਦੀ ਕੌਮਾਂਤਰੀ ਪੱਧਰ 'ਤੇ ਛਾ ਗਿਆ ਸੀ। ਇਹ ਸੀਰੀਅਲ ਇਤਾਲਵੀ ਲੇਖਕ ਐਮੀਲੀਓ ਸਲਗਾਰੀ ਦੇ ਨਾਵਲਾਂ ਉਤੇ ਆਧਾਰਿਤ ਹੈ। ਇਸ ਦੀ ਕਹਾਣੀ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਫੈਲੀ ਹੋਈ ਹੈ, ਜਦੋਂ ਕੁਈਨ ਵਿਕਟੋਰੀਆ ਦਾ ਰਾਜ ਸੀ ਅਤੇ ਉਸ ਦਾ ਟਾਕਰਾ ਭਾਰਤੀ ਰਾਜ ਕੁਮਾਰ ਸੰਦੋਕਨ ਨਾਲ ਹੋ ਜਾਂਦਾ ਹੈ। ਸੰਦੋਕਨ ਦਾ ਰਾਜ-ਭਾਗ ਅੰਗਰੇਜ਼ਾਂ ਦੀ ਕੂਟਨੀਤੀ ਅਤੇ ਹੱਲੇ ਕਾਰਨ ਖੁੱਸਿਆ ਹੁੰਦਾ ਹੈ ਅਤੇ ਫਿਰ ਸੰਦੋਕਨ ਗੁਲਾਮੀ ਦਾ ਜੂਲਾ ਲਾਹੁਣ ਤੇ ਆਪਣਾ ਪਿਆਰ ਹਾਸਲ ਕਰਨ ਲਈ ਜੂਝਦਾ ਹੈ। 'ਸੰਦੋਕਨ' ਦੇ ਨਵੇਂ ਹਿੰਦੀ ਵਰਸ਼ਨ ਵਿਚ ਗੀਤ ਵੀ ਸ਼ਾਮਲ ਕੀਤਾ ਗਿਆ ਹੈ। ਉਦੋਂ ਇਹ ਸੀਰੀਅਲ ਛੇ ਭਾਗਾਂ ਵਿਚ ਨਸ਼ਰ ਹੋਇਆ ਸੀ। ਜਦੋਂ ਕਬੀਰ ਨੇ ਇਹ ਸੀਰੀਅਲ ਕੀਤਾ ਸੀ, ਉਦੋਂ ਹਿੰਦੀ ਫਿਲਮ ਜਗਤ ਵਿਚ ਉਸ ਦੀ ਗੁੱਡੀ ਚੜ੍ਹੀ ਹੀ ਸੀ। 1973 ਵਿਚ ਫਿਲਮ 'ਕੱਚੇ ਧਾਗੇ' ਨਾਲ ਉਸ ਨੇ ਸਭ ਦਾ ਧਿਆਨ ਖਿੱਚਿਆ। ਫਿਰ ਦੇਵ ਅਨੰਦ ਦੀ ਫਿਲਮ 'ਇਸ਼ਕ ਇਸ਼ਕ ਇਸ਼ਕ' ਅਤੇ ਮਹੇਸ਼ ਭੱਟ ਦੀ ਫਿਲਮ 'ਮੰਜ਼ਿਲੇ ਔਰ ਭੀ ਹੈਂ' ਨਾਲ ਉਸ ਦਾ ਕਰੀਅਰ ਅਗਾਂਹ ਰੁੜ੍ਹ ਪਿਆ ਸੀ, ਪਰ ਐਨ ਇਸੇ ਮੌਕੇ ਉਸੇ ਨੇ 'ਸੰਦੋਕਨ' ਕਰਨ ਦਾ ਫੈਸਲਾ ਕੀਤਾ। ਜਦੋਂ ਉਹ 'ਸੰਦੋਕਨ' ਕਰਨ ਤੋਂ ਬਾਅਦ ਮੁੜਿਆ, ਉਹ ਕੌਮਾਂਤਰੀ ਸਟਾਰ ਬਣ ਚੁੱਕਾ ਸੀ। ਉਹਨੇ ਚਾਰ ਦਹਾਕਿਆਂ ਦੌਰਾਨ 3 ਮਹਾਂਦੀਪਾਂ ਵਿਚ ਆਪਣੀ ਫਿਲਮੀ ਹਾਜ਼ਰੀ ਲੁਆਈ ਹੈ। **–ਜਗਜੀਤ ਸਿੰਘ ਸੇਖੋਂ**






ਇਤਾਲਵੀ ਟੀ.ਵੀ. ਲੜੀਵਾਰ 'ਸੰਦੋਕਨ' ਵਿਚ ਕਬੀਰ ਬੇਦੀ ਅਤੇ (ਸੱਜੇ) ਉਸ ਕਿਤਾਬ ਦਾ ਟਾਈਟਲ ਜਿਸ ਉਤੇ ਇਹ ਲੜੀਵਾਰ ਆਧਾਰਿਤ ਹੈ।



S. ASHOK BHAURA, IKKI INTERNATIONAL ENTERTAINMENT
& GLOBAL PUNJAB TV PRESENTS
GLOBAL PUNJAB
ਐਸ ਅਸ਼ੋਕ ਭੌਰਾ
IKKI INTERNATIONAL ENT.
NEW YEAR CULTURAL PROGRAM
CHANKATA VANGAN DA 2016
ਸਵ. ਜਗਦੇਵ ਸਿੰਘ ਜੱਸੋਵਾਲ ਨੂੰ ਸਮਰਪਿਤ
ਨਵੇਂ ਵਰ੍ਹੇ ਨੂੰ ਜੀ ਆਇਆਂ ਆਖਦਾ ਰੰਗਾ ਰੰਗ ਪ੍ਰੋਗਰਾਮ
ਛਣਕਾਟਾ ਵੰਗਾਂ ਦਾ 2016
10 Jan 2016, Sunday
11:00 am To 5:00 pm
PARADISE BALLROOMS
4100 Peralta Blvd. Fremont. 94536 CA.
ਸਵ. ਜਗਦੇਵ ਸਿੰਘ ਜੱਸੋਵਾਲ
Powered By
2016 AUG 10-14
GB Entertainment
Total Entertainment Inc
Radio Chardi Kala
Dance Karishma
Triple Seven
PARADISE BALLROOMS
ਬਲਵਿੰਦਰ ਸਫਰੀ
ਸ਼ਿੰਦਾ ਸੁਰੀਲਾ
ਗਿੱਧਾ ਭੰਗੜਾ, ਕੋਰੀਓਗ੍ਰਾਫੀ, ਸਕਿੱਟਾਂ ਤੇ ਗੀਤ ਸੰਗੀਤ
ਪਹੁੰਚ ਰਹੇ ਕਲਾਕਾਰ
ਵਿਸ਼ੇਸ਼ ਸਨਮਾਨ
ਗੀਤਕਾਰ ਜਸਵੀਰ ਗੁਣਾਚੌਰੀਆ
ਅਨੂਪ ਚੀਮਾ ਤੇ ਤਰਲੋਕ ਸਿੰਘ ਅਪਨਾ ਸੰਗੀਤ
ਸੱਤੀ ਪਾਬਲਾ
ਜੀਤਾ ਗਿੱਲ
ਜੇ ਐਸ ਜੱਗਾ
ਮੰਗਜੀਤ ਮੰਗਾ
ਜੋਤ ਰਣਜੀਤ
ਰਣਜੀਤ ਕੌਰ
For Information and Entry Pass
Avtar Lakha - (209) 200-0818
Anmol - (510) 512-3401
Manvir - (510) 695-4836
Manjit S. Chera - (408) 659-9959
Rahul - (408) 609-9861
ਹਾਸਰਸ ਕਲਾਕਾਰ
ਮੰਚ ਸੰਚਾਲਨ
ਵਿਜੇ
ਹਰਜੀਤ ਉੱਪਲ
Big Thanks to
• Tut Brothers • Ashwani Bhakri • Dr. Alok Arora • Raj Bhanot • Micky Sran • Paramjit Sidhu • Yadwinder Sran • Master Deepak
• Billa Sangera • Sikandar Grewal (Sarpanch Punjabi Dhaba) • Pamma (PP San Jose) • Dr. Pannu • Delta Trucking • Mike Boparai
• Vijay Sound • Manjit Kang • Gullu Brar • Garry Dhesi (Fresno) • Vinod Chumber • Dharmir Thandi • Amritpal Sra • Surinder Dhanoa
• Asha Sharma • Raj Badwal • Manghal S. Bhawn • Kulwant J Khera • Preet Fabrick • Bittu Nijjar • Kash Fabrics • Sukhi Dhaliwal
• Khuswinder Singh (Ny Life) • Rajwant Abedi • V. Vohra • Avtar & Harry Gill • Sahota Fresno • Pal Sahota • Pal Mahal

# Anu Attorney Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

## US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available




# MWOSE & DHALIWAL ATTORNEYS AT LAW

LAW

IMMIGRATION
CRIMINAL DEFENSE
BUSINESS LAW
CIVIL LITIGATION
REAL ESTATE

ਇਮੀਗ੍ਰੇਸ਼ਨ
ਫੌਜਦਾਰੀ ਵਕਾਲਤ
ਬਿਜਨਸ ਲਾਅ
ਦੀਵਾਨੀ ਵਕਾਲਤ
ਰੀਅਲ ਐਸਟੇਟ



FREE CONSULTATION!
ਲੋੜੀਂਦੀ ਸਲਾਹ ਅੱਜ ਹੀ ਮੁਫਤ ਲਓ
317-222-1567

ਅਟਾਰਨੀ ਐਟ ਲਾਅ

ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵੀ ਬੋਲਦੇ ਹਾਂ

CONTACT US TO SET UP AN INTERVIEW PUNJABI, HINDI, AND URDU SPOKEN
WWW.MDLEGALTEAM.COM
CONTACTUS@MDLEGALTEAM.COM

LICENSED TO PRACTICE IN INDIANA, MICHIGAN, FLORIDA AND IMMIGRATION LAW IN ALL 50 STATES.

OFFICE LOCATION:
1426 W. 29TH ST., SUITE 201B
INDIANAPOLIS, IN 46208
Fax: 317-288-1842



# A&J TRUCK DRIVING SCHOOL

ਏਅਰਪੋਰਟ ਤੋਂ ਪਿਕਅੱਪ ਤੇ ਡਰੌਪ ਆਫ ਦਾ ਵੀ ਖਾਸ ਪ੍ਰਬੰਧ ਹੈ।

deep@jfsinc.us




ਵਾਜ਼ਿਬ ਰੇਟ, ਫਾਸਟ ਸਰਵਿਸ, ਸਰਟੀਫਾਈਡ, ਤਜ਼ਰਬੇਕਾਰ ਇੰਸਟਰੱਕਟਰ, ਰਿਹਾਇਸ਼ ਦਾ ਬਹੁਤ ਵਧੀਆ ਪ੍ਰਬੰਧ ਹੈ।

ਅਸੀਂ ਲਾਗ ਬੁੱਕ ਅਤੇ ਸੇਫਟੀ ਦੀ ਟ੍ਰੇਨਿੰਗ ਵੀ ਦਿੰਦੇ ਹਾਂ

ਲਾਇੰਸੰਸ ਦੀ ਗਾਰੰਟੀ ♦ Experienced Instructors

3506 W. Nielsen Ave. Fresno CA 93706
Tel.: 559.266.4000 Cell : 559.217.5986



# Dhillon Truck Stop Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ



24 ਘੰਟੇ ਖੁੱਲ੍ਹਾ

ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536